Ad Space Available
Please Call
Ph: 847-359-0746

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Ad Space Available
Please Call
Ph: 847-359-0746

Nineteenth Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 49, December 8, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਨਵੇਂ ਅਕਾਲੀ ਦਲ ਨੇ ਤੀਜੇ ਮੋਰਚੇ ਲਈ ਰੋਹ ਖੋਲ੍ਹਿਆ

## ਪੰਜਾਬ ਵਿਚ ਨਵੀਂ ਸਫਬੰਦੀ ਉਭਰਨ ਦੇ ਆਸਾਰ ਬਣੇ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਟਕਸਾਲੀ ਆਗੂਆਂ ਨੇ ਨਵਾਂ ਅਕਾਲੀ ਦਲ ਬਣਾਉਣ ਦਾ ਐਲਾਨ ਕਰ ਕੇ ਪੰਜਾਬ ਦੀ ਸਿਆਸਤ ਵਿਚ ਨਵੇਂ ਸਮੀਕਰਨਾਂ ਵੱਲ ਸੰਕੇਤ ਦੇ ਦਿੱਤੇ ਹਨ। ਅਕਾਲੀ ਦਲ ਵਿਚੋਂ ਕੱਢੇ ਮਾਝੇ ਦੇ ਇਨ੍ਹਾਂ ਆਗੂਆਂ ਦੇ ਐਲਾਨ ਨਾਲ ਇਕ ਵਾਰ ਫਿਰ ਪੰਜਾਬ ਵਿਚ ਤੀਜੇ ਮੋਰਚੇ ਦੀ ਚੱਲ ਰਹੀ ਚਰਚਾ ਨੂੰ ਹਵਾ ਮਿਲੀ ਹੈ।

ਟਕਸਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ ਤੇ ਸੇਵਾ ਸਿੰਘ ਸੇਖਵਾਂ ਨੇ ਆਮ ਆਦਮੀ ਪਾਰਟੀ (ਆਪ) ਦੇ ਬਾਗੀ ਆਗੂ ਸੁਖਪਾਲ ਸਿੰਘ ਖਹਿਰਾ, ਬੈਂਸ ਭਰਾਵਾਂ ਸਮੇਤ ਹੋਰ ਹਮਖਿਆਲੀ ਧਿਰਾਂ ਨੂੰ ਵੀ ਨਾਲ ਜੁੜਨ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਇਨ੍ਹਾਂ ਆਗੂਆਂ ਦੇ ਸੱਦੇ ਦਾ ਸਵਾਗਤ ਕਰ ਕੇ ਖਹਿਰਾ ਅਤੇ ਬੈਂਸ ਭਰਾਵਾਂ ਨੇ ਸੰਕੇਤ ਦੇ ਦਿੱਤੇ ਹਨ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਰਵਾਇਤੀ ਧਿਰਾਂ ਨੂੰ ਟੱਕਰ ਦੇਣ ਲਈ ਮਜ਼ਬੂਤ ਤੀਜਾ ਮੋਰਚਾ ਤਿਆਰ ਹੋ ਸਕਦਾ ਹੈ। ਬੈਂਸ ਭਰਾ, ਸੁਖਪਾਲ ਸਿੰਘ ਖਹਿਰਾ ਅਤੇ 'ਆਪ' ਦੇ ਮੁਅੱਤਲ ਚਲੇ ਆ ਰਹੇ ਆਗੂ ਤੇ ਸੰਸਦ ਮੈਂਬਰ ਧਰਮਵੀਰ ਗਾਂਧੀ ਪਹਿਲਾਂ ਹੀ ਗੱਠਜੋੜ ਕਰ ਚੁੱਕੇ ਹਨ। ਇਨ੍ਹਾਂ ਆਗੂਆਂ ਵੱਲੋਂ ਪੰਜਾਬ ਦੀ ਕਿਸਾਨੀ ਤੇ ਨੌਜਵਾਨੀ ਬਚਾਉਣ ਅਤੇ ਬਰਗਾੜੀ ਮੋਰਚੇ ਦੇ ਹੱਕ ਵਿਚ ਤਲਵੰਡੀ ਸਾਬੋ ਤੋਂ ਪਟਿਆਲਾ ਤੱਕ ਪੈਦਲ 'ਇਨਸਾਫ਼ ਮਾਰਚ' ਕਰਵਾਇਆ ਜਾ ਰਿਹਾ ਹੈ। ਟਕਸਾਲੀ ਆਗੂਆਂ ਦਾ ਇਹ ਐਲਾਨ ਪਹਿਲਾਂ ਹੀ ਸੰਕਟ ਵਿਚ ਘਿਰੇ ਅਕਾਲੀ ਦਲ ਬਾਦਲ ਲਈ ਵੱਡੀ ਸਿਰਦਰਦੀ ਖੜ੍ਹੀ ਕਰ ਸਕਦਾ ਹੈ। ਯਾਦ ਰਹੇ ਹਨ ਕਿ ਸ. ਬ੍ਰਹਮਪੁਰਾ, ਸ. ਅਜਨਾਲਾ ਅਤੇ ਸ. ਸੇਖਵਾਂ ਨੇ ਬਾਦਲ ਪਰਿਵਾਰ ਉਤੇ ਅਕਾਲੀ ਦਲ 'ਤੇ ਕਬਜ਼ਾ ਕਰਨ, ਅਕਾਲ ਤਖਤ ਦੀ ਮਰਿਆਦਾ ਭੰਗ ਕਰਨ ਅਤੇ ਡੇਰਾ ਮੁਖੀ ਨੂੰ ਮੁਆਫੀ ਦਿਵਾਉਣ ਸਮੇਤ ਵੱਡੇ ਦੋਸ਼ ਲਾਏ ਸਨ।

ਇਨ੍ਹਾਂ ਆਗੂਆਂ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਉਹ ਅਕਾਲੀ ਦਲ ਨਹੀਂ ਛੱਡਣਗੇ ਸਗੋਂ ਇਸ ਪੰਥਕ ਧਿਰ ਨੂੰ ਇਹ ਦਿਨ ਵਿਖਾਉਣ ਵਾਲੇ ਬਾਦਲ ਪਰਿਵਾਰ ਨੂੰ ਬਾਹਰ ਦਾ ਰਾਹ ਵਿਖਾਉਣਗੇ ਪਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਸੇ ਸਮੇਂ ਕੋਰ ਕਮੇਟੀ ਦੀ ਮੀਟਿੰਗ ਸੱਦਾ ਕੇ ਆਪਣੇ ਹੱਕ ਵਿਚ ਨਾਅਰੇ ਮਰਵਾ ਲਏ ਸਨ। ਇਸ ਦੇ ਕੁਝ ਦਿਨ ਬਾਅਦ ਇਨ੍ਹਾਂ ਆਗੂਆਂ ਦੀ ਪਾਰਟੀ ਵਿਚ ਛੁੱਟੀ ਕਰ ਦਿੱਤੀ ਗਈ। ਹੁਣ ਇਨ੍ਹਾਂ ਬਾਗੀਆਂ ਵੱਲੋਂ ਨਵੇਂ ਅਕਾਲੀ ਦਲ ਦਾ ਐਲਾਨ ਬਾਦਲ ਪਰਿਵਾਰ ਲਈ ਚੁਣੌਤੀ ਖੜ੍ਹੀ ਕਰ ਸਕਦਾ ਹੈ; ਹਾਲਾਂਕਿ ਸਵਾਲ ਇਹ ਵੀ ਉਠ ਰਹੇ ਹਨ ਕਿ ਨਵੇਂ ਅਕਾਲੀ ਦਲ ਦਾ ਐਲਾਨ ਕਰਨ ਵਾਲੇ ਤਿੰਨੇ ਟਕਸਾਲੀ ਆਗੂ ਮਾਝੇ ਤੋਂ ਹਨ। ਉਨ੍ਹਾਂ ਵੱਲੋਂ ਬਾਦਲ ਪਰਿਵਾਰ ਵਿਰੁਧ ਕੀਤੀ ਗਈ ਬਗਾਵਤ ਨੂੰ ਦੂਸਰੇ ਆਗੂ ਅਤੇ ਆਮ ਸਿੱਖ ਕੀ ਹੁੰਗਾਰਾ ਦਿੰਦੇ ਹਨ, ਇਹ ਵਕਤ ਹੀ ਦੱਸੇਗਾ। ਹੁਣ ਸਭ ਦੀਆਂ ਨਜ਼ਰਾਂ ਸੀਨੀਅਰ ਟਕਸਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਉਤੇ ਲੱਗੀਆਂ ਹੋਈਆਂ ਹਨ। ਸੂਹ ਹੈ ਕਿ ਉਹ ਕੋਈ ਵੱਡਾ ਧਮਾਕਾ ਕਰਨ ਦੀ ਤਾਕ ਵਿਚ ਹਨ। ਜੇ ਇਹ ਸੀਨੀਅਰ ਆਗੂ ਨਵੇਂ ਅਕਾਲੀ ਦਲ ਨੂੰ ਹਮਾਇਤ ਦੇ ਦਿੰਦਾ ਹੈ ਤਾਂ ਬਾਦਲ ਪਰਿਵਾਰ ਲਈ ਵੱਡੀ ਚੁਣੌਤੀ ਖੜ੍ਹੀ ਹੋ ਸਕਦੀ ਹੈ, ਕਿਉਂਕਿ ਬਾਦਲ ਪਰਿਵਾਰ ਖਿਲਾਫ ਪਹਿਲਾਂ ਹੀ ਪੰਜਾਬ ਵਿਚ ਮਾਹੌਲ ਬਣਿਆ ਹੋਇਆ ਹੈ। ਬਰਗਾੜੀ ਮੋਰਚਾ ਬਾਦਲਾਂ ਵਾਲੇ ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਲਈ ਸਿੱਖ ਧਿਰਾਂ ਬਾਦਲਾਂ ਨੂੰ ਹੀ ਦੋਸ਼ੀ ਮੰਨਦੀਆਂ ਹਨ।

ਨਵੇਂ ਅਕਾਲੀ ਦਲ ਦਾ ਐਲਾਨ ਕਰਨ ਵਾਲੇ

(ਬਾਕੀ ਸਫਾ 6 ਉਤੇ)

### ਨਵੇਂ ਮੋਰਚੇ ਲਈ ਲਾਮਬੰਦੀ ਤੋਂ ਕਾਂਗਰਸੀ ਬਾਗੋਬਾਗ

ਪੰਜਾਬ ਵਿਚ ਭਾਵੇਂ ਤੀਜਾ ਮੋਰਚਾ ਖੜ੍ਹਾ ਕਰ ਕੇ ਰਵਾਇਤੀ ਧਿਰਾਂ ਨੂੰ ਟੱਕਰ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਪੰਜਾਬ ਵਿਚ ਸੱਤਾਧਾਰੀ ਕਾਂਗਰਸੀ ਇਸ ਤੋਂ ਬਾਗੋਬਾਗ ਹਨ। ਨਵੇਂ ਅਕਾਲੀ ਦਲ ਦਾ ਐਲਾਨ ਕਾਂਗਰਸ ਨੂੰ ਰਾਹਤ ਦੇਣ ਵਾਲਾ ਹੈ। ਸਿਆਸੀ ਮਾਹਰਾਂ ਦਾ ਦਾਅਵਾ ਹੈ ਕਿ ਨਵੇਂ ਅਕਾਲੀ ਦਲ ਵਿਚ ਜ਼ਿਆਦਾਤਰ ਆਗੂ ਬਾਦਲਾਂ ਵਾਲੇ ਅਕਾਲੀ ਵਿਚੋਂ ਹੀ ਟੁੱਟ ਕੇ ਜੁੜਨਗੇ। ਪੰਜਾਬ ਵਿਚ ਆਮ ਆਦਮੀ ਪਾਰਟੀ ਪਹਿਲਾਂ ਹੀ ਅੰਦਰੂਨੀ ਕਲੇਸ਼ ਵਿਚ ਉਲਝੀ ਹੋਈ ਹੈ। ਇਸ ਲਈ ਤੀਜਾ ਮੋਰਚਾ ਇਨ੍ਹਾਂ ਦੋਵਾਂ ਧਿਰਾਂ (ਅਕਾਲੀ ਦਲ-ਆਪ) ਨੂੰ ਵੱਡੀ ਸੰਨ੍ਹ ਲਾਵੇਗਾ। ਇਸ ਦੇ ਨਾਲ ਹੀ ਪੰਜਾਬ ਵਿਚ ਕਾਂਗਰਸ ਸਰਕਾਰ ਦੀ ਵਾਅਦਾਖਿਲਾਫੀ ਕਾਰਨ ਲੋਕਾਂ ਵਿਚ ਭਾਰੀ ਰੋਸ ਹੈ।

## ਪੰਜ ਤਖਤਾਂ ਦੇ ਦਰਸ਼ਨਾਂ ਲਈ ਚੱਲੇਗੀ ਵਿਸ਼ੇਸ਼ ਰੇਲ

**ਨਵੀਂ ਦਿੱਲੀ:** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਰੇਲਵੇ ਵਿਭਾਗ ਸਿੱਖ ਸ਼ਰਧਾਲੂਆਂ ਨੂੰ ਖਾਸ ਤੋਹਫਾ ਦੇ ਰਿਹਾ ਹੈ। ਸਿੱਖਾਂ ਦੇ ਪੰਜ ਤਖਤਾਂ ਦੇ ਦਰਸ਼ਨ ਇਕ ਹੀ ਯਾਤਰਾ ਦੌਰਾਨ ਕਰਵਾਉਣ ਲਈ ਰੇਲਵੇ ਜਲਦੀ ਹੀ ਸਪੈਸ਼ਲ ਟ੍ਰੇਨ ਚਲਾਉਣ ਦੀ ਯੋਜਨਾ ਬਣਾ ਰਿਹਾ ਹੈ। ਇਸ ਯੋਜਨਾ ਦਾ ਸਾਰਾ ਕੰਮ ਮੁਕੰਮਲ ਹੋ ਚੁੱਕਿਆ ਹੈ। ਭਾਰਤੀ ਰੇਲਵੇ ਸਿੱਖਾਂ ਲਈ ਚੱਲਣ ਵਾਲੀ ਇਸ ਟ੍ਰੇਨ ਨੂੰ 'ਪੰਜ ਤਖਤ ਐਕਸਪ੍ਰੈਸ' ਦੇ ਨਾਂ ਨਾਲ ਚਲਾਉਣ ਵਾਲਾ ਹੈ ਜੋ ਦਿੱਲੀ ਤੋਂ ਸ਼ੁਰੂ ਹੋਵੇਗੀ ਤੇ ਇਸ 'ਚ ਸੰਗਤਾਂ 10 ਦਿਨਾਂ ਤੇ 9 ਰਾਤਾਂ ਦਾ ਸਫਰ ਕਰ ਵਾਪਸ ਦਿੱਲੀ ਆਉਣਗੀਆਂ।

ਇਸ ਸਫਰ ਦੌਰਾਨ ਯਾਤਰੀਆਂ ਦੇ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਖੁਦ ਰੇਲਵੇ ਵੱਲੋਂ ਹੀ ਕੀਤਾ ਜਾਵੇਗਾ। ਇਹ ਟ੍ਰੇਨ ਦਿੱਲੀ ਦੇ ਸਫਦਰ ਜੰਗ ਤੋਂ ਚੱਲ ਕੇ ਸਭ ਤੋਂ ਪਹਿਲਾਂ ਨਾਂਦੇੜ ਦੇ ਹਜ਼ੂਰ ਸਾਹਿਬ ਦੇ ਦਰਸ਼ਨ ਕਰਾਵੇਗੀ। ਇਥੇ ਇਕ ਦਿਨ ਅਤੇ ਇਕ ਰਾਤ ਰੁਕਣ ਤੋਂ ਬਾਅਦ ਅਗਲੇ ਦਿਨ ਪਟਨਾ ਸਾਹਿਬ ਪਹੁੰਚੇਗੀ। ਰੇਲ ਦਾ ਅਗਲਾ ਸਟੇਸ਼ਨ ਆਨੰਦਪੁਰ ਸਾਹਿਬ ਹੋਵੇਗਾ, ਜਿਥੇ ਦਰਸ਼ਨਾਂ ਤੋਂ ਬਾਅਦ ਯਾਤਰੀ ਅੰਮ੍ਰਿਤਸਰ ਸਾਹਿਬ ਤੇ ਇਸ ਤੋਂ ਬਾਅਦ ਦਮਦਮਾ ਸਾਹਿਬ ਦੇ ਦਰਸ਼ਨ ਕਰਨਗੇ।

ਇਹ ਰੇਲ ਆਪਣਾ ਪਹਿਲਾ ਸਫਰ 14 ਜਨਵਰੀ 2019 ਤੋਂ ਸ਼ੁਰੂ ਕਰ ਰਹੀ ਹੈ, ਜਿਸ 'ਚ ਕੋਈ ਜਨਰਲ ਡੱਬਾ ਨਹੀਂ ਹੋਵੇਗਾ ਅਤੇ ਸਾਰੇ ਕੋਚ ਥਰਡ ਏ.ਸੀ. ਹੋਣਗੇ। ਹਰ ਟ੍ਰਿਪ ਵਿਚ 800 ਯਾਤਰੀ ਸਫਰ ਕਰ ਸਕਦੇ ਹਨ ਜਿਸ 'ਚ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਲਈ ਇਕ ਯਾਤਰੀ ਨੂੰ 15750 ਰੁਪਏ ਦੇਣੇ ਪੈਣਗੇ।

Tanya`s Beauty Salon
*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832

Fall Special Fare
Jan 10th to 31st March. 2019
ਦਿੱਲੀ $839
ਟੈਕਸ ਸਮੇਤ
WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit and may change without notice, please call our office for more details. Other conditions apply.

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Sarbjit Singh Khakh (Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਪ੍ਰਿਅੰਕਾ ਚੋਪੜਾ ਤੇ ਨਿੱਕ ਜੋਨਸ ਵਿਆਹ ਬੰਧਨ 'ਚ ਬੱਝੇ

**ਜੋਧਪੁਰ:** ਪ੍ਰਿਅੰਕਾ ਚੋਪੜਾ ਤੇ ਨਿੱਕ ਜੋਨਸ ਹਿੰਦੂ ਰਵਾਇਤਾਂ ਮੁਤਾਬਕ ਵਿਆਹ ਦੇ ਬੰਧਨ ਵਿਚ ਬੱਝ ਗਏ। ਖੁੱਲ੍ਹੇ ਖਰਚ ਤੇ ਸ਼ਾਹੀ ਠਾਠ ਬਾਠ ਨਾਲ



ਕੀਤਾ ਇਹ ਵਿਆਹ ਹਿੰਦੂ ਤੇ ਈਸਾਈ ਰੀਤੀ ਰਿਵਾਜਾਂ ਮੁਤਾਬਕ ਵੱਖੋ ਵੱਖਰੇ ਤਰੀਕੇ ਨਾਲ ਸਿਰੇ ਚੜ੍ਹਿਆ। ਭਾਰਤੀ ਅਦਾਕਾਰਾ ਪ੍ਰਿਅੰਕਾ ਚੋਪੜਾ ਤੇ ਅਮਰੀਕੀ ਗਾਇਕ ਨਿੱਕ ਦਾ ਈਸਾਈ ਰਵਾਇਤਾਂ ਮੁਤਾਬਕ ਵਿਆਹ ਸਨਿੱਚਰਵਾਰ ਸ਼ਾਮ ਨੂੰ ਸਥਾਨਕ ਉਮੈਦ ਭਵਨ ਪੈਲੇਸ ਵਿੱਚ ਹੋਇਆ ਜਦੋਂਕਿ ਹਿੰਦੂ ਰਸਮਾਂ ਵਾਲੇ ਵਿਆਹ ਲਈ ਮੁੱਖ ਸਮਾਗਮ ਸ਼ਾਮ ਨੂੰ ਸ਼ੁਰੂ ਹੋਏ। ਪੀਪਲਜ਼ ਮੈਗਜ਼ੀਨ ਦੀ ਰਿਪੋਰਟ ਮੁਤਾਬਕ ਪ੍ਰਿਅੰਕਾ(36) ਨੇ ਜਿਥੇ ਲਾਲ ਰੰਗ ਦੀ ਸਾੜ੍ਹੀ ਪਾਈ ਹੋਈ ਸੀ, ਉਥੇ ਜੋਨਸ (26) ਰਵਾਇਤੀ ਪੁਸ਼ਾਕ ਤੇ ਪਗੜੀ ਵਿਚ ਨਜ਼ਰ ਆਇਆ।

ਈਸਾਈ ਵਿਆਹ ਲਈ ਇਸ ਜੋੜੇ ਨੇ ਰੈਲਫ ਲੌਰੇਨ ਵੱਲੋਂ ਤਿਆਰ ਪੁਸ਼ਾਕਾਂ ਪਾਈਆਂ ਹੋਈਆਂ ਸਨ ਤੇ ਰਸਮਾਂ ਵਿਚ ਸ਼ਾਮਲ ਮਹਿਮਾਨਾਂ ਤੇ ਪਰਿਵਾਰਕ ਮੈਂਬਰਾਂ ਨੇ ਵੀ ਮਿਲਦੀਆਂ ਜੁਲਦੀਆਂ ਪੁਸ਼ਾਕਾਂ ਪਾਈਆਂ ਹੋਈਆਂ ਸਨ। ਹਿੰਦੂ ਵਿਆਹ ਦੀਆਂ ਰਸਮਾਂ ਉਮੈਦ ਭਵਨ ਦੇ ਮੈਦਾਨ ਵਿਚ ਪਿਛੋਕੜ 'ਚ ਮਹਿੰਦਰਗੜ੍ਹ ਦੇ ਕਿਲ੍ਹੇ ਵਿਚ ਕੀਤੀਆਂ ਗਈਆਂ। ਵਿਆਹ ਸਮਾਗਮ ਵਿਚ ਜੋਨਸ ਦੇ ਮਾਤਾ ਪਿਤਾ ਕੈਵਿਨ ਜੋਨਸ ਤੇ ਡੈਨਿਸ ਜੋਨਸ ਤੋਂ ਇਲਾਵਾ ਹੋਰ ਰਿਸ਼ਤੇਦਾਰ ਮੌਜੂਦ ਸਨ। ਇਸ ਮੌਕੇ 'ਗੇਮ ਆਫ ਥ੍ਰੋਨਜ਼' ਦਾ ਸਟਾਰ ਸੌਫੀ ਟਰਨਰ ਵੀ ਹਾਜ਼ਰ ਸੀ।

ਪ੍ਰਿਅੰਕਾ ਵੱਲੋਂ ਉਹਦੀ ਮਾਂ ਮਧੂ ਚੋਪੜਾ, ਭਰਾ ਸਿਧਾਰਥ ਤੇ ਚਚੇਰੀ ਭੈਣ ਪਰਿਨੀਤੀ ਚੋਪੜਾ ਤੇ ਮਨਾਰਾ ਸਮੇਤ ਹੋਰ ਨੇੜਲੇ ਰਿਸ਼ਤੇਦਾਰ ਮੌਜੂਦ ਸਨ। ਜਾਣਕਾਰੀ ਅਨੁਸਾਰ ਵਿਆਹ ਸਮਾਗਮ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ ਸੀ। ਇਥੋਂ ਤੱਕ ਕੇ ਮਹਿਮਾਨਾਂ ਨੂੰ ਭੇਜੇ ਸੱਦਾ ਪੱਤਰ ਵਿਚ ਮੋਬਾਈਲ ਫੋਨ ਤੇ ਕੈਮਰੇ ਆਦਿ ਲਿਆਉਣ ਤੋਂ ਰੋਕ ਦਿੱਤਾ ਗਿਆ ਸੀ। ਮੀਡੀਆ ਲਈ ਮਹਿੰਦੀ ਤੇ ਸੰਗੀਤ ਦੀਆਂ ਚੋਣਵੀਆਂ ਤਸਵੀਰਾਂ ਹੀ ਰਿਲੀਜ਼ ਕੀਤੀਆਂ ਗਈਆਂ ਸਨ।

## ਬਿਨਾ ਇੰਜਣ ਵਾਲੀ ਟ੍ਰੇਨ ਨੇ ਰਫਤਾਰ ਪੱਖੋਂ ਬਣਾਇਆ ਰਿਕਾਰਡ

**ਨਵੀਂ ਦਿੱਲੀ:** ਭਾਰਤੀ ਰੇਲਵੇ ਦੀ ਪਹਿਲੀ ਬਿਨਾ ਇੰਜਣ ਵਾਲੀ ਟ੍ਰੇਨ-18 ਰਫਤਾਰ ਦੇ ਮਾਮਲੇ 'ਚ ਨਵਾਂ ਰਿਕਾਰਡ ਬਣਾਉਂਦਿਆਂ 180 ਕਿੱਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਦੀ ਰਫਤਾਰ ਨਾਲ ਭੱਜੀ। ਰਫਤਾਰ 220 ਕਿਲੋਮੀਟਰ ਪ੍ਰਤੀ ਘੰਟਾ ਵਧਾਈ ਜਾ ਸਕਦੀ ਹੈ। ਇਸ ਤੋਂ ਪਹਿਲਾਂ ਵੀ ਭਾਰਤੀ ਰੇਲ ਪਟੜੀ 'ਤੇ ਟੈਲਗੋ ਟ੍ਰੇਨ 180 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਦੌੜ ਚੁੱਕੀ ਹੈ ਪਰ ਇਹ ਟ੍ਰੇਨ ਮੂਲ ਰੂਪ 'ਚ ਸਪੇਨ ਦੀ ਸੀ ਤੇ ਮੌਜੂਦਾ ਸਮੇਂ ਭਾਰਤ 'ਚ ਸਭ ਤੋਂ ਤੇਜ਼ ਗਤੀ ਨਾਲ ਭੱਜਣ ਵਾਲੀ ਟ੍ਰੇਨ 'ਗਤੀਮਾਨ ਐਕਸਪ੍ਰੈਸ' ਦਿੱਲੀ ਤੋਂ ਝਾਂਸੀ ਵਿਚਾਲੇ ਕੋਈ 160 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਚੱਲਦੀ ਹੈ।

ਦੱਸਣਯੋਗ ਹੈ ਕਿ ਅਗਲੀ ਪੀੜ੍ਹੀ ਦੀ ਬਿਨਾਂ ਇੰਜਣ ਵਾਲੀ ਟ੍ਰੇਨ-18 ਦਾ ਟਰਾਇਲ ਦਿੱਲੀ-ਮੁੰਬਈ ਰਾਜਧਾਨੀ ਰੂਟ 'ਤੇ ਕੀਤਾ ਜਾ ਰਿਹਾ ਹੈ। ਇਸ ਸਬੰਧੀ ਰੇਲਵੇ ਮੰਤਰੀ ਪਿਊਸ਼ ਗੋਇਲ ਨੇ ਇਕ ਵੀਡੀਓ ਸ਼ੇਅਰ ਕਰਦਿਆਂ ਦੱਸਿਆ ਕਿ ਇੰਨੀ ਰਫਤਾਰ ਹੋਣ ਦੇ ਬਾਵਜੂਦ ਟ੍ਰੇਨ 'ਚ ਕੋਈ ਝਟਕਾ ਨਹੀਂ ਲੱਗ ਰਿਹਾ।

## 'ਜ਼ੀਰੋ' ਵਿਚ ਸ਼ਾਹਰੁਖ ਦੇ ਹੱਥ 'ਚ 'ਕਿਰਪਾਨ' ਨਹੀਂ ਤਲਵਾਰ

**ਮੁੰਬਈ:** ਅਦਾਕਾਰ ਸ਼ਾਹਰੁਖ ਖਾਨ ਦੀ ਮੁੱਖ ਭੂਮਿਕਾ ਵਾਲੀ 21 ਦਸੰਬਰ ਨੂੰ ਰਿਲੀਜ਼ ਹੋਣ ਜਾ ਰਹੀ ਫ਼ਿਲਮ 'ਜ਼ੀਰੋ' ਦੇ ਨਿਰਮਾਤਾਵਾਂ ਨੇ ਬੰਬੇ ਹਾਈ ਕੋਰਟ ਨੂੰ ਦੱਸਿਆ ਕਿ ਖਾਨ ਨੇ ਫਿਲਮ ਦੇ ਪੋਸਟਰ ਅਤੇ ਟ੍ਰੇਲਰ ਵਿਚ ਤਲਵਾਰ ਫੜੀ ਹੋਈ ਹੈ, 'ਕਿਰਪਾਨ' ਨਹੀਂ। ਫਿਲਮ ਦੇ ਪੋਸਟਰ 'ਤੇ ਇਤਰਾਜ਼ ਜਤਾਉਂਦਿਆਂ ਅਦਾਲਤ ਵਿਚ ਪਟੀਸ਼ਨ ਦਾਖਲ ਕੀਤੀ ਗਈ ਸੀ।

ਪਟੀਸ਼ਨ ਵਿਚ ਫਿਲਮ ਦੇ ਨਿਰਦੇਸ਼ਕ ਅਤੇ ਨਿਰਮਾਤਾਵਾਂ ਨੂੰ ਧਿਰ ਬਣਾ ਕੇ ਅਦਾਲਤ ਕੋਲੋਂ ਉਨ੍ਹਾਂ ਦ੍ਰਿਸ਼ਾਂ ਨੂੰ ਹਟਾਉਣ ਬਾਰੇ ਹੁਕਮ ਜਾਰੀ ਕਰਨ ਦੀ ਮੰਗ ਕੀਤੀ ਗਈ ਸੀ ਜਿਨ੍ਹਾਂ ਵਿਚ ਸ਼ਾਹਰੁਖ 'ਕਿਰਪਾਨ' ਧਾਰਨ ਕਰ ਕੇ ਅਦਾਕਾਰੀ ਕਰਦਾ ਹੋਇਆ ਨਜ਼ਰ ਆ ਰਿਹਾ ਹੈ। ਕੇਂਦਰੀ ਫਿਲਮ ਸਰਟੀਫਿਕੇਟ ਬੋਰਡ (ਸੀ.ਬੀ.ਐਫ.ਸੀ.) ਨੇ ਅਦਾਲਤ ਨੂੰ ਦੱਸਿਆ ਕਿ 'ਜ਼ੀਰੋ' ਨੂੰ ਅਜੇ ਪਾਸ ਨਹੀਂ ਕੀਤਾ ਗਿਆ। ਅਦਾਲਤ ਨੇ ਸੈਂਸਰ ਬੋਰਡ ਨੂੰ ਸਾਰੇ ਦੋਸ਼ਾਂ ਤੇ ਨੁਕਤਿਆਂ 'ਤੇ ਵਿਚਾਰ ਕਰਨ ਲਈ ਕਿਹਾ ਹੈ। ਮਾਮਲੇ ਦੀ ਅਗਲੀ ਸੁਣਵਾਈ 18 ਦਸੰਬਰ ਨੂੰ ਹੋਵੇਗੀ।



## ਰਾਜਪਾਲ ਨੇ ਗਰਭਵਤੀ ਔਰਤ ਦੀ ਜਾਨ ਬਚਾਈ

**ਈਟਾਨਗਰ:** ਮਨੁੱਖਤਾ ਦੀ ਮਿਸਾਲ ਪੇਸ਼ ਕਰਦਿਆਂ ਅਰੁਣਾਚਲ ਪ੍ਰਦੇਸ਼ ਦੇ ਰਾਜਪਾਲ ਬ੍ਰਿਗੇਡੀਅਰ (ਸੇਵਾ ਮੁਕਤ) ਬੀਡੀ ਮਿਸ਼ਰਾ ਨੇ ਆਪਾਤ ਕਾਲੀਨ ਮੈਡੀਕਲ ਸੇਵਾ ਦੀ ਲੋੜ ਨੂੰ ਦੇਖਦਿਆਂ ਇਕ ਗਰਭਵਤੀ ਔਰਤ ਨੂੰ ਆਪਣੇ ਹੈਲੀਕਾਪਟਰ ਵਿਚ ਤਵਾਂਗ ਤੋਂ ਹਸਪਤਾਲ ਪਹੁੰਚਾਇਆ। ਇਹ ਜਾਣਕਾਰੀ ਰਾਜ ਭਵਨ ਦੇ ਸੂਤਰਾਂ ਨੇ ਦਿੱਤੀ। ਹੀਮਾ ਹਸਪਤਾਲ ਵਿਚ ਔਰਤ ਦਾ ਤੁਰਤ ਸੀਜੇਰੀਅਨ ਕੀਤਾ ਗਿਆ।

# ਚੀਫ ਖਾਲਸਾ ਦੀਵਾਨ ਦੀ ਚੋਣ 'ਤੇ ਅਗਲੇ ਹੁਕਮਾਂ ਤੱਕ ਰੋਕ

**ਅੰਮ੍ਰਿਤਸਰ:** ਬੋਗਸ ਵੋਟਾਂ ਦੇ ਮਾਮਲੇ ਵਿਚ ਹੇਠਲੀ ਅਦਾਲਤ ਵੱਲੋਂ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੀਆਂ 2 ਦਸੰਬਰ ਨੂੰ ਹੋਣ ਵਾਲੀਆਂ ਚੋਣਾਂ 'ਤੇ ਰੋਕ ਲਾ ਦਿੱਤੀ ਗਈ। ਇਸ ਫੈਸਲੇ ਮਗਰੋਂ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਵੱਲੋਂ ਚੋਣਾਂ ਮੁਲਤਵੀ ਕਰ ਦਿੱਤੀਆਂ




ਗਈਆਂ ਹਨ। ਨਿਰਮਲ ਸਿੰਘ ਧੜੇ ਨੇ ਇਸ ਫੈਸਲੇ ਨੂੰ ਸੈਸ਼ਨ ਅਦਾਲਤ ਵਿਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ।

ਜਾਣਕਾਰੀ ਮੁਤਾਬਕ ਹਰਜੀਤ ਸਿੰਘ ਸਚਦੇਵਾ ਨਾਂ ਦੇ ਮੈਂਬਰ ਵੱਲੋਂ ਇਥੇ ਸਿਵਲ ਜੱਜ ਜੂਨੀਅਰ ਡਿਵੀਜ਼ਨ ਦੀ ਅਦਾਲਤ ਵਿਚ ਇਕ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਵਿਚ ਉਨ੍ਹਾਂ ਦੋਸ਼ ਲਾਇਆ ਸੀ ਕਿ ਵੋਟਰ ਸੂਚੀਆਂ ਵਿਚ ਬੋਗਸ ਵੋਟਾਂ ਬਣੀਆਂ ਹੋਈਆਂ ਹਨ, ਜਿਨ੍ਹਾਂ ਵਿਚ ਮਰੇ ਹੋਏ ਵਿਅਕਤੀਆਂ ਦੇ ਨਾਂਵਾਂ 'ਤੇ ਬਣੀਆਂ ਗਲਤ ਵੋਟਾਂ ਵੀ ਸ਼ਾਮਲ ਹਨ।

ਅਦਾਲਤ ਨੇ ਮਾਮਲੇ ਦੀ ਗੰਭੀਰਤਾ ਵੇਖਦਿਆਂ ਦੋ ਦਸੰਬਰ ਨੂੰ ਹੋਣ ਵਾਲੀ ਚੋਣ 'ਤੇ ਅਗਲੇ ਹੁਕਮਾਂ ਤੱਕ ਰੋਕ ਲਾ ਦਿੱਤੀ ਹੈ। ਅਦਾਲਤ ਦਾ ਇਹ ਫੈਸਲਾ ਆਉਣ ਮਗਰੋਂ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਦੀਵਾਨ ਦੇ ਮੈਂਬਰਾਂ ਨੂੰ ਇਕ ਪੱਤਰ ਭੇਜ ਕੇ ਇਸ ਫੈਸਲੇ ਤੋਂ ਜਾਣੂ ਕਰਾਇਆ ਹੈ। ਦੂਜੇ ਪਾਸੇ ਸਰਬਜੀਤ ਸਿੰਘ ਧੜੇ ਵੱਲੋਂ ਅਦਾਲਤ ਦੇ ਇਸ ਫੈਸਲੇ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸਰਬਜੀਤ ਸਿੰਘ ਨੇ ਆਖਿਆ ਕਿ ਅਦਾਲਤ ਨੇ ਇਸ ਮਾਮਲੇ ਦਾ ਗੰਭੀਰ ਨੋਟਿਸ ਲਿਆ ਅਤੇ ਸਟੇਅ ਆਰਡਰ ਜਾਰੀ ਕੀਤੇ ਹਨ। ਉਨ੍ਹਾਂ ਮੰਗ ਕੀਤੀ ਕਿ ਪਹਿਲਾਂ ਬੋਗਸ ਵੋਟਾਂ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਜਾਂਚ ਦੀ ਰਿਪੋਰਟ ਆਉਣ ਮਗਰੋਂ ਚੋਣਾਂ ਹੋਣੀਆਂ ਚਾਹੀਦੀਆਂ ਹਨ।

## ਕਪੂਰ ਪਰਿਵਾਰ ਦਾ ਪੁਸ਼ਤੈਨੀ ਘਰ ਅਜਾਇਬਘਰ ਵਿਚ ਹੋਵੇਗਾ ਤਬਦੀਲ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਨੇ ਬੌਲੀਵੁੱਡ ਅਦਾਕਾਰ ਰਿਸ਼ੀ ਕਪੂਰ ਦੇ ਪਿਸ਼ਾਵਰ ਦੇ ਕਿੱਸਾ ਖਵਾਨੀ ਬਾਜ਼ਾਰ ਸਥਿਤ ਪੁਸ਼ਤੈਨੀ ਘਰ ਨੂੰ ਅਜਾਇਬਘਰ 'ਚ ਤਬਦੀਲ ਕਰਨ ਦਾ ਫੈਸਲਾ



ਕੀਤਾ ਹੈ। ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਸਰਕਾਰ ਨੇ ਇਹ ਫੈਸਲਾ ਅਦਾਕਾਰ ਦੀ ਗੁਜ਼ਾਰਿਸ਼ 'ਤੇ ਲਿਆ ਹੈ ਤੇ ਜਲਦੀ ਹੀ ਇਸ ਪੁਸ਼ਤੈਨੀ ਘਰ ਨੂੰ ਅਜਾਇਬਘਰ ਵਿਚ ਤਬਦੀਲ ਕਰ ਦਿੱਤਾ ਜਾਵੇਗਾ।

ਜਨਾਬ ਕੁਰੈਸ਼ੀ ਨੇ ਕਿਹਾ ਕਿ ਰਿਸ਼ੀ ਕਪੂਰ ਨੇ ਫੋਨ ਕਰ ਕੇ ਪਿਸ਼ਾਵਰ ਸਥਿਤ ਆਪਣੇ ਪਰਿਵਾਰਕ ਘਰ ਨੂੰ ਅਜਾਇਬਘਰ ਜਾਂ ਕਿਸੇ ਤਰ੍ਹਾਂ ਦੀ ਸੰਸਥਾ ਵਿਚ ਤਬਦੀਲ ਕਰਨ ਦੀ ਗੁਜ਼ਾਰਿਸ਼ ਕੀਤੀ ਸੀ। ਅਸੀਂ ਉਨ੍ਹਾਂ ਦੀ ਇਹ ਅਪੀਲ ਪ੍ਰਵਾਨ ਕਰ ਲਈ ਹੈ।

ਪਾਕਿਸਤਾਨ ਦੇ ਗ੍ਰਹਿ ਮੰਤਰੀ ਸ਼ਹਿਰਯਾਰ ਖ਼ਾਨ ਅਫ਼ਰੀਦੀ ਨੇ ਕਿਹਾ ਕਿ ਸ੍ਰੀ ਕਪੂਰ ਨੇ ਉਨ੍ਹਾਂ ਨੂੰ ਫੋਨ ਕਰ ਕੇ ਪਿਸ਼ਾਵਰ ਸਥਿਤ ਆਪਣੇ ਜੱਦੀ ਘਰ ਦੀ ਸਾਂਭ ਸੰਭਾਲ ਕਰਨ ਲਈ ਕਿਹਾ ਸੀ ਤੇ ਅਸੀਂ ਉਨ੍ਹਾਂ ਦੀ ਇਸ ਗੁਜ਼ਾਰਿਸ਼ ਪ੍ਰਤੀ ਹਾਂ-ਪੱਖੀ ਹੁੰਗਾਰਾ ਦਿੱਤਾ ਹੈ। ਕਿੱਸਾ ਖ਼ਵਾਨੀ ਬਾਜ਼ਾਰ ਸਥਿਤ ਕਪੂਰ ਹਵੇਲੀ ਬੌਲੀਵੁੱਡ ਅਦਾਕਾਰ ਪ੍ਰਿਥਵੀ ਰਾਜ ਕਪੂਰ ਦੇ ਪਿਤਾ ਬਸ਼ੇਸ਼ਵਰਨਾਥ ਕਪੂਰ ਨੇ ਬਣਵਾਈ ਸੀ।

# ਇੰਡੀਅਨ ਓਵਰਸੀਜ਼ ਕਾਂਗਰਸ ਨੇ ਭਾਰਤ ਵਿਚ ਚੋਣ ਮੁਹਿੰਮ ਮਘਾਈ

**ਨਵੀਂ ਦਿੱਲੀ:** ਇੰਡੀਅਨ ਓਵਰਸੀਜ਼ ਕਾਂਗਰਸ ਦੀ ਪੂਰੀ ਟੀਮ ਰਾਜਸਥਾਨ ਅਤੇ ਤਿਲੰਗਾਨਾ ਵਿਚ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਲਈ ਡਟੀ ਹੋਈ ਹੈ। ਇਹ ਟੀਮ ਹੇਠਲੇ ਪੱਧਰ 'ਤੇ ਆਮ ਵੋਟਰਾਂ ਨਾਲ ਮੀਟਿੰਗਾਂ ਕਰ ਰਹੀ ਹੈ। ਇਸ ਤੋਂ ਇਲਾਵਾ ਪੱਤਰਕਾਰਾਂ ਨਾਲ ਵੀ ਪੂਰਾ ਰਾਬਤਾ ਬਣਾਇਆ ਹੋਇਆ ਹੈ ਅਤੇ ਵੋਟਰਾਂ ਨੂੰ ਵੱਖਰੇ ਤੌਰ 'ਤੇ ਮਿਲਣ ਲਈ ਸਰਗਰਮੀਆਂ ਵੀ ਜਾਰੀ ਹਨ।

ਇੰਡੀਅਨ ਓਵਰਸੀਜ਼ ਕਾਂਗਰਸ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਨੇ ਦੱਸਿਆ ਕਿ ਇਨ੍ਹਾਂ ਸਰਗਰਮੀਆਂ ਬਾਰੇ ਨਵੀਂ ਦਿੱਲੀ ਵਿਚ ਪਾਰਟੀ ਦੀ ਲੀਡਰਸ਼ਿਪ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਸ. ਗਿਲਜ਼ੀਆਂ ਨੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਵਿਦੇਸ਼ ਮਾਮਲੇ ਵਿੰਗ ਦੇ ਚੇਅਰਮੈਨ ਆਨੰਦ ਸ਼ਰਮਾ, ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਤੇ ਪਾਰਟੀ ਦੇ ਜਨਰਲ ਸਕੱਤਰ ਅਸ਼ੋਕ ਗਹਿਲੋਤ, ਅਹਿਮਦ ਪਟੇਲ ਅਤੇ ਕੁਝ ਹੋਰ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ ਤੇ ਇਨ੍ਹਾਂ ਨੂੰ ਇੰਡੀਅਨ ਓਵਰਸੀਜ਼ ਕਾਂਗਰਸ ਵੱਲੋਂ ਚਲਾਈ ਚੋਣ ਮੁਹਿੰਮ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇੰਡੀਅਨ ਓਵਰਸੀਜ਼ ਕਾਂਗਰਸ ਵੱਲੋਂ ਚਲਾਈ ਇਸ ਮੁਹਿੰਮ ਨੂੰ ਵੋਟਰਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਸੂਬੇ ਅੰਦਰ ਪਾਰਟੀ ਦੀ ਜਿੱਤ ਦੀਆਂ ਪੂਰੀਆਂ ਸੰਭਾਵਨਾਵਾਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਦੇ ਕਾਰਜਕਾਲ ਦੌਰਾਨ ਸਿੱਖਿਆ, ਰੁਜ਼ਗਾਰ, ਸਨਅਤ ਅਤੇ ਬੁਨਿਆਦੀ ਢਾਂਚੇ ਦੇ ਖੇਤਰਾਂ ਵਿਚ ਖੂਬ ਤਰੱਕੀ ਹੋਈ ਸੀ ਅਤੇ ਵੋਟਰ ਇਨ੍ਹਾਂ ਪ੍ਰਾਪਤੀਆਂ ਕਰਕੇ ਹੀ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਵੋਟਰ ਸੂਬੇ ਵਿਚ ਸੱਤਾ ਤਬਦੀਲੀ ਚਾਹੁੰਦੇ ਹਨ।






ਇੰਡੀਅਨ ਓਵਰਸੀਜ਼ ਕਾਂਗਰਸ ਦੇ ਵਫਦ ਦੀ ਅਗਵਾਈ ਓਵਰਸੀਜ਼ ਕਾਂਗਰਸ ਵਿੰਗ ਦੇ ਇੰਚਾਰਜ ਤੇ ਪਾਰਟੀ ਦੇ ਸਕੱਤਰ ਹਿਮਾਂਸ਼ੂ ਵਿਆਸ ਕਰ ਰਹੇ ਹਨ। ਵਫਦ ਵਿਚ ਰਾਜੇਸ਼ਵਰ ਗੰਗਾਸਾਨੀ ਰੈਡੀ (ਚੇਅਰਮੈਨ, ਐਨ.ਆਰ.ਆਈ. ਤਿਲੰਗਾਨਾ ਚੋਣ ਕਮੇਟੀ), ਪ੍ਰਦੀਪ ਸਮਾਲਾ (ਕੋ-ਚੇਅਰਮੈਨ), ਰਾਜੇਂਦਰ ਡਿਕਪੱਲੀ (ਜਨਰਲ ਸਕੱਤਰ), ਜ਼ਮੀਲ ਰਾਏਦਾਸ ਅਤੇ ਅਮਰੀਕਾ ਦੇ ਵੱਖ-ਵੱਖ ਸਟੇਟਾਂ ਦੇ ਨੁਮਾਇੰਦੇ ਸ਼ਾਮਲ ਹਨ।

# ਜੰਮੂ ਯੂਨੀਵਰਸਿਟੀ ਦੇ ਪ੍ਰੋਫੈਸਰ ਨੇ ਭਗਤ ਸਿੰਘ ਨੂੰ ਦੱਸਿਆ 'ਅਤਿਵਾਦੀ'

**ਜੰਮੂ:** ਜੰਮੂ ਯੂਨੀਵਰਸਿਟੀ ਦੇ ਪ੍ਰੋ. ਮੁਹੰਮਦ ਤਾਜੂਦੀਨ ਨੇ ਸ਼ਹੀਦ ਭਗਤ ਸਿੰਘ ਨੂੰ 'ਅਤਿਵਾਦੀ' ਆਖ ਕੇ ਵਿਵਾਦ ਪੈਦਾ ਕਰ ਦਿੱਤਾ ਹੈ। ਵਾਈਸ ਚਾਂਸਲਰ ਪ੍ਰੋਫੈਸਰ ਮਨੋਜ ਕੇ ਧਰ ਨੇ ਮਾਮਲੇ ਦੀ ਜਾਂਚ ਲਈ ਕਮੇਟੀ ਬਣਾਉਂਦਿਆਂ ਪ੍ਰੋਫੈਸਰ ਤਾਜੂਦੀਨ ਦੇ ਪੜ੍ਹਾਉਣ ਉਤੇ ਰੋਕ ਲਗਾ ਦਿੱਤੀ ਹੈ। ਵਿਦਿਆਰਥੀਆਂ ਨੇ ਪ੍ਰੋਫੈਸਰ ਦੀ ਮੁਅੱਤਲੀ ਦੀ ਮੰਗ ਕਰਦਿਆਂ ਰੋਸ ਮੁਜ਼ਾਹਰੇ ਕੀਤੇ। ਪ੍ਰੋਫੈਸਰ ਨੇ ਰਾਜਨੀਤੀ ਵਿਗਿਆਨ ਵਿਭਾਗ 'ਚ ਦਿੱਤੇ ਲੈਕਚਰ ਦੌਰਾਨ ਇਹ ਵਿਵਾਦਤ ਟਿੱਪਣੀ ਕੀਤੀ।

ਇਸ ਮਗਰੋਂ ਵਿਦਿਆਰਥੀਆਂ ਨੇ ਇਹ ਮਾਮਲਾ ਵਾਈਸ ਚਾਂਸਲਰ ਕੋਲ ਉਠਾਇਆ। ਜੰਮੂ ਯੂਨੀਵਰਸਿਟੀ ਦੇ ਤਰਜਮਾਨ ਡਾਕਟਰ ਵਿਨੇ ਥੂਸੂ ਨੇ ਦੱਸਿਆ, "ਰਾਜਨੀਤੀ ਵਿਗਿਆਨ ਵਿਭਾਗ ਦੇ ਕੁਝ ਵਿਦਿਆਰਥੀਆਂ ਨੇ ਵਾਈਸ ਚਾਂਸਲਰ ਕੋਲ ਇਹ ਮਾਮਲਾ ਉਠਾਉਂਦਿਆਂ ਉਨ੍ਹਾਂ ਨੂੰ ਸਬੂਤ ਵਜੋਂ ਸੀਡੀ ਵੀ ਸੌਂਪੀ ਹੈ।" ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੇ ਅਕਾਦਮਿਕ ਮਾਮਲਿਆਂ ਬਾਰੇ ਡੀਨ ਜਾਂਚ ਕਮੇਟੀ ਦੀ ਅਗਵਾਈ ਕਰਨਗੇ। ਉਧਰ, ਪ੍ਰੋਫੈਸਰ ਤਾਜੂਦੀਨ ਨੇ ਸਫਾਈ ਦਿੱਤੀ ਕਿ ਉਸ ਦੇ ਦੋ ਘੰਟਿਆਂ ਦੇ ਲੈਕਚਰ 'ਚੋਂ 25 ਸੈਕਿੰਡ ਦੀ ਕਲਿੱਪ ਨੂੰ ਕੱਢ ਕੇ ਵਿਵਾਦ ਖੜ੍ਹਾ ਕੀਤਾ ਗਿਆ ਹੈ। ਉਹ ਲੈਕਚਰ ਦੌਰਾਨ ਲੈਨਿਨ (ਰੂਸੀ ਇਨਕਲਾਬੀ) ਦਾ ਜ਼ਿਕਰ ਕਰ ਰਿਹਾ ਸੀ ਅਤੇ ਇਸ ਸੰਦਰਭ 'ਚ ਉਸ ਨੇ ਕਿਹਾ ਸੀ ਕਿ ਮੁਲਕ ਕਿਸੇ ਵੀ ਹਿੰਸਾ ਨੂੰ 'ਅਤਿਵਾਦ' ਆਖਦਾ ਸੀ। ਪ੍ਰੋਫੈਸਰ ਮੁਤਾਬਕ ਕਿਸੇ ਨੇ ਦੋ ਘੰਟਿਆਂ ਦੇ ਲੈਕਚਰ 'ਚੋਂ 25 ਸੈਕਿੰਡ ਦੀ ਵੀਡੀਓ ਬਣਾ ਲਈ ਜਿਸ 'ਚ ਅਤਿਵਾਦੀ ਸ਼ਬਦ ਆਇਆ ਸੀ। ਮੇਰਾ ਇਸ ਤੋਂ ਉਹ ਭਾਵ ਨਹੀਂ ਸੀ। ਫਿਰ ਵੀ ਜੇਕਰ ਕਿਸੇ ਨੂੰ ਠੇਸ ਪਹੁੰਚੀ ਹੈ ਤਾਂ ਮੈਂ ਉਸ ਲਈ ਖਿਮਾ ਮੰਗਦਾ ਹਾਂ।

# ਬਰਤਾਨੀਆ 'ਚ ਸਿੱਖਾਂ ਨੂੰ ਕਿਰਪਾਨ ਧਾਰਨ ਕਰਨ ਦੀ ਹੋਵੇਗੀ ਖੁੱਲ੍ਹ

**ਲੰਡਨ:** ਬਰਤਾਨੀਆ ਸਰਕਾਰ ਨੇ ਨਵੇਂ ਹਥਿਆਰ ਬਿੱਲ ਵਿਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਤਹਿਤ ਹੁਣ ਬਰਤਾਨਵੀ ਸਿੱਖ ਭਾਈਚਾਰੇ ਨੂੰ ਕਿਰਪਾਨ ਨੂੰ ਧਾਰਮਿਕ ਚਿੰਨ੍ਹ ਵਜੋਂ ਧਾਰਨ ਕਰਨ ਅਤੇ ਇਸ ਦੀ ਸਪਲਾਈ ਕਰਨ ਦੀ ਆਜ਼ਾਦੀ ਹੋਵੇਗੀ। ਇਸ ਬਿੱਲ ਨੂੰ ਹੁਣ ਸੰਸਦ ਦੀ ਪ੍ਰਵਾਨਗੀ ਦੀ ਉਡੀਕ ਹੈ।

ਸੰਸਦ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ਼ 'ਚ ਇਸ ਬਿੱਲ (ਦਿ ਔਫੈਂਸਿਵ ਵੈਪਨਜ਼ ਬਿੱਲ 2018) ਉਤੇ ਇਸ ਹਫਤੇ ਚਰਚਾ ਪੂਰੀ ਹੋ ਚੁੱਕੀ ਹੈ। ਹੁਣ ਇਸ ਬਿੱਲ ਨੂੰ ਪ੍ਰਵਾਨਗੀ ਲਈ ਉਪਰਲੇ ਸਦਨ ਹਾਊਸ ਆਫ ਲਾਰਡਜ਼ ਵਿਚ ਭੇਜਿਆ ਜਾਵੇਗਾ। ਇਸ ਬਿੱਲ 'ਚ ਕੁਝ ਹਥਿਆਰਾਂ ਨੂੰ ਜਨਤਕ ਥਾਵਾਂ ਉਤੇ ਲੈ ਕੇ ਚੱਲਣ ਨੂੰ ਅਪਰਾਧ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ ਅਤੇ ਦੇਸ਼ ਵਿਚ ਚਾਕੂ ਤੇ ਤੇਜ਼ਾਬ ਨਾਲ ਵਧ ਹਮਲਿਆਂ ਦੇ ਮੱਦੇਨਜ਼ਰ ਇਹ ਬਿੱਲ ਕੁਝ ਹਥਿਆਰਾਂ ਤੇ ਚੀਜ਼ਾਂ ਦੀ ਆਨਲਾਈਨ ਵਿਕਰੀ 'ਤੇ ਵੀ ਪਾਬੰਦੀ ਲਗਾਉਂਦਾ ਹੈ।

ਬਰਤਾਨੀਆ ਦੇ ਗ੍ਰਹਿ ਮੰਤਰਾਲੇ ਦੇ ਬੁਲਾਰੇ ਨੇ ਕਿਹਾ, 'ਕਿਰਪਾਨ ਦੇ ਮਾਮਲੇ 'ਤੇ ਅਸੀਂ ਸਿੱਖ ਭਾਈਚਾਰੇ ਨਾਲ ਨੇੜਿਉਂ ਜੁੜੇ ਹੋਏ ਹਾਂ। ਇਸੇ ਦੇ ਨਤੀਜੇ ਵਜੋਂ ਇਸ ਬਿੱਲ 'ਚ ਸੋਧ ਕੀਤੀ ਗਈ ਹੈ ਤਾਂ ਜੋ ਸਿੱਖ ਭਾਈਚਾਰਾ ਕਿਰਪਾਨ ਨੂੰ ਧਾਰਮਿਕ ਚਿੰਨ੍ਹ ਵਜੋਂ ਧਾਰਨ ਕਰ ਸਕੇ।

ਜ਼ਿਕਰਯੋਗ ਹੈ ਕਿ ਬਰਤਾਨਵੀ ਸਿੱਖਾਂ ਲਈ ਆਲ ਪਾਰਟੀ ਸੰਸਦੀ ਗਰੁੱਪ (ਏ.ਪੀ.ਪੀ.ਜੀ.) ਦੇ ਵਫਦ ਨੇ ਕੁਝ ਸਮਾਂ ਪਹਿਲਾਂ ਗ੍ਰਹਿ ਮੰਤਰਾਲੇ ਨਾਲ ਮੁਲਾਕਾਤ ਕਰ ਕੇ ਇਹ ਯਕੀਨੀ ਬਣਾਇਆ ਸੀ ਕਿ ਇਸ ਨਵੇਂ ਬਿੱਲ ਵਿਚ ਕਿਰਪਾਨ ਅਪਰਾਧਕ ਹਥਿਆਰਾਂ ਦੀ ਸੂਚੀ ਵਿਚੋਂ ਬਾਹਰ ਰੱਖਿਆ ਜਾਵੇਗਾ।

ਏ.ਪੀ.ਪੀ.ਜੀ. ਦੇ ਆਗੂ ਤੇ ਲੇਬਰ ਪਾਰਟੀ ਦੀ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਕਿਹਾ, 'ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਬਰਤਾਨੀਆ ਸਰਕਾਰ ਨੇ ਬਿੱਲ 'ਚ ਸੋਧ ਕੀਤੀ ਹੈ ਅਤੇ ਇਸ ਵਿਚ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਿਆ ਗਿਆ ਹੈ।' ਹਾਊਸ ਆਫ ਕਾਮਨਜ਼ 'ਚ ਪਹਿਲੀ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨਾਲ ਏ.ਪੀ.ਪੀ.ਜੀ. ਦੇ ਉਪ ਚੇਅਰਮੈਨ ਪੈਟ ਮੈਕਫੈਡਨ ਵੀ ਸਨ।

## ਨੀਰਵ ਮੋਦੀ ਨੇ ਭਾਰਤ ਆਉਣ ਤੋਂ ਕੀਤੀ ਨਾਂਹ

**ਮੁੰਬਈ:** ਪੀ.ਐਨ.ਬੀ. ਦੇ 13500 ਕਰੋੜ ਰੁਪਏ ਦੇ ਫਰਾਡ ਕੇਸ ਵਿਚ ਭਗੌੜੇ ਹੀਰਿਆਂ ਦੇ ਵਪਾਰੀ ਨੀਰਵ ਮੋਦੀ ਨੇ ਕਿਹਾ ਕਿ ਜੇ ਉਸ ਦੀ ਜ਼ਿੰਦਗੀ ਨੂੰ ਖਤਰਾ ਮਹਿਸੂਸ ਹੋਇਆ ਤਾਂ ਉਹ ਭਾਰਤ ਵਾਪਸ ਨਹੀਂ ਮੁੜੇਗਾ। ਇਥੋਂ ਦੀ ਵਿਸ਼ੇਸ਼ ਅਦਾਲਤ ਨੂੰ ਇਹ ਜਾਣਕਾਰੀ ਦਿੰਦਿਆਂ ਐਡਵੋਕੇਟ ਵਿਜੈ ਅਗਰਵਾਲ ਨੇ ਭਗੌੜੇ ਜਵੈਲਰ ਦੀ ਤਰਫੋਂ ਪੇਸ਼ ਹੁੰਦਿਆਂ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਨੀਰਵ ਮੋਦੀ ਦੀ ਏਜੰਸੀ ਨਾਲ ਖਤੋ ਖਿਤਾਬਤ ਬਾਰੇ ਅਦਾਲਤ ਨੂੰ ਹਨੇਰੇ ਵਿਚ ਰੱਖ ਕੇ ਅਪਰਾਧ ਕਰ ਰਹੀ ਹੈ।

ਸ੍ਰੀ ਅਗਰਵਾਲ ਨੇ ਕਿਹਾ ਕਿ ਉਸ ਦਾ ਮੁਵੱਕਿਲ ਇਹ ਜਾਣਕਾਰੀ ਦੇਣ ਦੀ ਸਥਿਤੀ 'ਚ ਨਹੀਂ ਹੈ ਕਿਉਂਕਿ ਈਡੀ ਨੇ ਉਸ ਦੇ ਦਫ਼ਤਰ ਸੀਲ ਕਰ ਦਿੱਤੇ ਹਨ ਤੇ ਉਸ ਦੇ ਮੁਲਾਜ਼ਮਾਂ ਨੂੰ ਹਿਰਾਸਤ ਵਿਚ ਲਿਆ ਹੋਇਆ ਤੇ ਉਸ ਦੇ ਕੰਪਿਊਟਰ ਸਰਵਰਜ਼ ਜ਼ਬਤ ਕੀਤੇ ਹੋਏ ਹਨ।

## ਗੁਜਰਾਤ 'ਚ ਬੁਲੇਟ ਟਰੇਨ ਪ੍ਰਾਜੈਕਟ ਲਈ ਪਰਵਾਸੀ ਭਾਰਤੀ ਨੇ ਦਿੱਤੀ ਜ਼ਮੀਨ

**ਨਵੀਂ ਦਿੱਲੀ:** ਮੁੰਬਈ-ਅਹਿਮਦਾਬਾਦ ਬੁਲੇਟ ਟਰੇਨ ਪ੍ਰਾਜੈਕਟ ਲਈ ਜਰਮਨੀ ਵਸਦੀ ਭਾਰਤੀ ਮਹਿਲਾ ਨੇ ਗੁਜਰਾਤ 'ਚ ਆਪਣੀ ਜਮੀਨ ਸੌਂਪਣ ਦਾ ਫੈਸਲਾ ਲਿਆ ਹੈ। ਇਸ ਨਾਲ ਪ੍ਰਾਜੈਕਟ ਲਈ ਸੂਬੇ 'ਚ ਨੈਸ਼ਨਲ ਹਾਈ ਸਪੀਡ ਰੇਲ ਕਾਰਪੋਰੇਸ਼ਨ ਲਿਮਟਿਡ ਨੂੰ ਜਮੀਨ ਦਾ ਪਹਿਲਾ ਟੁਕੜਾ ਮਿਲ ਗਿਆ ਹੈ। ਜਰਮਨੀ 'ਚ ਭਾਰਤੀ ਰੈਸਟੋਰੈਂਟ ਚਲਾਉਣ ਵਾਲੀ ਸਵਿਤਾ ਬੇਨ 33 ਸਾਲ ਪਹਿਲਾਂ ਉਥੇ ਵਿਆਹੀ ਗਈ ਸੀ।

ਚੰਸਾਡ 'ਚ ਕਾਰਪੋਰੇਸ਼ਨ ਨੂੰ 11.94 ਹੈਕਟੇਅਰ ਜਮੀਨ ਦੀ ਲੋੜ ਹੈ ਅਤੇ ਸਵਿਤਾ ਨੇ 30,094 ਰੁਪਏ 'ਚ ਆਪਣੀ ਜਮੀਨ ਵੇਚੀ ਹੈ। ਜਮੀਨ ਸੌਂਪਣ ਮਗਰੋਂ ਉਹ ਜਰਮਨੀ ਪਰਤ ਗਈ। ਕਾਰਪੋਰੇਸ਼ਨ ਨੂੰ ਮਹਾਰਾਸ਼ਟਰ ਦੇ ਥਾਣੇ ਜ਼ਿਲ੍ਹੇ ਦੇ ਪੇਯੀ ਪਿੰਡ 'ਚ 0.29 ਹੈਕਟੇਅਰ ਜਮੀਨ ਹਾਸਲ ਕੀਤੀ ਸੀ ਅਤੇ ਚਾਰ ਪਲਾਟ ਮਾਲਕਾਂ ਨੂੰ 3,32,76,468 ਰੁਪਏ ਮੁਆਵਜ਼ਾ ਦਿੱਤਾ ਸੀ।

## Matrimonials

### ਲੜਕੇ ਦੀ ਲੋੜ ਹੈ

Wanted suitable match for Sikh Khatri, pretty girl, 34, 5'-5", MS, Green Card holder, working US based MNC in New York. Innocently divorced issueless. Professionally qualified working boy in New York area preferred. E-mail: ajsw399@gmail.com

49-50

ਖੱਤਰੀ, 29 ਸਾਲ, 5'-2", ਤਲਾਕਸ਼ੁਦਾ, ਰਜਿਸਟਰਡ ਨਰਸ, ਗਰੀਨ ਕਾਰਡ ਹੋਲਡਰ ਲੜਕੀ ਲਈ ਖਾਨਦਾਨੀ ਪਰਿਵਾਰ ਦੇ ਯੋਗ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਮੁੰਡੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ ਤੇ ਵਟਸਐਪ: 1-317-579-5870

45-48

### ਲੜਕੀ ਦੀ ਲੋੜ ਹੈ

ਜੱਟ ਸਿੱਖ ਚਾਹਲ, 27 ਸਾਲ, 5'-10", ਮਕੈਨੀਕਲ ਇੰਜੀਨੀਅਰ ਬੀ. ਟੈਕ ਜਿਲ੍ਹਾ ਲੁਧਿਆਣਾ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਜਾਂ ਪੀ. ਆਰ. ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਮਾਤਾ-ਪਿਤਾ ਅਮਰੀਕਾ, ਮਿਸ਼ੀਗਨ ਵਿਚ ਵੈਲ ਸੈਟਲਡ ਹਨ। ਸੰਪਰਕ ਕਰੋ, ਫੋਨ: 734-709-5997 ਜਾਂ 734-837-8799

44-51

*Visit us on the web:* ***wwwpunjabtimesusa.com***


ਵੇਟਰ, ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 262-391-7666

49-51



ਸ਼ੈਫ ਦੀ ਲੋੜ ਹੈ

ਲੈਕਸ਼ਿੰਗਟਨ, ਕੈਨਟੱਕੀ ਵਿਚ ਭਾਰਤੀ ਰੈਸਟੋਰੈਂਟ ਲਈ ਮਾਸਟਰ ਸ਼ੈਫ ਦੀ ਲੋੜ ਹੈ, ਜਿਸ ਪਾਸ ਵਰਕ ਪਰਮਿਟ ਹੋਣਾ ਜਰੂਰੀ ਹੈ।

ਤਨਖਾਹ 3 ਤੋਂ 4 ਹਜ਼ਾਰ ਡਾਲਰ

(ਕੰਮ ਮੁਤਾਬਕ)

ਰਿਹਾਇਸ਼ ਤੇ ਖਾਣਾ ਫਰੀ

ਸੰਪਰਕ ਕਰੋ, ਸੁੰਦਰ ਵਿਜ

ਫੋਨ: 859-420-6633

Email: Sunderlal14@gmail.com

49



ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ

ਫੋਨ: 608-630-0287

49-52



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com



**Michigan Truck Driving School**

**6405 Middlebelt Road, Romulus, MI 48174**

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Raj Jamarai Cell:734-644-1010 Office:734-747-4298**

# ਜਦੋਂ ਇਮਰਾਨ ਦੀ ਪਹਿਲਕਦਮੀ ਨੇ ਭਾਰਤ ਨੂੰ ਕਸੂਤਾ ਫਸਾਇਆ

**ਚੰਡੀਗੜ੍ਹ:** ਕਰਤਾਰਪੁਰ ਸਾਹਿਬ ਲਾਂਘੇ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੱਲੋਂ ਕੀਤੀ ਗਈ ਪਹਿਲਕਦਮੀ ਦੇ ਹਰ ਪਾਸੇ ਚਰਚੇ ਹਨ। ਕਰਤਾਰਪੁਰ ਸਾਹਿਬ ਲਾਂਘੇ ਦੇ ਨੀਂਹ ਪੱਥਰ ਮੌਕੇ ਇਮਰਾਨ ਖਾਨ ਨੇ ਜਿਥੇ ਸਿੱਖ ਭਾਈਚਾਰੇ ਲਈ ਵੱਡੇ ਐਲਾਨ ਕੀਤੇ, ਉਥੇ ਭਾਰਤ ਨੂੰ ਜੰਗ ਦੀ ਰਟ ਲਾਉਣ ਦੀ ਥਾਂ ਗੱਲਬਾਤ ਰਾਹੀਂ ਹਰ ਮਸਲੇ ਦਾ ਹੱਲ ਕੱਢਣ ਦਾ ਸੁਨੇਹਾ ਦੇ ਕੇ ਬਾਜ਼ੀ ਮਾਰ ਲਈ। ਇਮਰਾਨ ਖਾਨ ਦਾ ਸਪਸ਼ਟ ਸੁਨੇਹਾ ਭਾਰਤੀ ਹਾਕਮਾਂ ਨੂੰ ਕਾਫੀ ਚੁੱਭਾ ਵੀ। ਇਹ ਪਹਿਲੀ ਵਾਰ ਨਹੀਂ, ਆਪਣੇ ਸਹੁੰ ਚੁੱਕ ਸਮਾਗਮ ਵਿਚ ਵੀ ਖਾਨ ਨੇ ਖੁੱਲ੍ਹੇ ਦਿਲ ਨਾਲ ਭਾਰਤ ਨਾਲ ਚੰਗੇ ਸਬੰਧ ਬਣਾਉਣ ਦੀ ਗੱਲ ਕਰਦਿਆਂ ਕਿਹਾ ਸੀ ਕਿ ਜੇ ਭਾਰਤ ਦੋਸਤੀ ਲਈ ਇਕ ਕਦਮ ਚੁੱਕੇਗਾ ਤਾਂ ਉਹ ਦੋ ਕਦਮ ਅੱਗੇ ਵਧਾਉਣਗੇ। ਉਨ੍ਹਾਂ ਨੇ ਭਾਰਤ ਨੂੰ ਗੱਲਬਾਤ ਕਰਨ ਦਾ ਸੱਦਾ ਵੀ ਦਿੱਤਾ ਸੀ।

ਦੋ ਕੁ ਮਹੀਨੇ ਪਹਿਲਾਂ ਨਿਊ ਯਾਰਕ ਵਿਚ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਮੁਲਾਕਾਤ ਵੀ ਨਿਸ਼ਚਿਤ ਹੋਈ ਸੀ, ਪਰ ਬਾਅਦ ਵਿਚ ਭਾਰਤ ਸਰਕਾਰ ਇਸ ਤੋਂ ਪਿੱਛੇ ਹਟ ਗਈ ਸੀ। ਬਿਨਾਂ ਸ਼ੱਕ ਭਾਰਤ ਸਰਕਾਰ ਵੱਲੋਂ ਪਿਛਲੇ 20 ਸਾਲ ਤੋਂ ਇਸ ਲਾਂਘੇ ਦੀ ਮੰਗ ਕੀਤੀ ਜਾ ਰਹੀ ਸੀ, ਪਰ ਪਿਛਲੇ ਦਿਨੀਂ ਸਹਿਮਤੀ ਪ੍ਰਗਟ ਕਰ ਕੇ ਜਦੋਂ ਕੇਂਦਰੀ ਮੰਤਰੀ ਮੰਡਲ ਨੇ ਆਪਣੇ ਵਾਲੇ ਪਾਸੇ ਦਾ ਲਾਂਘਾ ਮੁਕੰਮਲ ਕਰਨ ਲਈ ਪਾਕਿਸਤਾਨ ਨੂੰ ਅਜਿਹੀ ਹੀ ਅਪੀਲ ਕੀਤੀ ਤਾਂ ਸ਼ਾਇਦ ਭਾਰਤ ਸਰਕਾਰ ਨੂੰ ਖਾਬੋ-ਖਿਆਲ ਵੀ ਨਹੀਂ ਸੀ ਕਿ ਪਾਕਿਸਤਾਨ ਇਸ ਕਦਰ ਤੇਜ਼ੀ ਨਾਲ ਇਸ ਦਿਸ਼ਾ ਵਿਚ ਕਦਮ ਪੁੱਟੇਗਾ ਅਤੇ ਇਹ ਲਾਂਘਾ ਬਣਾਉਣ ਦੇ ਐਲਾਨ ਦੇ ਨਾਲ ਹੀ ਪ੍ਰਧਾਨ ਮੰਤਰੀ ਵੱਲੋਂ ਇਸ ਦਾ ਨੀਂਹ-ਪੱਥਰ ਰੱਖਣ ਦੀ ਤਰੀਕ ਦਾ ਵੀ ਐਲਾਨ ਕਰ ਦੇਵੇਗਾ। ਇਸ ਐਲਾਨ ਤੋਂ ਪਿੱਛੋਂ ਭਾਰਤ ਸਰਕਾਰ ਨੂੰ ਆਪਣੇ ਪਾਸੇ ਪਹਿਲਾਂ ਨੀਂਹ-ਪੱਥਰ ਰੱਖਣ ਦੀ ਭਾਜੜ ਪੈ ਗਈ। ਪਾਕਿਸਤਾਨ ਵੱਲੋਂ ਆਯੋਜਿਤ ਇਸ ਸਮਾਰੋਹ ਵਿਚ ਜਿਸ ਕਦਰ ਸਪੱਸ਼ਟ, ਦ੍ਰਿੜ੍ਹ ਤੇ ਵਿਸ਼ਾਲ ਹਿਰਦੇ ਨਾਲ ਇਮਰਾਨ ਖਾਨ ਬੋਲੇ, ਉਸ ਦੀ ਸ਼ਾਇਦ ਭਾਰਤ ਸਰਕਾਰ ਨੂੰ ਉਮੀਦ ਨਹੀਂ ਸੀ। 71 ਸਾਲ ਦੇ ਲੰਮੇ ਸਮੇਂ ਤੋਂ ਪਿੱਛੋਂ ਖਾਨ ਸਰਕਾਰ ਨੇ ਤੁਰਤ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਐਲਾਨ ਕਰ ਦਿੱਤਾ ਸੀ।

ਸਮਾਗਮ ਵਿਚ ਸਪੱਸ਼ਟ ਰੂਪ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਉਹ ਭਾਰਤ ਨਾਲ ਸੁਖਾਵੇਂ ਸਬੰਧ ਬਣਾਉਣਾ ਚਾਹੁੰਦੇ ਹਨ। ਦੋਵਾਂ ਦੇਸ਼ਾਂ ਵਿਚ ਕਸ਼ਮੀਰ ਹੀ ਇਕ ਅਜਿਹਾ ਮਸਲਾ ਹੈ, ਜਿਸ ਨੂੰ ਦੋਵਾਂ ਦੇਸ਼ਾਂ ਦੀ ਲੀਡਰਸ਼ਿਪ ਮਜ਼ਬੂਤ ਇੱਛਾ ਸ਼ਕਤੀ ਨਾਲ ਹੱਲ ਕਰ ਸਕਦੀ ਹੈ। ਇਸ ਤੋਂ ਵੀ ਅੱਗੇ ਵਧਦਿਆਂ ਉਨ੍ਹਾਂ ਕਿਹਾ ਕਿ ਜੇਕਰ ਜਰਮਨੀ ਅਤੇ ਫਰਾਂਸ ਜਿਨ੍ਹਾਂ ਵਿਚ ਅਕਸਰ ਖੂਨ ਡੋਲ੍ਹਵੀਆਂ ਲੜਾਈਆਂ ਹੁੰਦੀਆਂ ਰਹੀਆਂ ਸਨ। ਦੋਵਾਂ ਦੇਸ਼ਾਂ ਦੇ ਲੱਖਾਂ ਹੀ ਲੋਕ ਇਨ੍ਹਾਂ ਵਿਚ ਮਾਰੇ ਜਾਂਦੇ ਰਹੇ ਸਨ, ਉਹ ਦੇਸ਼ ਜੇਕਰ ਇਕੱਠੇ ਹੋ ਕੇ ਸ਼ਾਂਤੀ ਨਾਲ ਵਿਕਾਸ ਦੇ ਰਾਹ ਉਤੇ ਅੱਗੇ ਵਧ ਸਕਦੇ ਹਨ ਤਾਂ ਸਾਡੇ ਇਹ ਦੋਵੇਂ ਦੇਸ਼ ਅਜਿਹਾ ਕਿਉਂ ਨਹੀਂ ਕਰ ਸਕਦੇ? ਇਸ ਉਦਘਾਟਨੀ ਸਮਾਗਮ ਵਿਚ ਪਾਕਿਸਤਾਨ ਦੀ ਫੌਜ ਦਾ ਮੁਖੀ ਕਮਰ ਜਾਵੇਦ ਬਾਜਵਾ ਵੀ ਹਾਜ਼ਰ ਸੀ। ਉਸ ਦੇ ਸਾਹਮਣੇ ਇਮਰਾਨ ਖਾਨ ਨੇ ਕਿਹਾ, ਅੱਜ ਮੈਂ ਸਪੱਸ਼ਟ ਰੂਪ ਵਿਚ ਆਖ ਰਿਹਾ ਹਾਂ ਕਿ ਪਾਕਿਸਤਾਨ ਦਾ ਪ੍ਰਧਾਨ ਮੰਤਰੀ, ਸੱਤਾਧਾਰੀ ਪਾਰਟੀ, ਦੇਸ਼ ਦੀਆਂ ਹੋਰ ਪਾਰਟੀਆਂ ਅਤੇ ਫੌਜ ਸਭ ਭਾਰਤ ਨਾਲ ਬਿਹਤਰ ਰਿਸ਼ਤੇ ਬਣਾਉਣ ਲਈ ਅੱਗੇ ਵਧਣਾ ਚਾਹੁੰਦੇ ਹਨ। ਹਾਲਾਂਕਿ ਸੁਸ਼ਮਾ ਸਵਰਾਜ ਨੇ ਪਾਕਿਸਤਾਨ ਵੱਲੋਂ ਦਿਖਾਈ ਇਸ ਦਰਿਆਦਿਲੀ ਤੋਂ ਬਾਅਦ ਇਹ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਪਾਕਿਸਤਾਨ ਵੱਲੋਂ ਸਾਰਕ ਸੰਮੇਲਨ ਲਈ ਦਿੱਤੇ ਸੱਦੇ ਨੂੰ ਸਵੀਕਾਰ ਨਹੀਂ ਕਰੇਗੀ ਅਤੇ ਨਾ ਹੀ ਅਤਿਵਾਦੀ ਕਾਰਵਾਈਆਂ ਦੇ ਖ਼ਤਮ ਹੋਣ ਤੱਕ ਭਾਰਤ ਪਾਕਿਸਤਾਨ ਨਾਲ ਕੋਈ ਗੱਲਬਾਤ ਹੀ ਕਰੇਗਾ।




## ਭਾਰਤ ਦੀ ਨਾਂਹ-ਪੱਖੀ ਮੁਹਿੰਮ ਦੀ ਆਲੋਚਨਾ

**ਇਸਲਾਮਾਬਾਦ:** ਪਾਕਿਸਤਾਨ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹੇ ਜਾਣ ਦੀ ਯੋਜਨਾ ਖ਼ਿਲਾਫ਼ ਭਾਰਤੀ ਮੀਡੀਆ ਵਿਚ ਚਲਾਈ ਜਾ ਰਹੀ ਨਾਂਹ-ਪੱਖੀ ਮੁਹਿੰਮ ਦੀ ਸਖ਼ਤ ਨਿਖੇਧੀ ਕਰਦਿਆਂ ਆਖਿਆ ਕਿ ਇਹ ਲਾਂਘਾ ਸਿਰਫ ਤੇ ਸਿਰਫ ਸਿੱਖ ਭਾਈਚਾਰੇ ਦੀ ਲੰਮੇ ਚਿਰ ਤੋਂ ਅਧੂਰੀ ਖ਼ਾਹਸ਼ ਨੂੰ ਪੂਰੀ ਕਰਨ ਦੇ ਮਕਸਦ ਨਾਲ ਖੋਲ੍ਹਿਆ ਜਾ ਰਿਹਾ ਹੈ ਅਤੇ ਇਹ ਆਪਣੇ ਆਪ ਵਿਚ ਇਕ ਇਤਿਹਾਸਕ ਪੇਸ਼ਕਦਮੀ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਲੰਘੀ 28 ਨਵੰਬਰ ਨੂੰ ਤਿੰਨ ਭਾਰਤੀ ਮੰਤਰੀਆਂ ਦੀ ਮੌਜੂਦਗੀ ਵਿਚ ਕਰਤਾਰਪੁਰ ਸਾਹਿਬ ਲਾਂਘੇ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਤੇ ਉਸ ਤੋਂ ਅਗਲੇ ਦਿਨ ਸਰਕਾਰ ਦੇ 100 ਦਿਨ ਪੂਰੇ ਹੋਣ ਮੌਕੇ ਕੀਤੇ ਸਮਾਗਮ ਦੌਰਾਨ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਆਖਿਆ ਸੀ ਕਿ ਖਾਨ ਵੱਲੋਂ ਕਰਤਾਰਪੁਰ ਦੀ ਗੁਗਲੀ ਕਰ ਕੇ ਆਪਸੀ ਰਾਬਤੇ ਤੋਂ ਟਲਦੇ ਆ ਰਹੇ ਭਾਰਤ ਨੂੰ ਆਪਣੇ ਦੋ ਮੰਤਰੀ ਭੇਜਣੇ ਪਏ ਸਨ। ਕੁਰੈਸ਼ੀ ਦੀ ਟਿੱਪਣੀ ਨੂੰ ਕਈ ਭਾਰਤੀ ਚੈਨਲਾਂ ਨੇ ਪ੍ਰਮੁੱਖਤਾ ਨਾਲ ਪ੍ਰਸਾਰਤ ਕੀਤਾ ਤੇ ਕਿਹਾ ਸੀ ਕਿ ਨਵਜੋਤ ਸਿੰਘ ਸਿੱਧੂ ਨੂੰ ਪਾਕਿ ਸਰਕਾਰ ਦੀ ਪਿੱਠ ਨਹੀਂ ਥਾਪੜਨੀ ਚਾਹੀਦੀ ਸੀ। ਇਸ ਦੇ ਨਾਲ ਹੀ ਉੱਥੇ ਗਏ ਦੋਵੇਂ ਭਾਰਤੀ ਮੰਤਰੀਆਂ ਹਰਸਿਮਰਤ ਕੌਰ ਬਾਦਲ ਤੇ ਹਰਦੀਪ ਸਿੰਘ ਪੁਰੀ ਨੇ ਵਾਪਸੀ ਮੌਕੇ ਕਸ਼ਮੀਰ ਤੇ ਕਰਤਾਰਪੁਰ ਲਾਂਘੇ ਨੂੰ ਲੈ ਕੇ ਕੁਝ ਸਖ਼ਤ ਟਿੱਪਣੀਆਂ ਕੀਤੀਆਂ ਸਨ।

## ਕਰਤਾਰ ਲਾਂਘੇ ਦੀ ਤਰ੍ਹਾਂ ਹੋਰ ਰੂਟ ਖੋਲ੍ਹੇ ਜਾਣ: ਅਬਦੁੱਲਾ

**ਸ੍ਰੀਨਗਰ:** ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਭਾਰਤ ਤੇ ਪਾਕਿਸਤਾਨ ਨੂੰ ਕਿਹਾ ਕਿ ਉਹ ਕਰਤਾਰ ਲਾਂਘੇ ਦੀ ਭਾਵਨਾ ਤਹਿਤ ਜੰਮੂ ਅਤੇ ਕਸ਼ਮੀਰ ਵਿਚ ਕੰਟਰੋਲ ਰੇਖਾ ਅਤੇ ਅੰਤਰਰਾਸ਼ਟਰੀ ਸਰਹੱਦ ਉਤੇ ਸਾਰੇ ਰੂਟ ਖੋਲ੍ਹਣ। ਇਸ ਪਹਿਲਕਦਮੀ ਨਾਲ ਨਾ ਸਿਰਫ ਸਰਹੱਦ ਦੇ ਦੋਵੇਂ ਪਾਸੇ ਆਰਥਿਕ ਗਤੀਵਿਧੀਆਂ ਵਧਾਉਣ ਵਿਚ ਸਹਾਇਤਾ ਮਿਲੇਗੀ ਸਗੋਂ ਭਾਰਤ ਤੇ ਪਾਕਿਸਤਾਨ ਵਿਚਕਾਰ ਦੋਸਤੀ ਦੀ ਮਿਸ਼ਾਲ ਨੂੰ ਜਗਾਉਣ ਵਿਚ ਵੀ ਸਹਾਇਤਾ ਮਿਲੇਗੀ।

## ਪਾਕਿਸਤਾਨ ਨੇ ਕਰਤਾਰਪੁਰ ਬਾਰਡਰ 'ਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹਿਆ

**ਲਾਹੌਰ:** ਸਿੱਖ ਸ਼ਰਧਾਲੂਆਂ ਲਈ ਇਤਿਹਾਸਕ ਲਾਂਘੇ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਪਾਕਿਸਤਾਨ ਨੇ ਕਰਤਾਰਪੁਰ ਬਾਰਡਰ ਉਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹ ਦਿੱਤਾ ਹੈ। ਇਹ ਲਾਂਘਾ ਖੁੱਲ੍ਹਣ ਨਾਲ ਸਿੱਖ ਸ਼ਰਧਾਲੂਆਂ ਵੱਲੋਂ ਪਾਕਿਸਤਾਨ ਵਿਚ ਸਥਿਤ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰ ਕਰਨ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ।

ਫੈੱਡਰਲ ਇਨਵੈਸਟੀਗੇਸ਼ਨ ਏਜੰਸੀ (ਐਫ.ਆਈ.ਏ.) ਦੇ ਡਿਪਟੀ ਡਾਇਰੈਕਟਰ (ਪੰਜਾਬ) ਮੁਫਖਰ ਅਦੀਲ ਨੇ ਕਿਹਾ ਕਿ ਬਾਰਡਰ ਪਾਰ ਕਰਨਾ ਦਹਿਸ਼ਤਗਰਦਾਂ, ਮਨੁੱਖੀ ਤਸਕਰੀ ਕਰਨ ਵਾਲਿਆਂ ਅਤੇ ਨਸ਼ਾ ਤਸਕਰਾਂ ਲਈ ਆਸਾਨ ਹੋ ਸਕਦਾ ਹੈ, ਇਸ ਲਈ ਸਰਹੱਦ ਦੇ ਦੋਵੇਂ ਪਾਸਿਆਂ 'ਤੇ ਸਥਿਤੀ ਉੱਤੇ ਕੰਟਰੋਲ ਰੱਖਣ ਲਈ ਮਜ਼ਬੂਤ ਢਾਂਚੇ ਦੀ ਲੋੜ ਸੀ। ਉਨ੍ਹਾਂ ਡਾਅਨ ਨਿਊਜ਼ ਨੂੰ ਦੱਸਿਆ ਕਿ ਕਰਤਾਰਪੁਰ ਲਾਂਘਾ ਖੋਲ੍ਹਣ ਸਬੰਧੀ ਐਫ.ਆਈ.ਏ. ਨੇ ਨਾਰੋਵਾਲ (ਲਾਹੌਰ ਤੋਂ 120 ਕਿਲੋਮੀਟਰ ਦੂਰ) ਵਿਚ ਕਰਤਾਰਪੁਰ ਬਾਰਡਰ 'ਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹ ਦਿੱਤਾ ਹੈ।

ਐਫ.ਆਈ.ਏ. ਦੇ ਅਧਿਕਾਰੀ ਸਿੱਖ ਸ਼ਰਧਾਲੂਆਂ ਦੇ ਦਸਤਾਵੇਜ਼ਾਂ ਦੀ ਜਾਂਚ ਕਰਨਗੇ ਅਤੇ ਬਾਇਓਮੀਟਰਿਕ ਪ੍ਰਣਾਲੀ ਰਾਹੀਂ ਉਨ੍ਹਾਂ ਦੀ ਸ਼ਨਾਖਤ ਕਰਨਗੇ। ਵੀਜ਼ਾ ਪ੍ਰਾਪਤ ਸਿੱਖ ਸ਼ਰਧਾਲੂਆਂ ਨੂੰ ਸ਼ਹਿਰ ਵਿਚ ਪ੍ਰਵੇਸ਼ ਕਰਨ ਦੀ ਆਗਿਆ ਹੋਵੇਗੀ ਜਦਕਿ ਪਰਮਿਟ ਹਾਸਲ ਸ਼ਰਧਾਲੂਆਂ ਨੂੰ ਸਿਰਫ ਗੁਰਦੁਆਰਾ ਦਰਬਾਰ ਸਾਹਿਬ ਜਾਣ ਦੀ ਆਗਿਆ ਹੋਵੇਗੀ।

## ਚੀਨ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਭਾਰਤ-ਪਾਕਿ ਦੇ ਯਤਨਾਂ ਦੀ ਸ਼ਲਾਘਾ

**ਪੇਈਚਿੰਗ:** ਚੀਨ ਨੇ ਭਾਰਤ ਅਤੇ ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਦੋਵਾਂ ਮੁਲਕਾਂ ਵਿਚਕਾਰ ਉਸਾਰੂ ਸੰਵਾਦ ਹੋਣ ਅਤੇ ਆਪਸੀ ਮਤਭੇਦ ਦੂਰ ਹੋਣ ਨਾਲ ਵਿਸ਼ਵ ਵਿਚ ਸ਼ਾਂਤੀ ਅਤੇ ਵਿਕਾਸ ਨੂੰ ਹੁਲਾਰਾ ਮਿਲੇਗਾ। ਇਥੇ ਲਾਂਘੇ ਬਾਰੇ ਮੀਡੀਆ ਵੱਲੋਂ ਪੁੱਛੇ ਇਕ ਸੁਆਲ ਦੇ ਜੁਆਬ 'ਚ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜੇਂਗ ਸ਼ੁਆਂਗ ਨੇ ਕਿਹਾ, 'ਅਸੀਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋ ਰਹੀ ਚੰਗੀ ਗੱਲਬਾਤ ਵੇਖ ਕੇ ਖੁਸ਼ ਹਾਂ। ਦੋਵੇਂ ਮੁਲਕ ਦੱਖਣੀ ਏਸ਼ੀਆ ਵਿਚ ਅਹਿਮ ਸਥਾਨ ਰੱਖਦੇ ਹਨ।'

# ਗੋਪਾਲ ਚਾਵਲਾ ਨਾਲ ਸੈਲਫੀਆਂ ਨੇ ਬੁਰੇ ਫਸਾਏ ਭਾਰਤੀ ਮਹਿਮਾਨ

**ਲੁਧਿਆਣਾ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਤੇ ਖਾਲਿਸਤਾਨੀ ਸਮਰਥਕ ਗੋਪਾਲ ਸਿੰਘ ਚਾਵਲਾ ਨਾਲ ਫੋਟੋਆਂ ਨੇ ਕਰਤਾਰਪੁਰ ਸਾਹਿਬ ਲਾਂਘੇ ਦੇ ਨੀਂਹ ਪੱਥਰ ਲਈ ਪਾਕਿਸਤਾਨ ਗਏ ਭਾਰਤੀ ਮਹਿਮਾਨਾਂ ਨੂੰ ਵੱਡੀ ਮੁਸ਼ਕਲ ਵਿਚ ਪਾ ਦਿੱਤਾ।



ਸਭ ਤੋਂ ਪਹਿਲਾਂ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਫੋਟੋ ਚਾਵਲਾ ਨਾਲ ਵਾਇਰਲ ਹੋਇਆ ਤੇ ਅਕਾਲੀ ਦਲ ਤੇ ਭਾਜਪਾ ਨੇ ਸਿੱਧੂ ਨੂੰ ਘੇਰਾ ਪਾ ਲਿਆ। ਉਸ ਦੇ ਅਸਤੀਫੇ ਦੀ ਮੰਗ ਵੀ ਉਠੀ।

ਸਿੱਧੂ ਨੇ ਆਪਣਾ ਬਚਾਅ ਕਰਦੇ ਹੋਏ ਝੱਟ ਆਖ ਦਿੱਤਾ ਕਿ ਉਹ ਤਾਂ ਚਾਵਲਾ ਨੂੰ ਜਾਣਦੇ ਹੀ ਨਹੀਂ ਹੀ, ਉਥੇ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਨਾਲ ਤਸਵੀਰਾਂ ਖਿਚਵਾਈਆਂ ਸਨ। ਅਜੇ ਇਹ ਮਾਮਲਾ ਭਖਿਆ ਹੀ ਸੀ ਕਿ ਗੋਪਾਲ ਸਿੰਘ ਚਾਵਲਾ ਨੇ ਆਪਣੇ ਫੇਸਬੁੱਕ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਕੇਂਦਰੀ ਮੰਤਰੀ ਹਰਸਿਮਰਤ ਸਿੰਘ ਬਾਦਲ ਤੇ ਹਰਦੀਪ ਸਿੰਘ ਪੁਰੀ ਨਾਲ ਫੋਟੋਆਂ ਪਾ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਉਤੇ ਸਿੱਧੂ ਨੂੰ ਘੇਰਨ ਵਾਲਾ ਅਕਾਲੀ ਦਲ ਬੁਰਾ ਫਸ ਗਿਆ। ਲੌਂਗੋਵਾਲ ਨੇ ਵੀ ਇਹ ਗੱਲ ਆਖਣ ਲੱਗੇ ਦੇਰ ਨਾ ਲਾਈ ਕਿ ਉਹ ਚਾਵਲਾ ਨੂੰ ਜਾਣਦੇ ਹੀ ਨਹੀਂ। ਸਗੋਂ ਨੀਂਹ ਪੱਥਰ ਸਮਾਗਮ ਵਿਚ ਪਾਕਿਸਤਾਨ ਸਰਕਾਰ ਨੇ ਇਕ ਸਾਜ਼ਿਸ਼ ਤਹਿਤ ਚਾਵਲਾ ਨੂੰ ਉਨ੍ਹਾਂ ਨਾਲ ਬਿਠਾਇਆ ਸੀ। ਸੱਚਾਈ ਸਾਹਮਣੇ ਆਉਣ ਤੋਂ ਬਾਅਦ ਦੋਵੇਂ ਧਿਰਾਂ ਭਾਵੇਂ ਠੰਢੀਆਂ ਹੋ ਗਈਆਂ ਹਨ ਤੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਪਾਕਿਸਤਾਨ ਨੇ ਖਾਲਿਸਤਾਨੀ ਨੂੰ ਇਕ ਸਾਜ਼ਿਸ਼ ਤਹਿਤ ਸੱਦਾ ਦਿੱਤਾ ਸੀ।

ਦੱਸ ਦਈਏ ਕਿ ਅਕਾਲੀ ਦਲ ਦੇ ਦਿੱਲੀ ਤੋਂ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਫੇਸਬੁੱਕ 'ਤੇ ਸਿੱਧੂ ਤੇ ਗੋਪਾਲ ਸਿੰਘ ਚਾਵਲਾ ਦੀ ਫੋਟੋ ਆਪਣੇ ਟਵਿੱਟਰ ਅਕਾਊਂਟ ਤੋਂ ਸ਼ੇਅਰ ਕੀਤੀ ਤੇ ਕਾਂਗਰਸ ਨੂੰ ਸਵਾਲ ਕੀਤੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਰਾਹੁਲ ਗਾਂਧੀ ਤੇ ਕੈਪਟਨ ਅਮਰਿੰਦਰ ਸਿੰਘ, ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਮੰਤਰੀ ਮੰਡਲ ਵਿਚੋਂ ਬਰਖਾਸਤ ਕਰਨ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਸੋਸ਼ਲ ਮੀਡੀਆ ਟੀਮ ਇਸ ਫੋਟੋ ਨੂੰ ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਤੇ ਵਟਸਐਪ ਗਰੁੱਪਾਂ ਵਿਚ ਸ਼ੇਅਰ ਕਰ ਰਹੀ ਸੀ ਅਤੇ ਮੰਗ ਕਰ ਰਹੇ ਸਨ ਕਿ ਕਾਂਗਰਸ ਪਾਰਟੀ ਅਜਿਹੇ ਮੰਤਰੀ ਤੋਂ ਅਸਤੀਫਾ ਲਵੇ, ਪਰ ਇਸ ਸਿਆਸੀ ਮੁੱਦੇ ਵਿਚ ਨਵਾਂ ਮੋੜ ਆ ਗਿਆ, ਜਦੋਂ ਗੋਪਾਲ ਸਿੰਘ ਚਾਵਲਾ ਨੇ ਖੁਦ ਆਪਣੇ ਫੇਸਬੁੱਕ ਅਕਾਊਂਟ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਨਾਲ ਖਿੱਚੀ ਹੋਈ ਸੈਲਫੀ ਅਪਲੋਡ ਕਰ ਦਿੱਤੀ।

ਇਸ ਫੋਟੋ ਦੇ ਅਪਲੋਡ ਹੁੰਦੇ ਸਾਰ ਕਾਂਗਰਸ ਦੇ ਹੱਥ ਵੀ ਸਿਆਸੀ ਮੁੱਦਾ ਲੱਗ ਗਿਆ। ਕੁਝ ਹੀ ਸਮੇਂ ਵਿਚ ਇਕ ਹੋਰ ਫੋਟੋ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ, ਜਿਸ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਕੇਂਦਰੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ, ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨਾਲ ਗੋਪਾਲ ਸਿੰਘ ਚਾਵਲਾ ਖੜ੍ਹਾ ਹੈ। ਸੋਸ਼ਲ ਮੀਡੀਆ 'ਤੇ ਇਸ ਪਿਛੋਂ ਮੰਤਰੀ ਸਿੱਧੂ ਖਿਲਾਫ਼ ਚਲਾਈ ਗਈ ਮੁਹਿੰਮ ਵਿਚ ਅਕਾਲੀ ਦਲ ਤੇ ਭਾਜਪਾ ਆਗੂ ਖੁਦ ਵੀ ਫਸ ਗਏ।

## ਚਾਵਲਾ ਨਾਲ ਮੇਰਾ ਕੋਈ ਵਾਸਤਾ ਨਹੀਂ: ਲੌਂਗੋਵਾਲ

**ਅਟਾਰੀ:** ਗੋਬਿੰਦ ਸਿੰਘ ਲੌਂਗੋਵਾਲ ਨੇ ਪਾਕਿਸਤਾਨ ਤੋਂ ਵਤਨ ਵਾਪਸੀ ਮੌਕੇ ਕਿਹਾ ਕਿ ਕਰਤਾਰਪੁਰ ਲਾਂਘੇ ਦੇ ਨੀਂਹ ਪੱਥਰ ਸਮਾਗਮ ਵਿਚ ਸ਼ਾਮਲ ਹੋਣਾ ਉਨ੍ਹਾਂ ਦੀ ਖੁਸ਼ਕਿਸਮਤੀ ਹੈ। ਗੋਪਾਲ ਸਿੰਘ ਚਾਵਲਾ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਹੈ ਅਤੇ ਉਹ ਨੀਂਹ ਪੱਥਰ ਸਮਾਗਮ ਮੌਕੇ ਪਾਕਿਸਤਾਨ ਸਰਕਾਰ ਵੱਲੋਂ ਦਿੱਤੇ ਸਥਾਨ 'ਤੇ ਹੀ ਬੈਠੇ ਸਨ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਅਤੇ ਹੋਰ ਅਹੁਦੇਦਾਰਾਂ ਨੇ ਸ਼੍ਰੋਮਣੀ ਕਮੇਟੀ ਨੂੰ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੀ ਰੂਪ-ਰੇਖਾ ਉਲੀਕਣ ਸਬੰਧੀ ਜਨਵਰੀ 2019 ਵਿਚ ਮੁੜ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ ਹੈ। ਇਸ ਤੋਂ ਇਲਾਵਾ ਔਕਾਫ ਬੋਰਡ ਦੇ ਸਕੱਤਰ ਜਨਾਬ ਤਾਰਿਕ ਵਜ਼ੀਰ ਖਾਨ ਤੇ ਵਧੀਕ ਸਕੱਤਰ ਇਮਰਾਨ ਗੋਂਦਲ ਤੇ ਫਰਾਜ਼ ਅੱਬਾਸ ਨਾਲ ਵੀ 550ਵੇਂ ਪ੍ਰਕਾਸ਼ ਪੁਰਬ ਸਬੰਧੀ ਗੱਲਬਾਤ ਕੀਤੀ ਹੈ।

# ਕਰਤਾਰਪੁਰ ਲਾਂਘਾ: ਸ਼੍ਰੋਮਣੀ ਕਮੇਟੀ ਦੀ ਦੋਵੇਂ ਪਾਸੇ ਅਣਦੇਖੀ

**ਅੰਮ੍ਰਿਤਸਰ:** ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਖੋਲ੍ਹਣ ਵਾਸਤੇ ਭਾਰਤ ਅਤੇ ਪਾਕਿਸਤਾਨ ਦੋਵੇਂ ਪਾਸੇ ਨੀਂਹ ਪੱਥਰ ਰੱਖਣ ਲਈ ਹੋਏ ਸਮਾਗਮਾਂ ਵਿਚ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਕਮੇਟੀ ਦੀ ਅਣਦੇਖੀ ਹੋਈ ਹੈ। ਲਾਂਘਾ ਖੋਲ੍ਹਣ ਵਾਸਤੇ ਪਾਕਿਸਤਾਨ ਵਿਚ ਵੀ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ ਸੀ, ਜਿਸ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ, ਵਿਦੇਸ਼ ਮੰਤਰੀ ਤੇ ਹੋਰ ਅਹਿਮ ਆਗੂ ਸ਼ਾਮਲ ਹੋਏ।

ਭਾਰਤ ਵੱਲੋਂ ਵੀ ਕੇਂਦਰੀ ਮੰਤਰੀ, ਸੰਸਦ ਮੈਂਬਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਹੋਰ ਸ਼ਾਮਲ ਹੋਣ ਲਈ ਪੁੱਜੇ ਸਨ। ਇਸ ਸਮਾਗਮ ਵਿਚ ਨੀਂਹ ਪੱਥਰ ਰੱਖਿਆ ਗਿਆ ਅਤੇ ਮਗਰੋਂ ਸਮਾਗਮ ਨੂੰ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ। ਮਿਲੇ ਵੇਰਵਿਆਂ ਮੁਤਾਬਕ ਮੁੱਖ ਸਮਾਗਮ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਬੋਲਣ ਤੱਕ ਦਾ ਮੌਕਾ ਨਹੀਂ ਦਿੱਤਾ ਗਿਆ। ਨੀਂਹ ਪੱਥਰ ਰੱਖਣ ਸਮੇਂ ਵੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਨੇ ਹੀ ਵਧੇਰੇ ਸ਼ਮੂਲੀਅਤ ਕੀਤੀ। ਇਸੇ ਤਰ੍ਹਾਂ 26 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਹੋਏ ਸਰਕਾਰੀ ਪੱਧਰ ਦੇ ਮੁੱਖ ਸਮਾਗਮ ਵਿਚ ਵੀ ਸ਼੍ਰੋਮਣੀ ਕਮੇਟੀ ਨੂੰ ਪੂਰੀ ਤਰ੍ਹਾਂ ਅਣਡਿੱਠਾ ਕੀਤਾ ਗਿਆ ਸੀ। ਇਸ ਸਮਾਗਮ ਵਿਚ ਤਾਂ ਸ਼ਾਮਲ ਹੋਣ ਲਈ ਸੱਦਾ ਵੀ ਨਹੀਂ ਦਿੱਤਾ ਗਿਆ ਸੀ ਅਤੇ ਬੈਠਣ ਵਾਸਤੇ ਵਿਸ਼ੇਸ਼ ਥਾਂ ਵੀ ਨਹੀਂ ਰੱਖੀ ਗਈ। ਇਸੇ ਤਰ੍ਹਾਂ ਬੋਲਣ ਦਾ ਵੀ ਮੌਕਾ ਨਹੀਂ ਦਿੱਤਾ ਗਿਆ ਤੇ ਬੁਲਾਰਿਆਂ ਵੱਲੋਂ ਬੋਲਣ ਸਮੇਂ ਸ਼੍ਰੋਮਣੀ ਕਮੇਟੀ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ ਸੀ। ਇੰਜ ਦੋਵਾਂ ਹੀ ਸਮਾਗਮਾਂ ਵਿਚ ਸਿੱਖਾਂ ਦੀ ਸਿਰਮੌਰ ਜਥੇਬੰਦੀ ਨੂੰ ਅਣਡਿੱਠਾ ਕੀਤਾ ਗਿਆ ਹੈ।

ਇਸੇ ਤਰ੍ਹਾਂ ਕੇਂਦਰੀ ਵਜ਼ੀਰ ਹਰਸਿਮਰਤ ਕੌਰ ਬਾਦਲ ਵੱਲੋਂ ਗੁਰਬਾਣੀ ਦੀਆਂ ਤੁਕਾਂ ਨੂੰ ਮੁੜ ਗਲਤ ਬੋਲਣ ਅਤੇ ਪਾਕਿਸਤਾਨ ਜਾ ਕੇ ਵੀ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਬਿਨਾਂ ਮੱਥਾ ਟੇਕਿਆਂ ਵਾਪਸ ਪਰਤਣ ਤੇ ਸਿੱਖ ਜਥੇਬੰਦੀ ਦਲ ਖਾਲਸਾ ਨੇ ਇਤਰਾਜ਼ ਕੀਤਾ ਹੈ। ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਗੁਰਬਾਣੀ ਦੀਆਂ ਤੁਕਾਂ ਬੋਲਣ ਵਿਚ ਹੋਈ ਗਲਤੀ ਨਾਲ ਗੁਰਬਾਣੀ ਦਾ ਨਿਰਾਦਰ ਹੋਇਆ ਹੈ। ਭਾਵੇਂ




ਇਹ ਨਿਰਾਦਰ ਅਣਜਾਣੇ ਵਿਚ ਹੋਇਆ ਹੈ ਪਰ ਉਨ੍ਹਾਂ ਨੂੰ ਬਿਨਾਂ ਕੰਠ ਕੀਤੇ ਗੁਰਬਾਣੀ ਦੀਆਂ ਤੁਕਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਉਨ੍ਹਾਂ ਆਖਿਆ ਕਿ ਸਮਾਗਮ ਵਿਚ ਹਾਜ਼ਰ ਦਲ ਖਾਲਸਾ ਦੇ ਸਵਿਟਜ਼ਰਲੈਂਡ ਤੋਂ ਆਗੂ ਪ੍ਰਿਤਪਾਲ ਸਿੰਘ ਨੇ ਵੀ ਉਥੇ ਇਸ 'ਤੇ ਇਤਰਾਜ਼ ਪ੍ਰਗਟਾਇਆ ਹੈ। ਸ਼੍ਰੋਮਣੀ ਕਮੇਟੀ ਨੂੰ ਦੋਵੇਂ ਪਾਸੇ ਅਣਡਿੱਠ ਕੀਤੇ ਜਾਣ ਬਾਰੇ ਉਨ੍ਹਾਂ ਆਖਿਆ ਕਿ ਹਾਕਮਾਂ ਦੀਆਂ ਨੀਤੀਆਂ ਦੇ ਕਾਰਨ ਸਿੱਖਾਂ ਦੀ ਇਸ ਸਿਰਮੌਰ ਸੰਸਥਾ ਦੀ ਖ਼ੁਦਮੁਖਤਿਆਰੀ ਵਾਲੀ ਚਮਕ ਏਨੀ ਘਟ ਗਈ ਹੈ ਕਿ ਸਰਕਾਰਾਂ ਨੂੰ ਹੁਣ ਇਹ ਸਿੱਖ ਸੰਸਥਾ ਦਿਖਾਈ ਹੀ ਨਹੀਂ ਦਿੰਦੀ।

# ਹਿੰਦ-ਪਾਕਿ ਦੋਸਤੀ ਦੇ ਯਤਨਾਂ ਤੋਂ ਸਰਹੱਦੀ ਲੋਕਾਂ ਨੂੰ ਬੱਝੀ ਆਸ

**ਤਰਨਤਾਰਨ:** ਭਾਰਤ ਅਤੇ ਪਾਕਿਸਤਾਨ ਵਿਚਕਾਰ ਸਮੇਂ-ਸਮੇਂ 'ਤੇ ਬਣੀ ਤਣਾਅਪੂਰਨ ਸਥਿਤੀ ਦਾ ਖਮਿਆਜ਼ਾ ਹਮੇਸ਼ਾ ਦੋਵਾਂ ਦੇਸ਼ਾਂ ਦੀਆਂ ਸਰਹੱਦਾਂ 'ਤੇ ਵਸੇ ਲੋਕਾਂ ਨੂੰ ਹੀ ਭੁਗਤਣਾ ਪੈਂਦਾ ਹੈ। ਦੋਵੇਂ ਦੇਸ਼ਾਂ ਦੀਆਂ ਸਿਆਸੀ ਪਾਰਟੀਆਂ ਆਪਣੇ-ਆਪਣੇ ਮੁਫਾਦਾਂ ਲਈ ਇਕ ਦੂਸਰੇ ਵਿਚਕਾਰ ਇੰਨੀਆਂ ਵੱਡੀਆਂ ਲਕੀਰਾਂ ਖਿੱਚ ਚੁੱਕੀਆਂ ਹਨ ਕਿ ਇਨ੍ਹਾਂ ਲਕੀਰਾਂ ਨੂੰ ਮਿਟਾਉਣ ਲਈ ਸਮੇਂ-ਸਮੇਂ 'ਤੇ ਦੋਵਾਂ ਦੇਸ਼ਾਂ ਵੱਲੋਂ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਵੀ ਰੰਗ ਨਹੀਂ ਲਿਆ ਸਕਦੀਆਂ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਤਾਜਪੋਸ਼ੀ ਸਮਾਗਮ ਵਿਚ ਇਕ ਦੋਸਤ ਦੀ ਹੈਸੀਅਤ ਨਾਲ ਅਲੋਚਨਾਵਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਪਾਕਿਸਤਾਨ ਗਏ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਇਹ ਪਹਿਲਕਦਮੀ ਦੋਵਾਂ ਦੇਸ਼ਾਂ ਦੇ ਸਰਹੱਦੀ ਲੋਕਾਂ ਦੇ ਲਈ ਸੋਨੇ 'ਤੇ ਸੁਹਾਗੇ ਵਾਂਗ ਕਾਰਗਰ ਸਾਬਤ ਹੋ ਰਹੀ ਹੈ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਹਿਲੀ ਪਾਕਿਸਤਾਨੀ ਫੇਰੀ ਸਮੇਂ ਵਿਰੋਧੀ ਪਾਰਟੀਆਂ ਦੇ ਨਾਲ-ਨਾਲ ਉਨ੍ਹਾਂ ਦੀ ਆਪਣੀ ਪਾਰਟੀ ਦੇ ਹੀ ਕਈ ਆਗੂਆਂ ਵੱਲੋਂ ਉਨ੍ਹਾਂ ਦੀ ਨੁਕਤਾਚੀਨੀ ਕੀਤੀ ਗਈ, ਪਰ ਸਿੱਧੂ ਵੱਲੋਂ ਇਸ ਦੀ ਕੋਈ ਪ੍ਰਵਾਹ ਨਹੀਂ ਕੀਤੀ। ਸਿੱਧੂ ਦੀ ਇਹ ਪਾਕਿਸਤਾਨੀ ਫੇਰੀ ਦੋਵਾਂ ਦੇਸ਼ਾਂ ਨੂੰ ਨੇੜੇ ਲਿਆਉਣ ਲਈ ਇਕ ਪੁਲ ਵਜੋਂ ਕੰਮ ਕਰ ਦੇਵੇਗੀ, ਇਹ ਸ਼ਾਇਦ ਹੀ ਕਿਸੇ ਨੇ ਸੋਚਿਆ ਹੋਵੇਗੀ। ਕੁਝ ਦਿਨਾਂ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਸਬੰਧੀ ਪਾਕਿਸਤਾਨ ਅਤੇ ਭਾਰਤ ਦੀਆਂ ਸਰਕਾਰਾਂ ਵੱਲੋਂ ਕੋਰੀਡੋਰ ਬਣਾਉਣ ਦਾ ਜੋ ਇਤਿਹਾਸਕ ਫੈਸਲਾ ਲਿਆ ਗਿਆ ਹੈ, ਉਸ ਨੇ ਇਕੱਲੇ ਪੰਜਾਬ ਦੇ ਹੀ 6 ਸਰਹੱਦੀ ਜ਼ਿਲ੍ਹਿਆਂ ਵਿਚ 600 ਤੋਂ ਵੱਧ ਪੈਂਦੇ ਪਿੰਡਾਂ ਦੇ ਹਜ਼ਾਰਾਂ ਲੋਕਾਂ ਦੇ ਮਨਾਂ ਨੂੰ ਸਕੂਨ ਜ਼ਰੂਰ ਪਹੁੰਚਾ ਦਿੱਤਾ ਹੈ।

ਪੰਜਾਬ ਵਿਚ ਭਾਰਤ ਪਾਕਿਸਤਾਨ ਸਰਹੱਦ ਦੇ ਨਾਲ 553 ਕਿਲੋਮੀਟਰ ਲੰਬੀ ਸਰਹੱਦ ਪੈਂਦੀ ਹੈ ਅਤੇ ਇਸ ਸਰਹੱਦ 'ਤੇ ਕੰਡਿਆਲੀ ਤਾਰ ਪਾਰ ਨਾਲ ਲੱਗਦੇ ਪੰਜਾਬ ਦੇ ਜ਼ਿਲ੍ਹਾ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਫਾਜ਼ਿਲਕਾ, ਫਿਰੋਜ਼ਪੁਰ ਦੇ 220 ਪਿੰਡਾਂ ਦੀ 21600 ਏਕੜ ਜ਼ਮੀਨ ਪੈਂਦੀ ਹੈ, ਜਿਸ ਉਪਰ ਖੇਤੀਬਾੜੀ ਕਰਨ ਲਈ ਤਾਰ ਪਾਰ ਕਿਸਾਨਾਂ ਨੂੰ ਜਾਣ ਸਮੇਂ ਰੋਜ਼ਾਨਾ ਹੀ ਬਹੁਤ ਵੱਡੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਥੋਂ ਤੱਕ ਕਿ ਆਪਣੀ ਹੀ ਜ਼ਮੀਨ ਵਿਚ ਖੇਤੀਬਾੜੀ ਕਰਨ ਲਈ ਗਰੀਬ ਸਰਹੱਦੀ ਕਿਸਾਨਾਂ ਨੂੰ ਬਹੁਤ ਵਾਰ ਬੀ.ਐਸ.ਐਫ. ਦੀਆਂ ਪਾਬੰਦੀਆਂ ਕਾਰਨ ਜ਼ਲੀਲ ਵੀ ਹੋਣਾ ਪੈਂਦਾ ਹੈ। ਇਸ ਤੋਂ ਇਲਾਵਾ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਜਦ ਵੀ ਸਥਿਤੀ ਤਣਾਅਪੂਰਨ ਬਣੀ ਹੈ, ਕੇਂਦਰ ਸਰਕਾਰ ਵੱਲੋਂ ਭਾਰਤ ਪਾਕਿਸਤਾਨ ਸਰਹੱਦ ਦੇ ਨੇੜੇ 10 ਕਿਲੋਮੀਟਰ ਪੈਂਦੇ ਪਿੰਡਾਂ ਨੂੰ ਖਾਲੀ ਕਰਵਾਉਣ ਦੇ ਨਿਰਦੇਸ਼ ਜਾਰੀ ਹੁੰਦੇ ਰਹਿੰਦੇ ਹਨ। ਸਰਕਾਰ ਅਤੇ ਬੀ.ਐਸ.ਐਫ. ਦੇ ਇਨ੍ਹਾਂ ਹੁਕਮਾਂ ਕਾਰਨ ਚਾਰ ਕਿਲੋਮੀਟਰ ਤੱਕ ਪੈਂਦੇ 600 ਤੋਂ ਵੱਧ ਪਿੰਡਾਂ ਦੇ ਲੋਕ ਸਮੇਂ ਸਮੇਂ 'ਤੇ ਉਜਾੜੇ ਦਾ ਸੇਕ ਝੱਲ ਚੁੱਕੇ ਹਨ।

ਦੋਵਾਂ ਦੇਸ਼ਾਂ ਵਿਚਕਾਰ ਸਥਿਤੀ ਤਣਾਅਪੂਰਨ ਹੋਣ 'ਤੇ ਸਰਹੱਦ ਉਤੇ ਵਸੇ ਪੰਜਾਬ ਦੇ ਹੀ ਹਜ਼ਾਰਾਂ ਪਰਿਵਾਰ ਆਪਣੇ ਸਾਮਾਨ ਦੇ ਨਾਲ ਨਾਲ ਆਪਣੇ ਡੰਗਰਾਂ ਤੱਕ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਜਾਣ ਲਈ ਮਜਬੂਰ ਹੋ ਜਾਂਦੇ ਹਨ। ਹੁਣ ਲੋਕਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਇਮਰਾਨ ਖਾਨ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਜੋੜੀ ਨੇ ਦੋਵਾਂ ਦੇਸ਼ਾਂ ਦੇ ਸਰਹੱਦੀ ਲੋਕਾਂ ਲਈ ਸ਼ਾਂਤੀ ਦਾ ਮਸੀਹਾ ਬਣ ਕੇ ਆਏ ਹਨ। ਉਨ੍ਹਾਂ ਨੇ ਕਿਹਾ ਕਿ ਸਿਆਸੀ ਪਾਰਟੀਆਂ ਜੇਕਰ ਘਟੀਆ ਰਾਜਨੀਤੀ ਤੋਂ ਗੁਰੇਜ ਕਰਨ ਤਾਂ ਦੋਵੇਂ ਦੇਸ਼ ਪੱਕੇ ਮਿੱਤਰ ਬਣ ਸਕਦੇ ਹਨ ਅਤੇ ਸਰਹੱਦੀ ਲੋਕਾਂ ਨੂੰ ਜਿਥੇ ਹੁਣ ਜਾਨੀ ਅਤੇ ਮਾਲੀ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ, ਉਥੇ ਮਿੱਤਰਤਾ ਨਾਲ ਦੋਵੇਂ ਦੇਸ਼ਾਂ ਦੇ ਸਰਹੱਦੀ ਲੋਕ ਜਾਨੀ ਨੁਕਸਾਨ ਦੇ ਨਾਲ ਨਾਲ ਵਧੀਆ ਵਪਾਰਕ ਸਾਂਝ ਮਜ਼ਬੂਤ ਕਰ ਸਕਦੇ ਹਨ।

## ਲਾਂਘੇ ਦੀ ਸਹਿਮਤੀ ਨਾਲ ਡੇਰਾ ਬਾਬਾ ਨਾਨਕ ਕਸਬੇ 'ਚ ਪਰਤੀਆਂ ਰੌਣਕਾਂ

**ਅੰਮ੍ਰਿਤਸਰ:** ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਦਿੱਤੀ ਸਹਿਮਤੀ ਅਤੇ ਨੀਂਹ ਪੱਥਰ ਰੱਖੇ ਜਾਣ ਤੋਂ ਬਾਅਦ ਕਸਬਾ ਡੇਰਾ ਬਾਬਾ ਨਾਨਕ ਦੇ ਲੋਕਾਂ ਨੂੰ ਜਾਪਣ ਲੱਗਾ ਹੈ ਕਿ ਦੇਸ਼ ਵੰਡ ਦੇ ਸੱਤ ਦਹਾਕਿਆਂ ਮਗਰੋਂ ਇਸ ਕਸਬੇ ਵਿਚ ਤਰੱਕੀ ਤੇ ਖੁਸ਼ਹਾਲੀ ਵੀ ਪਰਤ ਆਵੇਗੀ। ਇਥੇ ਸਰਹੱਦ ਨੇੜੇ ਪੰਜਾਬ ਸਰਕਾਰ ਵੱਲੋਂ 'ਕਰਤਾਰਪੁਰ ਦੁਆਰ' ਦੇ ਨਾਂ ਨਾਲ ਵੱਡਾ ਗੇਟ ਉਸਾਰਿਆ ਜਾਵੇਗਾ। ਦੋਵਾਂ ਸਰਕਾਰਾਂ ਨੇ ਭਰੋਸਾ ਦਿੱਤਾ ਹੈ ਕਿ ਇਹ ਲਾਂਘਾ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਖੋਲ੍ਹ ਦਿੱਤਾ ਜਾਵੇਗਾ।

ਇਸ ਲਾਂਘੇ ਰਾਹੀਂ ਜਾਣ ਵਾਲੇ ਸ਼ਰਧਾਲੂਆਂ ਨੂੰ ਪਾਕਿਸਤਾਨ ਸਰਕਾਰ ਪਰਮਿਟ ਦੇਵੇਗੀ ਤੇ ਵੀਜ਼ੇ ਦੀ ਲੋੜ ਨਹੀਂ ਹੋਵੇਗੀ। ਗੁਰੂ ਜੀ ਨੇ ਕਰਤਾਰਪੁਰ ਵਿਚ 18 ਸਾਲ ਬਿਤਾਏ ਤੇ ਇਸੇ ਧਰਤੀ 'ਤੇ ਹੱਥੀਂ ਕਿਰਤ ਕਰਕੇ ਮਨੁੱਖਤਾ ਨੂੰ ਕਿਰਤ ਕਰਨ ਦਾ ਸੁਨੇਹਾ ਦਿੱਤਾ ਸੀ। ਦੇਸ਼ ਵੰਡ ਤੋਂ ਪਹਿਲਾਂ ਇਹ ਅਹਿਮ ਲਾਂਘਾ ਹੁੰਦਾ ਸੀ। ਹੁਣ ਲਾਂਘਾ ਖੋਲ੍ਹਣ ਦੇ ਫੈਸਲੇ ਨਾਲ ਕਸਬੇ ਦੇ ਲੋਕਾਂ ਨੂੰ ਤਰੱਕੀ ਤੇ ਖੁਸ਼ਹਾਲੀ ਦੀ ਆਸ ਬੱਝੀ ਹੈ।

ਸਥਾਨਕ ਲੋਕਾਂ ਦਾ ਕਹਿਣਾ ਸੀ ਕਿ ਲਾਂਘਾ ਖੁੱਲ੍ਹਣ ਨਾਲ ਇਸ ਧਰਤੀ ਦਾ ਮੁੱਲ ਪੈ ਜਾਵੇਗਾ। ਸੰਗਤ ਦੀ ਆਮਦ ਨਾਲ ਕਾਰੋਬਾਰ ਵਧੇਗਾ ਤੇ ਇਹ ਕਸਬਾ ਸੈਰ-ਸਪਾਟਾ ਕੇਂਦਰ ਵਜੋਂ ਉੱਭਰੇਗਾ। ਹੋਟਲਾਂ ਅਤੇ ਰੈਸਤਰਾਂ ਮਾਲਕਾਂ ਨੇ ਇਥੇ ਜ਼ਮੀਨ ਖਰੀਦਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਲਾਂਘਾ ਖੁੱਲ੍ਹਣ ਨਾਲ ਵਿਹਲੇ ਬੈਠੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਤੇ ਤਰੱਕੀ ਹੋਵੇਗੀ।



# ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ਬਣਾਉਣ ਨੂੰ ਮਨਜ਼ੂਰੀ

**ਚੰਡੀਗੜ੍ਹ:** ਪੰਜਾਬ ਵਜ਼ਾਰਤ ਨੇ ਅਹਿਮ ਫੈਸਲੇ ਕਰਦਿਆਂ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ਬਣਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਪੰਜਾਬ ਵਜ਼ਾਰਤ ਨੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਤੇ




ਇਸ ਦੇ ਆਲੇ-ਦੁਆਲੇ ਦੇ ਵਿਕਾਸ ਤੇ ਸੁੰਦਰੀਕਰਨ ਲਈ ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ਸਥਾਪਤ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਇਹ ਕਦਮ ਸ਼ਰਧਾਲੂਆਂ ਨੂੰ ਸਹੂਲਤਾਂ ਦੇਣ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦਾ ਵਿਸ਼ੇਸ਼ ਮਤੇ ਰਾਹੀਂ ਸਵਾਗਤ ਕੀਤਾ ਗਿਆ ਹੈ ਤੇ ਇਸ ਨੂੰ ਇਤਿਹਾਸਕ ਕਦਮ ਦੱਸਿਆ ਗਿਆ।

ਵਜ਼ਾਰਤ ਨੇ ਨੋਟ ਕੀਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਲਾਂਘਾ ਖੋਲ੍ਹਣ ਦੇ ਫ਼ੈਸਲੇ ਨੂੰ ਬੂਰ ਪਿਆ ਹੈ ਪਰ ਇਸ 'ਚ ਕੈਬਨਿਟ ਮੰਤਰੀ ਸਿੱਧੂ ਦੇ ਯਤਨਾਂ ਦਾ ਜ਼ਿਕਰ ਨਹੀਂ ਕੀਤਾ ਗਿਆ।

# ਕਰਤਾਰਪੁਰ ਲਾਂਘੇ ਦੀ ਆਪਣੇ ਪੱਧਰ 'ਤੇ ਨਿਰਖ ਪਰਖ ਕਰ ਰਹੀਆਂ ਨੇ ਖੁਫੀਆ ਏਜੰਸੀਆਂ

**ਚੰਡੀਗੜ੍ਹ:** ਭਾਰਤ ਤੇ ਪਾਕਿਸਤਾਨ ਦੀਆਂ ਖ਼ੁਫੀਆ ਏਜੰਸੀਆਂ ਕਰਤਾਰਪੁਰ ਲਾਂਘੇ ਨੂੰ ਆਪਣੀ ਨਜ਼ਰ ਨਾਲ ਦੇਖਦੀਆਂ ਹਨ। ਖ਼ੁਫੀਆ ਏਜੰਸੀਆਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਧਾਰਮਿਕ ਭਾਵਨਾਵਾਂ ਦਾ ਵਹਿਣ ਅਤੇ ਸੁਰੱਖਿਆ,




ਦੋਵੇਂ ਵੱਖੋਂ ਵੱਖਰੇ ਪਹਿਲੂ ਹਨ, ਜਿਨ੍ਹਾਂ ਨੂੰ ਇਕੋ ਦੂਰਬੀਨ ਰਾਹੀਂ ਨਹੀਂ ਦੇਖਿਆ ਜਾ ਸਕਦਾ। ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਦਿਨ ਅਗਲੇ ਵਰ੍ਹੇ ਸਮੁੱਚੀ ਮਾਨਵਤਾ ਵੱਲੋਂ ਕੌਮਾਂਤਰੀ ਪੱਧਰ 'ਤੇ ਮਨਾਉਣ ਦਾ ਐਲਾਨ ਕੀਤਾ ਗਿਆ ਹੈ।

ਇਸ ਲਈ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਕੌਮਾਂਤਰੀ ਸਰਹੱਦ ਤੋਂ ਮਹਿਜ਼ ਸਾਢੇ 4 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦਾ ਮੁੱਢਲਾ ਅਮਲ ਸ਼ੁਰੂ ਕਰ ਦਿੱਤਾ ਹੈ। ਪਾਕਿਸਤਾਨ ਸਰਕਾਰ ਨੇ ਇਸ ਪਵਿੱਤਰ ਗੁਰਧਾਮ ਦੇ ਦਰਸ਼ਨਾਂ ਲਈ ਬਿਨਾਂ ਵੀਜ਼ੇ ਤੋਂ ਆਉਣ ਲਈ ਸ਼ਰਧਾਲੂਆਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਹਾਲੇ ਇਹ ਤੈਅ ਕਰਨਾ ਬਾਕੀ ਹੈ ਕਿ ਭਾਰਤ ਤੋਂ ਜਾਣ ਵਾਲੇ ਸ਼ਰਧਾਲੂਆਂ ਨੂੰ ਕਿਸ ਤਰ੍ਹਾਂ ਦੇ ਪਛਾਣ ਪੱਤਰ ਜਾਂ ਕਾਰਡ ਜਾਰੀ ਹੋਣਗੇ, ਜਿਸ ਜ਼ਰੀਏ ਉਹ ਪਾਕਿਸਤਾਨ ਸਥਿਤ ਇਸ ਧਾਰਮਿਕ ਅਸਥਾਨ ਦੇ ਦਰਸ਼ਨਾਂ ਲਈ ਜਾ ਸਕਣਗੇ। ਮਾਮਲਾ ਅੰਦਰੂਨੀ ਤੇ ਬਾਹਰੀ ਸੁਰੱਖਿਆ ਨਾਲ ਵੀ ਜੁੜਿਆ ਹੈ। ਇਸ ਲਈ ਕੇਂਦਰੀ ਖੁਫੀਆ ਏਜੰਸੀ (ਆਈ.ਬੀ.) ਅਤੇ ਸੂਬਾਈ ਖ਼ੁਫੀਆ ਏਜੰਸੀਆਂ ਵੱਲੋਂ ਆਪੋ ਆਪਣੇ ਪੱਧਰ 'ਤੇ ਇਸ ਮਾਮਲੇ ਦੀ ਨਿਰਖ ਪਰਖ ਕੀਤੀ ਜਾ ਰਹੀ ਹੈ।

ਖੁਫ਼ੀਆ ਏਜੰਸੀਆਂ ਦੇ ਅਧਿਕਾਰੀਆਂ ਵੱਲੋਂ ਇਕ ਗੱਲ ਜ਼ਰੂਰ ਮੰਨੀ ਜਾ ਰਹੀ ਹੈ ਕਿ ਜਦੋਂ ਲੋਕਾਂ ਦੇ ਜਜ਼ਬਾਤ ਭਾਰੂ ਹੋਣ ਤਾਂ ਗੱਲ ਤਣ-ਪੱਤਣ ਲੱਗ ਜਾਂਦੀ ਹੈ। ਜੇਕਰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਤਕਨੀਕੀ ਪੱਖ ਦੇਖਿਆ ਜਾਵੇ ਤਾਂ ਪੰਜਾਬ ਸਰਕਾਰ ਦੇ ਹੱਥ ਵੱਸ ਕੁਝ ਵੀ ਨਹੀਂ ਹੈ। ਕੇਂਦਰ ਸਰਕਾਰ ਵੱਲੋਂ ਹੀ ਸਾਰੀ ਵਿਉਂਤ ਬਣਾਈ ਜਾਣੀ ਹੈ। ਖ਼ੁਫੀਆ ਏਜੰਸੀਆਂ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਹਾਲ ਦੀ ਘੜੀ ਸੜਕ ਦੇ ਨੀਂਹ ਪੱਥਰ ਤੋਂ ਬਿਨਾਂ ਕੋਈ ਦਿਸ਼ਾ ਨਿਰਦੇਸ਼ਾਂ ਨਹੀਂ ਆਏ। ਇਸ ਪ੍ਰਸਤਾਵਿਤ ਲਾਂਘੇ ਦੇ ਹਾਂ-ਪੱਖੀ ਤੇ ਨਾਂਹ ਪੱਖੀ ਪੈਣ ਵਾਲੇ ਪ੍ਰਭਾਵਾਂ ਸਬੰਧੀ ਖ਼ੁਫੀਆ ਏਜੰਸੀਆਂ ਵੱਲੋਂ ਆਪਣੇ ਤੌਰ 'ਤੇ ਭਾਰਤ ਸਰਕਾਰ ਨੂੰ ਰਿਪੋਰਟਾਂ ਜ਼ਰੂਰ ਭੇਜੀਆਂ ਗਈਆਂ ਹਨ। ਇਨ੍ਹਾਂ ਰਿਪੋਰਟਾਂ ਵਿਚ ਮੁੱਖ ਤੌਰ ਉਤੇ ਇਹੀ ਸਲਾਹ ਦਿੱਤੀ ਗਈ ਹੈ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਥਿਤ ਕੌਮਾਂਤਰੀ ਸਰਹੱਦ ਦੇ ਜ਼ਿਆਦਾ ਸੰਵੇਦਨਸ਼ੀਲ ਹੋਣ ਕਰ ਕੇ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਹੀ ਫੈਸਲੇ ਲਏ ਜਾਣ। ਭਾਰਤ ਦੀਆਂ ਖ਼ੁਫੀਆ ਏਜੰਸੀਆਂ ਦਾ ਕਹਿਣਾ ਹੈ ਕਿ ਪਾਕਿਸਤਾਨ ਨੇ ਭਾਰਤ ਦੇ ਖਿਲਾਫ਼ ਅਣ-ਐਲਾਨੀ ਜੰਗ ਛੇੜੀ ਹੋਈ ਹੈ। ਕਸ਼ਮੀਰ ਅਤੇ ਪੰਜਾਬ ਵਿਚਲਾ ਅਤਿਵਾਦ ਇਸ ਦਾ ਪ੍ਰਤੱਖ ਪ੍ਰਮਾਣ ਕਿਹਾ ਜਾ ਸਕਦਾ ਹੈ। ਖੁਫ਼ੀਆ ਏਜੰਸੀਆਂ ਵੱਲੋਂ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਆਈ.ਐਸ.ਆਈ. ਦੇ ਇਸ ਅਪਰੇਸ਼ਨ ਨੂੰ ਕੇ-1 (ਕਸ਼ਮੀਰ) ਅਤੇ ਕੇ-2 (ਖਾਲਿਸਤਾਨ) ਦਾ ਨਾਮ ਦਿੱਤਾ ਗਿਆ ਹੈ।

ਖ਼ੁਫੀਆ ਏਜੰਸੀਆਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿੱਖ ਫਾਰ ਜਸਟਿਸ ਵੱਲੋਂ ਖਾਲਿਸਤਾਨ ਦੇ ਪੱਖ ਵਿਚ 2020 ਦਾ ਰੈਫਰੰਡਮ ਦੇ ਨਾਮ 'ਤੇ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਇਸ ਲਈ ਸੰਭਵ ਹੈ ਕਿ ਜਦੋਂ ਵੀ ਭਾਰਤ ਤੋਂ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਲਈ ਸੰਗਤ ਜਾਵੇਗੀ ਤਾਂ ਇਨ੍ਹਾਂ ਜਥੇਬੰਦੀਆਂ ਨੂੰ ਪ੍ਰਚਾਰ ਦਾ ਇਕ ਵੱਡਾ ਅੱਡਾ ਮਿਲ ਜਾਵੇਗਾ, ਜਿਥੇ ਰੋਜ਼ਾਨਾ ਨਵੇਂ ਲੋਕਾਂ ਨਾਲ ਮੇਲ-ਜੋਲ ਹੋਵੇਗਾ ਤੇ ਭਾਰਤ ਖਿਲਾਫ਼ ਪ੍ਰਚਾਰ ਮੁਹਿੰਮ ਵਧੇਗੀ। ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਆਈ.ਐਸ.ਆਈ. ਵੀ ਇਸ ਖੇਤਰ ਨੂੰ ਨਵਾਂ ਗੜ੍ਹ ਬਣਾ ਸਕਦੀ ਹੈ। ਖੁਫੀਆ ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਸੰਸਿਆਂ ਤੋਂ ਇਹ ਪ੍ਰਭਾਵ ਨਹੀਂ ਲੈਣਾ ਚਾਹੀਦਾ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਦੇਸ਼ ਦੀਆਂ ਸੁਰੱਖਿਆ ਤੇ ਖ਼ੁਫ਼ੀਆ ਏਜੰਸੀਆਂ ਕੋਈ ਰੁਕਾਵਟ ਖੜ੍ਹੀ ਕਰਨਾ ਚਾਹੁੰਦੀਆਂ ਹਨ ਪਰ ਦੇਸ਼ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਦਾਅ 'ਤੇ ਨਾ ਲੱਗੇ, ਇਸ ਲਈ ਠੋਸ ਬੰਦੋਬਸਤ ਕਰਨੇ ਬੇਹੱਦ ਜ਼ਰੂਰੀ ਹਨ।

# ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਮੁੜ ਉਸਾਰੀ ਲਈ ਮਹਾਰਾਜਾ ਪਟਿਆਲਾ ਨੇ ਨਿਭਾਈ ਸੀ ਸੇਵਾ

**ਜਲੰਧਰ:** ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਚ ਸੁਸ਼ੋਭਿਤ ਗੁਰਦੁਆਰਾ ਦਰਬਾਰ ਸਾਹਿਬ ਦੀ ਸ਼ਾਨਦਾਰ ਇਮਾਰਤ ਦੀ ਸੰਨ 1920-29 ਦਰਮਿਆਨ ਉਸ ਵੇਲੇ ਦੇ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੇ ਕਰੀਬ 1,35,600 ਰੁਪਏ ਖਰਚ ਕੇ ਦੁਬਾਰਾ ਉਸਾਰੀ ਕਰਵਾਈ ਸੀ। ਦਰਅਸਲ, ਗੁਰਦੁਆਰੇ ਦੀ ਇਮਾਰਤ ਉਨ੍ਹਾਂ ਦਿਨਾਂ 'ਚ ਬੇਹੱਦ ਖਸਤਾ ਹਾਲ ਸੀ। ਪਹਿਲੇ ਸਿੱਖ ਗੁਰੂ ਨਾਨਕ ਦੇਵ ਨੇ ਆਪਣੇ ਜੀਵਨ ਦੇ ਆਖਰੀ ਵਰ੍ਹੇ ਕਰਤਾਰਪੁਰ ਸਾਹਿਬ ਵਿਚ ਖੇਤੀਬਾੜੀ ਕਰਦਿਆਂ ਗੁਜ਼ਾਰੇ ਸਨ। ਮਹਾਰਾਜਾ ਭੁਪਿੰਦਰ ਸਿੰਘ ਨੇ ਗੁਰਦੁਆਰੇ ਦੀ ਇਮਾਰਤ ਦੇ ਨਵ-ਨਿਰਮਾਣ ਵਿਚ ਡੂੰਘੀ ਦਿਲਚਸਪੀ ਲੈਂਦਿਆਂ ਵੱਡਾ ਸਹਿਯੋਗ ਦਿੱਤਾ।

ਦਿਲਚਸਪ ਤੱਥ ਹੈ ਕਿ ਪਾਕਿ ਅਥਾਰਿਟੀ ਨੇ ਗੁਰਧਾਮ ਦੇ ਵਿਹੜੇ 'ਚ ਬੰਬ ਦੇ ਇਕ ਟੁਕੜੇ ਨੂੰ ਸ਼ੀਸ਼ੇ ਦੇ ਡੱਬੇ ਵਿਚ ਸਾਂਭ ਕੇ ਰੱਖਿਆ ਹੋਇਆ ਹੈ। ਇਸ ਦੇ ਨਾਲ ਲੱਗੀ ਤਖ਼ਤੀ 'ਤੇ ਲਿਖ ਕੇ ਦਾਅਵਾ ਕੀਤਾ ਗਿਆ ਹੈ ਕਿ ਇਹ ਬੰਬ ਭਾਰਤੀ ਹਵਾਈ ਫੌਜ ਨੇ 1971 ਦੀ ਜੰਗ ਦੌਰਾਨ ਸੁੱਟਿਆ, ਪਰ ਚਮਤਕਾਰੀ ਢੰਗ ਨਾਲ ਬੰਬ ਗੁਰਦੁਆਰੇ ਦੀ ਇਮਾਰਤ ਲਾਗੇ ਸਥਿਤ ਖੂਹ ਵਿਚ ਡਿੱਗਿਆ ਤੇ ਇਮਾਰਤ ਨੂੰ ਕੋਈ ਨੁਕਸਾਨ ਨਹੀਂ ਪੁੱਜਾ। ਨਾਰੋਵਾਲ ਜ਼ਿਲ੍ਹੇ ਦੀ ਸ਼ਕਰਗੜ੍ਹ ਤਹਿਸੀਲ 'ਚ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਪੁਰਾਤਨ ਇਮਾਰਤ ਲਾਹੌਰ ਤੋਂ 120 ਕਿਲੋਮੀਟਰ ਦੂਰ ਹੈ ਤੇ ਭਾਰਤ-ਪਾਕਿ ਸਰਹੱਦ ਤੋਂ ਮਹਿਜ਼ ਚਾਰ ਕਿਲੋਮੀਟਰ ਦੂਰ, ਭਾਰਤੀ ਕਸਬੇ ਡੇਰਾ ਬਾਬਾ ਨਾਨਕ ਤੋਂ ਕਾਫੀ ਨੇੜੇ ਹੈ।

ਇਹ ਪਹਿਲੀ ਵਾਰ ਨਹੀਂ ਹੈ ਕਿ ਗੁਰਦੁਆਰੇ ਦਾ ਲਾਂਘਾ ਖੋਲ੍ਹਣ ਲਈ ਨਿੱਠ ਕੇ ਯਤਨ ਕੀਤੇ ਗਏ ਹਨ, ਇਸ ਤੋਂ ਪਹਿਲਾਂ ਵੀ ਵੱਖ-ਵੱਖ ਦੇਸ਼ਾਂ ਦੀਆਂ ਸਿੱਖ ਜਥੇਬੰਦੀਆਂ ਲਾਂਘਾ ਖੋਲ੍ਹਣ ਦੀ ਮੰਗ ਕਰਦੀਆਂ ਰਹੀਆਂ ਹਨ। ਲਾਂਘਾ ਖੋਲ੍ਹਣ ਦੀ ਇਕ ਤਜਵੀਜ਼ ਜਨਰਲ ਪਰਵੇਜ਼ ਮੁਸ਼ੱਰਫ ਦੇ ਰਾਸ਼ਟਰਪਤੀ ਕਾਲ ਦੌਰਾਨ ਵੀ ਪੇਸ਼ ਕੀਤੀ ਗਈ ਸੀ। ਮੁਸ਼ੱਰਫ਼ ਦੇ ਕਾਰਜਕਾਲ ਦੌਰਾਨ ਲਾਂਘੇ ਲਈ ਪਾਕਿਸਤਾਨ ਵਾਲੇ ਪਾਸੇ 50 ਫੀਸਦੀ ਮਾਰਗ ਉਸਾਰ ਵੀ ਦਿੱਤਾ ਗਿਆ ਸੀ। ਇਕ ਸਿੱਖ ਵਿਦਵਾਨ ਮੁਤਾਬਕ ਗੁਰਦੁਆਰਾ ਕਰਤਾਰਪੁਰ ਸਾਹਿਬ ਦੁਨੀਆਂ ਦਾ ਸਭ ਤੋਂ ਪੁਰਾਤਨ ਸਿੱਖ ਗੁਰਧਾਮ ਹੈ। ਇਸ ਦਾ ਨੀਂਹ ਪੱਥਰ 1572 'ਚ ਰੱਖਿਆ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਮਗਰੋਂ ਗੁਰਦੁਆਰੇ ਦੇ ਗੁਬੰਦ ਲਈ ਸੋਨੇ ਦੀ ਸੇਵਾ ਨਿਭਾਈ। ਵੇਰਵਿਆਂ ਮੁਤਾਬਕ ਮੌਜੂਦਾ ਗੁਰਦੁਆਰਾ ਇਮਾਰਤ ਲਾਲਾ ਸ਼ਿਆਮ ਦਾਸ ਦੁਆਰਾ 1911 ਵਿਚ ਉਸਾਰੀ ਗਈ ਸੀ।

## ਵਰਲਡ ਸਿੱਖ ਪਾਰਲੀਮੈਂਟ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਫੈਸਲੇ ਦਾ ਸਵਾਗਤ

**ਅੰਮ੍ਰਿਤਸਰ:** ਵਰਲਡ ਸਿੱਖ ਪਾਰਲੀਮੈਂਟ ਦੇ ਸਿੱਖ ਆਗੂਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਵਾਸਤੇ ਦੋਵੇਂ ਪਾਸੇ ਭਾਰਤ ਅਤੇ ਪਾਕਿਸਤਾਨ ਵਿਚ ਨੀਂਹ ਪੱਥਰ ਰੱਖੇ ਜਾਣ ਦੀ ਕਾਰਵਾਈ ਦੀ ਸ਼ਲਾਘਾ ਕੀਤੀ ਹੈ ਅਤੇ ਇਸ ਨੂੰ ਗੁਰਪੁਰਬ ਮੌਕੇ ਸਿੱਖਾਂ ਲਈ ਇਕ ਵੱਡਾ ਤੋਹਫਾ ਕਰਾਰ ਦਿੱਤਾ।

ਜਥੇਬੰਦੀ ਦੇ ਆਗੂ ਜੋਗਾ ਸਿੰਘ, ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ ਅਤੇ ਹਰਵਿੰਦਰ ਸਿੰਘ ਇਸ ਨੀਂਹ ਪੱਥਰ ਸਮਾਗਮ ਵਿਚ ਸ਼ਾਮਲ ਹੋਣ ਲਈ ਪਾਕਿਸਤਾਨ ਪੁੱਜੇ ਹੋਏ ਸਨ। ਸਿੱਖ ਨੁਮਾਇੰਦਿਆਂ ਨੇ ਆਖਿਆ ਕਿ ਪਾਕਿਸਤਾਨ ਸਰਕਾਰ ਵੱਲੋਂ ਕੀਤੀ ਗਈ ਪਹਿਲਕਦਮੀ ਦਾ ਸਿੱਟਾ ਹੈ ਕਿ ਸਿੱਖਾਂ ਦੀ ਚਿਰੋਕਣੀ ਮੰਗ ਪੂਰੀ ਹੋਣ ਜਾ ਰਹੀ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਗੀਰ ਕੌਰ ਧੀ ਦੀ ਹੱਤਿਆ ਦੇ ਦੋਸ਼ 'ਚੋਂ ਬਰੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਕਾਲੀ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਮੁਖੀ ਜਗੀਰ ਕੌਰ ਨੂੰ ਆਪਣੀ ਧੀ ਨੂੰ ਅਗਵਾ ਕਰਨ ਤੇ ਜਬਰੀ ਗਰਭਪਾਤ ਕਰਵਾਉਣ ਦੇ ਦੋਸ਼ਾਂ 'ਚੋਂ ਬਰੀ ਕਰ ਦਿੱਤਾ ਹੈ। ਬੀਬੀ ਜਗੀਰ ਕੌਰ ਦੀ ਧੀ ਹਰਪ੍ਰੀਤ ਕੌਰ ਦੀ ਅਪਰੈਲ 2000 ਵਿਚ ਭੇਤਭਰੀ ਹਾਲਤ ਵਿਚ ਮੌਤ ਹੋ ਗਈ ਸੀ।

ਬੈਂਚ ਨੇ ਪਟਿਆਲਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵੱਲੋਂ ਸੁਣਾਏ ਫੈਸਲੇ ਨੂੰ ਲਾਂਭੇ ਕਰਦਿਆਂ ਕੇਸ ਵਿਚ ਮੁਲਜ਼ਮਾਂ ਵਜੋਂ ਨਾਮਜ਼ਦ ਤਿੰਨ ਹੋਰਨਾਂ ਨੂੰ ਵੀ ਦੋਸ਼ ਮੁਕਤ ਕਰਾਰ ਦੇ ਦਿੱਤਾ। ਅਦਾਲਤ ਨੇ ਕਿਹਾ ਕਿ ਟਰਾਇਲ ਕੋਰਟ ਦੇ ਫੈਸਲੇ ਨੂੰ ਪੜ੍ਹਦਿਆਂ ਇਹ ਲੱਗਦਾ ਹੈ ਕਿ ਗਵਾਹਾਂ ਵੱਲੋਂ ਦਰਜ ਹਲਫ਼ਨਾਮਿਆਂ ਤੇ ਸਬੂਤਾਂ ਨੂੰ ਬੇਵਜ੍ਹਾ ਨਜ਼ਰ ਅੰਦਾਜ਼ ਕੀਤਾ ਗਿਆ ਸੀ। ਬੈਂਚ ਨੇ ਕਿਹਾ ਕਿ ਸੀ.ਬੀ.ਆਈ. ਦੀ ਜਾਂਚ ਵਿਚ ਵੀ ਕੁਝ ਖਾਮੀਆਂ ਸਨ। ਸੀ.ਬੀ.ਆਈ. ਅਦਾਲਤ ਨੇ ਬੀਬੀ ਜਗੀਰ ਕੌਰ ਸਮੇਤ ਤਿੰਨ ਹੋਰਨਾਂ ਮੁਲਜ਼ਮਾਂ ਨੂੰ ਉਪਰੋਕਤ ਦੋਸ਼ਾਂ ਤਹਿਤ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਜਿਨ੍ਹਾਂ ਤਿੰਨ ਹੋਰਨਾਂ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਹੈ, ਉਨ੍ਹਾਂ ਵਿਚ ਦਲਵਿੰਦਰ ਕੌਰ ਢੇਸੀ, ਪਰਮਜੀਤ ਸਿੰਘ ਰਾਏਪੁਰ ਤੇ ਨਿਸ਼ਾਨ ਸਿੰਘ ਸ਼ਾਮਲ ਹਨ।

ਕਾਬਲੇਗੌਰ ਹੈ ਕਿ ਸਾਲ 2000 ਵਿਚ ਹਰਪ੍ਰੀਤ ਕੌਰ ਦੀ ਰਹੱਸਮਈ ਹਾਲਾਤ ਵਿਚ ਮੌਤ ਮਗਰੋਂ ਕਮਲਜੀਤ ਸਿੰਘ (ਜੋ ਹਰਪ੍ਰੀਤ ਕੌਰ ਦਾ ਪਤੀ ਹੋਣ ਦਾ ਦਾਅਵਾ ਕਰਦਾ ਸੀ) ਵੱਲੋਂ ਅਦਾਲਤ ਦਾ ਬੂਹਾ ਖੜਕਾਉਣ ਮਗਰੋਂ ਹਾਈ ਕੋਰਟ ਦੀਆਂ ਹਦਾਇਤਾਂ 'ਤੇ ਕੇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ ਸੀ। ਸੀ.ਬੀ.ਆਈ. ਨੇ ਜਾਂਚ ਮਗਰੋਂ ਦਾਅਵਾ ਕੀਤਾ ਸੀ ਕਿ ਮਾਰਚ 2000 ਵਿਚ ਬੀਬੀ ਜਗੀਰ ਕੌਰ ਦੀ ਧੀ ਹਰਪ੍ਰੀਤ ਕੌਰ ਨੂੰ ਇਕ ਘਰ 'ਚ ਬੰਦ ਕਰਕੇ ਟੀਕਿਆਂ ਨਾਲ ਬੇਸੁੱਧ ਕਰਨ ਮਗਰੋਂ ਉਹਦਾ ਜਬਰੀ ਗਰਭਪਾਤ ਕੀਤਾ ਗਿਆ।

# ਕਤਲੇਆਮ 84: ਦੋ ਮੈਂਬਰੀ 'ਸਿੱਟ' ਹੀ ਕਰੇਗੀ 186 ਕੇਸਾਂ ਦੀ ਜਾਂਚ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਪਣਾ ਪਿਛਲਾ ਹੁਕਮ ਬਦਲਦਿਆਂ ਕਿਹਾ ਹੈ ਕਿ 1984 ਦੇ ਸਿੱਖ ਕਤਲੇਆਮ ਦੇ 186 ਕੇਸਾਂ ਦੀ ਅਗਲੇਰੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵਿਚ ਦੋ ਮੈਂਬਰ ਹੀ ਹੋਣਗੇ ਕਿਉਂਕਿ ਪਹਿਲਾਂ ਨਿਯੁਕਤ ਕੀਤੇ ਇਕ ਮੈਂਬਰ ਨੇ ਇਸ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ।

ਜਸਟਿਸ ਮਦਨ ਬੀ. ਲੋਕੁਰ ਦੀ ਅਗਵਾਈ ਹੇਠਲੇ ਇਕ ਬੈਂਚ ਨੇ ਇਹ ਹੁਕਮ ਜਾਰੀ ਕੀਤਾ ਜਦਕਿ ਕੇਂਦਰ ਨੇ ਪਹਿਲਾਂ ਅਦਾਲਤ ਨੂੰ ਇਤਲਾਹ ਦਿੱਤੀ ਸੀ ਕਿ ਐਸ.ਆਈ.ਟੀ. ਲਈ ਨਿਯੁਕਤ ਕੀਤੇ ਇਕ ਮੈਂਬਰ ਸੇਵਾ ਮੁਕਤ ਆਈ.ਪੀ.ਐਸ. ਅਫਸਰ ਰਾਜਦੀਪ ਸਿੰਘ ਨੇ 'ਨਿੱਜੀ ਅਧਾਰ' ਉਤੇ ਇਸ ਦਾ ਮੈਂਬਰ ਬਣਨ ਤੋਂ ਇਨਕਾਰ ਕਰ ਦਿੱਤਾ ਹੈ। ਐਸ.ਆਈ.ਟੀ. ਦੇ ਦੋ ਹੋਰਨਾਂ ਮੈਂਬਰਾਂ ਵਿਚ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਐਸ.ਐਨ. ਢੀਂਗਰਾ ਤੇ ਆਈ.ਪੀ.ਐਸ. ਅਫਸਰ ਅਭਿਸ਼ੇਕ ਦੁਲਾਰ ਸ਼ਾਮਲ ਹਨ। ਕੇਂਦਰ ਅਤੇ ਪਟੀਸ਼ਨਰਾਂ ਦੇ ਵਕੀਲ ਨੇ ਅਦਾਲਤ ਵਿਚ ਦੱਸਿਆ ਸੀ ਕਿ ਰਾਜਦੀਪ ਸਿੰਘ ਦੀ ਥਾਂ ਹੋਰ ਮੈਂਬਰ ਲਾਉਣ ਦੀ ਲੋੜ ਨਹੀਂ ਤੇ ਦੋ ਮੈਂਬਰੀ ਸਿੱਟ ਨੂੰ ਹੀ ਕੰਮ ਕਰਨ ਲਈ ਆਖਿਆ ਜਾਣਾ ਚਾਹੀਦਾ ਹੈ।

ਲੰਘੀ 5 ਫਰਵਰੀ ਨੂੰ ਕੇਂਦਰ ਨੇ ਅਦਾਲਤ ਵਿਚ ਅਰਜ਼ੀ ਦਾਖਲ ਕਰ ਕੇ ਬੇਨਤੀ ਕੀਤੀ ਸੀ ਕਿ ਐਸ.ਆਈ.ਟੀ. ਵਿਚ ਰਾਜਦੀਪ ਸਿੰਘ ਦੀ ਥਾਂ ਸਾਬਕਾ ਡੀਜੀ ਰੈਂਕ ਦੇ ਅਫਸਰ ਨਵਨੀਤ ਰਾਜਨ ਵਾਸਨ ਜੋ ਪਹਿਲਾਂ ਡਾਇਰੈਕਟਰ ਜਨਰਲ ਆਫ ਬਿਊਰੋ ਆਫ ਪੁਲਿਸ ਰਿਸਰਚ ਐਂਡ ਡਿਵੈਲਪਮੈਂਟ ਵਿਚ ਸੇਵਾ ਨਿਭਾ ਚੁੱਕੇ ਹਨ, ਨੂੰ ਸ਼ਾਮਲ ਕੀਤਾ ਜਾਵੇ। ਸੁਪਰੀਮ ਕੋਰਟ ਨੇ ਗ੍ਰਹਿ ਮੰਤਰਾਲੇ ਤੇ ਪਟੀਸ਼ਨਰਾਂ ਦੇ ਵਕੀਲ ਐਸ. ਜੀ. ਐਸ. ਕਾਹਲੋਂ ਵਿਚਕਾਰ ਨਵੇਂ ਸਿਰਿਉਂ 'ਸਿੱਟ' ਕਾਇਮ ਕਰਨ ਬਾਰੇ ਸਹਿਮਤੀ ਬਣਨ ਤੋਂ ਬਾਅਦ ਤਿੰਨ ਮੈਂਬਰੀ ਸਿੱਟ ਕਾਇਮ ਕੀਤੀ ਗਈ ਸੀ।

## ਇਮਰਾਨ ਦੀ ਆਂਡੇ ਵੇਚ ਕੇ ਗਰੀਬੀ ਖਤਮ ਕਰਨ ਦੀ ਯੋਜਨਾ ਦੀ ਆਲੋਚਨਾ

**ਇਸਲਾਮਾਬਾਦ:** ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਗੂ ਖੁਰਸ਼ੀਦ ਸ਼ਾਹ ਨੇ ਪਾਕਿਸਤਾਨ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਆਂਡੇ ਤੇ ਮੁਰਗ਼ੀਆਂ ਵੇਚ ਕੇ ਦੇਸ਼ ਵਿਚੋਂ ਗ਼ਰੀਬੀ ਖਤਮ ਕਰਨ ਦੀ ਪੇਸ਼ ਕੀਤੀ ਤਾਜ਼ਾ ਯੋਜਨਾ ਦੀ ਆਲੋਚਨਾ ਕਰਦਿਆਂ ਕਿਹਾ ਕਿ ਪੂਰਾ ਦੇਸ਼ 'ਚਿਕਨ ਅਤੇ ਆਂਡੇ' ਬਾਰੇ ਦਿੱਤੇ ਬਿਆਨ 'ਤੇ ਹੱਸ ਰਿਹਾ ਹੈ।

ਇਮਰਾਨ ਖਾਨ ਦੀ ਸਰਕਾਰ ਦੇ 100 ਦਿਨ ਪੂਰੇ ਹੋਣ ਮੌਕੇ ਉਨ੍ਹਾਂ ਆਪਣੇ ਭਾਸ਼ਣ 'ਚ ਪਾਕਿ ਵਿਚੋਂ ਗਰੀਬੀ ਖਤਮ ਕਰਨ ਲਈ ਪੋਲਟਰੀ ਫਾਰਮ ਉਦਯੋਗ ਪ੍ਰਫੁੱਲਿਤ ਕਰਨ ਦੀ ਸਲਾਹ ਦਿੱਤੀ ਸੀ। ਸੂਬਾ ਸਿੰਧ ਦੇ ਸੱਖਰ 'ਚ ਪੀ.ਪੀ.ਪੀ. ਨੇਤਾ ਨੇ ਕਿਹਾ ਕਿ ਡਾਲਰ ਦੇ ਮੁੱਲ 'ਚ ਹੋਏ ਵਾਧੇ ਕਾਰਨ ਪਾਕਿਸਤਾਨ ਸਰਕਾਰ 'ਤੇ ਕਰਜ਼ਾ ਵਧਿਆ ਹੈ। ਆਰਥਿਕਤਾ ਕਦੇ ਵੀ ਸ਼ਕਤੀ ਦੇ ਪ੍ਰਦਰਸ਼ਨ ਦੁਆਰਾ ਹੱਲ ਨਹੀਂ ਕੀਤੀ ਜਾ ਸਕਦੀ ਅਤੇ ਇਮਰਾਨ ਖਾਨ ਨੂੰ ਹੋਰਨਾਂ ਸਿਆਸੀ ਪਾਰਟੀਆਂ ਨਾਲ ਇਕੱਠੇ ਬੈਠ ਕੇ ਸੋਚਣਾ ਚਾਹੀਦਾ ਹੈ ਕਿ ਕਿਵੇਂ ਦੇਸ਼ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਖੁਰਸ਼ੀਦ ਸ਼ਾਹ ਨੇ ਤਹਿਰੀਕ-ਏ-ਇਨਸਾਫ ਪਾਰਟੀ ਦੀ ਸਰਕਾਰ 'ਤੇ ਤਨਜ਼ ਕਸਦਿਆਂ ਕਿਹਾ ਕਿ ਸੰਸਦ 'ਚ ਵਿਰੋਧੀ ਧਿਰਾਂ ਵੱਲੋਂ ਸੁਝਾਅ ਦੇਣ 'ਤੇ ਉਨ੍ਹਾਂ ਨੂੰ ਜੇਲ੍ਹ ਭੇਜਣ ਜਾਂ ਸਰੇ-ਬਾਜ਼ਾਰ ਲਟਕਾ ਦੇਣ ਦਾ ਡਰਾਵਾਂ ਦੇ ਕੇ ਸਰਕਾਰ ਕਿਸੇ ਵੀ ਮੁੱਦੇ ਨੂੰ ਸੁਲਝਾ ਨਹੀਂ ਸਕੇਗੀ।

# ਨਵੇਂ ਅਕਾਲੀ ਦਲ ਨੇ ਤੀਜੇ ਮੋਰਚੇ ਲਈ ਰੋਹ ਖੋਲ੍ਹਿਆ

*(ਸਫਾ ਇਕ ਦੀ ਬਾਕੀ)*

ਟਕਸਾਲੀ ਆਗੂਆਂ ਦਾ ਦਾਅਵਾ ਹੈ ਕਿ ਪੂਰੇ ਪੰਜਾਬ ਵਿਚੋਂ ਵੱਡੀ ਗਿਣਤੀ ਸੀਨੀਅਰ ਆਗੂ ਉਨ੍ਹਾਂ ਦੇ ਸੰਪਰਕ ਵਿਚ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਦਲ ਪਰਿਵਾਰ ਤੋਂ ਆਜ਼ਾਦ ਕਰਵਾਉਣ ਲਈ ਕਾਹਲੇ ਹਨ। 14 ਦਸੰਬਰ ਨੂੰ ਇਹ ਆਗੂ ਪਾਰਟੀ ਦੇ ਢਾਂਚੇ ਤੇ ਨਾਮ ਸਮੇਤ ਹੋਰ ਐਲਾਨ ਕਰਨ ਵਾਲੇ ਹਨ, ਜਿਸ ਤੋਂ ਬਾਅਦ ਹੀ ਇਸ ਨੂੰ ਮਿਲਣ ਵਾਲੇ ਹੁੰਗਾਰੇ ਬਾਰੇ ਕੁਝ ਸਾਫ ਹੋ ਸਕੇਗਾ। ਯਾਦ ਰਹੇ ਕਿ ਅਕਾਲੀ ਦਲ ਵਿਚੋਂ ਬਗਾਵਤ ਕਰ ਕੇ ਨਵਾਂ ਰਾਹ ਚੁਣਨ ਵਾਲਿਆਂ ਦੇ ਪੈਰ ਘੱਟ ਹੀ ਲੱਗੇ ਹਨ। ਇਸੇ ਲਈ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਕੱਦਵਾਰ ਆਗੂ ਨੂੰ ਵੀ ਆਪਣਾ ਫੈਸਲਾ ਬਦਲਣਾ ਪਿਆ ਸੀ। ਉਂਜ, ਇਸ ਵਾਰ ਮਾਹੌਲ ਕੁਝ ਵੱਖਰਾ ਹੈ। ਜੇ ਬਾਗੀ ਟਕਸਾਲੀ ਆਗੂ ਬਾਦਲਾਂ ਖਿਲਾਫ ਬਣੇ ਮਾਹੌਲ ਦਾ ਫਾਇਦਾ ਲੈ ਸਕੇ ਤਾਂ ਬਾਦਲ ਪਰਿਵਾਰ ਦੀ ਅਕਾਲੀ ਦਲ ਵਿਚ ਚੌਧਰ ਨੂੰ ਢਾਹ ਲੱਗ ਸਕਦੀ ਹੈ।

## ਸਿਆਸਤਦਾਨਾਂ ਵਿਰੁਧ ਕੇਸਾਂ ਦੀ ਸੁਣਵਾਈ ਲਈ ਖੁੱਲ੍ਹਣਗੀਆਂ ਵਿਸ਼ੇਸ਼ ਅਦਾਲਤਾਂ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਬਿਹਾਰ ਅਤੇ ਕੇਰਲਾ ਰਾਜਾਂ ਨੂੰ ਆਦੇਸ਼ ਦਿੱਤੇ ਹਨ ਕਿ ਉਹ ਸਾਬਕਾ ਅਤੇ ਮੌਜੂਦਾ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵਿਰੁੱਧ ਬਕਾਇਆ ਫੌਜਦਾਰੀ ਕੇਸਾਂ ਦੀ ਸੁਣਵਾਈ ਲਈ ਹਰ ਜ਼ਿਲ੍ਹੇ ਵਿਚ ਵਿਸ਼ੇਸ਼ ਅਦਾਲਤਾਂ ਕਾਇਮ ਕਰਨ। ਸੁਪਰੀਮ ਕੋਰਟ ਵਿਚ ਜਾਣਕਾਰੀ ਦਿੱਤੀ ਗਈ ਸੀ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਵਧੇਰੇ ਸਮੇਂ ਤੋਂ ਰਾਜਸੀ ਲੋਕਾਂ ਵਿਰੁੱਧ 4122 ਫੌਜਦਾਰੀ ਕੇਸ ਸੁਣਵਾਈ ਲਈ ਬਕਾਇਆ ਪਏ ਹਨ।

ਇਨ੍ਹਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਕਰਨਾਟਕ ਦੇ ਮੁੱਖ ਮੰਤਰੀ ਐਚ.ਡੀ. ਕੁਮਾਰਸਵਾਮੀ, ਸਾਬਕਾ ਮੁੱਖ ਮੰਤਰੀ ਬੀ.ਐੱਸ. ਯੈਦੀਯੁਰੱਪਾ ਦੇ ਨਾਂ ਵੀ ਸ਼ਾਮਲ ਹਨ। ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਬਿਹਾਰ ਤੇ ਕੇਰਲਾ ਰਾਜਾਂ ਨੂੰ ਰਾਜਸੀ ਲੋਕਾਂ ਵਿਰੁੱਧ ਫੌਜਦਾਰੀ ਕੇਸਾਂ ਦੀ ਸੁਣਵਾਈ ਲਈ ਜ਼ਿਲ੍ਹਾ ਪੱਧਰ ਉਤੇ ਵਿਸ਼ੇਸ਼ ਅਦਾਲਤਾਂ ਕਾਇਮ ਕਰਨ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਲਈ ਸਰਵਉਚ ਅਦਾਲਤ ਨੇ ਦੋਵਾਂ ਰਾਜਾਂ ਦੀਆਂ ਹਾਈ ਕੋਰਟਾਂ ਤੋਂ 14 ਦਸੰਬਰ ਤੱਕ ਰਿਪੋਰਟਾਂ ਵੀ ਮੰਗ ਲਈਆਂ ਹਨ।

# ਭਾਰਤ ਨੇ ਵੀਜ਼ਾ ਸ਼ਰਤਾਂ ਨਰਮ ਕੀਤੀਆਂ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਬਿਜ਼ਨੈੱਸ ਵੀਜ਼ਾ ਦੀ ਮਿਆਦ ਵਿਚ ਪੰਜ ਪੰਜ ਸਾਲ ਦੇ ਵਕਫੇ ਨਾਲ 15 ਸਾਲ ਤੱਕ ਵਾਧਾ ਕਰਨ ਅਤੇ ਵਿਦੇਸ਼ੀਆਂ ਲਈ ਰੈਗੂਲਰ ਵੀਜ਼ੇ ਨੂੰ ਹੰਗਾਮੀ ਹਾਲਤ ਵਿਚ ਮੈਡੀਕਲ ਵੀਜ਼ੇ ਵਿਚ ਤਬਦੀਲ ਕਰਨ ਦੀ ਆਗਿਆ ਦੇ ਦਿੱਤੀ ਹੈ। ਕੇਂਦਰੀ ਗ੍ਰਹਿ ਸਕੱਤਰ ਰਾਜੀਵ ਗਾਬਾ ਨੇ ਦੱਸਿਆ ਕਿ ਪਿਛਲੇ ਚਾਰ ਸਾਲਾਂ ਵਿਚ ਈ-ਵੀਜ਼ਾ ਦੇਣ ਦੇ ਕੇਸਾਂ ਦੀ ਗਿਣਤੀ ਵਿਚ ਵਿਆਪਕ ਵਾਧਾ ਹੋਇਆ ਹੈ।

ਸਾਲ 2015 ਵਿਚ 5 ਲੱਖ 17 ਹਜ਼ਾਰ ਵੀਜ਼ੇ ਦਿੱਤੇ ਗਏ ਸਨ ਤੇ ਇਸ ਸਾਲ 30 ਨਵੰਬਰ ਤੱਕ 21 ਲੱਖ ਵੀਜ਼ੇ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਕੋਰਸ ਪੂਰਾ ਕਰਨ ਤੋਂ ਬਾਅਦ ਬਿਨਾਂ ਰੁਜ਼ਗਾਰ ਦੀ ਆਗਿਆ ਤੋਂ ਇੰਟਰਨਸ਼ਿਪ ਲਈ ਵੀਜ਼ੇ ਦੀ ਮਿਆਦ ਵਧਾਉਣ ਵਿਚ ਵੀ ਢਿੱਲ ਦੇਣ ਦਾ ਫੈਸਲਾ ਕੀਤਾ ਗਿਆ ਹੈ। ਬਿਜ਼ਨੈੱਸ ਵੀਜ਼ਾ ਨੂੰ ਪੰਜ ਸਾਲ ਤੋਂ ਵੱਧ ਵਧਾਉਣ ਅਤੇ ਦੇਸ਼ ਵਿਚ ਰਹਿੰਦੇ ਵਿਦੇਸ਼ੀ ਦੇ ਬਿਮਾਰ ਹੋਣ ਦੀ ਹਾਲਤ ਵਿਚ ਉਸ ਦੇ ਵੀਜ਼ੇ ਨੂੰ ਮੈਡੀਕਲ ਵੀਜ਼ੇ ਵਿਚ ਤਬਦੀਲ ਕਰਨ 'ਚ ਢਿੱਲ ਦੇਣ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਇਕ ਹੋਰ ਅਧਿਕਾਰੀ ਨੇ ਦੱਸਿਆ ਸੀ ਕਿ ਬਿਜ਼ਨੈੱਸ ਵੀਜ਼ਾ ਪੰਜ-ਪੰਜ ਸਾਲ ਦੀ ਮਿਆਦ ਨਾਲ ਪੰਦਰਾਂ ਸਾਲ ਤੱਕ ਵਧਾਇਆ ਜਾ ਸਕਦਾ ਹੈ।

## ਕਰਤਾਰਪੁਰ ਲਾਂਘਾ: ਅਮਰੀਕਾ ਵੱਲੋਂ ਭਾਰਤ-ਪਾਕਿ ਪਹਿਲਕਦਮੀ ਦਾ ਸਵਾਗਤ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਤੇ ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਲਈ ਕੀਤੇ ਜਾ ਰਹੇ ਸਹਿਯੋਗ ਦਾ ਸਵਾਗਤ ਕੀਤਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਡਿਪਟੀ ਤਰਜ਼ਮਾਨ ਰੌਬਰਟ ਪਾਲਾਡੀਨੋ ਨੇ ਕਿਹਾ ਕਿ ਉਹ ਪਾਕਿਸਤਾਨ ਵਿਚ ਸਥਿਤ ਸਿੱਖ ਗੁਰਧਾਮ ਬਾਰੇ ਦੋਵਾਂ ਦੇਸ਼ਾਂ ਵੱਲੋਂ ਕੀਤੇ ਜਾ ਰਹੇ ਰਾਬਤੇ ਬਾਰੇ ਜਾਣੂ ਹਨ। ਉਨ੍ਹਾਂ ਕਿਹਾ ਕਿ ਲਾਂਘਾ ਖੁੱਲ੍ਹਣ ਨਾਲ ਭਾਰਤੀ ਨਾਗਰਿਕਾਂ ਨੂੰ ਪਾਕਿ ਸਥਿਤ ਗੁਰਧਾਮ ਤੱਕ ਇਕ ਕਿਸਮ ਦੀ ਵੀਜ਼ਾ ਮੁਕਤ ਐਂਟਰੀ ਮਿਲੇਗੀ ਤੇ ਅਮਰੀਕਾ ਇਸ ਪਹਿਲਕਦਮੀ ਨੂੰ ਸ਼ੁੱਭ ਸੰਕੇਤ ਮੰਨਦਾ ਹੈ।

## ਅੰਮ੍ਰਿਤਾ ਸ਼ੇਰਗਿੱਲ ਦੀ 'ਲਿਟਲ ਗਰਲ' 18.69 ਕਰੋੜ 'ਚ ਨਿਲਾਮ

**ਮੁੰਬਈ:** 'ਸੋਦਬੇਅ' ਵੱਲੋਂ ਭਾਰਤ ਵਿਚ ਕੀਤੀ ਗਈ ਪਲੇਠੀ ਨਿਲਾਮੀ ਵਿਚ ਉਘੀ ਚਿੱਤਰਕਾਰਾ ਅੰਮ੍ਰਿਤਾ ਸ਼ੇਰਗਿੱਲ ਦੀ ਮਸ਼ਹੂਰ ਪੇਂਟਿੰਗ 'ਦਿ ਗਰਲ ਇਨ ਬਲੂ' 18.69 ਕਰੋੜ ਰੁਪਏ ਦੀ ਰਿਕਾਰਡ ਕੀਮਤ ਵਿਚ ਨਿਲਾਮ ਕੀਤੀ ਗਈ ਹੈ। ਸੰਨ 1934 ਵਿਚ ਅੰਮ੍ਰਿਤਾ ਵੱਲੋਂ ਆਪਣੀ ਰਿਸ਼ਤੇ ਵਿਚ ਭੈਣ ਲੱਗਦੀ ਬਬਿਤ ਦੀ ਬਣਾਈ ਇਹ ਪੇਂਟਿੰਗ ਦੀ ਅੰਦਾਜ਼ਨ ਕੀਮਤ 8.5 ਤੋਂ 12.5 ਕਰੋੜ ਰੁਪਏ ਰੱਖੀ ਗਈ ਸੀ।

# ਜਸਟਿਸ ਮਿਸ਼ਰਾ ਬਾਹਰੀ ਪ੍ਰਭਾਵ ਹੇਠ ਸਨ: ਜਸਟਿਸ ਜੋਸਫ

**ਨਵੀਂ ਦਿੱਲੀ:** ਆਪਣੀ ਸੇਵਾ ਮੁਕਤੀ ਦੇ ਕੁਝ ਦਿਨ ਬਾਅਦ ਸਾਬਕਾ ਜਸਟਿਸ ਕੁਰੀਅਨ ਜੋਸਫ ਨੇ ਸਨਸਨੀਖੇਜ਼ ਦਾਅਵਾ ਕਰਦਿਆਂ ਕਿਹਾ ਹੈ ਕਿ ਸੁਪਰੀਮ ਕੋਰਟ ਦੇ ਪਹਿਲੇ ਚੀਫ ਜਸਟਿਸ ਦੀਪਕ ਮਿਸ਼ਰਾ ਕਿਸੇ ਬਾਹਰੀ ਸਰੋਤ ਦੇ ਪ੍ਰਭਾਵ ਥੱਲੇ ਸਨ। ਇਹ ਇਨਸਾਫ ਦੇ ਪ੍ਰਬੰਧ ਉਤੇ ਅਸਰਅੰਦਾਜ਼ ਹੋ ਰਿਹਾ ਸੀ। ਜ਼ਿਕਰਯੋਗ ਹੈ ਕਿ ਜਸਟਿਸ ਜੋਸਫ ਨੇ ਸੁਪਰੀਮ ਕੋਰਟ ਦੇ ਤਿੰਨ ਹੋਰ ਸੀਨੀਅਰ ਜੱਜਾਂ ਨਾਲ ਮਿਲ ਕੇ ਤਤਕਾਲੀ ਚੀਫ ਜਸਟਿਸ ਮਿਸ਼ਰਾ ਦੀ ਕਾਰਜ ਪ੍ਰਣਾਲੀ ਵਿਰੁੱਧ ਅਣਕਿਆਸੀ ਪ੍ਰੈਸ ਕਾਨਫਰੰਸ ਕੀਤੀ ਸੀ।

12 ਜਨਵਰੀ ਨੂੰ ਜਸਟਿਸ ਕੁਰੀਅਨ ਜੋਸਫ ਨੇ ਸੁਪਰੀਮ ਕੋਰਟ ਦੇ ਤਿੰਨ ਸਭ ਤੋਂ ਸੀਨੀਅਰ ਜੱਜਾਂ ਜਸਟਿਸ ਜੇ ਚੇਲਾਮੇਸ਼ਵਰ, ਜਸਟਿਸ ਰੰਜਨ ਗੋਗੋਈ (ਹੁਣ ਚੀਫ ਜਸਟਿਸ) ਅਤੇ ਜਸਟਿਸ ਮਦਨ ਲੋਕੁਰ ਨੇ ਤਤਕਾਲੀ ਚੀਫ ਜਸਟਿਸ ਮਿਸ਼ਰਾ ਵਿਰੁੱਧ ਖੁੱਲ੍ਹਾ ਵਿਦਰੋਹ ਕਰ ਦਿੱਤਾ ਸੀ। ਉਨ੍ਹਾਂ ਨੇ ਅਹਿਮ ਕੇਸਾਂ ਦੀ ਵੰਡ ਵਿਚ ਪੇਸ਼ੇਵਰ ਪਹੁੰਚ ਦੀ ਘਾਟ ਵਿਰੁੱਧ ਆਵਾਜ਼ ਉਠਾਉਂਦਿਆਂ ਦੋਸ਼ ਲਾਇਆ ਸੀ ਕਿ ਇਸ ਨਾਲ ਸਿਖਰਲੀ ਅਦਾਲਤ ਦੇ ਵਕਾਰ ਨੂੰ ਢਾਹ ਲੱਗੀ ਹੈ।

ਜਸਟਿਸ ਜੋਸਫ ਨੇ ਦੱਸਿਆ ਕਿ ਤਤਕਾਲੀ ਚੀਫ ਜਸਟਿਸ ਕਿਸੇ ਬਾਹਰੀ ਸਰੋਤ ਦੇ ਕਿਸੇ ਪ੍ਰਕਾਰ ਦੇ ਪ੍ਰਭਾਵ ਹੇਠ ਆ ਗਏ ਸਨ। ਉਨ੍ਹਾਂ ਨੂੰ ਕਿਸੇ ਬਾਹਰੀ ਸਰੋਤ ਵੱਲੋਂ ਰਿਮੋਟ ਨਾਲ ਚਲਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਉਹ ਆਪਣੇ ਫੈਸਲੇ ਖੁਦ ਨਹੀਂ ਲੈ ਰਹੇ ਸਨ। ਜ਼ਿਕਰਯੋਗ ਹੈ ਕਿ ਜਸਟਿਸ ਜੋਸਫ 29 ਨਵੰਬਰ ਨੂੰ ਸੇਵਾ ਮੁਕਤ ਹੋਏ ਹਨ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਕਿਸ ਆਧਾਰ 'ਤੇ ਦੋਸ਼ ਲਾ ਰਹੇ ਹਨ ਤਾਂ ਉਨ੍ਹਾਂ ਕਿਹਾ ਕਿ ਇਹ ਜੱਜਾਂ 'ਚ ਆਮ ਪ੍ਰਭਾਵ ਸੀ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਬਾਰੇ ਲੋਕਾਂ ਵਿਚ ਵੀ ਗੱਲਾਂ ਹੋਣ ਲੱਗੀਆਂ ਸਨ। ਉਨ੍ਹਾਂ ਨੇ ਕਿਸੇ ਬਾਹਰੀ ਸਰੋਤ ਦਾ ਨਾਂ ਲੈਣ ਤੋਂ ਇਨਕਾਰ ਕਰ ਦਿੱਤਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਵਿੱਤੀ ਸੰਕਟ: ਕੈਪਟਨ ਸਰਕਾਰ ਨੂੰ ਡੰਗ ਟਪਾਉਣਾ ਵੀ ਹੋਇਆ ਔਖਾ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀਆਂ ਵਿੱਤੀ ਮੁਹਾਜ਼ 'ਤੇ ਚੁਣੌਤੀਆਂ ਵਧਦੀਆਂ ਜਾ ਰਹੀਆਂ ਹਨ। ਚਲੰਤ ਮਾਲੀ ਸਾਲ ਦੇ ਪਹਿਲੇ ਛੇ ਮਹੀਨਿਆਂ ਦੌਰਾਨ ਮਿਥੇ ਟੀਚੇ ਨਾਲੋਂ ਆਮਦਨ ਵਿਚ ਭਾਰੀ ਗਿਰਾਵਟ ਹੋਣ ਕਾਰਨ ਸਰਕਾਰ ਨੂੰ ਡੰਗ ਟਪਾਉਣਾ ਵੀ ਔਖਾ ਹੋ ਗਿਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਪਹਿਲੀ ਅਪਰੈਲ ਤੋਂ 30 ਸਤੰਬਰ (2018) ਤੱਕ ਪਿਛਲੇ ਮਾਲੀ ਸਾਲ 2017-2018 ਦੇ ਮੁਕਾਬਲੇ 18% ਆਮਦਨ ਘੱਟ ਹੋਈ ਹੈ। ਸਰਕਾਰ ਨੂੰ ਸਭ ਤੋਂ ਵੱਧ ਮਾਰ ਆਬਕਾਰੀ ਡਿਊਟੀ (ਸ਼ਰਾਬ ਤੋਂ ਹੁੰਦੀ ਕਮਾਈ) ਅਤੇ ਨਵੀਆਂ ਗੱਡੀਆਂ ਦੀ ਵਿੱਕਰੀ ਤੋਂ ਇਕੱਠੇ ਹੁੰਦੇ ਕਰ ਤੋਂ ਹੋਈ ਹੈ। ਇਨ੍ਹਾਂ ਦੋਹਾਂ ਖੇਤਰਾਂ ਵਿਚ ਤਾਂ ਕਮਾਈ ਪਿਛਲੇ ਸਾਲ ਨਾਲੋਂ ਵੀ ਘੱਟ ਗਈ ਹੈ, ਜੋ ਖਤਰਨਾਕ ਸੰਕੇਤ ਹਨ। ਕਰ ਤੇ ਆਬਕਾਰੀ ਵਿਭਾਗ ਦੇ ਸੂਤਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਦੋਹਾਂ ਤਰ੍ਹਾਂ ਦੇ ਕਰਾਂ ਵਿਚ ਵੱਡੀ ਪੱਧਰ 'ਤੇ ਚੋਰੀ ਹੋਣ ਦੀਆਂ ਸੰਭਾਵਨਾਵਾਂ ਹਨ।

ਰੋਚਕ ਤੱਥ ਇਹ ਹੈ ਕਿ ਸ਼ਰਾਬ ਦੇ ਕਾਰੋਬਾਰ ਉਤੇ ਇਕ ਵਿਸ਼ੇਸ਼ ਪਰਿਵਾਰ ਦਾ ਕਬਜ਼ਾ ਹੈ। ਇਸੇ ਤਰ੍ਹਾਂ ਟਰਾਂਸਪੋਰਟ ਵਿਭਾਗ ਨੂੰ ਮੁੱਖ ਮੰਤਰੀ ਦੇ ਇਕ ਕਰੀਬੀ ਵਿਅਕਤੀ ਵੱਲੋਂ ਅਸਿੱਧੇ ਢੰਗ ਨਾਲ ਕੰਟਰੋਲ ਕੀਤਾ ਜਾ ਰਿਹਾ ਹੈ। ਜ਼ਮੀਨਾਂ ਦੀ ਵੇਚ ਵੱਟਤ ਤੋਂ ਆਉਂਦੀ ਸਟੈਂਪ ਡਿਊਟੀ ਦੀ ਆਮਦਨ ਲੀਹ 'ਤੇ ਚੜ੍ਹਨ ਲੱਗੀ ਹੈ। ਇਸ ਤਰ੍ਹਾਂ ਜ਼ਮੀਨਾਂ ਦੀ ਵਿੱਕਰੀ ਵਧਣ ਦੇ ਸੰਕੇਤ ਮਿਲੇ ਤੇ ਪਿਛਲੇ ਸਾਲ ਨਾਲੋਂ 9% ਦਾ ਵਾਧਾ ਦਰਜ ਕੀਤਾ ਗਿਆ ਹੈ ਪਰ ਮਿਥੇ ਟੀਚੇ ਤੱਥ ਸਟੈਂਪ ਡਿਊਟੀ ਤੋਂ ਹੁੰਦੀ ਇਹ ਆਮਦਨ ਵੀ ਪਹੁੰਚ ਨਹੀਂ ਸਕੀ। ਕਰ ਤੇ



ਆਬਕਾਰੀ ਵਿਭਾਗ ਦੇ ਸੂਤਰਾਂ ਤੋਂ ਹਾਸਲ ਤੱਥਾਂ ਮੁਤਾਬਕ ਸਰਕਾਰ ਵੱਲੋਂ ਚਲੰਤ ਮਾਲੀ ਸਾਲ (2018-2019) ਦੌਰਾਨ ਕੁੱਲ ਆਮਦਨ ਦਾ ਟੀਚਾ 71312 ਕਰੋੜ ਰੁਪਏ ਮਿਥਿਆ ਸੀ। ਸਰਕਾਰ ਨੂੰ ਪਹਿਲੇ ਛੇ ਮਹੀਨਿਆਂ ਦੌਰਾਨ ਆਮਦਨ ਦੇ ਜੋ ਸੰਕੇਤ ਮਿਲੇ ਹਨ, ਉਹ ਉਸਾਰੂ ਨਹੀਂ ਮੰਨੇ ਜਾ ਸਕਦੇ। ਤੱਥਾਂ ਮੁਤਾਬਕ ਲੰਘੇ ਮਾਲੀ ਸਾਲ ਦੌਰਾਨ ਸਰਕਾਰ ਨੂੰ 29018 ਕਰੋੜ ਰੁਪਏ ਦੀ ਆਮਦਨ ਹੋਈ ਹੈ ਜਦੋਂ ਕਿ ਟੀਚੇ ਮੁਤਾਬਕ 34212 ਕਰੋੜ ਰੁਪਏ ਹੋਣੀ ਚਾਹੀਦੀ ਸੀ।

ਕੇਂਦਰ ਸਰਕਾਰ ਤੋਂ ਆਉਣ ਵਾਲੀਆਂ ਗਰਾਂਟਾਂ ਨੂੰ ਜੇ ਨਾ ਵੀ ਦੇਖਿਆ ਜਾਵੇ ਤਾਂ ਪੰਜਾਬ ਸਰਕਾਰ ਦੇ ਆਪਣੇ ਸਾਧਨਾਂ ਜਾਂ ਸਰੋਤਾਂ ਤੋਂ ਹੋਣ ਵਾਲੀ ਆਮਦਨ ਦੇ ਅੰਕੜਿਆਂ ਵਿਚ ਗਿਰਾਵਟ ਨਿਰਾਸ਼ਾਜਨਕ ਹੀ ਮੰਨੀ ਜਾ ਰਹੀ ਹੈ। ਮਿਸਾਲ ਵਜੋਂ ਸ਼ਰਾਬ ਤੋਂ ਹੋਣ ਵਾਲੀ ਆਮਦਨ ਵਿਚ ਪਿਛਲੇ ਸਾਲ ਨਾਲੋਂ ਵੀ 11% ਦੀ ਗਿਰਾਵਟ ਆ ਗਈ ਤੇ ਮਿਥੇ ਟੀਚੇ ਨਾਲੋਂ ਤਾਂ ਇਹ ਆਮਦਨ 24% ਥੱਲੇ ਚਲੀ ਗਈ। ਸਰਕਾਰ ਨੇ ਸ਼ਰਾਬ ਤੋਂ ਸਾਲਾਨਾ 6 ਹਜ਼ਾਰ ਕਰੋੜ ਰੁਪਏ ਦੀ ਆਮਦਨ ਦਾ ਟੀਚਾ ਮਿਥਿਆ ਸੀ, ਜਿਸ ਹਿਸਾਬ ਨਾਲ 3 ਹਜ਼ਾਰ ਕਰੋੜ ਰੁਪਏ ਦੀ ਕਮਾਈ 30 ਸਤੰਬਰ ਤੱਕ ਹੋਣੀ ਚਾਹੀਦੀ ਸੀ ਪਰ ਆਮਦ ਮਹਿਜ਼ 2291 ਕਰੋੜ ਰੁਪਏ ਹੀ ਹੋਈ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਕੈਪਟਨ ਸਰਕਾਰ ਦੀ ਪਹਿਲੀ ਹੀ ਵਜ਼ਾਰਤ ਮੀਟਿੰਗ ਵਿਚ ਸ਼ਰਾਬ ਤੋਂ ਆਮਦਨ ਵਧਾਉਣ ਲਈ ਠੇਕਿਆਂ ਨੂੰ ਸਰਕਾਰੀ ਕੰਟਰੋਲ ਹੇਠ ਲਿਆ ਕੇ ਸ਼ਰਾਬ ਨਿਗਮ ਦੇ ਗਠਨ ਦਾ ਸੁਝਾਅ ਰੱਖਿਆ ਸੀ ਤਾਂ ਜੋ ਹੋਰਨਾਂ ਸੂਬਿਆਂ ਵਾਂਗ ਸਰਕਾਰ ਦੀ ਆਮਦਨ ਵਧ ਸਕੇ ਪਰ ਸਰਕਾਰ ਵੱਲੋਂ ਇਸ ਦਿਸ਼ਾ ਵਿਚ ਹੁਣ ਤੱਕ ਕੋਈ ਕਦਮ ਨਹੀਂ ਚੁੱਕਿਆ ਗਿਆ। ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਸ਼ਰਾਬ ਤੋਂ ਹੁੰਦੀ ਮੋਟੀ ਕਮਾਈ ਮਾਫੀਆ ਦੀਆਂ ਜੇਬਾਂ 'ਚ ਜਾਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।

ਵਾਹਨਾਂ ਦੀ ਵਿੱਕਰੀ ਤੋਂ 2140 ਕਰੋੜ ਰੁਪਏ ਦੀ ਕਮਾਈ ਦੀ ਅਨੁਮਾਨ ਸੀ ਜੋ ਛੇ ਮਹੀਨਿਆਂ ਦੌਰਾਨ 976 ਦੀ ਥਾਂ 893 ਕਰੋੜ ਰੁਪਏ ਦੀ ਕਮਾਈ ਹੀ ਹੋ ਸਕੀ ਹੈ। ਇਸੇ ਤਰ੍ਹਾਂ ਜੀ.ਐਸ.ਟੀ. ਵਿਚ ਵੀ ਮਿਥੇ ਟੀਚੇ ਨਾਲੋਂ 7% ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਹ ਆਮਦਨ ਮਿਥੇ ਟੀਚੇ ਨਾਲੋਂ ਤਾਂ 17% ਤੱਕ ਘੱਟ ਚਲੀ ਗਈ ਹੈ। ਇਸੇ ਦੌਰਾਨ ਸਰਕਾਰ ਦੇ ਮਾਲੀ ਖਰਚਿਆਂ ਵਿਚ ਇਸੇ ਸਮੇਂ ਦੌਰਾਨ ਪਿਛਲੇ ਸਾਲ ਨਾਲੋਂ 21% ਦਾ ਵਾਧਾ ਹੋਇਆ ਹੈ ਜਦੋਂ ਕਿ ਮਿਥੇ ਖਰਚ ਨਾਲੋਂ 22% ਘੱਟ ਹੈ। ਇਸੇ ਤਰ੍ਹਾਂ ਵੱਖ-ਵੱਖ ਵਿਭਾਗਾਂ ਦਾ ਪੂੰਜੀਗਤ ਖਰਚ ਵਿਚ ਵੀ 108% ਵਾਧਾ ਹੋਇਆ ਹੈ, ਜੋ ਸ਼ੁਭ ਸੰਕੇਤ ਕਿਹਾ ਜਾ ਸਕਦਾ ਹੈ। ਸਰਕਾਰ ਵੱਲੋਂ ਆਗਾਮੀ ਵਿੱਤੀ ਵਰ੍ਹੇ ਦੌਰਾਨ ਖਰਚਿਆਂ ਅਤੇ ਆਮਦਨ ਦਾ ਪਾੜਾ ਪੂਰਨ ਲਈ 15545 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਜਾਣਾ ਹੈ ਤੇ ਕਰਜ਼ਾ ਚੁੱਕ ਕੇ ਵੀ ਮਾਲੀ ਘਾਟੇ ਦਾ ਖੱਪਾ ਪੂਰਿਆ ਨਹੀਂ ਜਾ ਸਕਦਾ। ਸਰਕਾਰ ਵੱਲੋਂ ਮਾਲੀ ਸੰਕਟ ਨਾਲ ਜੂਝਣ ਲਈ ਕਈ ਤਰ੍ਹਾਂ ਦੀਆਂ ਪੇਸ਼ਬੰਦੀਆਂ ਤਾਂ ਕੀਤੀਆਂ ਜਾਂਦੀਆਂ ਹਨ ਪਰ ਉਕਤ ਤੱਥਾਂ ਤੋਂ ਸਪੱਸ਼ਟ ਹੈ ਕਿ ਸ਼ਰਾਬ ਤੇ ਵਾਹਨਾਂ ਦੀ ਵਿੱਕਰੀ ਆਦਿ ਦੇ ਮਾਮਲੇ ਵਿਚ ਹੁੰਦੀ ਚੋਰੀ ਰੋਕਣ ਲਈ ਸਰਕਾਰ ਵੱਲੋਂ ਠੋਸ ਕਦਮ ਨਹੀਂ ਚੁੱਕੇ ਜਾਂਦੇ।

### ਬੱਝਵੇਂ ਸਾਲਾਨਾ ਖਰਚੇ ਨੇ ਸਥਿਤੀ ਕੀਤੀ ਡਾਵਾਂਡੋਲ

ਸਰਕਾਰ ਦੇ ਬੱਝਵੇਂ ਸਾਲਾਨਾ ਖਰਚੇ ਸਭ ਤੋਂ ਵੱਧ ਮਾਰੂ ਸਾਬਤ ਹੋ ਰਹੇ ਹਨ। ਤਨਖਾਹਾਂ ਦਾ ਭੁਗਤਾਨ 25700 ਕਰੋੜ ਰੁਪਏ, ਪੈਨਸ਼ਨਾਂ ਦਾ ਭੁਗਤਾਨ 10300 ਕਰੋੜ ਰੁਪਏ, ਵਿਆਜ ਅਦਾਇਗੀਆਂ 16260 ਕਰੋੜ ਰੁਪਏ, ਬਿਜਲੀ ਸਬਸਿਡੀ 13500 ਕਰੋੜ ਰੁਪਏ ਸ਼ਾਮਲ ਹੈ। ਸਰਕਾਰ ਵੱਲੋਂ ਆਗਾਮੀ ਵਿੱਤੀ ਵਰ੍ਹੇ ਦੌਰਾਨ ਖਰਚਿਆਂ ਅਤੇ ਆਮਦਨ ਦਾ ਪਾੜਾ ਪੂਰਨ ਲਈ 15545 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਜਾਣਾ ਹੈ ਤੇ ਕਰਜ਼ਾ ਚੁੱਕ ਕੇ ਵੀ ਮਾਲੀ ਘਾਟੇ ਦਾ ਖੱਪਾ ਪੂਰਿਆ ਨਹੀਂ ਜਾ ਸਕਦਾ। ਸਰਕਾਰ ਸਿਰ 31 ਮਾਰਚ 2019 ਤੱਕ ਕਰਜ਼ੇ ਦੀ ਪੰਡ ਦਾ ਭਾਰ 2 ਲੱਖ 11 ਹਜ਼ਾਰ 523 ਕਰੋੜ ਰੁਪਏ ਦਾ ਭਾਰ ਸੂਬੇ ਦੀ ਆਰਥਿਕਤਾ ਲਈ ਮਾਰੂ ਸੰਕੇਤ ਵੀ ਮੰਨਿਆ ਜਾ ਰਿਹਾ ਹੈ।

# 'ਆਪ' ਨੇ ਬਾਦਲਾਂ ਦੀਆਂ ਬੱਸਾਂ 'ਤੇ ਕੈਪਟਨ ਸਰਕਾਰ ਦੀ ਮਿਹਰਬਾਨੀ 'ਤੇ ਕੀਤੇ ਸਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਰਾਜਧਾਨੀ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੱਕ ਚੱਲ ਰਹੀਆਂ ਪੰਜਾਬ ਦੀਆਂ ਬੱਸਾਂ ਦੇ ਮੁੱਦੇ 'ਤੇ ਦੋਸ਼ ਲਾਇਆ ਹੈ ਕਿ ਬਾਦਲ ਪਰਿਵਾਰ ਕੰਟਰੈਕਟ ਕੈਰੇਜ 'ਚ ਸਟੇਜ ਕੈਰੇਜ ਪਰਮਿਟ ਵਾਂਗ ਬੱਸਾਂ ਚਲਾ ਰਹੇ ਹਨ ਅਤੇ ਇਹ ਗੈਰਕਾਨੂੰਨੀ ਕੰਮ ਪੰਜਾਬ ਸਰਕਾਰ ਦੀ ਮਿਹਰਬਾਨੀ ਸਦਕਾ ਚੱਲ ਰਿਹਾ ਹੈ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਵਿਧਾਇਕ ਅਮਨ ਅਰੋੜਾ ਅਤੇ ਪ੍ਰੋ. ਬਲਜਿੰਦਰ ਕੌਰ ਨੇ ਦੋਸ਼ ਲਾਇਆ ਕਿ ਪੰਜਾਬ ਦੇ ਲੋਕਾਂ ਨੇ ਬਾਦਲ ਪਰਿਵਾਰ ਦਾ ਤਖਤਾ ਪਲਟ ਕੇ ਕੈਪਟਨ ਅਮਰਿੰਦਰ ਸਿੰਘ ਉੱਤੇ ਭਰੋਸਾ ਜਤਾਇਆ ਸੀ ਪਰ ਬਤੌਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੀ ਜਨਤਾ ਦੇ ਹਿੱਤ ਬਹਾਲ ਕਰਨ ਦੀ ਥਾਂ ਅੱਜ ਵੀ ਬਾਦਲ ਪਰਿਵਾਰ ਦੇ ਹਿਤ ਪੂਰ ਰਹੇ ਹਨ।

ਇਸ ਦੀ ਮਿਸਾਲ ਪੰਜਾਬ ਤੋਂ ਦਿੱਲੀ ਏਅਰਪੋਰਟ ਤੱਕ ਚੱਲਦੀਆਂ ਪ੍ਰਾਈਵੇਟ ਬੱਸਾਂ ਹਨ, ਜਿਨ੍ਹਾਂ ਦੀ ਮਾਲਕੀ 'ਤੇ ਬਾਦਲ ਪਰਿਵਾਰ ਦਾ ਏਕਾਧਿਕਾਰ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਤੋਂ ਦਿੱਲੀ ਦੇ ਏਅਰਪੋਰਟ ਤੱਕ ਡੀਜ਼ਲ ਇੰਜਣ ਵਾਲੀਆਂ ਜਿੰਨੀਆਂ ਵੀ ਬੱਸਾਂ ਪਹੁੰਚ ਰਹੀਆਂ ਹਨ, ਇਹ ਕੰਟਰੈਕਟ ਕੈਰੇਜ ਕੈਟਾਗਰੀ 'ਚ ਆਉਂਦੀਆਂ ਹਨ, ਜਦੋਂਕਿ ਸਵਾਰੀਆਂ ਸਟੇਟ ਕੈਰੇਜ ਪਰਮਿਟ ਵਾਲੀ ਬੱਸ ਵਾਂਗ ਚੁੱਕ ਰਹੀਆਂ ਹਨ, ਜੋ ਪੂਰੀ ਤਰ੍ਹਾਂ ਗੈਰਕਾਨੂੰਨੀ ਹੈ ਅਤੇ ਮੋਟਰ ਵਹੀਕਲ ਐਕਟ ਦੀ ਵੀ ਉਲੰਘਣਾ ਹੈ। ਕੈਪਟਨ ਸਰਕਾਰ ਚਾਹੇ ਤਾਂ ਬਾਦਲਾਂ ਦੀਆਂ ਦਿੱਲੀ ਏਅਰਪੋਰਟ ਤੱਕ ਜਾਂਦੀਆਂ ਸਾਰੀਆਂ ਬੱਸਾਂ ਬੰਦ ਕਰ ਸਕਦੀ ਹੈ। ਉਨ੍ਹਾਂ ਦੱਸਿਆ ਕਿ ਕੰਟਰੈਕਟ ਕੈਰੇਜ ਤਹਿਤ ਕੋਈ ਵੀ ਪ੍ਰਾਈਵੇਟ ਟਰੈਵਲ ਕੰਪਨੀ ਇਕ-ਇਕ ਸਵਾਰੀ ਦੀ ਟਿਕਟ ਨਹੀਂ ਕੱਟ ਸਕਦੀ ਅਤੇ ਨਾ ਹੀ ਮੰਜ਼ਿਲ ਤੋਂ ਮੰਜ਼ਿਲ ਤੱਕ ਰਸਤੇ ਵਿਚੋਂ ਕਿਸੇ ਸਵਾਰੀ ਨੂੰ ਚਾੜ੍ਹ ਸਕਦੀ ਹੈ ਅਤੇ ਨਾ ਹੀ ਉਤਾਰ ਸਕਦੀ ਹੈ।

ਕੰਟਰੈਕਟ ਕੈਰੇਜ ਪਰਮਿਟ ਤਹਿਤ ਬੱਸ ਦੀ ਕਿਸੇ ਇਕ ਪਾਰਟੀ/ਕੰਪਨੀ ਜਾਂ ਸਮੂਹ ਵੱਲੋਂ ਇਕਮੁਸ਼ਤ ਬੁਕਿੰਗ ਹੁੰਦੀ ਹੈ, ਕੋਈ ਵੀ ਇਕੱਲੀ ਸਵਾਰੀ ਆਪਣੇ ਪੱਧਰ 'ਤੇ ਟੁਟਵੀਂ ਟਿਕਟ ਨਹੀਂ ਕਟਾ ਸਕਦੀ। ਜਦੋਂਕਿ ਸਵਾਰੀਆਂ ਕੋਲੋਂ ਮਨਮਰਜ਼ੀ ਨਾਲ ਦੁੱਗਣਾ ਤਿਗਣਾ ਕਿਰਾਇਆ ਵਸੂਲਿਆ ਜਾ ਰਿਹਾ ਹੈ, ਪਰ ਸਰਕਾਰ ਸੁੱਤੀ ਪਈ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਸਰਕਾਰ ਨੇ ਏਅਰਪੋਰਟ ਤੱਕ ਜਾਂਦੀਆਂ ਪ੍ਰਾਈਵੇਟ ਬੱਸਾਂ 'ਤੇ ਨਕੇਲ ਕਸਦਿਆਂ ਬਾਦਲ ਪਰਿਵਾਰ ਨਾਲ ਸਬੰਧਤ ਕਰੀਬ ਅੱਧੀ ਦਰਜਨ ਬੱਸਾਂ ਨੂੰ ਜ਼ਬਤ ਕਰ ਲਿਆ ਸੀ ਪਰ ਉਹ ਕੰਟਰੈਕਟ ਕੈਰੇਜ ਦੀ ਆੜ 'ਚ ਬਚ ਗਏ ਸਨ ਜਦਕਿ ਪੰਜਾਬ ਵਿਚ ਹੁੰਦੇ ਇਸ ਫਰਜ਼ੀਵਾੜੇ ਨੂੰ ਕੈਪਟਨ ਸਰਕਾਰ ਫੜ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਮੇਤ ਹੋਰ ਰਾਜਾਂ ਦੀਆਂ ਸਟੇਟ ਕੈਰੇਜ ਪਰਮਿਟ ਵਾਲੀਆਂ ਬੱਸਾਂ ਦੇ ਦਿੱਲੀ ਏਅਰਪੋਰਟ ਤੱਕ ਜਾਣ ਦੀ ਮਨਾਹੀ ਦਿੱਲੀ ਸਰਕਾਰ ਦੀ ਨਹੀਂ ਸਗੋਂ ਸੁਪਰੀਮ ਕੋਰਟ ਵੱਲੋਂ ਲੱਗੀ ਹੋਈ ਹੈ।

# ਗੈਰ-ਕਾਨੂੰਨੀ ਪਰਵਾਸ ਰੋਕਣ ਲਈ ਪੰਜਾਬ ਦੀ ਪਾਈਲਟ ਪ੍ਰਾਜੈਕਟ ਵਜੋਂ ਚੋਣ

**ਜਲੰਧਰ:** ਯੂਰਪ ਵਿਚ ਹੋ ਰਹੇ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ ਲਈ ਯੂਰਪੀ ਯੂਨੀਅਨ ਨੇ ਭਾਰਤ ਵਿਚੋਂ ਪੰਜਾਬ 'ਚ ਪਾਈਲਟ ਪ੍ਰੋਜੈਕਟ ਸ਼ੁਰੂ ਕੀਤਾ ਹੈ। ਕੈਰੀਤਾਸ ਇੰਡੀਆ ਅਤੇ ਨਵਜੀਵਨ ਚੈਰੀਟੇਬਲ ਸੁਸਾਇਟੀ ਵੱਲੋਂ ਸਾਂਝੇ ਤੌਰ 'ਤੇ ਯੂਰਪ ਵਿਚ ਅਸੁਰੱਖਿਅਤ ਪਰਵਾਸ ਬਾਰੇ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ ਹੈ। ਪੰਜਾਬ ਦੇ 13 ਜ਼ਿਲ੍ਹਿਆਂ ਵਿਚੋਂ 26 ਬਲਾਕਾਂ ਨੂੰ ਇਸ ਤਹਿਤ ਲਿਆ ਗਿਆ ਹੈ। ਮਾਝੇ ਤੇ ਦੋਆਬੇ ਦੇ ਜ਼ਿਲ੍ਹੇ ਇਸ ਵਿਚ ਸ਼ਾਮਲ ਕੀਤੇ ਗਏ ਹਨ। ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਚ ਸੰਖੇਪ ਸਮਾਗਮ ਮਗਰੋਂ ਦੋਵਾਂ ਜਥੇਬੰਦੀਆਂ ਦੇ ਕਾਰਕੁੰਨਾਂ ਨੇ ਸ਼ਹਿਰ ਵਿਚ ਮਾਰਚ ਕੱਢ ਕੇ ਲੋਕਾਂ ਨੂੰ ਅਸੁਰੱਖਿਅਤ ਪਰਵਾਸ ਬਾਰੇ ਜਾਣਕਾਰੀ ਦਿੱਤੀ।

ਪੰਜਾਬ ਵਿਚ ਪਾਈਲਟ ਪ੍ਰੋਜੈਕਟ ਦੇ ਮੋਹਰੀ ਆਗੂ ਸੁਮਿਤ ਧੀਮਾਨ ਨੇ ਦੱਸਿਆ ਕਿ ਯੂਰਪੀ ਯੂਨੀਅਨ ਵੱਲੋਂ ਪਾਈਲਟ ਪ੍ਰੋਜੈਕਟ ਵਜੋਂ ਪੰਜਾਬ ਨੂੰ ਇਸ ਕਰਕੇ ਚੁਣਿਆ ਗਿਆ ਹੈ ਕਿਉਂਕਿ ਇਥੋਂ ਨੌਜਵਾਨ ਵਰਗ ਵੱਡੀ ਗਿਣਤੀ 'ਚ ਯੂਰਪ ਦੇਸ਼ਾਂ ਵਿਚ ਜਾ ਰਿਹਾ ਹੈ। ਜਿਨ੍ਹਾਂ ਵਿਚ ਬਹੁਗਿਣਤੀ ਗੈਰ-ਕਾਨੂੰਨੀ ਢੰਗ ਨਾਲ ਗਏ ਨੌਜਵਾਨਾਂ ਦੀ ਹੈ। ਉਨ੍ਹਾਂ ਦੱਸਿਆ ਕਿ ਦੋਆਬੇ ਦੇ ਜਲੰਧਰ, ਕਪੂਰਥਲਾ, ਨਵਾਂ ਸ਼ਹਿਰ ਤੇ ਹੁਸ਼ਿਆਰਪੁਰ ਜ਼ਿਲ੍ਹੇ, ਮਾਝੇ ਦੇ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਤੇ ਪਠਾਨਕੋਟ ਜਦਕਿ ਮਾਲਵੇ ਦੇ ਜ਼ਿਲ੍ਹਿਆਂ ਵਿਚ ਮੋਗਾ, ਲੁਧਿਆਣਾ, ਫਿਰੋਜ਼ਪੁਰ, ਫਰੀਦਕੋਟ, ਮੁਕਤਸਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਉਨ੍ਹਾਂ ਦੀ ਜਥੇਬੰਦੀ 1300 ਗੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਵਿਚ ਮੁੜ ਰੁਜ਼ਗਾਰ 'ਤੇ ਲਾਉਣ ਵਿਚ ਸਫਲ ਰਹੀ ਹੈ, ਜਿਨ੍ਹਾਂ ਵਿਚੋਂ 300 ਪੰਜਾਬੀ ਸਨ। ਇਸੇ ਤਰ੍ਹਾਂ ਗੁਜਰਾਤ ਅਤੇ ਤਾਮਿਲਨਾਡੂ ਵਿਚੋਂ ਵੀ ਵੱਡੀ ਗਿਣਤੀ ਯੂਰਪ ਵਿਚ ਪਰਵਾਸ ਹੋਣਾ ਸ਼ੁਰੂ ਹੋ ਗਿਆ ਹੈ।

ਸ੍ਰੀ ਧੀਮਾਨ ਅਨੁਸਾਰ 18 ਤੇ 19 ਦਸੰਬਰ ਨੂੰ ਚੰਡੀਗੜ੍ਹ 'ਚ ਸੈਮੀਨਾਰ ਕਰਕੇ ਜਾਗਰੂਕਤਾ ਮੁਹਿੰਮ ਨੂੰ ਹੋਰ ਅੱਗੇ ਤੋਰਿਆ ਜਾਵੇਗਾ। ਦੇਸ਼ ਭਗਤ ਯਾਦਗਾਰ ਹਾਲ ਤੋਂ ਸ਼ੁਰੂ ਹੋਏ ਜਾਗਰੂਕਤਾ ਮਾਰਚ ਵਿਚ ਨੌਜਵਾਨਾਂ ਦੇ ਹੱਥਾਂ 'ਚ ਤਖਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ 'ਤੇ ਗੈਰ-ਕਾਨੂੰਨੀ ਪਰਵਾਸ ਬਾਰੇ ਨਾਅਰੇ ਲਿਖੇ ਹੋਏ ਸਨ।

# ਪੰਚਾਇਤੀ ਚੋਣਾਂ ਹੁਣ 31 ਦਸੰਬਰ ਤੱਕ ਹੋਣ ਦੀ ਸੰਭਾਵਨਾ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤੀ ਚੋਣਾਂ ਅੱਗੇ ਪਾ ਦਿੱਤੀਆਂ ਗਈਆਂ ਹਨ। ਪੰਜਾਬ ਸਰਕਾਰ ਨੇ ਚੋਣ ਕਮਿਸ਼ਨ ਨੂੰ ਇਕ ਨਵਾਂ ਨੋਟੀਫਿਕੇਸ਼ਨ ਭੇਜ ਕੇ ਚੋਣਾਂ 31 ਦਸੰਬਰ ਤੱਕ ਕਰਵਾਉਣ ਦੀ ਸਿਫਾਰਸ਼ ਭੇਜੀ ਹੈ, ਪਹਿਲਾਂ ਚੋਣਾਂ 14 ਦਸੰਬਰ ਤੱਕ ਕਰਵਾਉਣ ਦੀ ਸਿਫ਼ਾਰਸ਼ ਕੀਤੀ ਗਈ ਸੀ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਪਹਿਲਾਂ ਨੋਟੀਫ਼ਿਕੇਸ਼ਨ ਕਰ ਕੇ 14 ਦਸੰਬਰ ਤੱਕ ਚੋਣਾਂ ਕਰਵਾਉਣ ਦੀ ਸਿਫਾਰਸ਼ ਕੀਤੀ ਸੀ ਤੇ ਹੁਣ ਇਸ ਨੋਟੀਫ਼ਿਕੇਸ਼ਨ ਵਿਚ ਸੋਧ ਦੀ ਰਾਜਪਾਲ ਵੱਲੋਂ ਮਨਜ਼ੂਰੀ ਮਿਲਣ ਉਪਰੰਤ ਚੋਣ ਕਮਿਸ਼ਨ ਨੂੰ ਨਵਾਂ ਨੋਟੀਫਿਕੇਸ਼ਨ ਭੇਜਿਆ ਗਿਆ ਹੈ, ਹਾਲਾਂਕਿ ਚੋਣ ਕਮਿਸ਼ਨ ਨੂੰ ਭੇਜੀ ਸਿਫਾਰਸ਼ 'ਚ ਚੋਣਾਂ ਅੱਗੇ ਪਾਉਣ ਪਿੱਛੇ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ ਪਰ ਸੂਤਰਾਂ ਮੁਤਾਬਕ ਪੰਜ ਸੂਬਿਆਂ 'ਚ ਚੋਣਾਂ ਅਤੇ ਵੋਟਰ ਸੂਚੀਆਂ ਦੀ ਤਿਆਰੀ ਅਤੇ ਚੋਣਾਂ ਲਈ ਪੂਰਨ ਤੌਰ ਉਤੇ ਤਿਆਰ ਨਾ ਹੋਣਾ ਚੋਣਾਂ ਅੱਗੇ ਪਾਉਣ ਦੇ ਮੁੱਖ ਕਾਰਨ ਹਨ। ਉਂਜ ਪਿਛਲੇ ਦਿਨੀਂ ਪੰਚਾਇਤਾਂ 'ਚ ਸਰਕਾਰ ਨੇ ਔਰਤਾਂ ਨੂੰ 50 ਫੀਸਦੀ ਰਾਖਵਾਂਕਰਨ ਦੇਣ ਦਾ ਫ਼ੈਸਲਾ ਵੀ ਕੀਤਾ ਸੀ ਤੇ ਇਸ ਸਬੰਧੀ ਪ੍ਰਸ਼ਾਸਨਿਕ ਕਾਰਵਾਈਆਂ ਵੀ ਕੀਤੀਆਂ ਜਾ ਰਹੀਆਂ ਹਨ।

ਇਸੇ ਦੌਰਾਨ ਕੁਝ ਵਿਅਕਤੀਆਂ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਖਲ ਕਰ ਕੇ ਪੇਂਡੂ ਵਾਰਡਬੰਦੀ ਬਾਰੇ ਇਤਰਾਜ਼ਾਂ 'ਤੇ ਫੈਸਲਾ ਨਾ ਲੈਣ ਦੀ ਗੱਲ ਕਹੀ ਸੀ, ਜਿਸ 'ਤੇ ਹਾਈ ਕੋਰਟ ਨੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਹਦਾਇਤ ਕੀਤੀ ਸੀ ਕਿ ਉਹ ਸਾਰੀਆਂ ਸਬੰਧਿਤ ਅਥਾਰਟੀਆਂ ਨੂੰ ਸਰਕੂਲਰ ਜਾਰੀ ਕਰ ਕੇ ਇਤਰਾਜ਼ਾਂ 'ਤੇ ਛੇਤੀ ਫੈਸਲਾ ਲੈਣ ਦੀ ਹਦਾਇਤ ਦੇਣ। ਇਨ੍ਹਾਂ ਇਤਰਾਜ਼ਾਂ ਨੂੰ ਦੂਰ ਕਰਨ 'ਚ ਵੀ ਸਮਾਂ ਲੱਗਿਆ ਹੈ। ਸੂਤਰ ਦੱਸਦੇ ਹਨ ਕਿ ਇਨ੍ਹਾਂ ਕੁਝ ਕਾਰਨਾਂ ਕਾਰਨ ਸਰਕਾਰ ਨੇ ਵਿਚਾਰ ਕਰਕੇ ਚੋਣਾਂ ਅੱਗੇ ਪਾਉਣ ਦਾ ਫੈਸਲਾ ਲਿਆ ਹੈ।

# ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਵਿਦਿਆਰਥੀਆਂ ਨੂੰ ਝਟਕਾ

**ਮੁਹਾਲੀ:** ਪੰਜਾਬ ਸਰਕਾਰ ਨੇ ਐਸ.ਸੀ. ਅਤੇ ਬੀਸੀ ਵਿਦਿਆਰਥੀਆਂ ਨੂੰ ਝਟਕਾ ਦਿੰਦਿਆਂ ਪ੍ਰੀਖਿਆ ਫੀਸ ਲੈਣ ਲਈ ਸਕੂਲਾਂ ਨੂੰ ਪੱਤਰ ਲਿਖਿਆ ਹੈ। ਸਰਕਾਰ ਵੱਲੋਂ ਬਜਟ ਵਿਚੋਂ ਫੀਸਾਂ ਸਬੰਧੀ ਬਜਟ ਹੈੱਡ ਖਤਮ ਕਰ ਦਿੱਤਾ ਗਿਆ ਹੈ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਮਾਜ ਭਲਾਈ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਮੁਫਤ ਕਿਤਾਬਾਂ 'ਤੇ ਵੀ ਤਲਵਾਰ ਲਟਕ ਗਈ ਹੈ।

ਪੰਜਾਬ ਵਿਚ ਪਿਛਲੇ ਲੰਮੇ ਸਮੇਂ ਤੋਂ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨ ਜਾਤੀ ਤੇ ਪਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਦੀ ਪ੍ਰੀਖਿਆ ਫੀਸ ਤੇ ਦਲਿਤ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਕੀਮਤ ਪੰਜਾਬ ਸਰਕਾਰ ਵੱਲੋਂ ਸਿੱਖਿਆ ਬੋਰਡ ਨੂੰ ਦਿੱਤੀ ਜਾਂਦੀ ਸੀ, ਪਰ ਪਿਛਲੇ ਚਾਰ ਸਾਲਾਂ ਤੋਂ ਪ੍ਰੀਖਿਆ ਫੀਸ ਅਤੇ ਮੁਫਤ ਕਿਤਾਬਾਂ ਦੀ ਅਦਾਇਗੀ ਸਿੱਖਿਆ ਬੋਰਡ ਨੂੰ ਨਹੀਂ ਕੀਤੀ ਗਈ ਹੈ। ਸਰਕਾਰ ਵੱਲ ਬਕਾਇਆ ਰਾਸ਼ੀ ਵਧ ਕੇ ਲਗਭਗ ਢਾਈ ਅਰਬ ਤੱਕ ਪਹੁੰਚ ਗਈ ਹੈ। ਇਸ ਨਾਲ ਪੰਜਾਬ ਬੋਰਡ ਨੂੰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਰਾਜ ਸਰਕਾਰ ਵੱਲੋਂ ਪੰਜਾਬ ਦੇ ਸਕੂਲਾਂ ਨੂੰ ਪੱਤਰ ਭੇਜ ਕੇ ਆਖ ਦਿੱਤਾ ਗਿਆ ਹੈ ਕਿ ਸਰਕਾਰੀ ਅਤੇ ਏਡਿਡ ਸਕੂਲਾਂ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਤੋਂ ਪ੍ਰੀਖਿਆ ਫੀਸ ਲਈ ਜਾਣੀ ਹੈ। ਭਵਿੱਖ ਵਿਚ ਜੇਕਰ ਸਰਕਾਰ, ਸਕੂਲ ਬੋਰਡ ਨੂੰ ਇਸ ਰਾਸ਼ੀ ਦੀ ਪੂਰਤੀ ਕਰ ਦਿੰਦੀ ਹੈ ਤਾਂ ਪਰੀਖਿਆਰਥੀਆਂ/ਸਕੂਲਾਂ ਨੂੰ ਇਸ ਦੀ ਅਦਾਇਗੀ ਕਰ ਦਿੱਤੀ ਜਾਵੇਗੀ।

ਸਕੂਲ ਬੋਰਡ ਦੇ ਵਾਈਸ ਚੇਅਰਮੈਨ ਬਲਦੇਵ ਸਚਦੇਵਾ ਨੇ ਕਿਹਾ ਕਿ ਸਿੱਖਿਆ ਵਿਭਾਗ ਨੇ ਬਜਟ ਵਿਚ ਫੀਸਾਂ ਸਬੰਧੀ ਬਜਟ ਹੈੱਡ ਖਤਮ ਕਰ ਦਿੱਤਾ ਹੈ। ਸਰਕਾਰ ਵੱਲੋਂ ਬੋਰਡ ਨੂੰ ਕਿਸੇ ਕਿਸਮ ਦੀ ਗਰਾਂਟ ਨਹੀਂ ਦਿੱਤੀ ਜਾਂਦੀ ਹੈ ਤੇ ਪੰਜਾਬ ਬੋਰਡ ਆਪਣੇ ਸਾਧਨਾਂ ਰਾਹੀਂ ਖਰਚੇ ਦੀ ਪੂਰਤੀ ਕਰਦਾ ਹੈ।

ਮੁਫਤ ਕਿਤਾਬਾਂ ਸਬੰਧੀ ਬੋਰਡ ਦੇ ਅਧਿਕਾਰੀ ਨੇ ਕਿਹਾ ਕਿ ਸਰਕਾਰ ਵੱਲੋਂ ਬਜਟ ਵਿਚ 49 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਸਿੱਖਿਆ ਬੋਰਡ ਵੱਲੋਂ ਸਰਕਾਰ ਨਾਲ ਬਾਕੀ ਰਹਿੰਦੀ ਰਾਸ਼ੀ ਦੀ ਵਸੂਲੀ ਲਈ ਪੱਤਰ ਵਿਹਾਰ ਕੀਤਾ ਜਾ ਰਿਹਾ ਹੈ ਤੇ ਬੋਰਡ ਮੈਨੇਜਮੈਂਟ ਨੂੰ ਆਸ ਹੈ ਕਿ ਸਰਕਾਰ ਛੇਤੀ ਹੀ ਬਕਾਇਆ ਰਾਸ਼ੀ ਦੀ ਅਦਾਇਗੀ ਕਰ ਦੇਵੇਗੀ। ਉਨ੍ਹਾਂ ਦੱਸਿਆ ਕਿ ਨਵੇਂ ਸਿੱਖਿਆ ਸੈਸ਼ਨ ਵਿਚ ਮੁਫਤ ਕਿਤਾਬਾਂ ਦੇਣ ਦਾ ਮਾਮਲਾ ਸਿੱਖਿਆ ਬੋਰਡ ਆਫ ਡਾਇਰੈਕਟਰ ਦੇ ਵਿਚਾਰ ਅਧੀਨ ਹੈ।

# ਮਸੂਦ ਵੱਲੋਂ ਰਾਮ ਮੰਦਿਰ ਬਣਾਉਣ 'ਤੇ ਭਾਰਤ 'ਚ ਤਬਾਹੀ ਦੀ ਧਮਕੀ

**ਨਵੀਂ ਦਿੱਲੀ:** ਅਯੁੱਧਿਆ ਵਿਵਾਦ ਸਿਰਫ ਭਾਰਤ ਤੱਕ ਹੀ ਸੀਮਤ ਨਹੀਂ, ਸਗੋਂ ਅਤਿਵਾਦੀ ਸੰਗਠਨਾਂ ਦੀ ਵੀ ਹੁਣ ਇਸ ਮੁੱਦੇ 'ਤੇ ਨਜ਼ਰ ਹੈ। ਦਹਿਸ਼ਤੀ ਜਥੇਬੰਦੀ ਜੈਸ਼-ਏ-ਮੁਹੰਮਦ ਦੇ ਸਰਗਨਾ ਮਸੂਦ ਅਜ਼ਹਰ ਨੇ ਬਾਬਰੀ ਮਸਜਿਦ ਢਾਹੁਣ ਤੇ ਰਾਮ ਮੰਦਰ ਦੀ ਉਸਾਰੀ ਬਾਰੇ ਆਡੀਓ ਜਾਰੀ ਕੀਤੀ ਹੈ, ਜਿਸ 'ਚ ਉਹ ਭਾਰਤ ਵਿਚ ਤਬਾਹੀ ਮਚਾਉਣ ਦੀ ਧਮਕੀ ਦੇ ਰਿਹਾ ਹੈ। ਇਸ ਟੇਪ ਦੇ ਆਉਣ ਪਿਛੋਂ ਸੁਰੱਖਿਆ ਏਜੰਸੀਆਂ ਵੀ ਚੌਕਸ ਹੋ ਗਈਆਂ ਹਨ। ਅਜ਼ਹਰ ਨੇ ਧਮਕੀ ਦਿੰਦਿਆਂ ਕਿਹਾ ਕਿ ਜੇ ਭਾਰਤ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਰ ਬਣਾਉਂਦਾ ਹੈ ਤਾਂ ਦਿੱਲੀ ਤੋਂ ਕਾਬੁਲ ਤੱਕ ਮੁਸਲਮਾਨ ਬਦਲਾ ਲੈਣ ਲਈ ਤਿਆਰ ਹਨ।

# ਚਾਰ ਸਾਲਾਂ 'ਚ 20,000 ਭਾਰਤੀਆਂ ਨੇ ਅਮਰੀਕਾ 'ਚ ਮੰਗੀ ਪਨਾਹ

**ਵਾਸ਼ਿੰਗਟਨ:** ਅਮਰੀਕਾ ਵਿਚ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ 2014 ਪਿਛੋਂ 20,000 ਭਾਰਤੀਆਂ ਨੇ ਇਥੇ ਰਾਜਨੀਤਕ ਪਨਾਹ ਦੀ ਮੰਗ ਕੀਤੀ ਹੈ। ਅਮਰੀਕੀ ਹੋਮਲੈਂਡ ਸਕਿਉਰਿਟੀ ਮੰਤਰਾਲੇ ਨੇ ਉੱਤਰੀ ਅਮਰੀਕਨ ਪੰਜਾਬੀ ਸੰਸਥਾ (ਐਨ.ਏ.ਪੀ.ਏ.) ਨੂੰ ਇਹ ਜਾਣਕਾਰੀ ਮੁਹੱਈਆ ਕਰਵਾਈ ਹੈ। ਇਹ ਸੰਸਥਾ ਪੰਜਾਬ ਤੋਂ ਆਏ ਗੈਰ ਪਰਵਾਸੀਆਂ ਲਈ ਕੰਮ ਕਰਦੀ ਹੈ।

ਅਜਿਹੀਆਂ ਅਰਜ਼ੀਆਂ ਦੇਣ ਵਾਲਿਆਂ 'ਚ ਔਰਤਾਂ ਦੀ ਗਿਣਤੀ ਕਾਫੀ ਘੱਟ ਹੈ। ਸਾਲ 2014 ਵਿਚ 2,306 ਲੋਕਾਂ ਨੇ ਪਨਾਹ ਲੈਣ ਦੀਆਂ ਅਰਜ਼ੀਆਂ ਦਿੱਤੀਆਂ ਸਨ, ਜਿਨ੍ਹਾਂ 'ਚ 146 ਔਰਤਾਂ ਸਨ। ਸਾਲ 2015 ਵਿਚ ਇਨ੍ਹਾਂ ਦੀ ਸੰਖਿਆ ਵਧ ਕੇ 2,971 ਹੋ ਗਈ, ਪਰ ਸਿਰਫ 96 ਔਰਤਾਂ ਨੇ ਹੀ ਅਰਜ਼ੀਆਂ ਦਿੱਤੀਆਂ ਸਨ। ਸਾਲ 2016 'ਚ 123 ਔਰਤਾਂ ਸਮੇਤ 4,088 ਅਤੇ 2017 'ਚ 187 ਔਰਤਾਂ ਸਮੇਤ 3,656 ਲੋਕਾਂ ਨੇ ਪਨਾਹ ਲੈਣ ਲਈ ਅਰਜ਼ੀਆਂ ਦਿੱਤੀਆਂ ਸਨ। ਅਮਰੀਕਾ 'ਚ ਹਰ ਸਾਲ ਹਜ਼ਾਰਾਂ ਭਾਰਤੀ ਪਨਾਹ ਲੈਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਸ ਲਈ ਉਹ ਏਜੰਟਾਂ ਨੂੰ ਕਥਿਤ ਰੂਪ 'ਚ 25 ਤੋਂ 30 ਲੱਖ ਰੁਪਏ ਪ੍ਰਤੀ ਵਿਅਕਤੀ ਤੱਕ ਦਿੰਦੇ ਹਨ।

# ਸਿੱਖ ਕਤਲੇਆਮ: ਹਾਈ ਕੋਰਟ ਵੱਲੋਂ 70 ਦੋਸ਼ੀਆਂ ਦੀ ਸਜ਼ਾ ਬਰਕਰਾਰ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਟਰਾਇਲ ਕੋਰਟ ਵੱਲੋਂ ਦੋਸ਼ੀ ਠਹਿਰਾਏ ਗਏ 89 ਜਣਿਆਂ ਵਿਚੋਂ 70 ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਬਾਕੀ 19 ਦੋਸ਼ੀਆਂ ਵਿਚੋਂ 16 ਦੀ ਕੇਸ ਦੀ ਸੁਣਵਾਈ ਦੌਰਾਨ ਮੌਤ ਹੋ ਗਈ ਸੀ ਤੇ ਤਿੰਨ ਹੋਰਾਂ ਦੀ ਅਰਜ਼ੀ ਅਦਾਲਤ ਨੇ ਭਗੌੜੇ ਹੋਣ ਕਾਰਨ ਪਹਿਲਾਂ ਹੀ ਖਾਰਜ ਕਰ ਦਿੱਤੀ ਸੀ।




ਉਨ੍ਹਾਂ ਨੂੰ ਦੰਗਾ ਕਰਨ, ਘਰ ਜਲਾਉਣ ਤੇ ਕਰਫਿਊ ਭੰਗ ਕਰਨ ਦੇ ਦੋਸ਼ਾਂ ਹੇਠ ਸਜ਼ਾ ਸੁਣਾਈ ਗਈ ਸੀ। ਇਨ੍ਹਾਂ ਨੂੰ ਹੁਣ ਪੰਜ ਸਾਲ ਜੇਲ੍ਹ ਵਿਚ ਬਿਤਾਉਣੇ ਪੈਣਗੇ। ਜਸਟਿਸ ਆਰ.ਕੇ. ਗੌਬਾ ਨੇ ਫੈਸਲਾ ਸੁਣਾਉਂਦਿਆਂ ਟਿੱਪਣੀ ਕੀਤੀ ਕਿ ਜੁਰਮ ਨੂੰ 34 ਵਰ੍ਹੇ ਬੀਤ ਗਏ ਹਨ ਤੇ ਪੀੜਤ ਅਜੇ ਵੀ ਨਿਆਂ ਤੇ ਕੇਸ ਖਤਮ ਹੋਣ ਦੀ ਉਡੀਕ ਕਰ ਰਹੇ ਹਨ। ਕੀ ਇਹ ਹੈ ਸਮਰੱਥ ਤੇ ਪ੍ਰਭਾਵੀ ਅਪਰਾਧਕ ਨਿਆਂ ਢਾਂਚਾ? ਜੱਜ ਨੇ ਕਿਹਾ ਕਿ ਇਹ ਬੇਹੱਦ ਅਫਸੋਸ ਦੀ ਗੱਲ ਹੈ ਕਿ ਫਿਰਕੂ ਦੰਗਿਆਂ ਨਾਲ ਪ੍ਰਭਾਵੀ ਢੰਗ ਨਾਲ ਨਜਿੱਠਣ ਲਈ ਨਿਆਂ ਪ੍ਰਣਾਲੀ ਵਿਚ ਕੋਈ ਜ਼ਿਕਰਯੋਗ ਸੁਧਾਰ ਹੀ ਨਹੀਂ ਕੀਤਾ ਗਿਆ।

ਜਸਟਿਸ ਗੌਬਾ ਵੱਲੋਂ ਰੱਦ ਕੀਤੀਆਂ ਗਈਆਂ ਅਰਜ਼ੀਆਂ ਦੋਸ਼ੀਆਂ ਨੇ 27 ਅਗਸਤ, 1996 ਦੇ ਸੈਸ਼ਨ ਅਦਾਲਤ ਦੇ ਇਕ ਫੈਸਲੇ ਖਿਲਾਫ਼ ਦਾਖਲ ਕੀਤੀਆਂ ਸਨ। ਅਦਾਲਤ ਨੇ ਉਸ ਵੇਲੇ ਕੁੱਲ 94 ਮੁਲਜ਼ਮਾਂ ਵਿਚੋਂ 5 ਨੂੰ ਬਰੀ ਕਰ ਦਿੱਤਾ ਸੀ। 89 ਦੋਸ਼ੀਆਂ ਵਿਚੋਂ ਕੁਝ ਦੀ ਸੁਣਵਾਈ ਦੌਰਾਨ ਮੌਤ ਹੋ ਚੁੱਕੀ ਹੈ। ਇਹ ਮਾਮਲਾ ਦਿੱਲੀ ਦੇ ਤ੍ਰਿਲੋਕਪੁਰੀ ਇਲਾਕੇ ਨਾਲ ਸਬੰਧਤ ਹੈ। ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 'ਵੱਡੀਆਂ ਮੱਛੀਆਂ' ਅਜੇ ਵੀ ਆਜ਼ਾਦ ਹਨ।

## ਅਣਪਛਾਤੀਆਂ ਲਾਸ਼ਾਂ ਬਾਰੇ ਕੇਸਾਂ ਦਾ ਪਤਾ ਲਾਉਣ ਦਾ ਸੁਝਾਅ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਪੁਲਿਸ ਨੂੰ 1984 ਸਿੱਖ ਦੰਗਾ ਪੀੜਤਾਂ ਦੀਆਂ 22 ਅਣਪਛਾਤੀਆਂ ਦੇਹਾਂ ਨਾਲ ਸਬੰਧਤ ਦਰਜ ਕਿਸੇ ਵੀ ਤਰ੍ਹਾਂ ਦੇ ਕੇਸ ਦਾ ਪਤਾ ਲਾਉਣ ਦਾ ਸੁਝਾਅ ਦਿੱਤਾ ਹੈ। ਅਦਾਲਤ ਨੇ ਨਾਲ ਹੀ ਕਿਹਾ ਕਿ ਸਬੂਤਾਂ ਦੀ ਦੁਬਾਰਾ ਜਾਂਚ ਕੀਤੀ ਜਾਣੀ ਚਾਹੀਦੀ ਹੈ ਤੇ ਕਾਨੂੰਨ ਮੁਤਾਬਕ ਅਗਲੇਰੀ ਕਾਰਵਾਈ ਕੀਤੀ ਜਾਵੇ। ਜਸਟਿਸ ਆਰ.ਕੇ. ਗੌਬਾ ਨੇ ਪੁਲਿਸ ਨੂੰ ਇਹ ਸੁਝਾਅ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ 22 ਸਾਲ ਪੁਰਾਣੀਆਂ ਅਪੀਲਾਂ ਦਾ ਨਿਬੇੜਾ ਕਰਨ ਮੌਕੇ ਦਿੱਤਾ। ਉਨ੍ਹਾਂ ਕਿਹਾ ਕਿ 2 ਤੇ 3 ਨਵੰਬਰ 1984 ਦੀ ਦਰਮਿਆਨੀ ਰਾਤ ਨੂੰ ਬਰਾਮਦ ਹੋਈਆਂ 95 ਵਿਚੋਂ 73 ਲਾਸ਼ਾਂ ਦੇ ਮਾਮਲੇ ਨੂੰ ਹੀ ਇਸਤਗਾਸਾ ਪੱਖ ਨੇ ਸੁਣਵਾਈ ਦੌਰਾਨ ਰੱਖਿਆ ਹੈ। ਜਦਕਿ 22 ਲਾਸ਼ਾਂ ਸਬੰਧੀ ਕਿਸੇ ਖਿਲਾਫ਼ ਕੋਈ ਕਾਰਵਾਈ ਨਹੀਂ ਹੋਈ।

## ਦੋਸ਼ੀਆਂ ਦੀ ਸਜ਼ਾ ਬਰਕਰਾਰ ਰੱਖਣ ਦੀ ਥਾਂ ਫਾਂਸੀ ਦੀ ਮੰਗ

**ਰਈਆ:** ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਦਿੱਲੀ ਹਾਈ ਕੋਰਟ ਵੱਲੋਂ ਨਵੰਬਰ '84 ਦੇ ਸਿੱਖ ਕਤਲੇਆਮ ਨਾਲ ਸਬੰਧਤ 88 ਮੁਲਜ਼ਮਾਂ ਦੀ 5-5 ਸਾਲ ਦੀ ਸਜ਼ਾ ਬਰਕਰਾਰ ਰੱਖਣ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਮੰਗ ਕੀਤੀ ਹੈ ਕਿ ਕਤਲੇਆਮ ਦੇ ਦੋਸ਼ੀਆਂ ਨੂੰ ਉਮਰ ਕੈਦ ਜਾਂ ਫਾਂਸੀ ਦੀ ਸਜ਼ਾ ਦੇਣੀ ਬਣਦੀ ਸੀ।

ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਦਿੱਲੀ ਦੀ ਅਦਾਲਤ ਵੱਲੋਂ ਸਿੱਖ ਕਤਲੇਆਮ ਦੇ ਇਕ ਦੋਸ਼ੀ ਨੂੰ ਮੌਤ ਦੀ ਸਜ਼ਾ ਅਤੇ ਦੂਜੇ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਫੈਸਲੇ ਨਾਲ ਸਿੱਖਾਂ ਨੂੰ ਇਨਸਾਫ ਦੀ ਕੁਝ ਆਸ ਬੱਝੀ ਹੈ।

ਉਨ੍ਹਾਂ ਕਿਹਾ ਕਿ '84 ਦਾ ਸਿੱਖ ਕਤਲੇਆਮ ਭਾਰਤੀ ਨਿਜ਼ਾਮ ਅਤੇ ਕਾਂਗਰਸ ਪਾਰਟੀ ਦੇ ਮੱਥੇ 'ਤੇ ਕਲੰਕ ਹੈ, ਜਿਸ ਦਾ ਦਾਗ ਸਿੱਖ ਕੌਮ ਨੂੰ ਇਨਸਾਫ ਦਿੱਤੇ ਬਿਨਾਂ ਧੋਤਾ ਨਹੀਂ ਜਾ ਸਕਦਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਹਾਈ ਕੋਰਟ ਵੱਲੋਂ 1984 ਵਿਚ ਹੋਏ ਸਿੱਖ ਕਤਲੇਆਮ ਦੇ 88 ਦੋਸ਼ੀਆਂ ਦੀ ਸਜ਼ਾ ਬਰਕਰਾਰ ਰੱਖੇ ਜਾਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਸ਼ੀਆਂ ਵਿਚੋਂ ਬਹੁਤੇ ਕਾਂਗਰਸੀ ਜਾਂ ਉਨ੍ਹਾਂ ਦੇ ਸਮਰਥਕ ਹਨ, ਜਿਸ ਨਾਲ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਸੱਤਾਧਾਰੀ ਕਾਂਗਰਸ ਪਾਰਟੀ ਨੇ ਭਾਰਤ ਦੇ ਇਤਿਹਾਸ ਦੀ ਸਭ ਤੋਂ ਭਿਆਨਕ ਨਸਲਕੁਸ਼ੀ ਦੀ ਸਾਜ਼ਿਸ਼ ਰਚੀ ਸੀ।

## ਨਨਕਾਣਾ ਸਾਹਿਬ ਨੂੰ ਤਖਤ ਬਣਾਉਣ ਬਾਰੇ ਫੈਸਲਾ ਸੰਗਤ ਦੇ ਹੱਥ: ਸਰਨਾ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦਾ 499ਵਾਂ ਪ੍ਰਕਾਸ਼ ਪੁਰਬ ਪਾਕਿਸਤਾਨ ਵਿਚ ਮਨਾਉਣ ਅਤੇ ਗੁਰਦੁਆਰਾ ਕਰਤਾਰਪੁਰ ਲਾਂਘੇ ਦੇ ਨੀਂਹ ਪੱਥਰ ਸਮਾਗਮ ਵਿਚ ਸ਼ਾਮਲ ਹੋਣ ਮਗਰੋਂ ਵਾਪਸ ਪਰਤੇ ਸਰਨਾ ਭਰਾਵਾਂ ਨੇ ਆਖਿਆ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਨੂੰ ਸਿੱਖ ਜਗਤ ਦਾ ਛੇਵਾਂ ਤਖਤ ਬਣਾਉਣ ਵਿਚ ਮਰਿਆਦਾ ਦੀ ਕੋਈ ਉਲੰਘਣਾ ਨਹੀਂ ਹੈ। ਹੁਣ ਇਸ ਸਬੰਧੀ ਅਗਲਾ ਫੈਸਲਾ ਸੰਗਤ ਨੇ ਕਰਨਾ ਹੈ।

ਪਰਮਜੀਤ ਸਿੰਘ ਸਰਨਾ ਅਤੇ ਹਰਵਿੰਦਰ ਸਿੰਘ ਸਰਨਾ (ਦੋਵੇਂ ਸਾਬਕਾ ਪ੍ਰਧਾਨ ਦਿੱਲੀ ਕਮੇਟੀ) ਨੇ ਦਾਅਵਾ ਕੀਤਾ ਕਿ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਗੁਰਪੁਰਬ ਮੌਕੇ ਜਦੋਂ ਉਨ੍ਹਾਂ ਨੇ ਸੰਗਤ ਸਾਹਮਣੇ ਇਹ ਸੁਝਾਅ ਰੱਖਿਆ ਸੀ ਤਾਂ 99 ਫੀਸਦੀ ਤੋਂ ਵੀ ਵੱਧ ਹਾਜ਼ਰ ਸੰਗਤ ਨੇ ਇਸ ਸੁਝਾਅ ਨੂੰ ਪ੍ਰਵਾਨ ਕਰਦਿਆਂ ਜੈਕਾਰੇ ਲਾਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਜਥੇ ਦੀ ਅਗਵਾਈ ਕਰ ਰਹੇ ਸਿੱਖ ਆਗੂ ਨੇ ਵੀ ਉਥੇ ਇਸ ਮਤੇ ਦਾ ਸਮਰਥਨ ਕੀਤਾ ਸੀ। ਉਨ੍ਹਾਂ ਆਖਿਆ ਕਿ ਇਸ ਸਬੰਧੀ ਸਿੱਖ ਸੰਗਤ ਅੱਗੇ ਸੁਝਾਅ ਰੱਖਿਆ ਹੈ, ਇਸ ਨੂੰ ਪ੍ਰਵਾਨ ਕਰਨਾ ਜਾਂ ਨਾ ਕਰਨਾ ਸਿੱਖ ਸੰਗਤ ਦੇ ਹੱਥ ਵਿਚ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਇਸ ਸੁਝਾਅ ਨੂੰ ਰੱਦ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਵੱਲੋਂ ਉਸਾਰਿਆ ਗਿਆ ਸਿਰਫ ਅਕਾਲ ਤਖਤ ਹੀ ਹੈ, ਬਾਕੀ ਸਾਰੇ ਤਖਤ ਸਿੱਖਾਂ ਵੱਲੋਂ ਆਪ ਉਸਾਰੇ ਅਤੇ ਐਲਾਨੇ ਗਏ ਹਨ। ਉਨ੍ਹਾਂ ਆਖਿਆ ਕਿ ਵਿਸ਼ਵ ਵਿਚ ਵਸਦੇ ਸਿੱਖਾਂ ਦੀ ਮੰਗ ਹੈ ਕਿ ਭਾਰਤ ਤੋਂ ਬਾਹਰ ਵੀ ਆਜ਼ਾਦ ਤੇ ਨਿਰਪੱਖ ਹਸਤੀ ਵਾਲਾ ਤਖਤ ਹੋਣਾ ਚਾਹੀਦਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਅੱਠ ਸਾਲ ਪਹਿਲਾਂ ਗੁਰਦੁਆਰੇ ਵਿਚਲੀ ਦਰਸ਼ਨੀ ਡਿਉਢੀ ਦੀ ਮੁਰੰਮਤ ਦਾ ਕੰਮ ਪਾਕਿਸਤਾਨ ਸਰਕਾਰ ਵੱਲੋਂ ਉਨ੍ਹਾਂ ਨੂੰ ਹੀ ਸੌਂਪਿਆ ਗਿਆ ਸੀ, ਜੋ ਕਾਰ ਸੇਵਾ ਦੇ ਰੂਪ ਵਿਚ ਕਰਵਾਇਆ ਗਿਆ ਸੀ। ਉਨ੍ਹਾਂ ਨੇ ਲਾਂਘਾ ਖੋਲ੍ਹਣ ਲਈ ਜਿਥੇ ਨਵਜੋਤ ਸਿੰਘ ਸਿੱਧੂ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਇਸ ਦਾ ਸਿਹਰਾ ਦਿੱਤਾ, ਉਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੀ ਧੰਨਵਾਦ ਕੀਤਾ ਹੈ।

## ਦੋ ਪੰਜਾਬੀਆਂ ਸਣੇ 14 ਭਾਰਤੀ ਸਾਊਦੀ ਅਰਬ ਵਿਚ ਫਸੇ

**ਸ਼ਿਮਲਾ:** ਭਾਰਤ ਦੇ 14 ਨਾਗਰਿਕ ਸਾਊਦੀ ਅਰਬ ਦੀ ਜੇਲ੍ਹ ਵਿਚ ਦੱਸੇ ਗਏ ਹਨ। ਇਨ੍ਹਾਂ ਵਿਚ ਦੋ ਪੰਜਾਬੀ ਅਤੇ 12 ਹਿਮਾਚਲ ਪ੍ਰਦੇਸ਼ ਦੇ ਨਾਗਰਿਕ ਹਨ। ਇਹ ਸਾਊਦੀ ਅਰਬ ਵਿਚ ਟੂਰਿਸਟ ਵੀਜ਼ੇ ਉਤੇ ਗਏ ਸਨ ਅਤੇ ਉਨ੍ਹਾਂ ਨੂੰ ਸਥਾਨਕ ਏਜੰਟਾਂ ਨੇ ਕੰਮ ਉਤੇ ਭੇਜ ਦਿੱਤਾ ਤੇ ਇਸ ਦੌਰਾਨ ਉਹ ਫਸ ਗਏ।

ਬਾਰਾਂ ਨਾਗਰਿਕ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਦੇ ਵਾਸੀ ਹਨ। ਇਨ੍ਹਾਂ ਦਾ ਟੂਰਿਸਟ ਵੀਜ਼ਾ ਖਤਮ ਹੋ ਗਿਆ ਸੀ ਤੇ ਇਨ੍ਹਾਂ ਕੋਲ ਵਰਕ ਵੀਜ਼ਾ ਨਹੀਂ ਸੀ। ਇਹ ਏਜੰਟ ਨੂੰ ਇਕ ਬੰਦੇ ਦੇ ਹਿਸਾਬ ਨਾਲ 90,000 ਰੁਪਏ ਦੇ ਕੇ ਗਏ ਸਨ ਅਤੇ ਏਜੰਟ ਵਿਰੁੱਧ ਧੋਖਾਧੜੀ ਦੇ ਦੋਸ਼ ਵਿਚ ਕੇਸ ਦਰਜ ਕਰ ਲਿਆ ਗਿਆ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਇਨ੍ਹਾਂ ਦਾ ਮਾਮਲਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅੱਗੇ ਰੱਖਿਆ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਭਾਰਤੀ ਨਾਗਰਿਕਾਂ ਨੂੰ ਸਾਊਦੀ ਅਰਬ ਦੀ ਜੇਲ੍ਹ ਵਿਚੋਂ ਛੁਡਾ ਕੇ ਵਾਪਸ ਭਾਰਤ ਲਿਆਂਦਾ ਜਾਵੇ।

## ਪੀਰ ਮੁਹੰਮਦ ਵੱਲੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਅਸਤੀਫਾ

**ਨਵੀਂ ਦਿੱਲੀ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਪਣੇ ਅਸਤੀਫੇ ਦਾ ਐਲਾਨ ਕਰਦੇ ਹੋਏ ਜਥੇਬੰਦਕ ਢਾਂਚੇ ਨੂੰ ਭੰਗ ਕਰ ਦਿੱਤਾ। 1995 ਤੋਂ ਲਗਾਤਾਰ ਫੈਡਰੇਸ਼ਨ ਦੇ ਮੁਖੀ ਚਲੇ



ਆ ਰਹੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਉਨ੍ਹਾਂ ਨੇ ਭਾਈ ਜਗਤਾਰ ਸਿੰਘ ਹਵਾਰਾ ਨਾਲ ਤਿਹਾੜ ਜੇਲ੍ਹ 'ਚ ਮੁਲਾਕਾਤ ਤੋਂ ਬਾਅਦ ਉਨ੍ਹਾਂ ਨੂੰ ਅਸਤੀਫਾ ਸੌਂਪ ਦਿੱਤਾ ਹੈ।

ਅਸਤੀਫੇ ਵਿਚ ਪੀਰ ਮੁਹੰਮਦ ਨੇ ਆਸ ਜਤਾਈ ਹੈ ਕਿ ਭਾਈ ਹਵਾਰਾ ਭਵਿੱਖ 'ਚ ਫੈਡਰੇਸ਼ਨ ਨੂੰ ਨਵੀਂ ਨਰੋਈ ਲੀਡਰਸ਼ਿਪ ਪ੍ਰਦਾਨ ਕਰਨ ਲਈ ਨਿੱਜੀ ਦਿਲਚਸਪੀ ਦਿਖਾਉਣਗੇ ਅਤੇ ਸਿੱਖ ਨੌਜਵਾਨਾਂ ਨੂੰ ਇਕੱਠਾ ਕਰਨ ਲਈ ਜਿਹੜੇ ਵੀ ਸਾਰਥਿਕ ਉਪਰਾਲੇ ਕੀਤੇ ਜਾਣਗੇ, ਉਸ ਨੂੰ ਉਹ (ਪੀਰ ਮੁਹੰਮਦ) ਪੂਰਨ ਸਹਿਯੋਗ ਦੇਣਗੇ। ਪੀਰ ਮੁਹੰਮਦ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਹਮੇਸ਼ਾ ਕੌਮ ਦੀ ਚੜ੍ਹਦੀ ਕਲਾ ਵਾਸਤੇ ਕੰਮ ਕੀਤਾ ਹੈ।

## ਸੁਪਰੀਮ ਕੋਰਟ ਨੇ ਵੀ ਦਿੱਤਾ ਬਾਦਲਾਂ ਦੇ ਕਰੀਬੀ ਕੋਲਿਆਂਵਾਲੀ ਨੂੰ ਝਟਕਾ

**ਬਠਿੰਡਾ:** ਬਾਦਲਾਂ ਦੇ ਕਰੀਬੀ ਸਾਬਕਾ ਚੇਅਰਮੈਨ ਦਿਆਲ ਸਿੰਘ ਕੋਲਿਆਂਵਾਲੀ ਦੀ ਸੁਪਰੀਮ ਕੋਰਟ ਵਿਚੋਂ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਹੋਣ ਨਾਲ ਉਨ੍ਹਾਂ ਦੇ ਜੇਲ੍ਹ ਜਾਣ ਦਾ ਰਾਹ ਸਾਫ ਹੋ ਗਿਆ ਹੈ। ਸੁਪਰੀਮ ਕੋਰਟ ਦੇ ਡਬਲ ਬੈਂਚ ਨੇ ਕੋਲਿਆਂਵਾਲੀ ਨੂੰ ਇਕ ਹਫਤੇ ਦੇ ਅੰਦਰ ਵਿਜੀਲੈਂਸ ਕੋਲ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ। ਸੁਪਰੀਮ ਕੋਰਟ ਨੇ ਇਕ ਮਹੀਨੇ ਦੇ ਅੰਦਰ ਹੀ ਉਸ ਦੀ ਪਟੀਸ਼ਨ 'ਤੇ ਫੈਸਲਾ ਸੁਣਾ ਦਿੱਤਾ ਹੈ। ਉਸ ਦੀ ਅਰਜ਼ੀ 'ਤੇ ਪਹਿਲੀ ਸੁਣਵਾਈ ਪਹਿਲੀ ਨਵੰਬਰ ਨੂੰ ਹੋਈ ਸੀ।

ਜ਼ਿਕਰਯੋਗ ਹੈ ਕਿ ਵਿਜੀਲੈਂਸ ਥਾਣਾ ਮੁਹਾਲੀ ਵਿਚ ਕੋਲਿਆਂਵਾਲੀ ਖਿਲਾਫ 30 ਜੂਨ 2018 ਨੂੰ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਦੇ ਇਲਜ਼ਾਮਾਂ ਅਤੇ ਕੁਰੱਪਸ਼ਨ ਵਿਰੋਧੀ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਵਿਜੀਲੈਂਸ ਨੇ ਕੋਲਿਆਂਵਾਲੀ ਦੇ ਅਧੀਨ ਸੇਵਾਵਾਂ ਚੋਣ ਬੋਰਡ ਦੇ ਮੈਂਬਰ ਅਤੇ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੀ ਚੇਅਰਮੈਨੀ ਦੇ ਸਮੇਂ ਨੂੰ (ਪਹਿਲੀ ਅਪਰੈਲ 2009 ਤੋਂ ਲੈ ਕੇ 31 ਮਾਰਚ 2014 ਤੱਕ) ਪੜਤਾਲ ਦਾ ਆਧਾਰ ਬਣਾਇਆ ਹੈ। ਪੰਜਾਬ ਹਰਿਆਣਾ ਹਾਈ ਕੋਰਟ ਨੇ 20 ਅਗਸਤ 2018 ਨੂੰ ਕੋਲਿਆਂਵਾਲੀ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਵਿਜੀਲੈਂਸ ਅਧਿਕਾਰੀਆਂ ਮੁਤਾਬਕ ਜੇਕਰ ਉਹ ਹੁਣ ਵੀ ਵਿਜੀਲੈਂਸ ਕੋਲ ਪੇਸ਼ ਨਹੀਂ ਹੁੰਦਾ ਹੈ ਤਾਂ ਉਸ ਦੀ ਪ੍ਰਾਪਰਟੀ ਜ਼ਬਤ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ਅਤੇ ਉਸ ਨੂੰ ਭਗੌੜਾ ਕਰਾਰ ਦੇਣ ਦੀ ਕਾਰਵਾਈ ਅੱਗੇ ਵਧਾਈ ਜਾਵੇਗੀ।

ਵਿਜੀਲੈਂਸ ਅਫਸਰਾਂ ਨੇ ਉਸ ਨੂੰ ਭਗੌੜਾ ਕਰਾਰ ਦੇਣ ਲਈ 13 ਨਵੰਬਰ ਨੂੰ ਜੱਦੀ ਰਿਹਾਇਸ਼



ਕੋਲਿਆਂ ਵਾਲੀ ਵਿਖੇ ਇਸ਼ਤਿਹਾਰ ਚਿਪਕਾ ਦਿੱਤਾ ਸੀ ਅਤੇ ਸੰਪਤੀ ਦੀ ਪੈਮਾਇਸ਼ ਵੀ ਸ਼ੁਰੂ ਕੀਤੀ ਸੀ। ਕੈਪਟਨ ਸਰਕਾਰ ਹੁਣ ਇਸ ਰੌਂਅ ਵਿਚ ਹੈ ਕਿ ਕੋਲਿਆਂ ਵਾਲੀ ਨੂੰ ਚਾਰ ਚੁਫੇਰੇ ਤੋਂ ਘੇਰਿਆ ਜਾਵੇ। ਉਸ ਦੀ ਨਾਮੀ ਤੇ ਬੇਨਾਮੀ ਜਾਇਦਾਦ ਦੀ ਜਾਂਚ ਵੀ ਅੰਦਰੋ-ਅੰਦਰੀ ਚੱਲ ਰਹੀ ਹੈ। ਕੋਲਿਆਂਵਾਲੀ ਕਰੀਬ ਸਾਢੇ ਤਿੰਨ ਮਹੀਨਿਆਂ ਤੋਂ ਰੂਪੋਸ਼ ਹਨ ਜਿਨ੍ਹਾਂ ਦੀ ਭਾਲ ਲਈ ਵਿਜੀਲੈਂਸ ਉਨ੍ਹਾਂ ਦੇ ਕਰੀਬੀਆਂ ਅਤੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਛਾਪੇ ਵੀ ਮਾਰ ਚੁੱਕੀ ਹੈ।

# ਬਰਗਾੜੀ ਮੋਰਚਾ ਸਨਮਾਨਜਕ ਢੰਗ ਨਾਲ ਕਿਨਾਰੇ ਲਾਉਣ ਦੇ ਰੌਂਅ 'ਚ ਪ੍ਰਬੰਧਕ

**ਚੰਡੀਗੜ੍ਹ:** ਬਰਗਾੜੀ ਵਿਚ ਇਨਸਾਫ ਮੋਰਚਾ ਲਾਈ ਬੈਠੇ ਮੁਤਵਾਜ਼ੀ ਜਥੇਦਾਰਾਂ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ 25 ਨਵੰਬਰ ਨੂੰ ਹਮਖਿਆਲੀ ਧਿਰਾਂ ਨਾਲ ਮਿਲ ਕੇ ਨਵੀਂ ਰਾਜਨੀਤਿਕ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਸੀ, ਇਸ ਲਈ ਉਹ ਇਨਸਾਫ ਮੋਰਚੇ ਨੂੰ ਸਨਮਾਨਜਨਕ ਢੰਗ ਨਾਲ ਕਿਨਾਰੇ ਲਾਉਣ ਲਈ ਯਤਨਸ਼ੀਲ ਹਨ।

ਭਰੋਸੇਯੋਗ ਸੂਤਰਾਂ ਅਨੁਸਾਰ ਮੋਰਚੇ ਵਿਚ ਸ਼ਾਮਲ ਆਗੂ ਤੇ ਧਿਰਾਂ ਵੱਲੋਂ ਪੰਜਾਬ ਸਰਕਾਰ ਨੂੰ ਇਸ਼ਾਰਿਆਂ ਇਸ਼ਾਰਿਆਂ ਵਿਚ ਕਿਹਾ ਜਾ ਰਿਹਾ ਹੈ ਕਿ ਮੋਰਚੇ ਦੀਆਂ ਮੰਗਾਂ ਮੰਨਣ ਦਾ ਐਲਾਨ ਕੀਤਾ ਜਾਵੇ ਤਾਂ ਜੋ ਉਹ ਆਪਣੀ ਨਵੀਂ ਰਾਜਨੀਤਿਕ ਪਾਰਟੀ ਬਣਾ ਸਕਣ। ਸ਼ੁਰੂ ਵਿਚ ਇਨਸਾਫ ਮੋਰਚੇ ਦੀ ਸਭ ਤੋਂ ਵੱਡੀ ਮੰਗ ਸੀ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਕੀਤੀ ਜਾਵੇ। ਕੈਪਟਨ ਸਰਕਾਰ ਨੇ ਰਿਪੋਰਟ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕਰ ਕੇ ਕਾਰਵਾਈ ਦਾ ਐਲਾਨ ਵੀ ਕਰ ਦਿੱਤਾ ਸੀ। ਸਰਕਾਰ ਨੇ ਉਸ ਤੋਂ ਪਹਿਲਾਂ



9 ਪੁਲਿਸ ਅਧਿਕਾਰੀਆਂ ਦੇ ਨਾਂ ਪਹਿਲਾਂ ਤੋਂ ਬਾਜਾਖਾਨਾ ਵਿਚ ਦਰਜ ਐਫ.ਆਈ.ਆਰ. ਵਿਚ ਜੋੜ ਦਿੱਤੇ ਸਨ ਤੇ ਇਕ ਹੋਰ ਕੇਸ ਅਣਪਛਾਤੇ ਵਿਅਕਤੀਆਂ ਵਿਰੁੱਧ ਕੋਟਕਪੂਰਾ ਵਿਚ ਦਰਜ ਕਰ ਦਿੱਤਾ ਸੀ। ਸਰਕਾਰ ਵੱਲੋਂ ਕਾਰਵਾਈ ਕਰਨ ਵਿਚ ਦੇਰੀ ਕਾਰਨ ਪੁਲਿਸ ਅਧਿਕਾਰੀ ਹਾਈ ਕੋਰਟ ਪਹੁੰਚ ਗਏ ਤੇ ਆਪਣੇ ਵਿਰੁੱਧ ਕਾਰਵਾਈ ਅਤੇ ਕਮਿਸ਼ਨ ਦੀ ਰਿਪੋਰਟ 'ਤੇ ਸਟੇਅ ਪ੍ਰਾਪਤ ਕਰ ਲਿਆ। ਸਰਕਾਰ ਵੱਲੋਂ ਸਟੇਅ ਖਤਮ ਕਰਵਾਉਣ ਲਈ ਚਾਰਾਜੋਈ ਕਰਨ ਦੀਆਂ ਰਿਪੋਰਟਾਂ ਹਨ।

ਮੋਰਚੇ ਦੀਆਂ ਤਿੰਨ ਮੰਗਾਂ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ, ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ। ਇਸ ਦੇ ਜੁਆਬ ਵਿਚ ਰਾਜ ਸਰਕਾਰ ਦਾ ਕਹਿਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਫੜਿਆ ਜਾ ਚੁੱਕਾ ਹੈ ਤੇ ਗੋਲੀ ਕਾਂਡ ਦੇ ਦੋਸ਼ੀਆਂ ਦੇ ਮਾਮਲੇ ਅਦਾਲਤ ਵਿਚ ਜਾਣ ਕਰ ਕੇ ਅਟਕੇ ਹਨ, ਪਰ ਰਾਜ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ ਬਣਾਈ ਸੀ, ਜਿਸ ਨੇ ਆਪਣਾ ਕਾਫੀ ਕੰਮ ਮੁਕਾ ਲਿਆ ਹੈ।

ਇਨਸਾਫ ਮੋਰਚੇ ਦੇ ਆਗੂ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਮੋਰਚਾ ਕਿਨਾਰੇ ਲੱਗ ਜਾਵੇ, ਪਰ ਸਰਕਾਰ ਮੰਗਾਂ ਤਾਂ ਮੰਨੇ। ਉਨ੍ਹਾਂ ਕਿਹਾ ਕਿ ਸਾਨੂੰ ਮੋਰਚਾ ਖਤਮ ਕਰਨ ਦੀ ਕੋਈ ਕਾਹਲੀ ਨਹੀਂ ਹੈ, ਪਰ ਪੰਜਾਬ ਸਰਕਾਰ ਨੂੰ ਵੀ ਮੰਗਾਂ ਬਾਰੇ ਕੁਝ ਸਾਰਥਕ ਕਦਮ ਚੁੱਕਣੇ ਚਾਹੀਦੇ ਹਨ।

# ਦਿੱਲੀ ’ਚ ਕਿਸਾਨ ਸੰਘਰਸ਼ ਦੇ ਵੱਡੇ ਸੰਕੇਤ



**ਨਵੀਂ ਦਿੱਲੀ:** ਦੇਸ਼ ਭਰ ਵਿਚੋਂ ਦੋ ਸੌ ਤੋਂ ਵੱਧ ਕਿਸਾਨ ਜਥੇਬੰਦੀਆਂ ਦੇ ਸੱਦੇ ’ਤੇ ਨਵੀਂ ਦਿੱਲੀ ਸਰਕਾਰ ਦੀਆਂ ਬਰੂਹਾਂ ਉਤੇ ਪਹੁੰਚੇ ਕਿਸਾਨਾਂ ਨੇ ਕਿਸਾਨੀ ਦੀ ਹਾਲਤ ਬਿਆਨ ਕਰਨ ਦੇ ਨਾਲ-ਨਾਲ ਭਵਿੱਖ ਵਿਚ ਵੱਡੇ ਕਿਸਾਨ ਅੰਦੋਲਨ ਦੇ ਆਗਾਜ਼ ਦਾ ਸੰਕੇਤ ਵੀ ਦੇ ਦਿੱਤਾ ਹੈ। ਰਾਮਲੀਲ੍ਹਾ ਮੈਦਾਨ ਵਿਚ ਹੋਈ ਰੈਲੀ ਦੌਰਾਨ 21 ਸਿਆਸੀ ਪਾਰਟੀਆਂ ਦੇ ਆਗੂਆਂ ਨੇ ਕਿਸਾਨਾਂ ਦੀਆਂ ਮੰਗਾਂ ਨਾਲ ਸਹਿਮਤੀ ਪ੍ਰਗਟਾਉਂਦਿਆਂ ਮੋਦੀ ਸਰਕਾਰ ਉਤੇ ਕਿਸਾਨ ਵਿਰੋਧੀ ਹੋਣ ਦਾ ਦੋਸ਼ ਲਗਾਇਆ।

ਆਲ ਇੰਡੀਆ ਕਿਸਾਨ ਕੋਆਰਡੀਨੇਸ਼ਨ ਕਮੇਟੀ ਦੇ ਝੰਡੇ ਹੇਠ ਇਕੱਠੀਆਂ ਜਥੇਬੰਦੀਆਂ ਨਾਲ ਪਹਿਲੀ ਵਾਰ ਨੇਸ਼ਨ ਫਾਰ ਫਾਰਮਰਜ਼ ਨਾਂ ਦੇ ਸੰਗਠਨ ਨੇ ਵੀ ਹਾਜ਼ਰੀ ਲੁਆਈ। ਇਸ ’ਚ ਬੈਂਕ ਮੁਲਾਜ਼ਮ, ਡਾਕਟਰ, ਅਧਿਆਪਕ, ਵਿਦਿਆਰਥੀ ਤੇ ਹੋਰ ਕਈ ਕਿੱਤਿਆਂ ਨਾਲ ਜੁੜੇ ਲੋਕ ਸਨ। ਉਥੇ ਪੱਤਰਕਾਰ ਪੀ. ਸਾਈਨਾਥ ਅਤੇ ਹੋਰਾਂ ਵੱਲੋਂ ਵੱਖ ਵੱਖ ਸ਼ੋਹਬਿਆਂ ਵਿਚ ਕੰਮ ਕਰਨ ਵਾਲਿਆਂ ਨੂੰ ਕਿਸਾਨਾਂ ਦੇ ਸੰਘਰਸ਼ ਵਿਚ ਮਦਦ ਦੀ ਆਵਾਜ਼ ਮਾਰੀ ਸੀ। ਇਸ ਇਕੱਠ ਨੇ ਖੇਤੀ ਅਤੇ ਕਿਸਾਨੀ ਸਮੱਸਿਆਵਾਂ ਉਤੇ ਵਿਚਾਰ ਕਰਨ ਵਾਸਤੇ ਤਿੰਨ ਹਫਤਿਆਂ ਲਈ ਪਾਰਲੀਮੈਂਟ ਦਾ ਵਿਸ਼ੇਸ਼ ਇਜਲਾਸ ਬੁਲਾਉਣ ਦੀ ਮੰਗ ਕੀਤੀ। ਕੋਆਰਡੀਨੇਸ਼ਨ ਕਮੇਟੀ ਵਿਚ ਸ਼ਾਮਲ ਜਥੇਬੰਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਕਿਸਾਨਾਂ ਦੇ ਕਰਜ਼ੇ ਦੇ ਨਿਬੇੜੇ ਲਈ ਦੋ ਬਿਲ ਪਾਰਲੀਮੈਂਟ ਤੋਂ ਪਾਸ ਕਰਵਾਉਣ ਉਤੇ ਸਹਿਮਤੀ ਬਣੀ ਹੋਈ ਹੈ।

ਵਿਰੋਧੀ ਪਾਰਟੀਆਂ ਤੋਂ ਇਹ ਪ੍ਰਤਿੱਗਿਆ ਲਈ ਗਈ ਹੈ ਕਿ ਪਾਰਲੀਮੈਂਟ ਵਿਚ ਪ੍ਰਾਈਵੇਟ ਮੈਂਬਰ ਬਿਲ ਵਜੋਂ ਪੇਸ਼ ਕੀਤੇ ਗਏ ਦੋਵੇਂ ਬਿੱਲਾਂ ਨੂੰ ਪਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਦੇਸ਼ ਭਰ ਵਿਚ ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀ ਦੇ ਰਾਹ ਪੈਣ ਲਈ ਮਜਬੂਰ ਹਨ ਅਤੇ ਸਾਢੇ ਤਿੰਨ ਲੱਖ ਦੇ ਕਰੀਬ ਖ਼ੁਦਕੁਸ਼ੀਆਂ ਹੋ ਚੁੱਕੀਆਂ ਹਨ। ਇਸ ਦਰਦਨਾਕ ਵਰਤਾਰੇ ਨੂੰ ਰੋਕਣ ਲਈ ਅਜੇ ਤੱਕ ਕੋਈ ਠੋਸ ਵਿਚਾਰ ਚਰਚਾ ਜਾਂ ਫ਼ੈਸਲੇ ਨਹੀਂ ਕੀਤੇ ਗਏ। ਕਿਸਾਨਾਂ ਦੀ ਮੁੱਖ ਮੰਗ ਫਸਲਾਂ ਦੇ ਭਾਅ ਨੂੰ ਲਾਗਤ ਮੁੱਲ ਨਾਲ ਜੋੜਨ ਅਤੇ ਉਸ ਉੱਪਰ 50 ਫੀਸਦੀ ਮੁਨਾਫਾ ਦੇਣ ਦੀ ਹੈ, ਜਿਸ ਲਈ ਉਹ ਪਿਛਲੇ ਲੰਮੇ ਸਮੇਂ ਤੋਂ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ‘ਤੇ ਅਮਲ ਕੀਤੇ ਜਾਣ ਦੀ ਮੰਗ ਕਰਦੇ ਆ ਰਹੇ ਹਨ। ਪ੍ਰਾਂਤਾਂ ਅਤੇ ਲੋਕ ਸਭਾ ਦੀਆਂ ਚੋਣਾਂ ਦੌਰਾਨ ਸਾਰੀਆਂ ਹੀ ਪਾਰਟੀਆਂ ਕਿਸਾਨਾਂ ਦੀ ਆਰਥਿਕ ਹਾਲਤ ਸੁਧਾਰਨ ਦੀ ਗੱਲ ਕਰਦੀਆਂ ਹਨ, ਕਰਜ਼ਿਆਂ ਦੀ ਮੁਆਫ਼ੀ ਦੀ ਗੱਲ ਕਰਦੀਆਂ ਹਨ।

ਪਿਛਲੇ ਸਮੇਂ ਵਿਚ ਕਈ ਰਾਜਾਂ ਵਿਚ ਕਰਜ਼ੇ ਮੁਆਫ਼ ਵੀ ਕੀਤੇ ਗਏ ਹਨ ਪਰ ਇਨ੍ਹਾਂ ਨਾਲ ਸਮੱਸਿਆ ਹੱਲ ਨਹੀਂ ਹੋਈ। ਜਿਥੋਂ ਤੱਕ ਸਮੁੱਚਾ ਕਰਜ਼ਾ ਮੁਆਫੀ ਦਾ ਸਬੰਧ ਹੈ, ਇਸ ‘ਤੇ ਅਮਲ ਕੀਤਾ ਜਾਣਾ ਸੰਭਵ ਨਹੀਂ ਹੈ ਕਿਉਂਕਿ ਕਿਸਾਨਾਂ ਵੱਲੋਂ ਘੱਟੋ-ਘੱਟ ਅੱਧਾ ਕਰਜ਼ਾ ਨਿੱਜੀ ਤੌਰ ‘ਤੇ ਆੜ੍ਹਤੀਆਂ ਅਤੇ ਹੋਰ ਸੰਸਥਾਵਾਂ ਤੋਂ ਲਿਆ ਗਿਆ ਹੁੰਦਾ ਹੈ। ਬੈਂਕਾਂ ਲਈ ਅਜਿਹਾ ਕਰ ਸਕਣਾ ਸੰਭਵ ਦਿਖਾਈ ਨਹੀਂ ਦਿੰਦਾ। ਜਿਥੋਂ ਤੱਕ ਵੱਡੀਆਂ ਕੰਪਨੀਆਂ ਅਤੇ ਵੱਡੇ ਵਪਾਰੀਆਂ ਵਲੋਂ ਬੈਂਕਾਂ ਤੋਂ ਲਏ ਗਏ ਕਰਜ਼ੇ ਦੇ ਡੁੱਬ ਜਾਣ ਦਾ ਸਵਾਲ ਹੈ, ਉਸ ਸਬੰਧੀ ਬੈਂਕਾਂ ਦੇ ਨਾਲ-ਨਾਲ ਸਰਕਾਰ ਨੂੰ ਵੀ ਸਖ਼ਤ ਹੋਣ ਦੀ ਜ਼ਰੂਰਤ ਹੋਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਨੇਕਾਂ ਵਾਰ ਇਹ ਦਾਅਵਾ ਅਤੇ ਵਾਅਦਾ ਕੀਤਾ ਹੈ ਕਿ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦਿੱਤੀ ਜਾਏਗੀ, ਪਰ ਸਰਕਾਰ ਨੂੰ ਹਰ ਸੂਰਤ ਵਿਚ ਹਕੀਕੀ ਤੌਰ ‘ਤੇ ਫਸਲਾਂ ਦੀਆਂ ਵਾਜਿਬ ਕੀਮਤਾਂ ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ‘ਤੇ ਅਮਲ ਕਰਨ ਵੱਲ ਵਧਣਾ ਚਾਹੀਦਾ ਹੈ।

# ਭਾਜਪਾ ਵਿਰੋਧੀ ਸਿਆਸੀ ਧਿਰਾਂ ਆਈਆਂ ਇਕ ਮੰਚ ‘ਤੇ

**ਨਵੀਂ ਦਿੱਲੀ:** ਆਪਣੀਆਂ ਮੰਗਾਂ ਲਈ ਕੌਮੀ ਰਾਜਧਾਨੀ ਵਿਚ ਜੁੜੇ 35 ਹਜ਼ਾਰ ਤੋਂ ਵਧ ਕਿਸਾਨਾਂ ਦੀ ਮਹਾਰੈਲੀ ‘ਚ ਵਿਰੋਧੀ ਧਿਰ ਨੇ ਏਕਤਾ ਦਾ ਮੁਜ਼ਾਹਰਾ ਕੀਤਾ। ਰੈਲੀ ‘ਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੋਦੀ ਸਰਕਾਰ ਉਤੇ ਦੋਸ਼ ਲਗਾਇਆ ਕਿ ਉਸ ਨੇ ਖੇਤੀਬਾੜੀ ਲਈ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ। ਕਿਸਾਨਾਂ ਦੀਆਂ ਮੰਗਾਂ ਦੀ ਹਮਾਇਤ ਕਰਦਿਆਂ ਉਨ੍ਹਾਂ ਮੁਕੰਮਲ ਕਰਜ਼ਾ ਮੁਆਫੀ ਅਤੇ ਫਸਲਾਂ ਦਾ ਵੱਧ ਭਾਅ ਦੇਣ ਦੀ ਮੰਗ



ਕੀਤੀ। ਕਿਸਾਨਾਂ ਨੂੰ ਨੈਸ਼ਨਲਿਸਟ ਕਾਂਗਰਸ ਪਾਰਟੀ (ਐਨ.ਸੀ.ਪੀ.) ਮੁਖੀ ਸ਼ਰਦ ਪਵਾਰ, ਨੈਸ਼ਨਲ ਕਾਨਫਰੰਸ ਦੇ ਫਾਰੂਕ ਅਬਦੁੱਲਾ, ਸੀ.ਪੀ.ਐਮ. ਜਨਰਲ ਸਕੱਤਰ ਸੀਤਾਰਾਮ ਯੇਚੁਰੀ, ਤ੍ਰਿਣਮੂਲ ਕਾਂਗਰਸ ਦੇ ਦਿਨੇਸ਼ ਤ੍ਰਿਵੇਦੀ, ਲੋਕਤਾਂਤਰਿਕ ਜਨਤਾ ਦਲ ਦੇ ਸ਼ਰਦ ਯਾਦਵ ਅਤੇ ਟੀ.ਡੀ.ਪੀ. ਆਗੂ ਕੇ ਰਵਿੰਦਰ ਕੁਮਾਰ ਸਮੇਤ ਹੋਰਾਂ ਨੇ ਵੀ ਸੰਬੋਧਨ ਕੀਤਾ ਅਤੇ ਕਿਸਾਨ ਵਿਰੋਧੀ ਨੀਤੀਆਂ ਲਈ ਮੋਦੀ ਸਰਕਾਰ ਦੀ ਜੰਮ ਕੇ ਆਲੋਚਨਾ ਕੀਤੀ।

## ਤਾਜ ਮਹੱਲ ਲਈ ਹੈਰੀਟੇਜ ਯੋਜਨਾ ਦਾ ਖਰੜਾ ਤਿਆਰ

**ਨਵੀਂ ਦਿੱਲੀ:** ਤਾਜ ਮਹੱਲ ਦੀ ਸਾਂਭ-ਸੰਭਾਲ ਮਾਮਲੇ ਵਿਚ ਸੁਪਰੀਮ ਕੋਰਟ ‘ਚ ਹੋਈ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਤਾਜ ਮਹੱਲ ਲਈ ਹੈਰੀਟੇਜ ਯੋਜਨਾ ਯੂਨੈਸਕੋ ਨੂੰ ਸੌਂਪਣ ਤੋਂ ਪਹਿਲਾਂ ਖਰੜਾ ਤਿਆਰ ਹੋ ਚੁੱਕਾ ਹੈ, ਜਿਸ ਨੂੰ 8 ਹਫਤਿਆਂ ‘ਚ ਅੰਤਿਮ ਰੂਪ ਦਿੱਤਾ ਜਾਵੇਗਾ। ਕੇਂਦਰ ਵੱਲੋਂ ਪੇਸ਼ ਵਧੀਕ ਸਾਲਿਸਟਰ ਜਨਰਲ ਏ.ਐਨ.ਐਸ. ਨਾਡਕਰਨੀ ਨੇ ਅਦਾਲਤ ਨੂੰ ਦੱਸਿਆ ਕਿ ਤਾਜ ਮਹੱਲ ਲਈ ਹੈਰੀਟੇਜ ਯੋਜਨਾ ਦਾ ਪਹਿਲਾ ਖਰੜਾ, ਜੋ ਯੂਨੈਸਕੋ ਨੂੰ ਪੇਸ਼ ਕੀਤਾ ਜਾਣਾ ਹੈ, ਨੂੰ ਅੱਠ ਹਫਤਿਆਂ ਦੇ ਅੰਦਰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।



ਪਿਛਲੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਯੂ.ਪੀ. ਸਰਕਾਰ ਨੂੰ ਤਾਜ ਮਹੱਲ ਦੀ ਸਾਂਭ ਸੰਭਾਲ ਨੂੰ ਲੈ ਕੇ ਨਜ਼ਰੀਆ ਪ੍ਰਗਟਾਉਂਦੇ ਦਸਤਾਵੇਜ਼ (ਵਿਜ਼ਨ ਡਾਕੂਮੈਂਟ) ਦਾਖਲ ਕਰਾਉਣ ਲਈ 15 ਨਵੰਬਰ ਤੱਕ ਦਾ ਸਮਾਂ ਦਿੱਤਾ ਸੀ। ਵਿਜ਼ਨ ਡਾਕੂਮੈਂਟ ਖਰੜਾ ਕਮੇਟੀ ਦੀ ਅਧਿਕਾਰੀ ਤੇ ਸਕੂਲ ਆਫ ਪਲਾਨਿੰਗ ਐਂਡ ਆਰਕੀਟੈਕਚਰ ਦੀ ਮੀਨਾਕਸ਼ੀ ਧੋਹਤੇ ਨੇ ਕਿਹਾ ਕਿ ਵਿਜ਼ਨ ਡਾਕੂਮੈਂਟ ਬਾਰੇ ਈਮੇਲ ਤੇ ਕਾਗਜ਼ਾਂ ‘ਤੇ ਸੁਝਾਅ ਮਿਲ ਰਹੇ ਹਨ। ਏ.ਐਸ.ਆਈ. ਨਾਲ ਵੀ ਇਸ ਬਾਬਤ ਗੱਲਬਾਤ ਹੋ ਰਹੀ ਹੈ ਅਤੇ ਉਨ੍ਹਾਂ ਦੇ ਮਾਹਿਰਾਂ ਨਾਲ ਗੱਲ ਕਰ ਕੇ ਸੁਝਾਅ ਲਏ ਜਾ ਰਹੇ ਹਨ।

# ਅਫਗਾਨਿਸਤਾਨ ਵਿਚ ਕਰਜ਼ਾ ਮੋੜਨ ਲਈ ਲੋਕ ਧੀਆਂ ਵੇਚਣ ਲਈ ਮਜਬੂਰ

**ਜਨੇਵਾ:** ਜੰਗ ਦੀ ਮਾਰ ਝੱਲ ਰਹੇ ਅਫ਼ਗਾਨਿਸਤਾਨ ’ਚ ਪਈ ਔੜ ਨੇ ਮਨੁੱਖੀ ਸੰਕਟ ਨੂੰ ਇਸ ਹੱਦ ਤੱਕ ਵਧਾ ਦਿੱਤਾ ਹੈ ਕਿ ਲੋਕ ਆਪਣਾ ਕਰਜ਼ਾ ਮੋੜਨ ਅਤੇ ਖੁਰਾਕੀ ਵਸਤਾਂ ਖਰੀਦਣ ਲਈ ਆਪਣੀਆਂ ਛੋਟੀਆਂ-ਛੋਟੀਆਂ ਬੱਚੀਆਂ ਨੂੰ ਵਿਆਹ ਲਈ ਵੇਚਣ ਲਈ ਮਜਬੂਰ ਹਨ।

ਅਫ਼ਗਾਨਿਸਤਾਨ ਦੇ ਔੜ ਮਾਰੇ ਇਲਾਕਿਆਂ ਹੇਰਾਤ ਤੇ ਬਗਦੀਜ ਵਿਚ ਸੰਯੁਕਤ ਰਾਸ਼ਟਰ ਦੀ ਬਾਲ ਏਜੰਸੀ ਵੱਲੋਂ ਲਾਏ ਅਨੁਮਾਨ ਮੁਤਾਬਕ ਇਕ ਮਹੀਨੇ ਤੋਂ ਲੈ ਕੇ 16 ਸਾਲਾਂ ਤੱਕ ਦੀ ਉਮਰ ਦੇ ਘੱਟ ਤੋਂ ਘੱਟ 161 ਬੱਚੇ ਵੇਚੇ ਗਏ ਹਨ। ਯੂਨੀਸੈੱਫ ਦੀ ਤਰਜਮਾਨ ਏਲੀਸਨ ਪਾਰਕਰ ਨੇ ਜਨੇਵਾ ਵਿਚ ਕਿਹਾ ਕਿ ਅਫ਼ਗਾਨਿਸਤਾਨ ਵਿਚ ਬੱਚਿਆਂ ਦੀ ਸਥਿਤੀ ਬਹੁਤ ਮਾੜੀ ਹੈ। ਅਫ਼ਗਾਨਿਸਤਾਨ ਬਾਰੇ ਇਕ ਕੌਮਾਂਤਰੀ ਸੰਮੇਲਨ ਵਿਚ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜੁਲਾਈ ਤੋਂ ਅਕਤੂਬਰ ਦਰਮਿਆਨ ਕੀਤੇ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਲੜਕੀਆਂ ਦੀ ਜਾਂ ਤਾਂ ਮੰਗਣੀ ਕਰ ਦਿੱਤੀ ਗਈ ਜਾਂ ਵਿਆਹ ਜਾਂ ਉਨ੍ਹਾਂ ਨੂੰ ਕਰਜ਼ਾ ਚੁਕਾਉਣ ਲਈ ਵੇਚ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਔੜ ਤੋਂ ਪਹਿਲਾਂ 80 ਫੀਸਦੀ ਤੋਂ ਵੱਧ ਪਰਿਵਾਰ ਕਰਜ਼ੇ ਦੇ ਲਪੇਟ ਵਿਚ ਸਨ। ਕਈ ਪਰਿਵਾਰਾਂ ਨੂੰ ਉਮੀਦ ਸੀ ਕਿ ਚੰਗੀ ਫਸਲ ਹੋਣ ਉਤੇ ਉਹ ਕਰਜ਼ਾ ਵਾਪਸ ਕਰ ਦੇਣਗੇ ਪਰ ਉਹ ਅਜਿਹਾ ਨਹੀਂ ਕਰ ਸਕੇ। ਅਫ਼ਗਾਨਿਸਤਾਨ ਵਿਚ ਬੱਚਿਆਂ ਤੋਂ ਜਬਰੀ ਮਜ਼ਦੂਰੀ ਕਰਵਾਉਣ ਦੇ ਮਾਮਲੇ ਵੀ ਵਧਦੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅਫ਼ਗਾਨਿਸਤਾਨ ਦੇ ਸਮਾਜ ਵਿਚ ਬਾਲ ਵਿਆਹ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ।

ਅਫ਼ਗਾਨਿਸਤਾਨ ’ਚ ਵੁਆਇਸ ਆਫ ਵਿਮੈੱਨ ਦੀ ਮੁਖੀ ਸੁਰਾਇਆ ਪਕਜ਼ਾਦ ਨੇ ਕਿਹਾ ਕਿ ਇਹ ਗੱਲ ਬਹੁਤ ਪ੍ਰੇਸ਼ਾਨ ਕਰਨ ਵਾਲੀ ਹੈ। ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਵਿਚ ਆਰਥਿਕ ਸੰਕਟ ਦੇ ਹੱਲ ਲਈ 8 ਤੋਂ 12 ਸਾਲਾਂ ਦੀਆਂ ਲੜਕੀਆਂ ਦਾ ਵਿਆਹ ਬੁੱਢਿਆਂ ਨਾਲ ਕੀਤਾ ਜਾ ਰਿਹਾ ਹੈ। ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਨੇ ਵੀ ਕਿਹਾ ਹੈ ਕਿ ਦਸ਼ਕਾਂ ਬਾਅਦ ਪਏ ਇਸ ਔੜ ਨੇ ਹਾਲਾਤ ਨੂੰ ਹੋਰ ਬਦਤਰ ਬਣਾ ਦਿੱਤਾ ਹੈ।

## ਤਿਲੰਗਾਨਾ ‘ਚ ਭਾਜਪਾ ਹਰ ਸਾਲ ਵੰਡੇਗੀ ਇਕ ਲੱਖ ਗਾਂਵਾਂ

**ਹੈਦਰਾਬਾਦ:** ਭਾਜਪਾ ਨੇ ਤਿਲੰਗਾਨਾ ਅਸੈਂਬਲੀ ਲਈ ਚੋਣਾਂ ਲਈ ਆਪਣਾ ਚੋਣ ਮੈਨੀਫੈਸਟੋ ਜਾਰੀ ਕਰਦਿਆਂ ਦੋ ਲੱਖ ਰੁਪਏ ਤੱਕ ਦੇ ਖੇਤੀ ਕਰਜ਼ਿਆਂ ‘ਤੇ ਲੀਕ ਮਾਰਨ, ਹਰ ਸਾਲ ਇਕ ਲੱਖ ਲੋਕਾਂ ਨੂੰ ਗਊਆਂ ਦੀ ਮੁਫਤ ਵੰਡ ਕਰਨ ਜਿਹੇ ਚੋਣ ਵਾਅਦੇ ਕੀਤੇ ਹਨ। ਤਿਲੰਗਾਨਾ ਭਾਜਪਾ ਦੇ ਪ੍ਰਧਾਨ ਕੇ.ਲਕਸ਼ਮਣ ਨੇ ਅੱਜ ਚੋਣ ਮੈਨੀਫੈਸਟੋ ਰਿਲੀਜ਼ ਕਰਦਿਆਂ ਵਾਅਦਾ ਕੀਤਾ ਕਿ ਉਹ ਪੈਸੇ ਦੇ ਜ਼ੋਰ ‘ਤੇ ਕੀਤੇ ਜਾ ਧਰਮ ਪਰਿਵਰਤਨ ਨੂੰ ਰੋਕਣ ਲਈ ਕਾਨੂੰਨ ਲਿਆਉਣਗੇ।

# ਹੁਣ ਦੁਨੀਆਂ ਭਰ ‘ਚ ਮਿਲੇਗਾ ਫਰੀ ਵਾਈ-ਫਾਈ

**ਨਵੀਂ ਦਿੱਲੀ:** ਚੀਨੀ ਕੰਪਨੀ ਲਿੰਕਸ਼ਿਓਰ ਨੇ ਦੁਨੀਆਂ ਦੀ ਪਹਿਲੀ ਅਜਿਹੀ ਸੈਟੇਲਾਈਟ ਪੇਸ਼ ਕੀਤੀ ਹੈ ਜਿਸ ਦੀ ਮਦਦ ਨਾਲ ਦੁਨੀਆਂ ਭਰ ਦੇ ਲੋਕਾਂ ਨੂੰ ਫਰੀ ਵਾਈ-ਫਾਈ ਮਿਲ ਸਕੇਗਾ। ਕੰਪਨੀ ਨੇ ਕਿਹਾ ਕਿ ਇਸ ਸੈਟੇਲਾਈਟ ਨੂੰ ਅਗਲੇ ਸਾਲ ਚੀਨ ਦੇ ਜਿਊਕੁਵਾਨ ਸੈਟੇਲਾਈਟ ਲੌਂਚ ਸੈਂਟਰ ਵਿਚ ਚਾਲੂ ਕੀਤਾ ਜਾਵੇਗਾ। 2020 ਤੱਕ ਪੁਲਾੜ ‘ਚ ਇਸ ਤਰ੍ਹਾਂ ਦੇ 10 ਸੈਟੇਲਾਈਟ ਭੇਜੇ ਜਾਣਗੇ।

ਲਿੰਕਸ਼ਿਓਰ ਦੇ ਸੀ.ਈ.ਓ. ਵਾਂਗ ਜਿੰਗਯਾਇੰਗ ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਇਸ ਪ੍ਰੋਜੈਕਟ ‘ਤੇ 3 ਬਿਲੀਅਨ ਯੁਆਨ ਯਾਨੀ ਕਰੀਬ 30 ਅਰਬ ਰੁਪਏ ਨਿਵੇਸ਼ ਕਰ ਰਹੀ ਹੈ। ਜਿਥੇ ਨੈੱਟਵਰਕ ਨਹੀਂ, ਉਥੇ ਵੀ ਫਰੀ ਵਾਈ-ਫਾਈ ਮਿਲੇਗਾ: ਕੰਪਨੀ ਮੁਤਾਬਕ ਕਈ ਥਾਂਵਾਂ ‘ਤੇ ਟੈਲੀਕਾਮ ਨੈੱਟਵਰਕ ਲਾਉਣਾ ਮੁਸ਼ਕਲ ਹੈ, ਜਿਸ ਕਾਰਨ ਉਥੇ ਦੇ ਲੋਕ ਇੰਟਰਨੈੱਟ ਦਾ ਇਸਤੇਮਾਲ ਨਹੀਂ ਕਰ ਸਕਦੇ ਪਰ ਇਸ ਸੈਟੇਲਾਈਟ ਦੇ ਪੁਲਾੜ ‘ਚ ਪਹੁੰਚਣ ਤੋਂ ਬਾਅਦ ਲੋਕ ਆਪਣੇ ਫੋਨ ’ਚ ਵਾਈ-ਫਾਈ ਨਾਲ ਨੈੱਟ ਦੀ ਵਰਤੋਂ ਕਰ ਸਕਣਗੇ। ਮੀਡੀਏ ਮੁਤਾਬਕ ਸੈਟੇਲਾਈਟ ਦੀ ਮਦਦ ਨਾਲ ਫਰੀ ਵਾਈ-ਫਾਈ ਐਕਸੈਸ ਦੇਣ ਲਈ ਗੂਗਲ, ਸਪੇਸ ਐਕਸ਼, ਵਨ ਵੈਬ ਤੇ ਟੈਲੀਸੈੱਟ ਜਿਹੀਆਂ ਕੰਪਨੀਆਂ ਵੀ ਤਿਆਰੀਆਂ ਕਰ ਰਹੀਆਂ ਹਨ। ਬੈਂਕ ਆਫ ਅਮਰੀਕਾ ਮੇਰਿਲ ਲਿੰਚ ਨੇ ਅੰਦਾਜ਼ਾ ਲਾਇਆ ਹੈ ਕਿ 2045 ਤੱਕ ਦੁਨੀਆਂ ਦੀ ਸਪੇਸ ਇੰਡਸਟਰੀ ਦਾ ਮਾਰਕਿਟ 2.7 ਟ੍ਰਿਲੀਅਨ ਡਾਲਰ ਤੱਕ ਪਹੁੰਚ ਜਾਵੇਗਾ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ ’ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਕੈਪਟਨ ਦੀ 'ਕਪਤਾਨੀ' ਨੂੰ ਵੰਗਾਰ ਕੇ ਘਿਰੇ ਨਵਜੋਤ ਸਿੱਧੂ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਦਿੱਤੇ ਗਏ ਬਿਆਨ ਮਗਰੋਂ ਵਜ਼ਾਰਤ ਦੇ ਆਪਣੇ ਸਾਥੀਆਂ ਦੇ ਨਿਸ਼ਾਨੇ 'ਤੇ ਆ ਗਏ ਹਨ। ਤਕਰੀਬਨ ਸਾਰੇ ਹੀ ਮੰਤਰੀਆਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ ਕਰਦਿਆਂ ਸਿੱਧੂ ਤੋਂ ਅਸਤੀਫਾ ਮੰਗ ਲਿਆ।

ਅਲਹਿਦਾ ਹੋਣ ਲਈ ਆਜ਼ਾਦ ਹਨ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਿੱਧੂ ਤੋਂ ਅਸਤੀਫੇ ਦੀ ਮੰਗ ਤਾਂ ਨਹੀਂ ਕੀਤੀ ਹੈ ਪਰ ਇਹ ਜ਼ਰੂਰ ਕਿਹਾ ਹੈ ਕਿ ਉਸ ਨੂੰ ਕੈਪਟਨ ਅਮਰਿੰਦਰ ਸਿੰਘ ਖਿਲਾਫ ਨਹੀਂ ਬੋਲਣਾ ਚਾਹੀਦਾ ਸੀ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਨਵਜੋਤ ਸਿੰਘ ਸਿੱਧੂ ਦੀਆਂ ਟਿੱਪਣੀਆਂ ਨੂੰ ਪਾਰਟੀ ਦਾ ਅੰਦਰੂਨੀ ਮਾਮਲਾ ਕਰਾਰ ਦਿੱਤਾ ਹੈ। ਉਨ੍ਹਾਂ



ਹਾਊਸਿੰਗ ਅਤੇ ਪੇਂਡੂ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਮਾਲ ਮੰਤਰੀ ਸੁਖਬਿੰਦਰ ਸਿੰਘ ਸੁਖ ਸਰਕਾਰੀਆ, ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ, ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਸਿੱਧੂ ਤੋਂ ਅਸਤੀਫਾ ਮੰਗਦਿਆਂ ਕਿਹਾ ਹੈ ਕਿ ਜੇਕਰ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੀ ਟੀਮ ਦਾ ਕੈਪਟਨ ਨਹੀਂ ਮੰਨਦੇ ਹਨ ਤਾਂ ਉਹ ਟੀਮ ਤੋਂ

ਕਿਹਾ ਕਿ ਸਿੱਧੂ ਨੇ ਪ੍ਰੈਸ ਕਾਨਫਰੰਸ ਦੌਰਾਨ ਕੀ ਕਿਹਾ ਹੈ, ਇਹ ਮੀਡੀਆ ਲਈ ਮਸਾਲਾ ਹੋ ਸਕਦਾ ਹੈ ਪਰ ਇਹ ਘਰੇਲੂ ਮਾਮਲਾ ਹੈ ਤੇ ਘਰ ਅੰਦਰ ਬੈਠਕੇ ਹੀ ਹੱਲ ਕਰਾਂਗੇ। ਉਧਰ ਸਿੱਧੂ ਨੇ ਪਾਕਿਸਤਾਨ ਦੇ ਦੌਰੇ 'ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਭੇਜੇ ਜਾਣ ਦੇ ਬਿਆਨ ਤੋਂ ਮੋੜਾ ਕੱਟਦਿਆਂ ਕਿਹਾ, "ਮੈਂ ਇਹ ਬਿਲਕੁਲ ਨਹੀਂ ਕਿਹਾ ਕਿ ਰਾਹੁਲ ਗਾਂਧੀ ਨੇ ਪਾਕਿਸਤਾਨ ਭੇਜਿਆ ਸੀ। ਦੌਰੇ ਸਬੰਧੀ ਪਾਕਿਸਤਾਨ ਸਰਕਾਰ ਤੋਂ ਨਿੱਜੀ ਸੱਦਾ ਪੱਤਰ ਆਇਆ ਸੀ।" ਉਨ੍ਹਾਂ ਰਾਜਸਥਾਨ ਤੋਂ ਚੋਣ ਪ੍ਰਚਾਰ ਦੌਰਾਨ ਟਵੀਟ ਕਰਕੇ ਸਪੱਸ਼ਟ ਕੀਤਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਉਨ੍ਹਾਂ ਕੋਈ ਟਿੱਪਣੀ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਇਹੀ ਕਿਹਾ ਕਿ ਰਾਹੁਲ ਗਾਂਧੀ ਸਾਡੇ ਸਭ ਦੇ ਕੈਪਟਨ ਹਨ।

## ਅਮਰਿੰਦਰ ਮੇਰੇ ਪਿਤਾ ਸਮਾਨ: ਸਿੱਧੂ

**ਝਾਲਾਵਾੜ (ਰਾਜਸਥਾਨ):** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਆਪਣਾ 'ਕੈਪਟਨ' ਦੱਸ ਕੇ ਨਵੀਂ ਮੁਸੀਬਤ 'ਚ ਫਸੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਹੁਣ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ 'ਪਿਤਾ ਸਮਾਨ' ਹਨ ਤੇ ਉਹ ਜਲਦੀ ਹੀ ਉਨ੍ਹਾਂ ਨੂੰ ਮਿਲ ਕੇ ਇਸ ਮਸਲੇ ਦਾ ਹੱਲ ਕੱਢ ਲੈਣਗੇ। ਸ੍ਰੀ ਸਿੱਧੂ ਨੂੰ ਪੱਤਰਕਾਰਾਂ ਨੇ ਜਦੋਂ ਪੁੱਛਿਆ ਕਿ ਕੀ ਉਹ ਅਮਰਿੰਦਰ ਸਿੰਘ ਤੋਂ ਮੁਆਫ਼ੀ ਮੰਗਣਗੇ ਤਾਂ ਉਨ੍ਹਾਂ ਕਿਹਾ, 'ਤੁਸੀਂ ਆਪਣੇ ਆਪਸੀ ਮਸਲੇ ਲੋਕਾਂ 'ਚ ਬੈਠ ਕਿ ਨਹੀਂ ਸੁਲਝਾਉਣੇ ਹੁੰਦੇ। ਉਹ (ਅਮਰਿੰਦਰ ਸਿੰਘ) ਮੇਰੇ ਪਿਤਾ ਸਮਾਨ ਹਨ। ਮੈਂ ਉਨ੍ਹਾਂ ਨੂੰ ਪਿਆਰ ਤੇ ਉਨ੍ਹਾਂ ਦਾ ਪੂਰਾ ਮਾਣ ਸਤਿਕਾਰ ਕਰਦਾ ਹਾਂ। ਮੈਂ ਇਸ ਗੁੰਝਲ ਨੂੰ ਖ਼ੁਦ ਹੀ ਸੁਲਝਾ ਲਵਾਂਗਾ।'

## ਕਾਂਗਰਸ ਵਿਚ ਚੱਲ ਰਹੀ ਹੈ ਤਿੰਨ ਕਪਤਾਨਾਂ 'ਚ ਲੜਾਈ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਾਰ ਲੋਕਾਂ ਦੇ ਭਖਦੇ ਮੁੱਦਿਆਂ ਅਤੇ ਹੱਕੀ ਮੰਗਾਂ ਤੋਂ ਮੂੰਹ ਮੋੜ ਕੇ ਜਾਣਬੁੱਝ ਕੇ ਗ਼ੈਰ ਜ਼ਰੂਰੀ ਗੱਲਾਂ ਨੂੰ ਹਵਾ ਦੇ ਰਹੀ ਹੈ ਤਾਂ ਜੋ ਸਾਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਜਨਤਾ ਦਾ ਧਿਆਨ ਭਟਕਾਇਆ ਜਾ ਸਕੇ। ਸ੍ਰੀ ਮਾਨ ਨੇ ਕਿਹਾ ਕਿ ਕਾਂਗਰਸ ਦੇ ਤਿੰਨ ਕਪਤਾਨਾਂ ਦੇ ਵੱਕਾਰ ਦੀ ਅੰਦਰੂਨੀ ਲੜਾਈ ਚੱਲ ਰਹੀ ਹੈ। ਇਨ੍ਹਾਂ ਵਿਚੋਂ ਇਕ ਕ੍ਰਿਕਟ, ਇਕ ਫ਼ੌਜ ਤੇ ਇਕ ਪਾਰਟੀ ਦਾ ਕਪਤਾਨ ਹੈ। ਕੌਣ ਕਿਸ ਨੂੰ ਵੱਡਾ ਕਪਤਾਨ ਮੰਨਦਾ ਹੈ, ਪੰਜਾਬ ਦੀ ਜਨਤਾ ਦਾ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਹੈ।

## ਹਲਵਾਰਾ ਵਿਚ ਸਿਵਲ ਹਵਾਈ ਟਰਮੀਨਲ ਦੀ ਸਥਾਪਨਾ ਨੂੰ ਹਰੀ ਝੰਡੀ

**ਲੁਧਿਆਣਾ:** ਸੂਬੇ ਵਿਚ ਸਨਅਤੀ ਤੇ ਹੋਰ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਦੇਣ ਦੇ ਮੰਤਵ ਨਾਲ ਪੰਜਾਬ ਮੰਤਰੀ ਮੰਡਲ ਨੇ ਲੁਧਿਆਣਾ ਨੇੜਲੇ ਏਅਰ ਫੋਰਸ ਸਟੇਸ਼ਨ ਹਲਵਾਰਾ ਵਿਚ ਨਵੇਂ ਕੌਮਾਂਤਰੀ ਸਿਵਲ ਹਵਾਈ ਟਰਮੀਨਲ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਸਵਾਗਤ ਕੀਤਾ ਹੈ।

ਸੰਸਦ ਮੈਂਬਰ ਬਿੱਟੂ ਨੇ ਕਿਹਾ ਕਿ ਇਸ ਫੈਸਲੇ ਨਾਲ ਸੂਬੇ ਦੀ ਤੇ ਖਾਸ ਕਰ ਕੇ ਸਨਅਤੀ ਜ਼ਿਲ੍ਹਾ ਲੁਧਿਆਣਾ ਵਾਸੀਆਂ ਦੀ ਚਿਰੋਕਣੀ ਮੰਗ ਪੂਰੀ ਹੋ ਗਈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਨੇ ਕਈ ਵਾਰ ਕੇਂਦਰ ਸਰਕਾਰ ਕੋਲ ਉਠਾਇਆ ਸੀ। ਇਸ ਸਿਵਲ ਟਰਮੀਨਲ ਦਾ ਨਿਰਮਾਣ ਸਾਂਝੇ ਤੌਰ 'ਤੇ ਏਅਰਪੋਰਟ ਅਥਾਰਿਟੀ ਆਫ ਇੰਡੀਆ ਅਤੇ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 135.54 ਏਕੜ ਜ਼ਮੀਨ ਬਿਨਾਂ ਕਿਸੇ ਕੀਮਤ ਦੇ ਦਿੱਤੀ ਜਾਵੇਗੀ। ਏਅਰਪੋਰਟ ਦੀ ਉਸਾਰੀ ਦਾ ਸਾਰਾ ਪੂੰਜੀ ਖਰਚ ਅਥਾਰਿਟੀ ਕਰੇਗੀ ਤੇ ਹਵਾਈ ਅੱਡੇ ਨੂੰ ਚਲਾਉਣ, ਸੰਚਾਲਨ ਅਤੇ ਇਸ ਦੇ ਰੱਖ-ਰਖਾਅ ਦਾ ਸਾਰਾ ਖਰਚ ਕੰਪਨੀ ਦੁਆਰਾ ਕੀਤਾ ਜਾਵੇਗਾ। ਇਸ ਦੇ 3 ਸਾਲਾਂ ਵਿਚ ਪੂਰੇ ਹੋਣ ਦੀ ਸੰਭਾਵਨਾ ਹੈ।

# ਯੂ-ਟਰਨ: ਸੀਚੇਵਾਲ ਨੂੰ ਮੁੜ ਬਣਾਇਆ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੈਂਬਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਉਘੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਮੈਂਬਰੀ 24 ਘੰਟਿਆਂ ਵਿਚ ਬਹਾਲ ਕਰ ਦਿੱਤੀ ਹੈ। ਸਰਕਾਰ ਵੱਲੋਂ ਸੰਤ ਸੀਚੇਵਾਲ ਦੀ ਥਾਂ ਸੰਤ ਸੇਵਾ ਸਿੰਘ ਨੂੰ ਬੋਰਡ ਦਾ ਮੈਂਬਰ ਨਾਮਜ਼ਦ ਕਰਨ ਦਾ ਐਲਾਨ ਕੀਤਾ ਗਿਆ ਸੀ। ਸਰਕਾਰ ਦੇ ਇਸ ਫੈਸਲੇ ਦਾ ਤਕੜਾ ਵਿਰੋਧ ਹੋਇਆ। ਵਿਰੋਧੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵੱਲੋਂ ਵੀ ਸਰਕਾਰ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਗਈ ਸੀ।


ਵਿਵਾਦ ਭਖਦਾ ਦੇਖਦਿਆਂ ਸਰਕਾਰ ਨੇ ਫੈਸਲੇ ਨੂੰ ਮੁੜ ਵਿਚਾਰਿਆ ਤੇ ਸੰਤ ਸੀਚੇਵਾਲ ਨੂੰ ਮੈਂਬਰ ਨਾਮਜ਼ਦ ਕਰ ਦਿੱਤਾ ਗਿਆ। ਸਰਕਾਰ ਵੱਲੋਂ ਲਏ ਗਏ ਫੈਸਲੇ ਤੋਂ ਇਹ ਪ੍ਰਭਾਵ ਪਾਇਆ ਜਾ ਰਿਹਾ ਸੀ ਕਿ ਪਿਛਲੇ ਦਿਨਾਂ ਦੌਰਾਨ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਕੈਪਟਨ ਸਰਕਾਰ ਨੂੰ ਦਰਿਆਈ ਪਾਣੀਆਂ ਨੂੰ ਪਲੀਤ ਹੋਣ ਤੋਂ ਬਚਾਉਣ ਦੇ ਦੋਸ਼ਾਂ ਤਹਿਤ ਕੀਤੇ ਗਏ ਜਰਮਾਨੇ ਤੋਂ ਸਰਕਾਰ ਖਫਾ ਸੀ ਜਿਸ ਕਰਕੇ ਸੰਤ ਸੀਚੇਵਾਲ ਨੂੰ ਬੋਰਡ ਦੀ ਮੈਂਬਰੀ ਤੋਂ ਹਟਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਕਾਰਗੁਜ਼ਾਰੀ ਸ਼ੱਕ ਦੇ ਦਾਇਰੇ ਵਿਚ ਆਈ ਹੋਈ ਹੈ। ਕਈ ਵੱਡੇ ਵਿਵਾਦਾਂ ਦੇ ਚੱਲਦਿਆਂ ਪਿਛਲੇ ਦਿਨੀਂ ਓਮ ਪ੍ਰਕਾਸ਼ ਸੋਨੀ ਤੋਂ ਵਾਤਾਵਰਨ ਵਿਭਾਗ ਵਾਪਸ ਲੈ ਕੇ ਪ੍ਰਦੂਸ਼ਣ ਕੰਟਰੋਲ ਬੋਰਡ ਮੁੱਖ ਮੰਤਰੀ ਅਧੀਨ ਕਰਨ ਦਾ ਫੈਸਲਾ ਲਿਆ ਗਿਆ ਸੀ। ਬੋਰਡ ਦੇ ਇਕ ਹੋਰ ਅਹਿਮ ਮੈਂਬਰ ਦੀ ਕਾਰਗੁਜ਼ਾਰੀ ਅਤੇ ਗਤੀਵਿਧੀਆਂ ਸ਼ੱਕੀ ਹੋਣ ਕਾਰਨ ਸਰਕਾਰ ਵੱਲੋਂ ਇਸ ਮੈਂਬਰ ਦਾ ਬਦਲ ਲੱਭਿਆ ਜਾ ਰਿਹਾ ਹੈ।

ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਵਿਚ ਸਭ ਅੱਛਾ ਨਹੀਂ ਹੈ ਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਰਕਾਰ ਵੱਲੋਂ ਸੰਤ ਸੀਚੇਵਾਲ ਦੀ ਮੈਂਬਰੀ ਖਤਮ ਕਰਨ ਤੋਂ 24 ਘੰਟਿਆਂ ਦੇ ਅੰਦਰ ਹੀ ਫੈਸਲਾ ਬਦਲਣ ਸਬੰਧੀ ਕਿਹਾ ਗਿਆ ਹੈ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਮੁੜ ਬੋਰਡ ਮੈਂਬਰ ਨਿਯੁਕਤ ਕਰ ਦਿੱਤਾ ਹੈ ਤੇ ਇਹ ਨਿਯੁਕਤੀ ਤੁਰਤ ਪ੍ਰਭਾਵ ਨਾਲ ਲਾਗੂ ਹੋਵੇਗੀ। ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਪੈਨਲ ਵਿਚ ਇਕ ਦੀ ਥਾਂ ਦੋ ਵਾਤਾਵਰਨ ਪ੍ਰੇਮੀ ਸ਼ਾਮਲ ਕਰਨ ਦੇ ਹੁਕਮ ਕੀਤੇ ਹਨ।

ਬੋਰਡ ਦੇ ਪਹਿਲਾਂ ਤੋਂ ਤੈਅ ਨਿਯਮਾਂ ਅਨੁਸਾਰ ਪੈਨਲ ਵਿਚ ਇਕ ਵਾਤਾਵਰਨ ਪ੍ਰੇਮੀ ਲਿਆ ਜਾਂਦਾ ਸੀ ਪਰ ਹੁਣ ਬੋਰਡ ਦੇ ਪੈਨਲ ਵਿਚ ਦੋ ਵਾਤਾਵਰਨ ਪ੍ਰੇਮੀ ਹੋਣਗੇ। ਸਰਕਾਰ ਦਾ ਕਹਿਣਾ ਹੈ ਕਿ ਇਹ ਫੈਸਲਾ ਰਾਜ ਭਰ ਵਿੱਚ ਵਾਤਾਵਰਨ ਪ੍ਰਦੂਸ਼ਣ ਦੇ ਫੈਲਾਅ ਨੂੰ ਹੋਰ ਪ੍ਰਭਾਵੀ ਢੰਗ ਨਾਲ ਠੱਲ੍ਹ ਪਾਉਣ ਦੇ ਮਕਸਦ ਨਾਲ ਲਿਆ ਗਿਆ ਹੈ।

## ਕੈਪਟਨ ਸਰਕਾਰ ਦੀ ਕਾਰਵਾਈ ਮਗਰੋਂ ਸੀਚੇਵਾਲ ਨੇ ਖੋਲ੍ਹੇ ਰਾਜ਼

**ਕਪੂਰਥਲਾ:** ਸੀਚੇਵਾਲ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪ੍ਰਦੂਸ਼ਣ ਦੀ ਸੱਚੀ ਤਸਵੀਰ ਹੀ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਸਾਹਮਣੇ ਰੱਖੀ ਸੀ। ਜਦੋਂ ਲੋਕਾਂ ਨੇ ਵਾਤਾਵਰਨ ਮੁੱਦਾ ਬਣਾਇਆ ਤਾਂ ਸਰਕਾਰ ਨੂੰ ਕੁਝ ਕਰਨਾ ਹੀ ਪੈਣਾ ਹੈ। ਉਨ੍ਹਾਂ ਕਿਹਾ ਕਿ ਮੈਂ ਕਦੇ ਵਿਭਾਗ ਤੋਂ ਇਕ ਰੁਪਿਆ ਵੀ ਨਹੀਂ ਲਿਆ, ਸਿਰਫ ਸੇਵਾ ਹੀ ਕੀਤੀ ਹੈ। ਸੀਚੇਵਾਲ ਮੁਤਾਬਕ ਜਿਸ ਰਿਪੋਰਟ ਤਹਿਤ ਸਰਕਾਰ ਨੂੰ ਜੁਰਮਾਨਾ ਹੋਇਆ ਸੀ, ਉਸ ਨੂੰ ਕਈ ਮਾਹਰਾਂ ਨੇ ਤਿਆਰ ਕੀਤਾ ਸੀ, ਨਾ ਕਿ ਸਿਰਫ ਉਨ੍ਹਾਂ ਨੇ। ਸੀਚੇਵਾਲ ਨੇ ਦੱਸਿਆ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਮੁਤਾਬਕ ਸੂਬੇ ਵਿਚ ਗੰਦਾ ਪਾਣੀ ਸੋਧਣ ਵਾਲੇ 32 ਟ੍ਰੀਟਮੈਂਟ ਪਲਾਂਟ ਚੱਲ ਰਹੇ ਤੇ ਇਕ ਬੰਦ ਹੈ, ਪਰ ਜਾਂਚ ਵਿਚ ਸਾਹਮਣੇ ਆਇਆ ਕਿ ਸੂਬੇ ਵਿਚ ਸਿਰਫ ਇਕੋ ਸੀਵਰੇਜ ਟ੍ਰੀਟਮੈਂਟ ਪਲਾਂਟ ਚੱਲ ਰਿਹਾ ਤੇ 32 ਬੰਦ ਮਿਲੇ ਸਨ।




# ਸੰਸਦ ਮੈਂਬਰਾਂ ਨੇ ਵਿਦਿਅਕ ਖੇਤਰ ਲਈ ਪੈਸਾ ਕੱਢਣ 'ਚ ਵਰਤੀ ਕੰਜੂਸੀ

**ਬਠਿੰਡਾ:** ਪੰਜਾਬ ਦੇ ਸੰਸਦ ਮੈਂਬਰਾਂ ਨੇ ਵੱਖ-ਵੱਖ ਵਿਕਾਸ ਕਾਰਜਾਂ ਲਈ ਤਾਂ ਕੇਂਦਰੀ ਫੰਡ ਦੇ ਗੱਫੇ ਵੰਡੇ ਹਨ ਜਦਕਿ ਵਿਦਿਅਕ ਖੇਤਰ ਲਈ ਪੈਸਾ ਜਾਰੀ ਕਰਨ ਵਿਚ ਕੰਜੂਸੀ ਵਰਤੀ ਹੈ। ਇਸ ਨੂੰ ਸਿਆਸੀ ਨੁਕਤੇ ਤੋਂ ਵਾਚਿਆ ਜਾਵੇ ਤਾਂ ਜ਼ਿਆਦਾ ਲੋਕਾਂ ਨੂੰ ਖੁਸ਼ ਕਰਨ ਦੇ ਚੱਕਰ 'ਚ ਫੰਡ ਦੀ ਅਸਾਵੀਂ ਵੰਡ ਨਜ਼ਰ ਆਉਂਦੀ ਹੈ। ਲਾਇਬ੍ਰੇਰੀਆਂ ਨੂੰ ਫੰਡ ਦੇਣ ਵੇਲੇ ਸੰਸਦ ਮੈਂਬਰਾਂ ਵੱਲੋਂ ਕਾਫੀ ਹੱਥ ਘੁੱਟਿਆ ਗਿਆ ਹੈ। ਅੰਕੜਿਆਂ 'ਤੇ ਝਾਤ ਮਾਰੀਏ ਤਾਂ ਪੰਜਾਬ ਦੇ ਮੌਜੂਦਾ ਸੰਸਦ ਮੈਂਬਰਾਂ ਨੇ ਹੁਣ ਤੱਕ 180.65 ਕਰੋੜ ਦੇ ਫੰਡ ਪ੍ਰਵਾਨ ਕੀਤੇ ਹਨ ਤੇ ਇਨ੍ਹਾਂ ਵਿਚੋਂ ਸਿੱਖਿਆ ਦੇ ਹਿੱਸੇ ਸਿਰਫ 22 ਕਰੋੜ ਰੁਪਏ ਆਏ ਹਨ।









ਹੋਰਨਾਂ ਪਬਲਿਕ ਸੁਵਿਧਾਵਾਂ ਲਈ 55.24 ਕਰੋੜ ਜਾਰੀ ਕੀਤੇ ਗਏ ਹਨ। ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਫੰਡ ਵੰਡਣ ਦੇ ਮਾਮਲੇ ਵਿਚ ਨਵੀਆਂ ਪੈੜਾਂ ਪਾਈਆਂ ਹਨ। ਉੱਪ ਅਰਥ ਅਤੇ ਅੰਕੜਾ ਸਲਾਹਕਾਰਾਂ ਤੋਂ ਪ੍ਰਾਪਤ ਆਰ.ਟੀ.ਆਈ. ਸੂਚਨਾ ਮੁਤਾਬਕ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਲਾਇਬ੍ਰੇਰੀਆਂ ਲਈ ਸਿਰਫ ਦੋ ਲੱਖ ਦੇ ਫੰਡ ਜਾਰੀ ਕੀਤੇ ਅਤੇ ਸਿੱਖਿਆ ਸੈਕਟਰ ਲਈ 98.46 ਲੱਖ ਦੇ ਫੰਡ ਆਪਣੇ ਸੰਸਦੀ ਕੋਟੇ ਦੇ ਫੰਡ ਵਿਚੋਂ ਦਿੱਤੇ। ਜਦਕਿ ਹੋਰ ਉਸਾਰੀ ਕਾਰਜਾਂ ਲਈ ਉਨ੍ਹਾਂ 5.21 ਕਰੋੜ ਰੁਪਏ ਵੰਡੇ ਹਨ। ਹਲਕਾ ਲੰਬੀ ਲਈ ਤਾਂ ਹਰਸਿਮਰਤ ਬਾਦਲ ਨੇ ਸਿਰਫ ਇਕ ਲੱਖ ਰੁਪਏ ਦੀ ਰਾਸ਼ੀ ਹੀ ਦਿੱਤੀ। ਫਿਰੋਜ਼ਪੁਰ ਤੋਂ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨੇ ਤਾਂ ਜ਼ਿਲ੍ਹਾ ਮੁਕਤਸਰ ਵਿਚ ਵਿਦਿਅਕ ਖੇਤਰ ਤੇ ਲਾਇਬ੍ਰੇਰੀਆਂ ਲਈ ਇਕ ਧੇਲਾ ਵੀ ਨਹੀਂ ਦਿੱਤਾ ਜਦਕਿ ਗਲੀਆਂ-ਨਾਲੀਆਂ ਲਈ 32.65 ਲੱਖ ਦੇ ਫੰਡ ਦਿੱਤੇ ਹਨ। ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਜ਼ਿਲ੍ਹਾ ਤਰਨ ਤਾਰਨ ਵਿਚ ਲਾਇਬ੍ਰੇਰੀਆਂ ਲਈ ਭਾਵੇਂ ਸਿਰਫ ਡੇਢ ਲੱਖ ਰੁਪਏ ਹੀ ਦਿੱਤੇ ਹਨ, ਪਰ ਵਿਦਿਅਕ ਖੇਤਰ ਲਈ ਥੋੜ੍ਹੀ ਖੁੱਲ੍ਹਦਿਲੀ ਦਿਖਾਉਂਦਿਆਂ 1.18 ਕਰੋੜ ਰੁਪਏ ਜਾਰੀ ਕੀਤੇ ਹਨ।

ਇਸ ਤੋਂ ਇਲਾਵਾ ਉਨ੍ਹਾਂ ਗਲੀਆਂ-ਨਾਲੀਆਂ ਤੇ ਲਿੰਕ ਰੋਡ ਲਈ 12.22 ਕਰੋੜ ਰੁਪਏ ਜਾਰੀ ਕੀਤੇ ਹਨ। ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਤੇ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਜ਼ਿਲ੍ਹਾ ਕਪੂਰਥਲਾ ਵਿਚ ਲਾਇਬ੍ਰੇਰੀਆਂ ਲਈ ਕੋਈ ਫੰਡ ਜਾਰੀ ਨਹੀਂ ਕੀਤਾ ਜਦਕਿ ਗਲੀਆਂ ਨਾਲੀਆਂ ਖਾਤਰ 1.35 ਕਰੋੜ ਜਾਰੀ ਕੀਤੇ ਹਨ। ਸਾਂਪਲਾ ਨੇ ਵਿਦਿਅਕ ਸੈਕਟਰ ਲਈ 38.47 ਲੱਖ ਰੁਪਏ ਜ਼ਿਲ੍ਹਾ ਕਪੂਰਥਲਾ ਵਿਚ ਵੰਡੇ ਹਨ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਾਂਪਲਾ ਨੇ ਗਲੀਆਂ ਨਾਲੀਆਂ ਲਈ 8.75 ਕਰੋੜ ਦਿੱਤੇ ਹਨ ਜਦਕਿ ਇਸ ਜ਼ਿਲ੍ਹੇ ਵਿਚ ਸਿੱਖਿਆ ਤੇ ਲਾਇਬ੍ਰੇਰੀਆਂ ਦੇ ਹਿੱਸੇ 1.27 ਕਰੋੜ ਰੁਪਏ ਆਏ ਹਨ। ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਮੁਹਾਲੀ ਜ਼ਿਲ੍ਹੇ ਵਿਚ ਗਲੀਆਂ ਨਾਲੀਆਂ ਲਈ 5.08 ਕਰੋੜ ਦੇ ਫੰਡ ਦਿੱਤੇ ਹਨ ਜਦਕਿ ਸਿੱਖਿਆ ਲਈ 48.04 ਲੱਖ ਅਤੇ ਲਾਇਬ੍ਰੇਰੀਆਂ ਲਈ 14 ਲੱਖ ਰੁਪਏ ਦਿੱਤੇ ਗਏ ਹਨ। 'ਆਪ' ਦੇ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਨੇ ਜ਼ਿਲ੍ਹਾ ਮੁਕਤਸਰ ਵਿਚ ਸਿੱਖਿਆ ਲਈ 54.50 ਲੱਖ ਰੁਪਏ ਤੇ ਲਾਇਬ੍ਰੇਰੀਆਂ ਲਈ 3.50 ਲੱਖ ਦੇ ਫੰਡ ਵੰਡੇ ਹਨ। ਜਦਕਿ ਗਲੀਆਂ ਨਾਲੀਆਂ ਲਈ ਮੁਕਤਸਰ ਜ਼ਿਲ੍ਹੇ ਵਿਚ 15.20 ਲੱਖ ਰੁਪਏ ਦੇ ਫੰਡ ਉਨ੍ਹਾਂ ਜਾਰੀ ਕੀਤੇ ਹਨ। ਸਾਧੂ ਸਿੰਘ ਨੇ ਜ਼ਿਲ੍ਹਾ ਮੋਗਾ ਵਿਚ ਵੀ ਸਿੱਖਿਆ ਖੇਤਰ ਲਈ 2.77 ਕਰੋੜ ਰੁਪਏ ਜਾਰੀ ਕੀਤੇ ਹਨ। ਇਸ ਜ਼ਿਲ੍ਹੇ ਵਿਚ ਲਾਇਬ੍ਰੇਰੀਆਂ ਲਈ ਉਨ੍ਹਾਂ 10.50 ਲੱਖ ਰੁਪਏ ਦਿੱਤੇ ਹਨ।


ਰਾਜ ਸਭਾ ਦੇ ਸੰਸਦ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਵੀ ਗਲੀਆਂ ਨਾਲੀਆਂ ਲਈ ਮਾਨਸਾ ਜ਼ਿਲ੍ਹੇ ਵਿਚ 8.70 ਕਰੋੜ ਰੁਪਏ ਅਤੇ ਸਿੱਖਿਆ ਸੈਕਟਰ ਲਈ ਡੇਢ ਕਰੋੜ ਦੇ ਫੰਡ ਦਿੱਤੇ ਹਨ। ਲਾਇਬ੍ਰੇਰੀਆਂ ਲਈ ਭੂੰਦੜ ਨੇ 15.98 ਲੱਖ ਦੀ ਗਰਾਂਟ ਦਿੱਤੀ ਹੈ। ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਸਾਲ 2010 ਤੋਂ 30 ਸਤੰਬਰ 2018 ਤੱਕ ਗਲੀਆਂ ਨਾਲੀਆਂ ਲਈ 5.39 ਕਰੋੜ ਰੁਪਏ ਵੰਡੇ ਹਨ ਅਤੇ ਸਿੱਖਿਆ ਲਈ 1.77 ਕਰੋੜ ਦੇ ਫੰਡ ਦਿੱਤੇ ਹਨ। ਲਾਇਬ੍ਰੇਰੀਆਂ ਲਈ ਸਭ ਤੋਂ ਵੱਧ ਫੰਡ 49.50 ਲੱਖ ਰੁਪਏ ਢੀਂਡਸਾ ਨੇ ਹੀ ਜਾਰੀ ਕੀਤੇ ਹਨ। ਇਹ ਗੱਲ ਵੀ ਉੱਭਰੀ ਹੈ ਕਿ ਲੋਕਾਂ ਨੂੰ ਚੇਤਨ ਕਰਨ ਵਾਲੇ ਅਦਾਰਿਆਂ ਨੂੰ ਸੰਸਦ ਮੈਂਬਰਾਂ ਨੇ ਫੰਡ ਘੱਟ ਦਿੱਤੇ ਹਨ। ਸੰਸਦ ਮੈਂਬਰ ਭਗਵੰਤ ਮਾਨ ਨੇ ਸਿੱਖਿਆ ਸੈਕਟਰ ਲਈ 6.31 ਕਰੋੜ ਦੇ ਫੰਡ ਵੰਡੇ ਹਨ ਜਦਕਿ ਗਲੀਆਂ ਨਾਲੀਆਂ ਲਈ ਸਿਰਫ 1.39 ਕਰੋੜ ਜਾਰੀ ਕੀਤੇ ਹਨ। ਲਾਇਬ੍ਰੇਰੀਆਂ ਲਈ 44.86 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ। ਸੰਸਦ ਮੈਂਬਰਾਂ ਦਾ ਤਰਕ ਹੈ ਕਿ ਲੋਕਾਂ ਵੱਲੋਂ ਫੰਡਾਂ ਦੀ ਮੰਗ ਹੀ ਗਲੀਆਂ ਨਾਲੀਆਂ ਲਈ ਕੀਤੀ ਜਾਂਦੀ ਹੈ

## ਵਿਦੇਸ਼ੀ ਨਸ਼ਾ ਤਸਕਰਾਂ ਨੂੰ ਮੁਕਾਮੀ ਕੈਦੀਆਂ ਨਾਲੋਂ ਵੱਖ ਕਰਨ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਨਸ਼ਾ ਤਸਕਰੀ ਦੇ ਕਾਰੋਬਾਰ ਨੂੰ ਠੱਲ੍ਹ ਪਾਉਣ ਲਈ ਵਿੱਢੇ ਯਤਨਾਂ ਵਜੋਂ ਇਕ ਨਵਾਂ ਉਪਾਅ ਲੱਭਿਆ ਹੈ। ਰਾਜ ਸਰਕਾਰ ਜਲਦੀ ਹੀ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ 'ਚ ਨਸ਼ਾ ਤਸਕਰੀ ਦੇ ਜੁਰਮ 'ਚ ਬੰਦ ਵਿਦੇਸ਼ੀ ਨਾਗਰਿਕਾਂ ਨੂੰ ਹੋਰ ਭਾਰਤੀ ਕੈਦੀਆਂ ਨਾਲੋਂ ਵੱਖ ਕਰੇਗੀ। ਸਮਝਿਆ ਜਾਂਦਾ ਹੈ ਕਿ ਨਸ਼ੇ ਦੇ ਵਪਾਰ ਵਿਚ ਸਰਗਰਮ ਇਹ ਵਿਦੇਸ਼ੀ ਨਾਗਰਿਕ ਜੇਲ੍ਹਾਂ 'ਚ ਬੈਠੇ ਕਾਰੋਬਾਰ ਚਲਾ ਰਹੇ ਹਨ। ਜਾਣਕਾਰੀ ਅਨੁਸਾਰ ਇਨ੍ਹਾਂ ਵਿਚੋਂ ਵੱਡੀ ਗਿਣਤੀ ਵਿਦੇਸ਼ੀ ਕੈਦੀ ਇਕੋ ਮੁਲਕ ਨਾਲ ਸਬੰਧਤ ਹਨ ਤੇ ਇਹ ਨਸ਼ਾ ਤਸਕਰੀ ਦੀਆਂ ਛੋਟੀਆਂ ਮੋਟੀਆਂ ਘਟਨਾਵਾਂ ਕਰ ਕੇ ਜੇਲ੍ਹਾਂ ਵਿਚ ਬੰਦ ਹਨ।

# ਲੋਕਤੰਤਰ ’ਚ ਮਰਜ਼ੀ ਦਾ ਬੋਲਣ ਦੀ ਖੁੱਲ੍ਹ ਤਾਂ ਹੈ, ਪਰ...

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਇਹ ਧਾਰਨਾ ਬਹੁਤ ਪੁਰਾਣੀ ਸੁਣਨ ਨੂੰ ਮਿਲਦੀ ਰਹੀ ਹੈ ਕਿ ਲੋਕਤੰਤਰ ਵਿਚ ਖਾਣ-ਪੀਣ ਅਤੇ ਲੋੜਾਂ ਦੀ ਪੂਰਤੀ ਦੇ ਸਾਧਨ ਨਸੀਬ ਹੋਣ ਜਾਂ ਨਾ, ਬੋਲਣ ਦੀ ਪੂਰੀ ਖੁੱਲ੍ਹ ਮਿਲਦੀ ਹੈ ਤੇ ਹਰ ਕਿਸੇ ਨੂੰ ਮਿਲ ਸਕਦੀ ਹੈ। ਇਸ ਖੁੱਲ੍ਹ ਦੀ ਇੱਕ ਵੰਨਗੀ ਦਸ ਕੁ ਮਹੀਨੇ ਪਹਿਲਾਂ ਉਦੋਂ ਵੇਖਣ ਨੂੰ ਮਿਲੀ ਸੀ, ਜਦੋਂ ਇੱਕ ਨਿਊਜ਼ ਚੈਨਲ ਦੇ ਬਹੁ-ਚਰਚਿਤ ਐਂਕਰ ਨੇ ਇੱਕ ਕੌਮੀ ਪਾਰਟੀ ਦੇ ਮੂੰਹ-ਫਟ ਪ੍ਰਧਾਨ ਨੂੰ ਲਾਈਵ ਸ਼ੋਅ ਵਿਚ ਸੱਦਿਆ ਸੀ। ਸਵਾਲ-ਜਵਾਬ ਵੇਲੇ ਐਂਕਰ ਨੇ ਲੀਡਰ ਦੀ ਗੱਲ ਕੱਟਦੇ ਸਮੇਂ ਇਹ ਕਹਿ ਦਿੱਤਾ ਕਿ ਇਹ ਸਭ ਬਕਵਾਸ ਹੈ। ਫਿਰ ਕਈ ਗੱਲਾਂ ਹੋਰ ਵੀ ਕਹਿ ਦਿੱਤੀਆਂ।

ਜਦੋਂ ਉਸ ਨੇ ਜ਼ਰਾ ਕੁ ਸਾਹ ਲਿਆ ਤਾਂ ਲੀਡਰ ਬੋਲਿਆ, ‘ਆਪ ਕੋ ਜੋ ਕੁਛ ਭੌਂਕਨਾ ਥਾ, ਭੌਂਕ ਲੀਆ ਤੋ ਮੈਂ ਭੌਂਕਨਾ ਸ਼ੁਰੂ ਕਰੂੰ।’ ਐਂਕਰ ਨੇ ਤ੍ਰਭਕ ਕੇ ਇਸ ਭਾਸ਼ਾ ਦਾ ਕਾਰਨ ਪੁੱਛਿਆ। ਆਗੂ ਨੇ ਕਿਹਾ, ‘ਤੁਮਹੇਂ ਮੇਰੀ ਬਾਤ ਬਕਵਾਸ ਲਗ ਰਹੀ ਹੈ, ਮੈਂ ਰੋਜ਼ ਤੁਮ ਕੋ ਭੌਂਕਤੇ ਸੁਨਤਾ ਹੂੰ, ਅਬ ਮੈਂ ਭੌਂਕ ਰਹਾ ਹੂੰ ਤੋ ਤੁਮ ਇਸ ਕੋ ਬਕਵਾਸ ਸਮਝ ਕਰ ਹੀ ਸੁਨ ਲੋ, ਬੋਲੋ ਨਹੀਂ।’ ਏਨੇ ਨਾਲ ਚਾਂਭਲੇ ਹੋਏ ਐਂਕਰ ਦਾ ਸਾਰਾ ਬੁਖਾਰ ਲੱਥ ਗਿਆ ਤੇ ਫਿਰ ਏਦਾਂ ਦੀ ਇੰਟਰਵਿਊ ਚੱਲਦੀ ਰਹੀ, ਜਿਸ ਨੂੰ ਬਕਵਾਸ ਭਾਵੇਂ ਨਾ ਵੀ ਕਹੀਏ, ਉਸ ਵਿਚ ਕਿਸੇ ਮੁੱਦੇ ਦੀ ਗੰਭੀਰ ਚਰਚਾ ਵਾਲੀ ਗੱਲ ਦੋਹਾਂ ਵਿਚੋਂ ਕਿਸੇ ਨੇ ਨਹੀਂ ਸੀ ਕੀਤੀ।

ਪਿਛਲੇ ਹਫਤੇ ਜੋ ਕੁਝ ਪੰਜਾਬ ਵਿਚ ਹੁੰਦਾ ਸੁਣਿਆ ਗਿਆ, ਉਸ ਨੂੰ ਬਕਵਾਸ ਜਾਂ ਭੌਂਕਣ ਵਾਲੀ ਸ਼ਬਦਾਵਲੀ ਤੱਕ ਮੈਂ ਨਹੀਂ ਲਿਜਾਂਦਾ, ਪਰ ਇਹ ਗੱਲ ਸਾਫ ਹੈ ਕਿ ਕੰਮ ਦੀ ਗੱਲ ਉਸ ਵਿਚ ਵੀ ਕੋਈ ਨਹੀਂ ਸੀ ਤੇ ਕਹਿਣ ਦੀ ਖਾਤਰ ਹੀ ਕਈ ਕੁਝ ਕਿਹਾ ਤੇ ਅੱਗੋਂ ਸੁਣਿਆ ਜਾ ਰਿਹਾ ਸੀ। ਕਰਤਾਰਪੁਰ ਦੇ ਗੁਰਦੁਆਰਾ ਸਾਹਿਬ ਵੱਲ ਲਾਂਘਾ ਬਣਨ ਦੇ ਸਬੱਬ ਨੂੰ ਐਵੇਂ ਮਾਮੂਲੀ ਗੱਲਾਂ ਦੇ ਭੇੜ ਨਾਲ ਬੇਸੁਆਦਾ ਕੀਤਾ ਗਿਆ ਸੀ। ਇਸ ਵਿਚ ਨਵਜੋਤ ਸਿੰਘ ਸਿੱਧੂ ਦੀ ਇਹ ਗੱਲ ਅਰਥ ਭਰਪੂਰ ਹੈ ਕਿ ਇਹ ਲਾਂਘਾ ਸ਼ਰਧਾਲੂਆਂ ਦੀ ਉਸ ਗੁਰਦੁਆਰੇ ਤੱਕ ਜਾ ਕੇ ਮੱਥਾ ਟੇਕਣ ਦੀ ਸਿੱਕ ਤਾਂ ਪੂਰੀ ਕਰੇਗਾ ਹੀ, ਨਾਲ ਇਲਾਕੇ ਤੇ ਪੰਜਾਬ ਦੇ ਵਿਕਾਸ ਕਰਨ ਲਈ ਵੀ ਸਹਾਈ ਹੋਵੇਗਾ।

ਪਾਕਿਸਤਾਨ ਸਰਕਾਰ ਆਪਣੇ ਪਾਸੇ ਕਰਤਾਰਪੁਰ ਵਿਚ ਫਾਈਵ ਸਟਾਰ ਹੋਟਲ ਖੋਲ੍ਹਣ ਦਾ ਐਲਾਨ ਕਰਦੀ ਹੈ ਤਾਂ ਏਧਰ ਡੇਰਾ ਬਾਬਾ ਨਾਨਕ ਵਿਚ ਕਈ ਯੋਜਨਾਵਾਂ ਦਾ ਰਾਹ ਖੁੱਲ੍ਹੇਗਾ। ਇਸੇ ਬਹਾਨੇ ਡੇਰਾ ਬਾਬਾ ਨਾਨਕ ਨੂੰ ਜਾਂਦੀਆਂ ਸੜਕਾਂ ਨੈਸ਼ਨਲ ਹਾਈਵੇ ਦੇ ਨਮੂਨੇ ਉਤੇ ਬਣਨ ਨਾਲ ਉਸ ਕਸਬੇ ਵਿਚ ਕਈ ਕਿਸਮ ਦੇ ਸਰਕਾਰੀ ਤੇ ਗੈਰ ਸਰਕਾਰੀ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ। ਪਛੜਿਆ ਸਰਹੱਦੀ ਇਲਾਕਾ ਵਿਕਸਿਤ ਹੋਣ ਲੱਗਾ ਹੈ ਤਾਂ ਸੰਭਾਵਨਾਵਾਂ ਦਾ ਸਵਾਗਤ ਕਰਨਾ ਚਾਹੀਦਾ ਹੈ। ਏਥੇ ਵੀ ਖੇਹ ਉਡਾਈ ਜਾ ਰਹੀ ਹੈ।

> ***ਭਾਜਪਾ ਵਾਲਿਆਂ ਨੂੰ ਇਹੋ ਦੁੱਖ ਨਹੀਂ ਭੁੱਲ ਰਿਹਾ ਕਿ ਬਿਨਾ ਫੀਸ ਤੋਂ ਸਾਡੇ ਜਲਸਿਆਂ ਲਈ ਭੀੜਾਂ ਇਕੱਠੀਆਂ ਕਰਨ ਵਾਲਾ ਨਵਜੋਤ ਸਿੰਘ ਸਿੱਧੂ ਸਾਨੂੰ ਛੱਡ ਕੇ ਕਾਂਗਰਸ ਵਿਚ ਜਾ ਵੜਿਆ ਹੈ। ਉਨ੍ਹਾਂ ਨੇ ਉਸ ਦੇ ਪਾਕਿਸਤਾਨ ਜਾਣ ਦਾ ਵਿਰੋਧ ਕੀਤਾ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਉਸ ਨੂੰ ਪੱਕਾ ਪਾਕਿਸਤਾਨ ਭੇਜ ਦੇਣਾ ਚਾਹੀਦਾ ਹੈ। ਇਹ ਗੱਲ ਉਹ ਕਈ ਲੋਕਾਂ ਬਾਰੇ ਕਹਿੰਦੇ ਰਹਿੰਦੇ ਹਨ।***

ਮੈਂ ਸਾਫ ਕਹਾਂ ਤਾਂ ਜਦੋਂ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਮੌਕੇ ਨਵਜੋਤ ਸਿੰਘ ਸਿੱਧੂ ਓਧਰ ਨੂੰ ਤੁਰ ਪਿਆ ਸੀ, ਮੈਂ ਉਸ ਦਿਨ ਵੀ ਉਸ ਦੇ ਖਿਲਾਫ ਸਾਂ ਤੇ ਅੱਜ ਵੀ ਹਾਂ। ਉਹ ਮੌਕਾ ਠੀਕ ਨਹੀਂ ਸੀ। ਭਾਰਤ ਵਿਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਦੇਹਾਂਤ ਹੋਇਆ ਸੀ, ਇਸ ਕਰ ਕੇ ਜਾਣਾ ਠੀਕ ਨਹੀਂ ਲੱਗਾ ਸੀ ਤੇ ਨਾਲ ਇਹ ਵੀ ਕਿ ਪਿਛਲੀ ਵਾਰੀ ਨਰਿੰਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਵਿਚ ਨਵਾਜ਼ ਸ਼ਰੀਫ ਨੂੰ ਸੱਦੇ ਜਾਣ ਨਾਲ ਜਿਵੇਂ ਕਈ ਲੋਕਾਂ ਨੂੰ ਗੱਲਾਂ ਕਰਨ ਦਾ ਮੌਕਾ ਮਿਲਿਆ ਸੀ, ਉਸ ਨੂੰ ਦੁਹਰਾਉਣਾ ਵੀ ਠੀਕ ਨਹੀਂ ਸੀ ਲੱਗਾ। ਫਿਰ ਵੀ ਜਦੋਂ ਉਹ ਚਲਾ ਗਿਆ ਤੇ ਉਸ ਦੇ ਗਏ ਤੋਂ ਲਾਂਘਾ ਖੋਲ੍ਹਣ ਵਾਸਤੇ ਹਾਂ ਹੋ ਗਈ ਤਾਂ ਦੁਹਾਈ ਪਾਉਣੀ ਵੀ ਠੀਕ ਨਹੀਂ ਸੀ।

ਭਾਜਪਾ ਵਾਲਿਆਂ ਨੂੰ ਇਹੋ ਦੁੱਖ ਨਹੀਂ ਭੁੱਲ ਰਿਹਾ ਕਿ ਬਿਨਾ ਫੀਸ ਤੋਂ ਸਾਡੇ ਜਲਸਿਆਂ ਲਈ ਭੀੜਾਂ ਇਕੱਠੀਆਂ ਕਰਨ ਵਾਲਾ ਨਵਜੋਤ ਸਿੰਘ ਸਿੱਧੂ ਸਾਨੂੰ ਛੱਡ ਕੇ ਕਾਂਗਰਸ ਵਿਚ ਜਾ ਵੜਿਆ ਹੈ। ਉਨ੍ਹਾਂ ਨੇ ਉਸ ਦੇ ਪਾਕਿਸਤਾਨ ਜਾਣ ਦਾ ਵਿਰੋਧ ਕੀਤਾ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਉਸ ਨੂੰ ਪੱਕਾ ਪਾਕਿਸਤਾਨ ਭੇਜ ਦੇਣਾ ਚਾਹੀਦਾ ਹੈ। ਇਹ ਗੱਲ ਉਹ ਕਈ ਲੋਕਾਂ ਬਾਰੇ ਕਹਿੰਦੇ ਰਹਿੰਦੇ ਹਨ।

ਫਿਰ ਜਦੋਂ ਡੇਰਾ ਬਾਬਾ ਨਾਨਕ ਵਿਚ ਲਾਂਘੇ ਦਾ ਨੀਂਹ ਪੱਥਰ ਰੱਖਣ ਪਿੱਛੋਂ ਪਾਕਿਸਤਾਨ ਵਿਚ ਏਦਾਂ ਦਾ ਨੀਂਹ ਪੱਥਰ ਰੱਖਣ ਮੌਕੇ ਸਿੱਧੂ ਨੂੰ ਮੁੜ ਸੱਦਾ ਆ ਗਿਆ ਤਾਂ ਇਹ ਲੋਕ ਦੁਹਾਈ ਪਾਉਣ ਲੱਗ ਪਏ। ਆਖਰ ਇਸ ਵਿਚ ਗਲਤ ਕੀ ਹੋਇਆ ਸੀ? ਉਸ ਦਾ ਉਥੇ ਜਾਣਾ ਗਲਤ ਸੀ ਤਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਤੇ ਹਰਦੀਪ ਸਿੰਘ ਪੁਰੀ ਦਾ ਜਾਣਾ ਕਿਵੇਂ ਜਾਇਜ਼ ਸੀ? ਉਥੇ ਬੜੀ ਸ਼ਰਾਰਤ ਨਾਲ ਗੋਪਾਲ ਸਿੰਘ ਚਾਵਲਾ ਨਾਂ ਦਾ ਬੰਦਾ ਸਿੱਧੂ ਨਾਲ ਫੋਟੋ ਖਿਚਵਾ ਗਿਆ। ਗੋਪਾਲ ਸਿੰਘ ਚਾਵਲਾ ਦਹਿਸ਼ਤਗਰਦਾਂ ਦੇ ਗੁਰੂ ਸਮਝੇ ਜਾਂਦੇ ਹਾਫਿਜ਼ ਸਈਦ ਦਾ ਨੇੜੂ ਹੈ। ਅਕਾਲੀ ਆਗੂਆਂ ਨੇ ਦੁਹਾਈ ਪਾ ਦਿੱਤੀ ਕਿ ਸਿੱਧੂ ਦੀ ਭਾਰਤ ਦੇ ਵਿਰੋਧੀਆਂ ਨਾਲ ਸਾਂਝ ਹੈ। ਇੱਕ ਘੰਟੇ ਬਾਅਦ ਦੋ ਨਵੀਂਆਂ ਫੋਟੋਆਂ ਆ ਗਈਆਂ। ਇੱਕ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਉਹੋ ਚਾਵਲਾ ਮੋਢੇ ਨਾਲ ਮੋਢਾ ਜੋੜ ਕੇ ਬੈਠਾ ਅਤੇ ਦੂਜੀ ਫੋਟੋ ਵਿਚ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵਾਲੇ ਫਰੇਮ ਵਿਚ ਦਿਖਾਈ ਦਿੰਦਾ ਸੀ। ਅਕਾਲੀ ਚੁੱਪ ਹੋ ਗਏ। ਏਦਾਂ ਦੀ ਹਲਕੀ ਕਿਸਮ ਦੀ ਰਾਜਨੀਤੀ ਕਰਨ ਦਾ ਲਾਭ ਹੀ ਕੀ ਸੀ, ਜਿਸ ਨੇ ਬਾਅਦ ਵਿਚ ਖੁਦ ਨੂੰ ਫਸਾ ਦਿੱਤਾ?

ਅੱਜ ਕੱਲ੍ਹ ਫੋਟੋ ਕੋਈ ਖਾਸ ਗੱਲ ਨਹੀਂ ਰਹੀ। ਵਿਆਹ-ਸ਼ਾਦੀਆਂ ਅਤੇ ਹੋਰ ਪ੍ਰੋਗਰਾਮਾਂ ਮੌਕੇ, ਸਫਰ ਕਰਦਿਆਂ ਜਾਂ ਇਥੋਂ ਤੱਕ ਕਿ ਕਿਸੇ ਦੀ ਮੌਤ ਹੋਈ ਤੋਂ ਸ਼ਮਸ਼ਾਨ ਘਾਟ ਵਿਚ ਵੀ ਕੋਈ ਚਰਚਿਤ ਚਿਹਰਾ ਮਿਲ ਜਾਵੇ ਤਾਂ ਲੋਕ ਇੱਕ ਫੋਟੋ ਲੈਣ ਦੀ ਬੇਨਤੀ ਕਰਦੇ ਤੇ ਤਰਲਾ ਮਾਰ ਕੇ ਖਿਚਵਾ ਵੀ ਲੈਂਦੇ ਹਨ। ਅਕਾਲੀ ਦਲ ਅਤੇ ਭਾਜਪਾ ਦੇ ਆਗੂਆਂ ਦੀਆਂ ਇਹੋ ਜਿਹੀਆਂ ਫੋਟੋਆਂ ਵੀ ਕਈ ਵਾਰ ਚਰਚਾ ਦਾ ਕੇਂਦਰ ਬਣ ਚੁਕੀਆਂ ਹਨ ਤੇ ਅੱਗੋਂ ਵੀ ਬਣ ਸਕਦੀਆਂ ਹਨ।

ਗੱਲ ਤਾਂ ਅਸੀਂ ਏਥੋਂ ਸ਼ੁਰੂ ਕੀਤੀ ਸੀ ਕਿ ਲੋਕਤੰਤਰ ਵਿਚ ਹਰ ਕੋਈ ਮਨ ਆਈ ਗੱਲ ਕਹਿਣ ਨੂੰ ਆਜ਼ਾਦ ਹੁੰਦਾ ਹੈ ਤੇ ਕੁਝ ਵੀ ਕਹਿ ਦਿੰਦਾ ਹੈ, ਫਿਰ ਵੀ ਕੁਝ ਹੱਦਾਂ ਚਾਹੀਦੀਆਂ ਹਨ। ਉਤਰ ਪ੍ਰਦੇਸ਼ ਵਿਚ ਮੱਠ ਦੇ ਮੁਖੀ ਤੋਂ ਮੁੱਖ ਮੰਤਰੀ ਬਣਿਆ ਯੋਗੀ ਆਦਿਤਿਆਨਾਥ ਕਹੀ ਜਾਂਦਾ ਹੈ ਕਿ ਹਨੂੰਮਾਨ ਦਲਿਤ ਜਾਤੀ ਵਿਚੋਂ ਸੀ। ਇਤਿਹਾਸ ਦੀ ਚੀਰ-ਪਾੜ ਕਰਨ ਵਾਲੇ ਮਾਹਰ ਅਜੇ ਤੱਕ ਅਜਿਹੀ ਕੋਈ ਗੱਲ ਨਹੀਂ ਸਨ ਕਹਿ ਸਕੇ, ਜੋ ਇਸ ਯੋਗੀ ਤੋਂ ਭੋਗੀ ਬਣੇ ਭਾਜਪਾ ਆਗੂ ਨੇ ਬੜੇ ਸਹਿਜ ਨਾਲ ਕਹਿ ਦਿੱਤੀ ਹੈ। ਇਸ ਤੋਂ ਹਿੰਦੂ ਧਰਮ ਵਿਚ ਵਿਵਾਦ ਖੜਾ ਹੋ ਗਿਆ ਹੈ। ਕਈ ਭਾਜਪਾ ਆਗੂ ਵੀ ਇਸ ਮੁੱਦੇ ਤੋਂ ਆਦਿਤਿਆਨਾਥ ਦੇ ਵਿਰੋਧ ਵਿਚ ਬੋਲਦੇ ਸੁਣੇ ਜਾ ਰਹੇ ਹਨ।

ਮਨ-ਆਈ ਗੱਲ ਕਹਿ ਦੇਣ ਵਾਲੇ ਮਾਮਲੇ ਵਿਚ ਇਸ ਵਕਤ ਤੀਜਾ ਨਾਂ ਭਾਰਤੀ ਫੌਜ ਦੇ ਅੱਜ ਵਾਲੇ ਕਮਾਂਡਰ ਬਿਪਿਨ ਰਾਵਤ ਦਾ ਲਿਆ ਜਾਂਦਾ ਹੈ। ਉਨ੍ਹਾਂ ਨੇ ਪਿਛਲੇ ਕੁਝ ਮਹੀਨਿਆਂ ਤੋਂ ਸਿਆਸੀ ਕਿਸਮ ਦੀਆਂ ਟਿੱਪਣੀਆਂ ਕਰਨ ਦਾ ਕੰਮ ਸ਼ੁਰੂ ਕੀਤਾ ਪਿਆ ਹੈ। ਪਹਿਲਾਂ ਉਹ ਜੰਮੂ-ਕਸ਼ਮੀਰ ਬਾਰੇ ਬੋਲਦੇ ਸਨ ਤਾਂ ਗਲਤ ਨਹੀਂ ਸੀ, ਕਿਉਂਕਿ ਉਸ ਰਾਜ ਦੇ ਖਾਸ ਹਾਲਾਤ ਵਿਚ ਫੌਜ ਨੂੰ ਸਿਵਲ ਪ੍ਰਸ਼ਾਸਨ ਦੀ ਮਦਦ ਲਈ ਡਿਊਟੀ ਕਰਨੀ ਅਤੇ ਸਿਆਸੀ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਤੇ ਫਿਰ ਉਨ੍ਹਾਂ ਦਾ ਜਵਾਬ ਵੀ ਦੇਣਾ ਪੈਂਦਾ ਸੀ।

ਫਿਰ ਉਹ ਬਿਨਾ ਵਜ੍ਹਾ ਪੰਜਾਬ ਬਾਰੇ ਏਦਾਂ ਦੀਆਂ ਟਿੱਪਣੀਆਂ ਕਰਨ ਲੱਗ ਪਏ, ਜੋ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਕਰ ਸਕਦੇ ਹਨ, ਪੰਜਾਬ ਦਾ ਮੁੱਖ ਮੰਤਰੀ ਜਾਂ ਪੁਲਿਸ ਦਾ ਮੁਖੀ ਵੀ ਕਰ ਸਕਦਾ ਹੈ, ਪਰ ਫੌਜ ਦੇ ਮੁਖੀ ਦਾ ਉਨ੍ਹਾਂ ਗੱਲਾਂ ਨਾਲ ਇਸ ਵਕਤ ਦੇ ਹਾਲਾਤ ਵਿਚ ਕੋਈ ਸਬੰਧ ਹੀ ਨਹੀਂ ਬਣਦਾ। ਉਨ੍ਹਾਂ ਨੂੰ ਫੌਜ ਦੇ ਮੁਖੀ ਵਜੋਂ ਗਵਾਂਢੀ ਦੇਸ਼ ਦੀ ਫੌਜ, ਉਸ ਦੇਸ਼ ਵਿਚੋਂ ਹੁੰਦੀ ਅਤਿਵਾਦੀ ਸਰਗਰਮੀ ਬਾਰੇ ਵੀ ਟਿੱਪਣੀਆਂ ਕਰਨ ਦਾ ਹੱਕ ਹੈ, ਪਰ ਉਹ ਹੋਰ ਅੱਗੇ ਵਧ ਕੇ ਉਸ ਦੇਸ਼ ਦੇ ਸਿਸਟਮ ਬਾਰੇ ਇਹ ਕਹਿਣ ਤੱਕ ਪਹੁੰਚ ਗਏ ਕਿ ਭਾਰਤ ਨਾਲ ਸਬੰਧ ਸੁਧਾਰਨੇ ਹਨ ਤਾਂ ਪਾਕਿਸਤਾਨ ਨੂੰ ਇਸਲਾਮੀ ਦੇਸ਼ ਦੀ ਥਾਂ ਧਰਮ ਨਿਰਪੱਖ ਦੇਸ਼ ਬਣਨਾ ਪਵੇਗਾ। ਉਸ ਦੇਸ਼ ਵਿਚ ਕਿੱਦਾਂ ਦਾ ਸਿਸਟਮ ਰੱਖਣਾ ਹੈ, ਇਹ ਉਨ੍ਹਾਂ ਦਾ ਮਾਮਲਾ ਹੈ।

ਸਾਊਦੀ ਅਰਬ ਵਿਚ ਇਸਲਾਮੀ ਰਾਜ ਹੈ, ਉਸ ਨਾਲ ਭਾਰਤ ਦੇ ਸਬੰਧ ਹਨ। ਬੰਗਲਾ ਦੇਸ਼ ਵੀ ਇਸਲਾਮੀ ਦੇਸ਼ ਐਲਾਨਿਆ ਜਾ ਚੁਕਾ ਹੈ। ਸਾਡੇ ਉਸ ਦੇਸ਼ ਨਾਲ ਵੀ ਸੁਖਾਵੇਂ ਸਿਫਾਰਤੀ ਸਬੰਧ ਹਨ, ਕਈ ਹੋਰ ਅਜਿਹੇ ਦੇਸ਼ ਵੀ ਹਨ ਤਾਂ ਫੌਜ ਦੇ ਮੁਖੀ ਨੂੰ ਗਵਾਂਢ ਦੇ ਸਿਰਫ ਇੱਕ ਦੇਸ਼ ਉਤੇ ਇਹ ਸ਼ਰਤ ਲਾਉਣ ਦੀ ਲੋੜ ਨਹੀਂ ਕਿ ਧਰਮ ਨਿਰਪੱਖ ਹੋਵੇ ਤਾਂ ਸਬੰਧ ਸੁਧਰਨਗੇ।

ਅਸਲੀ ਗੱਲ ਇਹ ਹੈ ਕਿ ਸਾਡੇ ਦੇਸ਼ ਵਿਚ ਕਈ ਸਾਬਕਾ ਫੌਜੀ ਜਰਨੈਲ ਸੇਵਾ-ਮੁਕਤੀ ਮਗਰੋਂ ਰਾਜਨੀਤੀ ਵਿਚ ਆਉਂਦੇ ਤੇ ਇੱਕ ਜਾਂ ਦੂਜੀ ਝਾਕ ਲਈ ਯਤਨ ਕਰਦੇ ਰਹੇ ਹਨ। ਇਹ ਕੰਮ ਰਿਟਾਇਰ ਹੋ ਕੇ ਨਹੀਂ ਕਰਦੇ, ਉਹ ਵਰਦੀ ਲਾਹੁਣ ਤੋਂ ਪਹਿਲਾਂ ਹੀ ਆਪਣੇ ਆਖਰੀ ਸਾਲਾਂ ਦੌਰਾਨ ਏਦਾਂ ਦੇ ਬਿਆਨਾਂ ਨਾਲ ਕਿਸੇ ਖਾਸ ਧਿਰ ਨੂੰ ਸੰਕੇਤ ਦੇਣੇ ਸ਼ੁਰੂ ਕਰ ਦਿੰਦੇ ਹਨ ਕਿ ਮੈਂ ਤੁਹਾਡੀ ਰਾਜਨੀਤਕ ਲਾਈਨ ਵਿਚ ਫਿੱਟ ਬੈਠਣ ਲਈ ਤਿਆਰ ਹਾਂ।

ਇਸ ਵਕਤ ਕੇਂਦਰ ਸਰਕਾਰ ਵਿਚ ਭਾਰਤੀ ਫੌਜ ਦਾ ਇੱਕ ਅਜਿਹਾ ਜਰਨੈਲ ਮੰਤਰੀ ਬਣਿਆ ਬੈਠਾ ਹੈ, ਜਿਸ ਨੇ ਆਪਣੇ ਆਖਰੀ ਦੋ ਸਾਲਾਂ ’ਚ ਮੌਕੇ ਦੀ ਸਰਕਾਰ ਨਾਲ ਆਢਾ ਲਾ ਕੇ ਵਿਰੋਧੀ ਪਾਰਟੀਆਂ ਵਿਚੋਂ ਸਰਕਾਰ ਦਾ ਬਦਲ ਬਣ ਕੇ ਉਭਰ ਰਹੀ ਪਾਰਟੀ ਨੂੰ ਇਸ਼ਾਰਾ ਕਰ ਦਿੱਤਾ ਸੀ ਕਿ ਮੈਂ ਸੇਵਾ ਦਾ ਮੌਕਾ ਚਾਹੁੰਦਾ ਹਾਂ। ਇੱਕ ਹੋਰ ਜਰਨੈਲ ਨੇ ਵਰਦੀ ਲਾਹੁੰਦੇ ਸਾਰ ਪੰਜਾਬ ਦੀ ਵਿਧਾਨ ਸਭਾ ਲਈ ਹੋਈਆਂ ਚੋਣਾਂ ਵਿਚ ਕਿਸਮਤ ਅਜ਼ਮਾਈ ਸੀ ਤੇ ਅਜਿਹੀ ਝਾਕ ਇਸ ਵਕਤ ਦੇ ਫੌਜੀ ਕਮਾਂਡਰ ਨੂੰ ਵੀ ਹੋ ਸਕਦੀ ਹੈ। ਇਸ ਲਈ ਉਹ ਮਨ ਦੀ ਮੁਰਾਦ ਹਾਸਲ ਕਰਨ ਵਾਸਤੇ ਕੁਝ ਵੀ ਕਹੀ ਜਾਂਦਾ ਹੋ ਸਕਦਾ ਹੈ। ਲੋਕਤੰਤਰ ਹੈ ਤਾਂ ਇਸ ਵਿਚ ਜੋ ਮਰਜ਼ੀ ਬੋਲਣ ਦਾ ਹੱਕ ਸਭ ਨੂੰ ਹੈ, ਪਰ ਕੁਝ ਹੱਦ ਹੋਣੀ ਚਾਹੀਦੀ ਹੈ।

---

# ਨਸ਼ਾ ਛੁਡਾਊ ਕੇਂਦਰਾਂ ਦੀ ਅਸਲੀਅਤ

ਪੰਜਾਬ ਬਹੁ-ਪੱਖੀ ਸੰਕਟ ਵਿਚੋਂ ਲੰਘ ਰਿਹਾ ਹੈ। ਨਸ਼ਿਆਂ, ਬੇਰੁਜ਼ਗਾਰੀ ਤੇ ਸਮਾਜਕ ਅਸੁਰੱਖਿਆ ਕਾਰਨ ਪੰਜਾਬ ਦੇ ਨੌਜਵਾਨ ਨੈਤਿਕਤਾ, ਸਹਿਨਸ਼ੀਲਤਾ ਤੇ ਸ਼ਰਾਫਤ ਦਾ ਪੱਲਾ ਛੱਡ ਰਹੇ ਹਨ। ਸਮੈਕ, ਹੈਰੋਇਨ ਤੇ ਕੋਕੀਨ ਵਰਗੇ ਮਹਿੰਗੇ ਨਸ਼ੇ ਪੰਜਾਬ ਦੀ ਜਵਾਨੀ ਨਿਗਲ ਰਹੇ ਹਨ। ਟੁੱਟਦੇ ਹੋਏ ਘਰਾਂ, ਵਿਗੜ ਰਹੇ ਬੱਚਿਆਂ, ਨਿਪੁੰਸਕ ਹੁੰਦੇ ਗੱਭਰੂਆਂ, ਵਧਦੇ ਜੁਰਮਾਂ ਤੇ ਘਰ ਘਰ ਮੌਤ ਵੰਡਦੇ ਨਸ਼ੇ ਦੇ ਵਪਾਰੀਆਂ ਨੇ ਘਰਾਂ ਦੀ ਬਰਕਤ ਖੋਹ ਲਈ ਹੈ। ਗੱਭਰੂ ਮਾਨਸਿਕ ਅਤੇ ਸਰੀਰਕ ਤੌਰ ‘ਤੇ ਖੋਖਲੇ ਹੋ ਰਹੇ ਹਨ।

ਮੋਹਨ ਸ਼ਰਮਾ
ਫੋਨ: 91-94171-48866

ਇਕ ਗੈਰ-ਸਰਕਾਰੀ ਸਰਵੇਖਣ ਅਨੁਸਾਰ ਪੰਜਾਬ ਵਿਚ 76.47% ਸ਼ਰਾਬ, 40.14% ਅਫੀਮ, 25.29% ਜ਼ਰਦਾ, 21.45% ਭੁੱਕੀ, 8.65% ਨਸ਼ੇ ਦੇ ਟੀਕੇ, 20.40% ਡਰੱਗ ਅਤੇ 4.65% ਚਰਸ ਦੀ ਵਰਤੋਂ ਕਾਰਨ ਪਿਛਲੇ ਡੇਢ ਦਹਾਕੇ ’ਚ ਨਸ਼ੇੜੀਆਂ ਦੀ ਗਿਣਤੀ ਅੰਦਾਜ਼ਨ 213% ਵਧੀ ਹੈ। ਨਸ਼ਿਆਂ ਦੇ ਕਹਿਰ ਕਾਰਨ ਹੀ ਆਮ ਲੋਕਾਂ ਵਿਚ ਅਸੁਰੱਖਿਆ ਦੀ ਭਾਵਨਾ ਵਧੀ ਹੈ। ਪੰਜਾਬ ਦਾ ਕੋਈ ਵੀ ਅਜਿਹਾ ਖਿੱਤਾ ਜਾਂ ਜ਼ਿਲ੍ਹਾ ਨਹੀਂ, ਜਿਥੇ ਗੁੰਡਾਗਰਦੀ, ਲੁੱਟ-ਖੋਹ, ਚੋਰੀ, ਜਬਰ ਜਨਾਹ ਦੀਆਂ ਵਾਰਦਾਤਾਂ ਨਹੀਂ ਹੋ ਰਹੀਆਂ। ਪਿਛਲੇ ਕੁਝ ਸਮੇਂ ’ਚ ਬਲਾਤਕਾਰ ਦੀਆਂ ਵਾਰਦਾਤਾਂ ਵਿਚ 33%, ਅਗਵਾ ਦੀਆਂ ਘਟਨਾਵਾਂ ’ਚ 14%, ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਵਿਚ 22% ਵਾਧਾ ਹੋਣਾ ਬਹੁਤ ਮਾੜਾ ਸੰਕੇਤ ਹੈ।

ਨਸ਼ਿਆਂ ਕਾਰਨ ਮੌਤ ਵੱਲ ਵਧਦੇ ਨੌਜਵਾਨਾਂ ਦੇ ਕਦਮਾਂ ਤੋਂ ਭੈਅ-ਭੀਤ ਅਤੇ ਆਰਥਿਕ ਤੌਰ ‘ਤੇ ਝੰਬੇ ਜਾ ਰਹੇ ਮਾਪਿਆਂ ਸਾਹਮਣੇ ਪਹਾੜ ਜਿੱਡਾ ਸਵਾਲ ਹੁੰਦਾ ਹੈ ਕਿ ਉਹ ਘਰ ਦੇ ਬੁਝ ਰਹੇ ਚਿਰਾਗਾਂ ਨੂੰ ਜਗਦਾ ਰੱਖਣ ਲਈ ਕਿਹੜਾ ਹੀਲਾ ਕਰਨ? ਦੂਜੇ ਪਾਸੇ ਪੰਜਾਬ ਵਿਚ ਖੁੰਬਾਂ ਵਾਂਗ ਖੁੱਲ੍ਹੇ ਨਾਜਾਇਜ਼ ਨਸ਼ਾ ਛੁਡਾਊ ਕੇਂਦਰਾਂ ਦੇ ਪ੍ਰਬੰਧਕਾਂ ਵੱਲੋਂ ਮਾਪਿਆਂ ਦੀ ਤਰਸਯੋਗ ਹਾਲਤ ਦਾ ਨਾਜਾਇਜ਼ ਫਾਇਦਾ ਉਠਾਉਂਦਿਆਂ ਇਕ ਪਾਸੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਅਤੇ ਦੂਜੇ ਪਾਸੇ ਨਸ਼ੇੜੀ ਨੌਜਵਾਨਾਂ ਨੂੰ ‘ਸ਼ਰਤੀਆ ਠੀਕ ਕਰਨ’ ਦੇ ਦਾਅਵੇ ਨਾਲ ਉਨ੍ਹਾਂ ‘ਤੇ ਤਸ਼ੱਦਦ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾਂਦੀ। ਪੰਜਾਬ ਵਿਚ ਅੰਦਾਜ਼ਨ 150 ਅਜਿਹੇ ਨਸ਼ਾ ਛੁਡਾਊ ਕੇਂਦਰ ਖੁੱਲ੍ਹੇ ਹਨ, ਜਿਨ੍ਹਾਂ ਵਿਚ ‘ਸ਼ਰਤੀਆਂ ਇਲਾਜ’ ਦੇ ਦਾਅਵੇਦਾਰ, ਮਾਪਿਆਂ ਦੀ ਲੁੱਟ-ਖਸੁੱਟ ਕਰ ਰਹੇ ਹਨ। ਅਜਿਹੇ ਨਸ਼ਾ ਛੁਡਾਊ ਕੇਂਦਰ ਡੰਡੇ ਦੇ ਜ਼ੋਰ ਨਾਲ ਨਸ਼ਾ ਛੁਡਾਉਣ ਦੀ ਨੀਤੀ ਅਧੀਨ ‘ਤਸੀਹਾ ਕੇਂਦਰ’ ਬਣ ਗਏ ਹਨ। ਨਸ਼ੇੜੀ ਵਿਅਕਤੀ ਇਕ ਮਾਨਸਿਕ ਰੋਗੀ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਕਹਿ ਦੇਈਏ ਕਿ ਉਹ ਰਸਤੇ ਤੋਂ ਭਟਕ ਕੇ ਕੁਰਾਹੇ ਪੈ ਗਿਆ ਹੈ ਤੇ ਉਸ ਨੂੰ ਰਾਹ ‘ਤੇ ਲਿਆਉਣ ਲਈ ਪ੍ਰੇਰਨਾ, ਪਿਆਰ, ਹਮਦਰਦੀ ਤੇ ਅਪਣਤ ਦੀ ਲੋੜ ਹੁੰਦੀ ਹੈ। ਜੋਰ-ਜਬਰਦਸਤੀ, ਕੁੱਟਮਾਰ, ਗਾਲ੍ਹਾਂ ਆਦਿ ਨਾਲ ਉਹ ਢੀਠ ਹੋ ਜਾਵੇਗਾ ਤੇ ਢੀਠ ਹੋ ਕੇ ਉਹ ਆਪਣੀ ਹੀਣ ਭਾਵਨਾ ਛਪਾਉਣ ਲਈ ਨਸ਼ੇ ਦੀ ਮਿਕਦਾਰ ਹੋਰ ਵਧਾ ਲਵੇਗਾ।

ਨਸ਼ਾ ਛੁਡਾਊ ਕੇਂਦਰਾਂ ਵਿਚ ਬਣੇ ‘ਤਸੀਹਾ ਕੇਂਦਰ’ ਸਮਾਜ ‘ਤੇ ਧੱਬਾ ਹਨ। ਇਕ ਵਿਅਕਤੀ ਨੇ ਦੁਖੀ ਮਨ ਨਾਲ ਦੱਸਿਆ, “ਮੇਰੀ ਰਿਹਾਇਸ਼ ਦੇ ਪਿਛਲੇ ਪਾਸੇ ਦੋ-ਤਿੰਨ ਵਿਅਕਤੀਆਂ ਨੇ ਨਸ਼ਾ ਛੁਡਾਊ ਕੇਂਦਰ ਖੋਲ੍ਹਿਆ ਹੋਇਆ ਹੈ। ਅੰਦਰੋਂ ਆਉਂਦੀਆਂ ਚੀਕਾਂ ਸੁਣ ਕੇ ਰੋਜ਼ ਹੀ ਮਨ ਖਰਾਬ ਰਹਿੰਦੈ।” ਅਜਿਹੇ ਕੇਂਦਰਾਂ ਵਿਚ ਰੋਟੀ ਜ਼ਿਆਦਾ ਮੰਗ ਲਈ ਤਾਂ ਕੁੱਟ-ਮਾਰ, ਰੋਟੀ ਘੱਟ ਖਾਧੀ ਤਾਂ ਸਜ਼ਾ, ਪਾਣੀ ਦੀ ਟੂਟੀ ਖੁੱਲ੍ਹੀ ਛੱਡੀ ਗਈ, ਜ਼ਿਆਦਾ ਸਮਾਂ ਮੰਜੇ ‘ਤੇ ਪੈ ਗਿਆ, ਘਰ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ, ਕਹਿਣਾ ਨਾ ਮੰਨਣ ‘ਤੇ ਗਰਦਨ ਫੜ ਕੇ ਮੱਥਾ ਕੰਧ ਨਾਲ ਮਾਰਨਾ, ਇੱਟ ਦੇ ਰਗੜੇ ਹੋਏ ਸਿਰੇ ‘ਤੇ ਖੜ੍ਹਾ ਕਰਨਾ, ਗੈਸ ਸਿਲੰਡਰ ਦੋਵਾਂ ਹੱਥਾਂ ਨਾਲ ਉਪਰ ਚੁੱਕ ਕੇ ਧੁੱਪੇ ਖੜ੍ਹੇ ਰੱਖਣਾ, ਕਮਰੇ ਵਿਚ ਬੰਦ ਕਰ ਦੇਣਾ ਆਦਿ ਗ਼ੈਰ-ਮਨੁੱਖੀ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਅਜਿਹੀ ਸਜ਼ਾ ਨਾਲ ਨਸ਼ੇੜੀ ਦੀ ਸੋਚ ਬਾਗੀ ਹੋ ਜਾਂਦੀ ਹੈ ਅਤੇ ਉਹ ਨਸ਼ਾ ਛੁਡਾਊ ਕੇਂਦਰਾਂ ਦੇ ਪ੍ਰਬੰਧਕਾਂ ਅਤੇ ਆਪਣੇ ਮਾਪਿਆਂ ਪ੍ਰਤੀ ਬਾਗੀ ਸੁਰ ਰੱਖਦੇ ਹੋਏ ਸਮਾਂ ਆਉਣ ‘ਤੇ ਬਦਲਾ ਲੈਣ ਦੀ ਧਾਰ ਲੈਂਦੇ ਹਨ। ਕਈ ਨਸ਼ਾ ਛੁਡਾਊ ਕੇਂਦਰਾਂ ਵਿਚ ਮਰੀਜ਼ਾਂ ਦੀ ਮੌਤ ਪਿੱਛੇ ਵੀ ਅਜਿਹੇ ਕਾਰਨ ਹੀ ਹੁੰਦੇ ਹਨ। ਕਈ ਵਾਰ ਅਜਿਹੇ ਕੇਂਦਰਾਂ ਵਿਚੋਂ ਛੁੱਟੀ ਹੋਣ ‘ਤੇ ਨਸ਼ੇੜੀ ਜਿੱਥੇ ਬਾਹਰ ਆ ਕੇ ਦੁੱਗਣਾ ਨਸ਼ਾ ਕਰਨਾ ਸ਼ੁਰੂ ਕਰ ਦਿੰਦੇ ਹਨ, ਉਥੇ ਆਪਣੇ ‘ਤੇ ਹੋਏ ਤਸ਼ੱਦਦ ਲਈ ਮਾਂ-ਬਾਪ ਨੂੰ ਦੋਸ਼ੀ ਠਹਿਰਾਉਂਦੇ ਹਨ। ਮਾਪਿਆਂ ਦਾ ਦੁਖਾਂਤ ਹੈ ਕਿ ਜਦੋਂ ਉਹ ਆਪਣੀ ਔਲਾਦ ਨੂੰ ਨਸ਼ਾ ਛੱਡਣ ਦੀ ਪ੍ਰੇਰਨਾ ਦਿੰਦੇ ਹੋਏ ਇਲਾਜ ਕਰਵਾਉਣ ਲਈ ਕਹਿੰਦੇ ਹਨ ਤਾਂ ਨੌਜਵਾਨ ਜਵਾਬ ਦੇ ਦਿੰਦੇ ਹਨ। ਅਜਿਹੀ ਸਥਿਤੀ ਵਿਚ ਮਾਪੇ ਇਹੋ-ਜਿਹੇ ਨਸ਼ਾ ਛੁਡਾਊ ਕੇਂਦਰਾਂ ਨਾਲ ਜਦੋਂ ਸੰਪਰਕ ਕਰਦੇ ਹਨ ਤਾਂ ਉਹ ਮੋਟੀ ਰਕਮ ਲੈ ਕੇ ਆਪਣੇ ਰੱਖੇ ‘ਥਾਣੇਦਾਰਾਂ’ ਨੂੰ ਗੱਡੀ ਦੇ ਕੇ ਭੇਜ ਦਿੰਦੇ ਹਨ ਤੇ ਉਹ ਨਸ਼ੇੜੀ ਮਰੀਜ਼ ਨੂੰ ਘਰੋਂ ਹੀ ਚੰਗੀ ਤਰ੍ਹਾਂ ਸੋਧ ਕੇ ਗੱਡੀ ਵਿਚ ਸੁੱਟ ਲੈਂਦੇ ਹਨ। ਉਨ੍ਹਾਂ ਨੂੰ ਕੈਦੀ ਦੀ ਤਰ੍ਹਾਂ ਸੀਖਾਂ ਵਾਲੇ ਕਮਰੇ ‘ਚ ਸੁੱਟ ਦਿੰਦੇ ਹਨ। ਅਜਿਹੇ ਗੰਦੇ ਕਮਰੇ ਵਿਚ ਹਵਾ ਅਤੇ ਰੌਸ਼ਨੀ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਘਰ ਦੇ ਕਿਸੇ ਵੀ ਮੈਂਬਰ ਨੂੰ ਕਈ ਮਹੀਨੇ ਮਿਲਣ ਨਹੀਂ ਦਿੱਤਾ ਜਾਂਦਾ। ਮਾਪੇ ਅੰਦਾਜ਼ਨ 20-25 ਹਜ਼ਾਰ ਰੁਪਏ ਮਹੀਨਾ ਭੇਜਦੇ ਹਨ।




ਨਸ਼ੇੜੀ ਵਿਅਕਤੀ ਦਿਸ਼ਾਹੀਣ ਹੁੰਦਾ ਹੈ, ਜਿਸ ਨੂੰ ਸਹੀ ਸੇਧ ਦੀ ਲੋੜ ਹੁੰਦੀ ਹੈ। ਜਦੋਂ ਤੱਕ ਨਸ਼ੇੜੀ ਦੇ ਨੈਤਿਕ ਅਤੇ ਬੌਧਿਕ ਵਿਕਾਸ ਲਈ ਯੋਗ ਕਦਮ ਨਹੀਂ ਚੁੱਕੇ ਜਾਂਦੇ, ਉਦੋਂ ਤੱਕ ਇਲਾਜ ਸੰਭਵ ਨਹੀਂ। ਜਦੋਂ ਤੱਕ ਨਸ਼ਾ ਛੁਡਾਊ ਕੇਂਦਰਾਂ ਦੇ ਪ੍ਰਬੰਧਕ ਮਨੁੱਖਤਾ ਨੂੰ ਤਰਜੀਹ ਦੇਣ ਦੀ ਥਾਂ ਪੈਸੇ ਇਕੱਠੇ ਕਰਨ ਦੀ ਦੌੜ ਵਿਚ ਲੱਗੇ ਰਹਿਣਗੇ, ਉਦੋਂ ਤੱਕ ਨਸ਼ਾ ਕਰਨ ਵਾਲੇ ਨੂੰ ਨਸ਼ਾ ਮੁਕਤ ਕਰਕੇ ਚੰਗਾ ਨਾਗਰਿਕ ਨਹੀਂ ਬਣਾਇਆ ਜਾ ਸਕਦਾ। ਕਿਸੇ ਚੰਗੇ ਤੇ ਪ੍ਰਭਾਵਸ਼ਾਲੀ ਨਸ਼ਾ ਛੁਡਾਊ ਕੇਂਦਰ ਵਿਚ ਦੁਆ ਅਤੇ ਦਵਾ ਦੋਵੇਂ ਜ਼ਰੂਰੀ ਹਨ।

ਕੌਂਸਲਿੰਗ, ਯੋਗਾ, ਮੈਡੀਟੇਸ਼ਨ, ਉਸਾਰੂ ਸਾਹਿਤ ਅਧਿਐਨ, ਸਿਮਰਨ, ਕਿਰਿਆਤਮਕ ਕਾਰਜ, ਮਨੋਰੰਜਨ ਤੇ ਚੰਗੀਆਂ ਸ਼ਖਸੀਅਤਾਂ ਦੇ ਸਮੇਂ ਸਮੇਂ ‘ਤੇ ਭਾਸ਼ਣ ਕਰਵਾਉਣੇ ਸਹਾਈ ਸਿੱਧ ਹੋ ਸਕਦੇ ਹਨ। ਠੀਕ ਹੋਣ ਮਗਰੋਂ ਉਨ੍ਹਾਂ ਦੇ ਮੁੜ ਵਸੇਬੇ ਲਈ ਢੁਕਵੇਂ ਰੁਜ਼ਗਾਰ ਤੇ ਤਿੜਕੇ ਰਿਸ਼ਤਿਆਂ ਨੂੰ ਜੋੜਨ ਲਈ ਵੀ ਨਸ਼ਾ ਛੁਡਾਊ ਕੇਂਦਰ ਵੱਲੋਂ ਢੁਕਵੇਂ ਕਦਮ ਚੁੱਕਣੇ ਜ਼ਰੂਰੀ ਹਨ।

ਮਾਪਿਆਂ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਪਰਿਵਾਰ ਦੇ ਜੀਅ ਨੂੰ ਨਸ਼ਾ ਛੁਡਾਊ ਕੇਂਦਰ ਵਿਚ ਭੇਜਣ ਤੋਂ ਪਹਿਲਾਂ ਚੰਗੀ ਤਰ੍ਹਾਂ ਪੜਤਾਲ ਕਰ ਲੈਣ ਕਿ ਉਹ ਕੇਂਦਰ ਸਿਰਫ ਪੈਸੇ ਇੱਕਠੇ ਕਰਨ ਲਈ ਹੀ ਤਾਂ ਨਹੀਂ ਖੁੱਲ੍ਹਿਆ ਹੋਇਆ? ਇਹ ਸਭ ਪਤਾ ਕਰਕੇ ਹੀ ਨਸ਼ੇ ਦੇ ਆਦੀ ਨੌਜਵਾਨਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਚ ਦਾਖਲ ਕਰਾਇਆ ਜਾਵੇ।

ਪੰਜਾਬ ਟਾਈਮਜ਼

*ਸਨਿਚਰਵਾਰ, 8 ਦਸੰਬਰ 2018*

## ਇਕ ਹੋਰ ਅਕਾਲੀ ਦਲ

ਸ਼੍ਰੋਮਣੀ ਅਕਾਲੀ ਦਲ ਦੀ ਦੱਬੀ-ਘੁੱਟੀ ਬਗਾਵਤ ਦਾ ਅੰਤ ਇਕ ਵੱਖਰੇ ਅਕਾਲੀ ਦਲ ਦੇ ਰੂਪ ਵਿਚ ਹੋਇਆ ਹੈ। ਇਹ ਬਗਾਵਤ ਇਕ ਤਰ੍ਹਾਂ ਨਾਲ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਨੀਤੀਆਂ ਦੇ ਖਿਲਾਫ ਸੀ, ਜੋ ਆਪਣੇ ਨਜ਼ਦੀਕੀ ਰਿਸ਼ੇਤਦਾਰ ਬਿਕਰਮ ਸਿੰਘ ਮਜੀਠੀਆ ਨਾਲ ਰਲ ਕੇ ਪਾਰਟੀ ਨੂੰ ਕਿਸੇ ਪ੍ਰਾਈਵੇਟ ਕੰਪਨੀ ਵਾਂਗ ਚਲਾਉਣ ਦੇ ਯਤਨਾਂ ਵਿਚ ਸੀ। ਪਿਛਲੇ ਕੁਝ ਸਮੇਂ ਤੋਂ ਪਾਰਟੀ ਦੇ ਕੀਤੇ ਫੈਸਲਿਆਂ ਕਾਰਨ ਪਾਰਟੀ ਦੇ ਅਕਸ ਨੂੰ ਬਹੁਤ ਵੱਡਾ ਝਟਕਾ ਲੱਗਿਆ ਸੀ ਅਤੇ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਇਕ ਤਰ੍ਹਾਂ ਨਾਲ ਹੂੰਝੀ ਹੀ ਗਈ ਸੀ। ਉਸ ਵਕਤ ਪਾਰਟੀ ਅੰਦਰ ਥੋੜ੍ਹੀ-ਬਹੁਤੀ ਹਿਲਜੁਲ ਤਾਂ ਹੋਈ ਸੀ, ਪਰ ਪਾਰਟੀ ਦੀ ਲੀਡਰਸ਼ਿਪ ਨੂੰ ਕੋਈ ਖਾਸ ਚੁਣੌਤੀ ਕਿਸੇ ਪਾਸਿਓਂ ਨਹੀਂ ਸੀ। ਜਦੋਂ ਤੋਂ ਬਰਗਾੜੀ ਵਿਚ ਬੇਅਦਬੀ ਦੀਆਂ ਘਟਨਾਵਾਂ ਖਿਲਾਫ ਮੋਰਚਾ ਸ਼ੁਰੂ ਹੋਇਆ, ਉਸ ਤੋਂ ਬਾਅਦ ਪਾਰਟੀ ਅੰਦਰ ਕਾਫੀ ਹਲਚਲ ਮੱਚੀ ਹੋਈ ਸੀ। ਸਭ ਤੋਂ ਪਹਿਲਾਂ ਸੀਨੀਅਰ ਅਕਾਲੀ ਆਗੂ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਕੇ ਲੀਡਰਸ਼ਿਪ ਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ। ਉਨ੍ਹਾਂ ਮਾੜੀ ਸਿਹਤ ਦਾ ਬਹਾਨਾ ਬਣਾ ਕੇ ਅਸਤੀਫਾ ਸੌਂਪਿਆ ਸੀ ਪਰ ਬੱਚਾ-ਬੱਚਾ ਜਾਣਦਾ ਸੀ ਕਿ ਇਹ ਲੀਡਰਸ਼ਿਪ ਨੂੰ ਸਿੱਧੀ ਚੁਣੌਤੀ ਸੀ। ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਹਾਲਾਤ ਨੂੰ ਸੰਭਾਲਣ ਦਾ ਯਤਨ ਤਾਂ ਕੀਤਾ ਪਰ ਸ. ਢੀਂਡਸਾ ਆਪਣੇ ਫੈਸਲੇ ਤੋਂ ਟੱਸ ਤੋਂ ਮੱਸ ਨਾ ਹੋਏ।

ਇਸ ਤੋਂ ਬਾਅਦ ਕੁਝ ਹੋਰ ਆਗੂਆਂ ਨੇ ਆਪਣਾ ਰੋਸਾ ਪ੍ਰਗਟ ਕੀਤਾ ਪਰ ਪਾਰਟੀ ਨੂੰ ਤਕੜਾ ਝਟਕਾ ਇਕ ਹੋਰ ਸੀਨੀਅਰ ਆਗੂ ਅਤੇ ਲੋਕ ਸਭਾ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਅਸਤੀਫੇ ਕਾਰਨ ਲੱਗਾ। ਮਾਝੇ ਦੇ ਦੋ ਹੋਰ ਚੋਟੀ ਦੇ ਆਗੂ ਰਤਨ ਸਿੰਘ ਅਜਨਾਲਾ ਅਤੇ ਸੇਵਾ ਸਿੰਘ ਸੇਖਵਾਂ ਵੀ ਉਨ੍ਹਾਂ ਦੇ ਨਾਲ ਆਣ ਡਟੇ। ਇਹ ਅਸਲ ਵਿਚ ਬਿਕਰਮ ਸਿੰਘ ਮਜੀਠੀਆ ਵੱਲੋਂ ਇਲਾਕੇ ਵਿਚ ਚੰਮ ਦੀਆਂ ਚਲਾਉਣ ਖਿਲਾਫ ਸਿੱਧੀ ਬਗਾਵਤ ਸੀ। ਇਨ੍ਹਾਂ ਆਗੂਆਂ ਨੂੰ ਵੀ ਪਹਿਲਾਂ-ਪਹਿਲ ਮਨਾਉਣ ਦਾ ਯਤਨ ਕੀਤਾ ਗਿਆ ਪਰ ਇਨ੍ਹਾਂ ਆਗੂਆਂ ਨੇ ਸਪਸ਼ਟ ਐਲਾਨ ਕਰ ਦਿੱਤਾ ਕਿ ਜਿੰਨਾ ਚਿਰ ਸੁਖਬੀਰ ਅਤੇ ਮਜੀਠੀਆ ਨੂੰ ਲਾਂਭੇ ਨਹੀਂ ਕੀਤਾ ਜਾਂਦਾ, ਉਹ ਫੈਸਲੇ 'ਤੇ ਗੌਰ ਨਹੀਂ ਕਰਨਗੇ। ਮਗਰੋਂ ਇਨ੍ਹਾਂ ਲੀਡਰਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਅਤੇ ਹੁਣ ਇਨ੍ਹਾਂ ਤਿੰਨਾਂ ਲੀਡਰਾਂ ਦੀ ਅਗਵਾਈ ਹੇਠ ਹੀ ਨਵਾਂ ਅਕਾਲੀ ਦਲ ਹੋਂਦ ਵਿਚ ਆਇਆ ਹੈ।

ਅਕਾਲੀ ਦਲ ਵਿਚ ਪਹਿਲਾਂ ਵੀ ਅਜਿਹੇ ਹਾਲਾਤ ਆਉਂਦੇ ਰਹੇ ਹਨ ਅਤੇ ਪਾਰਟੀ ਵਿਚੋਂ ਬਾਹਰ ਗਏ ਲੀਡਰ ਪੰਜਾਬ ਦੀ ਸਿਆਸਤ ਵਿਚ ਕੋਈ ਖਾਸ ਮੁਕਾਮ ਸਿਰਜਣ ਵਿਚ ਨਾਕਾਮ ਰਹੇ ਹਨ। ਅਸਲ ਵਿਚ ਸੂਬੇ ਦੀ ਅਕਾਲੀ ਸਿਆਸਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਆਸਤ ਵੱਖਰਾ ਮੁਕਾਮ ਰੱਖਦੀ ਹੈ। ਹੁਣ ਸ਼੍ਰੋਮਣੀ ਕਮੇਟੀ ਉਤੇ ਭਾਵੇਂ ਬਾਦਲਾਂ ਦਾ ਕਬਜ਼ਾ ਹੈ ਪਰ ਸੂਬੇ ਦੀ ਸਿਆਸਤ ਦੇ ਹਾਲਾਤ ਪਹਿਲਾਂ ਵਰਗੇ ਨਹੀਂ ਹਨ। ਬੇਅਦਬੀ ਤੇ ਡੇਰਾ ਸੱਚਾ ਸੌਦਾ ਦੇ ਮਾਮਲਿਆਂ ਅਤੇ ਕੁਝ ਹੋਰ ਕਾਰਨਾਂ ਕਾਰਨ ਬਾਦਲਾਂ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਪੈਰ ਬੁਰੀ ਤਰ੍ਹਾਂ ਉਖੜੇ ਹੋਏ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪਛੜਨ ਕਾਰਨ ਇਸ ਕੋਲ ਵਿਰੋਧੀ ਧਿਰ ਵਾਲਾ ਰੁਤਬਾ ਵੀ ਨਹੀਂ ਹੈ। ਸੂਬੇ ਵਿਚ ਕਾਂਗਰਸ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਦੇ ਬਾਵਜੂਦ ਲੋਕਾਂ ਨੇ ਅਕਾਲੀ ਆਗੂਆਂ ਅਤੇ ਲੀਡਰਸ਼ਿਪ ਨੂੰ ਮੂੰਹ ਨਹੀਂ ਲਾਇਆ, ਸਗੋਂ ਕਈ ਥਾਈਂ ਤਾਂ ਲੋਕਾਂ ਦੇ ਤਿੱਖੇ ਵਿਰੋਧ ਕਾਰਨ ਬਾਦਕਿਆਂ ਨੂੰ ਆਪਣੇ ਸਮਾਗਮ ਰੱਦ ਕਰਨੇ ਪਏ ਹਨ। ਲੁਧਿਆਣੇ ਦੇ ਬੈਂਸ ਭਰਾਵਾਂ ਅਤੇ ਆਮ ਆਦਮੀ ਪਾਰਟੀ ਤੋਂ ਵੱਖ ਹੋਏ ਸੁਖਪਾਲ ਸਿੰਘ ਖਹਿਰਾ ਧੜੇ ਨੇ ਸੂਬੇ ਅੰਦਰ ਵੱਖਰੀ ਸਰਗਰਮੀ ਵਿੱਢੀ ਹੋਈ ਹੈ ਅਤੇ ਨਵੇਂ ਅਕਾਲੀ ਦਲ ਦੇ ਲੀਡਰਾਂ ਨੇ ਇਨ੍ਹਾਂ ਦੋਹਾਂ ਧਿਰਾਂ ਨੂੰ ਨਾਲ ਆਉਣ ਦਾ ਸੱਦਾ ਵੀ ਭੇਜਿਆ ਹੈ। ਦੂਜੇ ਬੰਨੇ, ਕਾਂਗਰਸੀ ਖੇਮੇ ਵਿਚ ਜਿੰਨੀ ਥਾਂ ਨਵਜੋਤ ਸਿੰਘ ਸਿੱਧੂ ਮੱਲ ਰਿਹਾ ਹੈ ਅਤੇ ਕਰਤਾਰਪੁਰ ਲਾਂਘੇ ਬਾਰੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਜੋ ਪੈਂਤੜਾ ਮੱਲਿਆ ਹੈ, ਉਸ ਨੇ ਸੂਬੇ ਦੀ ਸਿਆਸਤ ਅੰਦਰ ਨਵੀਂਆਂ ਸੰਭਾਵਨਾਵਾਂ ਦੇ ਸੰਕੇਤ ਸੁੱਟੇ ਹਨ। ਕਰਤਾਰਪੁਰ ਲਾਂਘੇ ਬਾਰੇ ਪਹਿਲਕਦਮੀ ਦਾ ਹਰ ਪਾਸਿਓਂ ਸਵਾਗਤ ਹੋਇਆ ਹੈ ਪਰ ਇਸ ਮਾਮਲੇ ਵਿਚ ਅਮਰਿੰਦਰ ਸਿੰਘ ਦਾ ਬਿਆਨ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਸੁਰ ਵਾਲਾ ਹੈ।

ਪਿਛਲੇ ਸਮਿਆਂ ਦੌਰਾਨ ਸਾਹਮਣੇ ਆਈ ਅਕਾਲੀ ਸਿਆਸਤ ਦਾ ਸੱਚ ਇਹ ਹੈ ਕਿ ਸਾਰੇ ਅਕਾਲੀ/ਪੰਥਕ ਧੜੇ ਰਲ ਕੇ ਵੀ ਬਾਦਲਾਂ ਦੇ ਅਕਾਲੀ ਦਲ ਅੱਗੇ ਵੱਡੀ ਚੁਣੌਤੀ ਸੁੱਟਣ ਵਿਚ ਨਾਕਾਮ ਰਹੇ ਹਨ। ਇਥੋਂ ਤੱਕ ਕਿ ਬਰਗਾੜੀ ਵਿਚ ਲੱਗੇ ਬੇਮਿਸਾਲ ਇਨਸਾਫ ਮੋਰਚੇ ਤੋਂ ਬਾਅਦ ਵੀ ਇਹ ਧਿਰਾਂ ਕੋਈ ਸਿਆਸੀ ਬੰਨ੍ਹ-ਸੁਬ ਕਰਨ ਵਿਚ ਫਿਲਹਾਲ ਪਛੜ ਰਹੀਆਂ ਹਨ। ਉਪਰੋਂ ਲੋਕ ਸਭਾ ਚੋਣਾਂ ਸਿਰ 'ਤੇ ਹਨ। ਜੱਗ ਜਾਣਦਾ ਹੈ ਕਿ ਚੋਣਾਂ ਦੌਰਾਨ ਮੌਕਾਪ੍ਰਸਤ ਸਿਆਸਤ ਕਿਸ ਤਰ੍ਹਾਂ ਹਰ ਤਰ੍ਹਾਂ ਦੀ ਸੰਜੀਦਾ ਸਿਆਸਤ ਨੂੰ ਹੜ੍ਹਾ ਕੇ ਲੈ ਜਾਂਦੀ ਹੈ। ਇਸ ਸੂਰਤ ਵਿਚ ਸੂਬੇ ਦੀ ਸਿਆਸਤ ਵਿਚ ਕੋਈ ਦਮਦਾਰ ਸਫਬੰਦੀ ਸਾਹਮਣੇ ਆ ਸਕੇਗੀ, ਇਸ ਬਾਰੇ ਫਿਲਹਾਲ ਸਵਾਲੀਆ ਨਿਸ਼ਾਨ ਹੀ ਲੱਗਿਆ ਹੋਇਆ ਹੈ। ਇਹ ਅਸਲ ਵਿਚ ਸੂਬੇ ਵਿਚ ਦਮਦਾਰ ਲੀਡਰਸ਼ਿਪ ਨਾ ਹੋਣ ਦਾ ਸੰਕਟ ਹੈ। ਆਪਣੀ ਸਰਕਾਰ ਦੇ ਪਿਛਲੇ ਕਾਰਜਕਾਲ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਨੂੰ ਧਿਆਨ ਵਿਚ ਰੱਖ ਕੇ ਕੁਝ ਖਾਸ ਫੈਸਲੇ ਕੀਤੇ ਸਨ। ਇਨ੍ਹਾਂ ਫੈਸਲਿਆਂ ਕਰਕੇ ਅੱਜ ਵੀ ਉਨ੍ਹਾਂ ਦੀ ਧੜੱਲੇਦਾਰ ਆਗੂ ਵਜੋਂ ਧਾਂਕ ਬੈਠੀ ਹੋਈ ਹੈ ਪਰ ਐਤਕੀਂ ਉਹ ਸਿਆਸੀ ਪਿੜ ਅੰਦਰ ਅਜਿਹਾ ਕੋਈ ਕ੍ਰਿਸ਼ਮਾ ਕਰਨ ਤੋਂ ਨਾਕਾਮ ਰਹੇ ਹਨ, ਸਗੋਂ ਉਨ੍ਹਾਂ ਉਤੇ ਤਾਂ ਬਾਦਲਾਂ ਨਾਲ ਰਲ ਕੇ ਸਿਆਸਤ ਕਰਨ ਦੇ ਦੋਸ਼ ਵੀ ਮੜ੍ਹੇ ਜਾ ਰਹੇ ਹਨ। ਨੇੜਲੇ ਭਵਿੱਖ ਵਿਚ ਕਿਸੇ ਪ੍ਰਕਾਰ ਦੇ ਵੱਡੇ ਅੰਦੋਲਨ ਦੀ ਵੀ ਕੋਈ ਪੈੜਚਾਲ ਸੁਣਾਈ ਨਹੀਂ ਦੇ ਰਹੀ। ਨਵੇਂ ਬਣੇ ਅਕਾਲੀ ਦਲ ਦੀ ਸੀਮਾ ਵੀ ਫਿਲਹਾਲ ਮਾਝੇ ਤਕ ਜਾਪਦੀ ਹੈ। ਇਹ ਪਾਰਟੀ ਸੂਬੇ ਦੀ ਸਿਆਸਤ 'ਤੇ ਕਿੰਨਾ ਕੁ ਅਸਰ ਪਾ ਸਕੇਗੀ, ਆਉਣ ਵਾਲਾ ਸਮਾਂ ਹੀ ਦੱਸੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦੋਏ ਖਿਡਾਰੀ ਜ਼ਿੰਦਾਬਾਦ !*

ਪਹਿਲਾਂ 'ਜੱਫੀ' 'ਤੇ ਭੰਡੀ ਪ੍ਰਚਾਰ ਕੀਤਾ, ਸੂਈ ਸਿੱਧੂ 'ਤੇ ਰੋਜ ਹੀ ਲਾਈ ਰੱਖੀ।
ਰਾਸ਼ਟਰਵਾਦ ਦਾ 'ਸਬਕ' ਪੜ੍ਹਾਉਣ ਲੱਗੇ, ਸਾਰੇ ਚੈਨਲਾਂ ਡੰਡ ਹੀ ਪਾਈ ਰੱਖੀ।
ਸੁਣ ਕੇ ਖਬਰ ਇਮਰਾਨ ਦੀ ਪਹਿਲ ਵਾਲੀ, ਕ੍ਰੈਡਿਟ ਲੈਣ ਲਈ ਪਾਈ ਦੁਹਾਈ ਰੱਖੀ।
ਚੌਧਰ ਵਾਸਤੇ ਆਪਸ 'ਚ ਰਹੇ ਲੜਦੇ, ਬਾਬੇ ਨਾਨਕ ਦੀ ਬਾਤ ਭੁਲਾਈ ਰੱਖੀ।
ਛੱਡੀ ਸਿਆਸਤ ਨਾ ਬੌਣਿਆਂ ਆਗੂਆਂ ਨੇ, ਭਾਸ਼ਣ ਕਰਦਿਆਂ ਬੋਲੀਆਂ ਮਾਰੀਆਂ ਨੇ।
ਸੱਤਰ ਸਾਲ ਤੋਂ ਲਟਕਦੀ ਰੀਝ ਪੂਰੀ, ਲਾਂਘਾ ਖੋਲ੍ਹ'ਤਾ ਦੋਹਾਂ ਖਿਡਾਰੀਆਂ ਨੇ !

# ਵ੍ਹਾਈਟ ਹਾਊਸ ਦੀਆਂ ਰਵਾਇਤਾਂ ਅਤੇ ਟਰੰਪ ਦੀਆਂ ਅਵੱਲੀਆਂ

***ਅਮਰੀਕਾ ਵਿਚ ਹਾਲ ਹੀ 'ਚ ਹੋਈਆਂ ਮੱਧਕਾਲੀ ਚੋਣਾਂ ਦੇ ਨਤੀਜੇ ਭਾਵੇਂ ਜੋ ਵੀ ਆਏ ਹੋਣ, ਇਸ ਵਿਚ ਵ੍ਹਾਈਟ ਹਾਊਸ ਦੀਆਂ ਰਵਾਇਤਾਂ ਨੂੰ ਤਕੜਾ ਝਟਕਾ ਲੱਗਾ ਹੈ। ਇਹ ਸੰਭਵ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਇਸ ਦਾ ਅਸਰ ਅਮਰੀਕੀ ਸਿਆਸਤ ਉਤੇ ਦਿਸੇ। ਅਸਲ ਵਿਚ ਚੋਣਾਂ ਜਿੱਤਣ ਲਈ ਰਾਸ਼ਟਰਪਤੀ ਡੋਨਲਡ ਟਰੰਪ ਨੇ ਜਿਸ ਤਰ੍ਹਾਂ ਅਮਰੀਕੀਆਂ ਨੂੰ ਉਕਸਾਇਆ ਹੈ, ਉਸ ਨੂੰ ਦੇਸ਼ ਦੀ ਸੁੱਚੀ ਸਿਆਸਤ ਲਈ ਘਾਤਕ ਮੰਨਿਆ ਜਾ ਰਿਹਾ ਹੈ। ਇਸ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਪੱਤਰਕਾਰ ਅਸ਼ੋਕ ਈਸ਼ਵਰਨ ਨੇ ਕੀਤੀ ਹੈ। -ਸੰਪਾਦਕ***

ਰਾਸ਼ਟਰਪਤੀ ਡੋਨਲਡ ਟਰੰਪ ਨੇ ਇਕ ਵਾਰ ਫਿਰ ਜਲਵਾਯੂ ਤਬਦੀਲੀ ਮੁਹਿੰਮ ਅਤੇ ਫੈਡਰਲ ਰਿਜ਼ਰਵ ਦੇ ਚੇਅਰਮੈਨ ਖਿਲਾਫ ਭੜਾਸ ਕੱਢੀ ਤਾਂ ਦੇਸ਼ ਦੇ ਦੂਜੇ ਰਾਸ਼ਟਰਪਤੀ ਜੌਹਨ ਐਡਮਜ਼ ਦੀ ਯਾਦ ਤਾਜ਼ਾ ਹੋ ਗਈ ਜਿਨ੍ਹਾਂ ਇਕ ਵਾਰ ਕਿਹਾ ਸੀ, "ਤੱਥ ਸਥੂਲ ਚੀਜ਼ਾਂ ਵਾਂਗ ਹੁੰਦੇ ਹਨ: ਸਾਡੀਆਂ ਜੋ ਮਰਜ਼ੀ ਖਾਹਸ਼ਾਂ ਤੇ ਰੁਝਾਨ ਅਤੇ ਸਾਡੇ ਜਜ਼ਬਿਆਂ ਦੇ ਪ੍ਰੇਰਕ ਹੋਣ, ਉਹ ਤੱਥਾਂ ਦੀ ਯਥਾਸਥਿਤੀ ਤੇ ਸਬੂਤ ਨਹੀਂ ਬਦਲ ਸਕਦੇ।"

ਜੇ ਕਿਤੇ ਹਾਲ ਹੀ ਵਿਚ ਹੋਈਆਂ ਮੱਧਕਾਲੀ ਚੋਣਾਂ ਕਿਸੇ ਆਮ ਚੋਣ ਵਰ੍ਹੇ ਵਿਚ ਹੋਈਆਂ ਹੁੰਦੀਆਂ ਤਾਂ ਵੇਲੇ ਦੇ ਰਾਸ਼ਟਰਪਤੀ ਨੇ ਆਪਣੀ ਪਾਰਟੀ ਦੇ ਪੱਖ ਵਿਚ ਠਾਠਾਂ ਮਾਰ ਕੇ ਵਧ-ਫੁੱਲ

ਅਸ਼ੋਕ ਈਸ਼ਵਰਨ

ਰਹੇ ਅਰਥਚਾਰੇ ਤੇ ਰੁਜ਼ਗਾਰ ਵਿਚ ਵਾਧੇ ਦਾ ਖੂਬ ਲਾਹਾ ਲੈਣਾ ਸੀ ਪਰ ਉਦਾਰਵਾਦੀ ਜਗਤ ਦੇ ਸਰਬਰਾਹ ਨੇ ਆਪਣੇ ਵੋਟਰਾਂ ਦੀ ਤਰਫੋਂ ਨਫਰਤ-ਅੰਗੇਜ਼ ਜ਼ਹਿਰ ਉਗਲਣ ਨੂੰ ਤਰਜੀਹ ਦਿੱਤੀ। ਅਸਲ ਵਿਚ ਦੋ ਮੁੱਦੇ ਉਨ੍ਹਾਂ ਦੇ ਜਨ-ਪ੍ਰਭਾਵ ਨੂੰ ਹੜੱਪ ਕਰ ਗਏ। ਇਹ ਦੋ ਮੁੱਦੇ ਸਨ: ਅਮਰੀਕੀ ਸੁਪਰੀਮ ਕੋਰਟ ਦੇ ਜੱਜ ਬਰੈਟ ਕੈਵਾਨੋਅ ਦੀ ਚੋਣ 'ਤੇ ਸੈਨੇਟ ਦੀ ਮੋਹਰ ਅਤੇ ਮੱਧ ਅਮਰੀਕੀ ਮਹਾਂਦੀਪ ਦੇ ਮੁਲਕਾਂ ਤੋਂ ਹਿੰਸਾ ਤੇ ਗੁਰਬਤ ਦੇ ਝੰਬੇ ਆਪਣੇ ਤੜੀ-ਤੱਪੜ ਬੰਨ੍ਹ ਕੇ ਅਮਰੀਕੀ ਸਰਹੱਦ ਵੱਲ ਵਧ ਰਹੇ ਸ਼ਰਨਾਰਥੀਆਂ ਦੇ ਕਾਫਲੇ।

ਇਖਲਾਕ ਤੇ ਇਨਸਾਫਪਸੰਦੀ ਤੋਂ ਬੇਲਾਗ ਅਤੇ ਸਿਰੇ ਦੇ ਮੌਕਾਪ੍ਰਸਤ ਟਰੰਪ ਨੇ ਪਹਿਲਾਂ ਤਾਂ ਇਨ੍ਹਾਂ ਕਾਫਲਿਆਂ ਨੂੰ 'ਗੈਰਕਾਨੂੰਨੀ ਏਲੀਅਨਜ਼' ਕਹਿ ਕੇ ਦੁਰਕਾਰਿਆ ਤੇ ਨਾਲ ਹੀ ਉਨ੍ਹਾਂ ਨੂੰ 'ਘੁਸਪੈਠੀਆ' ਕਹਿ ਕੇ ਅਮਰੀਕੀ ਆਵਾਮ ਲਈ ਖਤਰੇ ਵਜੋਂ ਪੇਸ਼ ਕੀਤਾ ਤਾਂ ਕਿ ਆਪਣੇ ਹਮਾਇਤੀ ਵੋਟਰਾਂ ਅੰਦਰ ਉਨਮਾਦ ਪੈਦਾ ਕੀਤਾ ਜਾ ਸਕੇ। ਟਰੰਪ ਦੀ ਇਸ ਵੰਡ ਪਾਊ ਚੋਣ ਪ੍ਰਚਾਰ ਮੁਹਿੰਮ ਦਾ ਨਤੀਜਾ ਸੀ ਕਿ ਰਿਪਬਲਿਕਨ ਸੈਨੇਟ ਵਿਚ ਆਪਣਾ ਬਹੁਮਤ ਬਚਾਉਣ ਵਿਚ ਕਾਮਯਾਬ ਰਹੇ। ਡੋਨਲਡ ਟਰੰਪ ਦੇ ਸ਼ਾਸਨ ਦੀ ਰਣਨੀਤੀ ਗੋਰਿਆਂ ਦੀ ਵਿਸ਼ੇਸ਼ ਹਸਤੀ ਨੂੰ ਖਤਰਾ ਦਰਸਾਉਣ ਅਤੇ ਹਕੀਕਤ ਦੀ ਪਰਦਾਪੋਸ਼ੀ ਦੇ ਦੋ ਪਹਿਲੂਆਂ ਦੇ ਮਿਲਗੋਭੇ 'ਤੇ ਟਿਕੀ ਹੋਈ ਹੈ। ਜ਼ਿਮਨੀ ਚੋਣਾਂ ਵਿਚ ਅਮਰੀਕੀ ਕਾਂਗਰਸ, ਅਮਰੀਕਾ ਵਿਚ ਪਈਆਂ ਦਲਗਤ ਦੁਫੇੜ ਦੀ ਅਕਾਸੀ ਕਰਦੀ ਹੈ।


ਪ੍ਰਤੀਨਿਧ ਸਦਨ, ਜੋ ਹੁਣ ਡੈਮੋਕਰੈਟਾਂ ਦੇ ਹੱਥਾਂ ਵਿਚ ਆ ਗਿਆ ਹੈ, ਆਪਣੇ ਬਹੁਭਾਂਤੇ ਅਤੇ ਪੜ੍ਹੇ-ਲਿਖੇ ਵੋਟਰਾਂ ਦੇ ਸਮੂਹ ਦੇ ਆਧਾਰ 'ਤੇ ਵੱਡੇ ਸ਼ਹਿਰਾਂ ਤੇ ਕਸਬਿਆਂ ਦੀ ਨੁਮਾਇੰਦਗੀ ਕਰਦਾ ਹੈ ਜਦਕਿ ਰਿਪਬਲਿਕਨਾਂ ਦੇ ਕਬਜ਼ੇ ਵਾਲੀ ਸੈਨੇਟ ਵਡੇਰੇ ਰੂਪ ਵਿਚ ਦਿਹਾਤੀ ਗੋਰੇ ਅਮਰੀਕਨਾਂ ਦੀ ਨੁਮਾਇੰਦਗੀ ਕਰਦੀ ਪ੍ਰਤੀਤ ਹੋ ਰਹੀ ਹੈ, ਜਿਨ੍ਹਾਂ 'ਚੋਂ ਬਹੁਗਿਣਤੀ ਅਜਿਹੇ ਪੁਰਸ਼ਾਂ ਦੀ ਹੈ, ਜਿਨ੍ਹਾਂ ਨੂੰ ਕਾਲਜਾਂ ਵਿਚ ਪੜ੍ਹਨ-ਲਿਖਣ ਦਾ ਮੌਕਾ ਨਹੀਂ ਮਿਲ ਸਕਿਆ। ਸੈਨੇਟ ਵਲੋਂ ਹਾਲ ਹੀ ਵਿਚ ਜੱਜ ਕੈਵਾਨੋਅ ਦੀ ਸੁਣਵਾਈ ਦੀ ਤਸਦੀਕ ਦਾ ਪਰਛਾਵਾਂ ਮੱਧਕਾਲੀ ਚੋਣਾਂ 'ਤੇ ਸਾਫ ਨਜ਼ਰ ਆ ਰਿਹਾ ਹੈ। ਸੁਪਰੀਮ ਕੋਰਟ ਦੀ ਜੱਜ ਐਲੇਨਾ ਕਗਾਨ ਨੇ 1995 ਵਿਚ ਸੈਨੇਟ ਦੀ ਨਿਆਂਇਕ ਤਸਦੀਕ ਨੂੰ ਬੇਸੁਆਦੀ ਤੇ ਝੂਠੀ ਕਰਾਰ ਦਿੱਤਾ ਸੀ। ਕੈਵਾਨੋਅ ਨੂੰ ਤਰੱਕੀ ਦੇ ਕੇ ਅਮਰੀਕੀ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕਰਨ ਦੀ ਪ੍ਰਕ੍ਰਿਆ ਦੀ ਤਸਦੀਕ ਲਈ ਸੈਨੇਟ ਦੀ ਕਾਰਵਾਈ ਸਿਰੇ ਦਾ ਮਜ਼ਾਕ ਹੋ ਨਿਬੜੀ।

ਕੈਵਾਨੋਅ 'ਤੇ ਆਪਣੀ ਹਾਈ ਸਕੂਲ ਦੀ ਪੜ੍ਹਾਈ ਦੌਰਾਨ ਜਿਨਸੀ ਸ਼ੋਸ਼ਣ ਦਾ ਦੋਸ਼ ਲਾਉਣ ਵਾਲੀ ਕ੍ਰਿਸਟੀਨ ਬਲੈਸੀ ਫੋਰਡ ਨੂੰ ਕਦੇ ਦਬਾਇਆ ਗਿਆ ਤੇ ਕਈ ਵਾਰ ਉਸ ਤੋਂ ਬਹੁਤ ਹੀ ਸਫਾਈ ਨਾਲ ਕਿਨਾਰਾਕਸ਼ੀ ਕੀਤੀ ਗਈ। ਇਸ ਤੋਂ ਪਹਿਲਾਂ ਟੈਲੀਵਿਜ਼ਨ ਮੁਲਾਕਾਤਾਂ ਦੌਰਾਨ ਕੈਵਾਨੋਅ ਸ਼ਾਹੀ ਨਫਾਸਤ ਦੀ ਮੂਰਤ ਬਣ ਕੇ ਨਜ਼ਰ ਆਉਂਦੇ ਸਨ ਪਰ ਜਦੋਂ ਉਹ ਵ੍ਹਾਈਟ ਹਾਊਸ ਦੇ ਥਾਪੜੇ ਸਦਕਾ ਸੈਨੇਟ ਸਾਹਮਣੇ ਪੇਸ਼ ਹੋਏ ਤਾਂ ਉਹ ਨਾ ਕੇਵਲ ਉਸ ਵਿਸ਼ੇਸ਼ਾਧਿਕਾਰ ਦੇ ਪਾਤਰ ਬਣ ਕੇ ਪੇਸ਼ ਹੋਏ ਸਗੋਂ ਉਨ੍ਹਾਂ ਆਪਣੇ ਚਿਹਰੇ 'ਤੇ ਕਰੋਧ ਅਤੇ ਬੇਵਿਸਾਹੀ ਦੇ ਹਾਵ-ਭਾਵ ਵੀ ਲਿਆਂਦੇ।

ਅਮਰੀਕੀ ਸੈਨੇਟ ਦਾ ਜੋ ਵੀ ਮੁਹਾਂਦਰਾ ਇਸ ਵਕਤ ਸਾਡੇ ਸਾਹਮਣੇ ਆਇਆ, ਉਹ ਸਾਡੇ ਬਾਨੀਆਂ 'ਚ ਸ਼ੁਮਾਰ ਜੇਮਜ਼ ਮੈਡੀਸਨ ਦੇ ਸੰਕਲਪ ਦੀ ਤਸਦੀਕ ਕਰਦਾ ਨਜ਼ਰ ਆ ਰਿਹਾ ਹੈ, ਜਿਨ੍ਹਾਂ ਸੈਨੇਟ ਨੂੰ ਸਦਨ ਦੇ ਮੁਕਾਬਲੇ ਨਿਸਬਤਨ ਵੱਧ ਵਿਚਾਰਸ਼ੀਲ ਅਦਾਰੇ ਵਜੋਂ ਚਿਤਵਿਆ ਸੀ।

***ਅਮਰੀਕੀ ਸੈਨੇਟ ਦੀ ਮੌਜੂਦਾ ਬਣਤਰ, ਜੇਮਜ਼ ਮੈਡੀਸਨ (ਜੋ ਸੰਵਿਧਾਨ ਦੇ ਮੋਢੀਆਂ ਵਿਚ ਸ਼ੁਮਾਰ ਸਨ) ਦੇ ਸੰਕਲਪ ਦੇ ਐਨ ਉਲਟ ਜਾਪਦੀ ਹੈ, ਜਿਨ੍ਹਾਂ ਨੇ ਇਹ ਚਿਤਵਿਆ ਸੀ ਕਿ ਸੈਨੇਟ ਪ੍ਰਤੀਨਧ ਸਦਨ ਨਾਲੋਂ ਵਧੇਰੇ ਬਹਿਸ ਮੁਬਾਹਸੇ ਦਾ ਅਦਾਰਾ ਬਣੇ। ਜੇਮਜ਼ ਮੈਡੀਸਨ ਦੀ ਇਹ ਤਵੱਕੋ ਸੀ ਕਿ ਸੈਨੇਟ ਇਕ ਰੋਕ (ਚੈੱਕ) ਦੇ ਤੌਰ 'ਤੇ ਕੰਮ ਕਰੇ ਤਾਂ ਕਿ ਕਾਂਗਰਸ "ਕਿਸੇ ਵਕਤੀ ਜਾਂ ਉਨਮਾਦੀ ਵਹਿਣ ਵਿਚ ਨਾ ਵਹਿ ਜਾਵੇ ਅਤੇ ਤਬਕਾਤੀ ਆਗੂਆਂ ਦੇ ਜਜ਼ਬਾਤੀ ਤੇ ਬਿਮਾਰ ਮਤਿਆਂ ਦੀ ਸ਼ਿਕਾਰ ਨਾ ਬਣ ਜਾਵੇ।"***

ਅਮਰੀਕੀ ਸੈਨੇਟ ਦੀ ਮੌਜੂਦਾ ਬਣਤਰ, ਜੇਮਜ਼ ਮੈਡੀਸਨ (ਜੋ ਸੰਵਿਧਾਨ ਦੇ ਮੋਢੀਆਂ ਵਿਚ ਸ਼ੁਮਾਰ ਸਨ) ਦੇ ਸੰਕਲਪ ਦੇ ਐਨ ਉਲਟ ਜਾਪਦੀ ਹੈ, ਜਿਨ੍ਹਾਂ ਨੇ ਇਹ ਚਿਤਵਿਆ ਸੀ ਕਿ ਸੈਨੇਟ ਪ੍ਰਤੀਨਧ ਸਦਨ ਨਾਲੋਂ ਵਧੇਰੇ ਬਹਿਸ ਮੁਬਾਹਸੇ




ਦਾ ਅਦਾਰਾ ਬਣੇ। ਜੇਮਜ਼ ਮੈਡੀਸਨ ਦੀ ਇਹ ਤਵੱਕੋ ਸੀ ਕਿ ਸੈਨੇਟ ਇਕ ਰੋਕ (ਚੈੱਕ) ਦੇ ਤੌਰ 'ਤੇ ਕੰਮ ਕਰੇ ਤਾਂ ਕਿ ਕਾਂਗਰਸ "ਕਿਸੇ ਵਕਤੀ ਜਾਂ ਉਨਮਾਦੀ ਵਹਿਣ ਵਿਚ ਨਾ ਵਹਿ ਜਾਵੇ ਅਤੇ ਤਬਕਾਤੀ ਆਗੂਆਂ ਦੇ ਜਜ਼ਬਾਤੀ ਤੇ ਬਿਮਾਰ ਮਤਿਆਂ ਦੀ ਸ਼ਿਕਾਰ ਨਾ ਬਣ ਜਾਵੇ।" ਉਨ੍ਹਾਂ ਦਾ ਖਿਆਲ ਸੀ ਕਿ ਜਿਹੜਾ ਅਦਾਰਾ (ਭਾਵ ਸੈਨੇਟ) ਇਹ ਦਰੁਸਤੀ ਕਰੇ, ਉਹ ਆਪ ਇਸ ਅਲਾਮਤ ਤੋਂ ਮੁਕਤ ਹੋਣੀ ਚਾਹੀਦੀ ਹੈ।" ਚੌਥੇ ਰਾਸ਼ਟਰਪਤੀ ਦੀਆਂ ਉਮੀਦਾਂ ਅਤੇ 45ਵੇਂ ਰਾਸ਼ਟਰਪਤੀ ਵਲੋਂ ਉਜਾਗਰ ਕੀਤੀਆਂ ਹਕੀਕਤਾਂ ਸ਼ਾਇਦ ਇਤਿਹਾਸ ਦੀਆਂ ਚਿਰ ਸਥਾਈ ਸਿਤਮਜ਼ਰੀਫੀਆਂ ਵਜੋਂ ਦਰਜ ਕੀਤੀਆਂ ਜਾਣਗੀਆਂ।

2016 ਦੀ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਟਰੰਪ ਅਤੇ ਉਸ ਦੇ ਸੰਗੀਆਂ ਨੇ ਇਸ ਸਿਆਸੀ ਦਰੁਸਤਗੀ ਖਿਲਾਫ ਨਾ ਸਿਰਫ ਰੱਜ ਕੇ ਬੋਲਿਆ ਸਗੋਂ ਇਸ ਨੂੰ ਜਨਤਕ ਬਹਿਸ-ਮੁਬਾਹਸੇ ਦਾ ਪ੍ਰਵਾਨਤ ਤੌਰ-ਤਰੀਕਾ ਬਣਾ ਛੱਡਿਆ ਤੇ ਸ਼ਹਿਰੀ ਹੱਕਾਂ ਦੇ ਅੰਦੋਲਨ ਦੇ ਇਤਿਹਾਸ ਨੂੰ ਭੰਡਣ ਵਿਚ ਕੋਈ ਕਸਰ ਨਾ ਛੱਡੀ। ਇਸ ਤੋਂ ਬਾਅਦ ਨਸਲਪ੍ਰਸਤੀ ਅਤੇ ਜ਼ੀਨੋਫੋਬੀਆ (ਦੂਜੇ ਦੇਸ਼ਾਂ ਪ੍ਰਤੀ ਘਿਰਣਾ) ਵੱਲ ਫਾਸਲਾ ਥੋੜ੍ਹਾ ਰਹਿ ਗਿਆ ਸੀ। ਟਰੰਪ ਪ੍ਰਸ਼ਾਸਨ ਦੀ ਹੋਰ ਕਿਸੇ ਕਾਰਵਾਈ ਨੇ ਇੰਨਾ ਰੋਸ ਤੇ ਵਿਰੋਧ ਪੈਦਾ ਨਹੀ ਕੀਤਾ ਹੋਵੇਗਾ ਜਿੰਨਾ ਪਿੱਛੇ ਜਿਹੇ ਅਮਰੀਕੀ ਸਰਹੱਦ 'ਤੇ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆ ਨਾਲੋਂ ਵੱਖ ਕਰਨ ਕਾਰਨ ਪੈਦਾ ਹੋਇਆ ਸੀ। ਉਸ ਵੇਲੇ ਦੇ ਅਟਾਰਨੀ ਜਨਰਲ ਜੈੱਫ ਸੈਸ਼ਨਜ਼ ਨੇ ਸੇਂਟ ਪਾਲ ਦਾ ਹਵਾਲਾ ਦੇ ਕੇ ਇਸ ਕਾਰਵਾਈ ਨੂੰ ਬਾਈਬਲ ਦੀ ਪ੍ਰਵਾਨਗੀ ਦੇਣ ਦੀ ਕੋਸ਼ਿਸ਼ ਕੀਤੀ ਸੀ। ਇਸ 'ਤੇ ਨਿਊ ਯਾਰਕ ਦੇ ਕਾਰਡੀਨਲ ਟਿਮੋਥੀ ਐਮ ਡੋਲਨ ਦਾ ਝਟਪਟ ਪ੍ਰਤੀਕਰਮ ਆਇਆ ਜਿਨ੍ਹਾਂ ਕਿਹਾ ਸੀ, "ਸੇਂਟ ਪਾਲ ਦਾ ਹਰ ਇਕ ਲਈ ਸੰਦੇਸ਼ ਸੀ ਕਿ ਸਰਕਾਰ ਦਾ ਉਹ ਹੁਕਮ ਮੰਨੋ ਜੋ ਰੱਬ ਦੇ ਕਾਨੂੰਨ ਨਾਲ ਮੇਲ ਖਾਂਦਾ ਹੈ। ਠੀਕ ਹੈ? ਇਹ ਕੋਈ ਮਜ਼ਾਕ ਨਹੀਂ ਪਰ ਰੱਬ ਦਾ ਕਾਨੂੰਨ ਆਦਮੀ ਦੇ ਕਾਨੂੰਨ ਤੋਂ ਜਿੱਤ ਗਿਆ। ਠੀਕ ਹੈ?"

ਡੈਮੋਕਰੈਟਿਕ ਪਾਰਟੀ ਦੀ ਹਾਲੀਆ ਜਿੱਤ ਦਰਸਾਉਂਦੀ ਹੈ ਕਿ ਅਮਰੀਕੀ ਰਾਜਨੀਤਕ ਫਿਜ਼ਾ ਵਿਚ ਖੱਬੀ ਸਿਆਸਤ ਦਾ ਮੁੜ ਉਦੈ ਹੋ ਰਿਹਾ ਹੈ। ਇਸ ਨੂੰ ਰੇਖਾਂਕਤ ਕਰਨ ਲਈ ਜੌਹਨ ਸਟੂਅਰਟ ਮਿੱਲ ਦੇ ਕਥਨਾਂ ਮੁਤਾਬਕ ਅਮਰੀਕੀ ਵੋਟਰਾਂ ਨੇ ਹਕੀਕਤ ਦਾ ਉਹ ਸਜੀਵ ਝਲਕਾਰਾ ਚੰਗੀ ਤਰ੍ਹਾਂ ਪਛਾਣ ਲਿਆ ਹੈ, ਜੋ ਇਨ੍ਹਾਂ ਹੱਥੋਂ ਗਲਤੀ ਨਾਲ ਪੈਦਾ ਹੋ ਗਿਆ ਸੀ।

ਦੁਨੀਆਂ ਦੇ ਹੋਰ ਦੇਸ਼ਾਂ ਵਾਂਗ ਅਮਰੀਕਾ ਵਿਚ ਵੀ ਮੂਲਵਾਸੀਵਾਦ ਦੇ ਉਭਾਰ ਨਾਲ ਮੱਧਮਾਰਗੀ ਸਿਆਸਤ ਹਾਸ਼ੀਏ 'ਤੇ ਧੱਕੀ ਗਈ; ਹਾਲਾਂਕਿ ਸੱਜੇਪੰਥੀ ਅਜੇ ਵੀ ਡਟੇ ਹੋਏ ਹਨ ਪਰ ਹਾਲੀਆ ਜਿੱਤ ਨਾਲ ਡੈਮੋਕਰੈਟਾਂ ਨੇ ਦਰਸਾਇਆ ਹੈ ਕਿ ਉਨ੍ਹਾਂ ਲਈ ਹੁਣ ਧੁਰ ਖੱਬੇ ਦਾ ਦਬਾਅ ਝੱਲਣ ਦੀ ਬਹੁਤੀ ਲੋੜ ਨਹੀਂ। ਜਿਵੇਂ ਲਾਜ-ਲਿਹਾਜ਼ ਮੁੱਕ ਚੱਲੀ ਹੈ, ਉਵੇਂ ਸਿਆਸੀ ਸੰਵਾਦ 'ਚੋਂ ਨਫਾਸਤ ਵੀ ਲੋਪ ਹੋਣ ਕੰਢੇ ਹੈ। ਟਰੰਪ ਪ੍ਰਸ਼ਾਸਨ ਦੀਆਂ ਕਾਰਵਾਈਆਂ ਦੇ ਦੁਰਪ੍ਰਭਾਵ ਲੰਮੇ ਸਮੇਂ ਤੱਕ ਰਹਿ ਸਕਦੇ ਹਨ। ਅਸਲ ਵਿਚ ਜਲਵਾਯੂ ਤਬਦੀਲੀ ਬਾਰੇ ਨੇਮਬੰਦੀਆਂ ਵਾਪਸ ਲੈਣ ਅਤੇ ਆਮਦਨ ਵਿਚ ਵਧ ਰਹੇ ਪਾੜਿਆਂ ਵਰਗੇ ਕਦਮਾਂ ਦੇ ਪੂਰੇ-ਸੂਰੇ ਸਿੱਟੇ ਟਰੰਪ ਦੇ ਰੁਖਸਤ ਹੋਣ ਤੋਂ ਕਈ ਸਾਲਾਂ ਤੱਕ ਜਾਰੀ ਰਹਿਣਗੇ। ਇਹ ਇਤਿਹਾਸ ਦੀ ਬਹੁਤ ਵੱਡੀ ਸਿਤਮਜ਼ਰੀਫੀ ਹੋਵੇਗੀ ਕਿ ਕੁਝ ਲੋਕਾਂ ਦੇ ਪਾਪਾਂ ਦਾ ਸਿਲਾ ਲੱਖਾਂ ਲੋਕ ਭੁਗਤਣ। ਭਾਰਤ ਦੇ ਦੋ ਸਾਬਕਾ ਪ੍ਰਧਾਨ ਮੰਤਰੀ-ਮਨਮੋਹਨ ਸਿੰਘ ਤੇ ਇੰਦਰ ਕੁਮਾਰ ਗੁਜਰਾਲ ਸ਼ਾਇਰ ਮੁਜ਼ੱਫਰ ਰਜ਼ਮੀ ਦਾ ਇਹ ਬੰਦ ਅਕਸਰ ਦੁਹਰਾਉਂਦੇ ਸਨ:

ਯੇ ਜਬਰ ਭੀ ਦੇਖਾ ਹੈ
ਤਾਰੀਖ ਕੀ ਨਜ਼ਰੋਂ ਨੇ
ਲਮਹੋਂ ਨੇ ਖਤਾ ਕੀ ਥੀ
ਸਦੀਓਂ ਨੇ ਸਜ਼ਾ ਪਾਈ।

# ਕਿਸਾਨ ਸੰਘਰਸ਼ ਅਤੇ ਸਿਆਸੀ ਰੋਟੀਆਂ ਸੇਕ ਰਹੀ ਵੋਟ ਸਿਆਸਤ

ਭਾਰਤ ਭਰ ਦੀਆਂ 208 ਕਿਸਾਨ ਜਥੇਬੰਦੀਆਂ ਦੇ ਸਾਂਝੇ ਝੰਡੇ ਹੇਠ ਦਹਿ ਹਜ਼ਾਰਾਂ ਕਿਸਾਨਾਂ ਵੱਲੋਂ 30 ਨਵੰਬਰ ਨੂੰ ਦਿੱਲੀ ਦੀਆਂ ਸੜਕਾਂ ਉਪਰ 'ਅਯੁੱਧਿਆ ਨਹੀਂ, ਕਰਜ਼ ਮਾਫ਼ੀ ਚਾਹੀਏ' ਦੇ ਨਾਅਰੇ ਗੂੰਜਾਉਂਦਿਆਂ ਪਾਰਲੀਮੈਂਟ ਵੱਲ ਕੂਚ ਕਰਨਾ ਮਾਇਨੇ ਰੱਖਦਾ ਹੈ। ਮਾਰਚ ਦਾ ਮੁੱਖ ਮੁੱਦਾ ਸੀ: ਕਿਸਾਨ ਜਥੇਬੰਦੀਆਂ ਵੱਲੋਂ ਲੋਕ ਹਿਤੈਸ਼ੀ ਬੁੱਧੀਜੀਵੀਆਂ ਅਤੇ ਅਰਥ ਸ਼ਾਸਤਰੀਆਂ ਦੀ ਮਦਦ ਨਾਲ ਤਿਆਰ ਕੀਤੇ ਦੋ ਬਿੱਲਾਂ ਉਪਰ ਚਰਚਾ ਕਰਨ ਲਈ ਪਾਰਲੀਮੈਂਟ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਜਾਵੇ।

ਇਸ ਸੰਘਰਸ਼ ਦਾ ਹਾਸਲ ਮਹਿਜ਼ ਡੂੰਘੇ ਖੇਤੀ ਸੰਕਟ ਦੇ ਮੁੱਦੇ ਵੱਲ ਧਿਆਨ ਖਿੱਚਣ ਵਿਚ ਕਾਮਯਾਬ ਹੋਣਾ ਹੀ ਨਹੀਂ, ਸ਼ਹਿਰੀ ਵਸੋਂ ਦੇ ਪੜ੍ਹੇ

ਬੂਟਾ ਸਿੰਘ
ਫੋਨ: +91-94634-74342

ਲਿਖੇ ਮੱਧਵਰਗੀ ਹਿੱਸੇ ਜਿਵੇਂ ਕਲਾਕਾਰ, ਵਿਦਿਆਰਥੀ, ਫਿਲਮਸਾਜ਼, ਤਕਨੀਕੀ ਮਾਹਰ, ਬੈਂਕ ਮੁਲਾਜ਼ਮ, ਆਈ.ਟੀ. ਪ੍ਰੋਫੈਸ਼ਨਲ ਆਦਿ ਇਸ ਸੰਘਰਸ਼ ਦੀ ਹਮਾਇਤ ਵਿਚ ਅੱਗੇ ਆਏ ਹਨ। ਇਹ ਅੰਦੋਲਨ ਅਵਾਮ ਨੂੰ ਧਰਮ ਦੇ ਆਧਾਰ 'ਤੇ ਵੰਡਣ ਦੀਆਂ ਹਿੰਦੂਤਵ ਸਾਜ਼ਿਸ਼ਾਂ ਦੇ ਮੁਕਾਬਲੇ ਅਸਲ ਮੁੱਦੇ ਉਭਾਰਦੇ ਹੋਏ ਭਾਈਚਾਰਕ ਸਾਂਝ ਦਾ ਪੈਗ਼ਾਮ ਦੇਣ ਦੇ ਲਿਹਾਜ਼ ਨਾਲ ਵਧੇਰੇ ਮਹੱਤਵਪੂਰਨ ਹੈ। ਪਿਛਲੇ ਮਹੀਨਿਆਂ ਤੋਂ ਮੁਲਕ ਨੂੰ ਹਿੰਦੂਤਵ ਦੀ ਪ੍ਰਯੋਗਸ਼ਾਲਾ ਵਿਚ ਬਦਲਣ ਦੀ ਸੰਘ ਪਰਿਵਾਰ ਦੀ ਕਵਾਇਦ ਨੇ ਰਫ਼ਤਾਰ ਫੜੀ ਹੈ ਅਤੇ ਰਾਮ ਮੰਦਰ ਉਸਾਰਨ ਲਈ ਆਰਡੀਨੈਂਸ ਲਿਆਉਣ ਦੀ ਮੰਗ ਕਰਦਿਆਂ 'ਸੰਕਲਪ ਰੱਥ ਯਾਤਰਾ' ਕੱਢੀ ਜਾ ਰਹੀ ਹੈ ਜੋ ਪੂਰੇ ਦਸ ਦਿਨ ਦਿੱਲੀ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਵਿਚ ਫਿਰਕੂ ਜ਼ਹਿਰ ਦਾ ਛੱਟਾ ਦੇਵੇਗੀ।

ਹੁਕਮਰਾਨ ਮੁਲਕ ਦੇ ਆਰਥਚਾਰੇ ਦੀ ਦੁਰਦਸ਼ਾ ਉਪਰ ਪਰਦਾ ਪਾਉਣ ਲਈ ਅੰਕੜਿਆਂ ਦੇ ਹੇਰ-ਫੇਰ ਦਾ ਸਹਾਰਾ ਲੈ ਰਹੇ ਹਨ ਅਤੇ ਕੁਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੀ ਵਾਧਾ ਦਰ ਨੂੰ ਤਰੱਕੀ ਦਾ ਪੈਮਾਨਾ ਦੱਸਣ ਵਾਲੇ ਦਰਬਾਰੀ ਅਰਥ ਸ਼ਾਸਤਰੀਆਂ ਲਈ ਦਿਨੋ-ਦਿਨ ਵਧੇਰੇ ਡੂੰਘਾ ਹੋ ਰਿਹਾ ਖੇਤੀ ਸੰਕਟ ਕੋਈ ਮੁੱਦਾ ਹੀ ਨਹੀਂ ਹੈ; ਜਦਕਿ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ 1995-2015 ਦੌਰਾਨ ਦੋ ਦਹਾਕਿਆਂ ਵਿਚ ਤਿੰਨ ਲੱਖ ਤੋਂ ਉਪਰ ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ। ਇਸ ਤੋਂ ਅੱਗੇ, ਮੋਦੀ ਸਰਕਾਰ ਨੇ ਚਾਰ ਸਾਲਾਂ ਦੇ ਅੰਕੜੇ ਜਨਤਕ ਨਹੀਂ ਕੀਤੇ। 2014 ਤੋਂ ਬਾਅਦ ਖ਼ੁਦਕੁਸ਼ੀਆਂ ਦੀ ਗਿਣਤੀ ਘਟਾਉਣ ਲਈ ਬਿਊਰੋ ਨੇ ਖ਼ੁਦਕੁਸ਼ੀਆਂ ਦਾ ਅੰਕੜਾ ਤਿਆਰ ਕਰਨ ਦਾ ਤਰੀਕਾ ਹੀ ਬਦਲ ਦਿੱਤਾ। ਅੰਕੜਿਆਂ ਵਿਚ ਹੇਰਾ-ਫੇਰੀ ਕਰਕੇ ਛੱਤੀਸਗੜ੍ਹ ਵਰਗੇ ਸੂਬੇ ਜ਼ੀਰੋ ਖ਼ੁਦਕੁਸ਼ੀਆਂ ਅਤੇ ਬਾਕੀ ਸੂਬੇ ਖ਼ੁਦਕੁਸ਼ੀਆਂ ਵਿਚ ਕਮੀ ਆਉਣ ਦਾ ਰੁਝਾਨ ਦਿਖਾ ਰਹੇ ਹਨ। ਇਹ ਸਿਰਫ਼ ਸਰਕਾਰੀ ਰਿਕਾਰਡ ਵਿਚ ਦਰਜ ਅੰਕੜੇ ਹਨ ਜੋ ਅਧੂਰੀ ਤਸਵੀਰ ਹੀ ਪੇਸ਼ ਕਰਦੇ ਹਨ। ਖੇਤੀ ਸੰਕਟ ਕਾਰਨ ਕਿਸਾਨੀ ਕਿੰਨੀ ਘੋਰ ਮਾਯੂਸੀ ਵਿਚ ਹੈ, ਇਸ ਦੀ ਹਾਲੀਆ ਮਿਸਾਲ ਇਕ ਕਿਸਾਨ ਵਲੋਂ ਗੁੱਸੇ ਵਿਚ ਆ ਕੇ ਆਪਣੀ ਖੇਤੀ ਜਿਣਸ ਦੀ ਵੱਟਤ 1064 ਰੁਪਏ ਪ੍ਰਧਾਨ ਮੰਤਰੀ ਰਾਹਤ ਕੋਸ਼ ਨੂੰ ਭੇਜਣਾ ਹੈ ਜਿਸ ਨੂੰ ਆਪਣੇ ਸਾਢੇ ਸੱਤ ਕੁਇੰਟਲ ਗੰਢੇ ਡੇਢ ਰੁਪਏ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਵੇਚਣੇ ਪਏ, ਇਹੀ ਗੰਢੇ ਖ਼ਪਤਕਾਰਾਂ ਨੂੰ ਮੰਡੀ ਵਿਚ 20-25 ਰੁਪਏ ਦੇ ਭਾਅ ਵੇਚੇ ਜਾ ਰਹੇ ਹਨ।

ਮੁੱਖਧਾਰਾ ਮੀਡੀਆ ਦੇ ਹਿਤ, ਸੱਤਾਧਾਰੀ ਧਿਰ ਵਲੋਂ ਉਛਾਲੇ ਜਾ ਰਹੇ ਜਾਅਲੀ ਮੁੱਦੇ ਉਭਾਰ ਕੇ ਟੀ.ਆਰ.ਪੀ. ਵਧਾਉਣ ਵਿਚ ਜੁੜੇ ਹੋਏ ਹਨ। ਇਉਂ ਉਨ੍ਹਾਂ ਮੁੱਦਿਆਂ ਬਾਰੇ ਕਦੇ ਚਰਚਾ ਨਹੀਂ ਹੁੰਦੀ ਜੋ ਵਸੋਂ ਦੇ ਵੱਡੇ ਹਿੱਸੇ ਲਈ ਜ਼ਿੰਦਗੀ ਮੌਤ ਦੇ ਸਵਾਲ ਹਨ। ਸਰਕਾਰ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਵਿਚ ਪਰੋਸੇ ਜਾਂਦੇ ਇਸ਼ਤਿਹਾਰਾਂ ਵਿਚ ਖੇਤੀ ਖੇਤਰ ਦੀਆਂ ਅਖੌਤੀ ਪ੍ਰਾਪਤੀਆਂ ਨੂੰ ਜਿਵੇਂ ਚਮਕਾ ਕੇ ਪੇਸ਼ ਕਰਦੀ ਹੈ, ਉਹ ਖ਼ੁਦਕੁਸ਼ੀਆਂ ਲਈ ਮਜਬੂਰ ਕਿਸਾਨਾਂ ਨਾਲ ਕੋਝੇ ਮਖ਼ੌਲ ਤੋਂ ਘੱਟ ਨਹੀਂ। ਇਹ ਰਵੱਈਆ ਇਸ ਵਾਰ ਵੀ ਸਾਹਮਣੇ ਆਇਆ ਜਦੋਂ ਬੜੀ ਮੁਸ਼ਕਲ ਨਾਲ ਹਜ਼ਾਰਾਂ ਮੀਲ ਦਾ ਪੈਂਡਾ ਗਾਹ ਕੇ ਦਿੱਲੀ ਪਹੁੰਚੇ ਕਿਸਾਨਾਂ ਦੀ ਦਰਦ ਕਹਾਣੀ ਨੂੰ ਜਗ੍ਹਾ ਦੇਣ ਦੀ ਬਜਾਏ ਮੀਡੀਆ ਦੇ ਜ਼ਿਆਦਾਤਰ ਹਿੱਸਿਆਂ ਨੂੰ ਕਿਸਾਨ ਇਕੱਠ ਦੀ ਹਮਾਇਤ ਵਿਚ ਪਹੁੰਚੇ ਵਿਰੋਧੀ ਧਿਰ ਦੇ ਸਿਆਸੀ ਆਗੂਆਂ ਵੱਲੋਂ ਦਿਖਾਈ ਮੌਕਾਪ੍ਰਸਤ ਇਕਜੁੱਟਤਾ ਦੀਆਂ ਝਲਕੀਆਂ ਹੀ ਨਜ਼ਰ ਆਈਆਂ ਅਤੇ ਇਹੀ ਕੁਝ ਖ਼ਬਰਾਂ ਵਿਚ ਦਿਖਾਇਆ ਗਿਆ। ਮੁੱਖਧਾਰਾ ਮੀਡੀਆ ਕੇਂਦਰੀ ਅਤੇ ਸੂਬਾਈ ਹੁਕਮਰਾਨਾਂ ਨੂੰ ਕਦੇ ਇਹ ਸਵਾਲ ਨਹੀਂ ਕਰਦਾ ਕਿ ਚੋਣ ਵਾਅਦੇ ਅਤੇ ਸੱਤਾਧਾਰੀ ਹੋਣ ਤੋਂ ਬਾਅਦ ਦੀਆਂ ਆਰਥਿਕ ਨੀਤੀਆਂ ਪੂਰੀ ਤਰ੍ਹਾਂ ਉਲਟ ਕਿਉਂ ਹੁੰਦੀਆਂ ਹਨ। ਇਸੇ ਲਈ ਦਹਿ ਹਜ਼ਾਰਾਂ ਕਿਸਾਨ ਦੂਰ-ਦਰਾਜ ਸੂਬਿਆਂ ਤੋਂ ਆਪਣੇ ਹਾਲਾਤ ਵੱਲ ਧਿਆਨ ਖਿੱਚਣ ਲਈ ਵਾਰ-ਵਾਰ, ਕਦੇ ਮੁੰਬਈ ਅਤੇ ਕਦੇ ਰਾਜਧਾਨੀ ਵੱਲ ਵਹੀਰਾਂ ਘੱਤਦੇ ਹਨ, ਫਿਰ ਵੀ ਮੀਡੀਆ ਦਾ ਬਹੁਤ ਥੋੜ੍ਹਾ ਹਿੱਸਾ ਹੀ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਥਾਂ ਦਿੰਦਾ ਹੈ।

2014 ਦੀਆਂ ਚੋਣਾਂ ਤੋਂ ਪਹਿਲਾਂ ਭਾਜਪਾ ਨੇ ਕਿਸਾਨਾਂ ਦਾ ਸੰਕਟ ਦੂਰ ਕਰਨ ਲਈ ਉਨ੍ਹਾਂ ਦੀ ਆਮਦਨੀ ਦੁੱਗਣੀ ਕਰਨ, ਕਰਜ਼ੇ ਮੁਕੰਮਲ ਤੌਰ 'ਤੇ ਮੁਆਫ਼ ਕਰਨ ਅਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਦੇ ਹੋਏ ਖੇਤੀ ਦੀ ਲਾਗਤ ਵਿਚ 50 ਫ਼ੀਸਦੀ ਮੁਨਾਫ਼ਾ ਜੋੜ ਕੇ ਖੇਤੀ ਜਿਣਸਾਂ ਦੇ ਭਾਅ ਤੈਅ ਕਰਨ ਦੇ ਵਾਅਦੇ ਕੀਤੇ ਸਨ। ਇਹ ਵਾਅਦੇ ਮਹਿਜ਼ ਸੱਤਾ ਉਪਰ ਕਾਬਜ਼ ਹੋਣ ਦੇ ਚੋਣ ਜੁਮਲੇ ਸਨ। ਸੱਤਾ ਵਿਚ ਆ ਕੇ ਭਾਜਪਾ ਦੇ ਸੀਨੀਅਰ ਆਗੂਆਂ ਨੇ ਅੰਨਦਾਤਿਆਂ ਨੂੰ ਅਪਮਾਨਿਤ ਕਰਨ ਵਾਲੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਕਿ 'ਕਰਜ਼ਾ ਮੁਆਫ਼ੀ ਦੀ ਮੰਗ ਕਰਨਾ ਫੈਸ਼ਨ ਬਣ ਗਿਆ ਹੈ'। ਭਾਜਪਾ ਨੇ ਸੱਤਾ ਵਿਚ ਆਉਂਦਿਆਂ ਹੀ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕੀਤੀ ਜੋ ਤਿਖੇ ਵਿਰੋਧ ਕਾਰਨ ਵਾਪਸ ਲੈਣੀ ਪਈ। ਮੋਦੀ ਦੇ ਸਾਢੇ ਚਾਰ ਸਾਲ ਦੇ ਰਾਜ ਅੰਦਰ ਕਿਸਾਨਾਂ ਦੀ ਹਾਲਤ ਨਾ ਸਿਰਫ਼ ਬਦਤਰ ਹੋਈ ਹੈ ਸਗੋਂ ਵਾਅਦੇ ਲਾਗੂ ਕਰਨ ਦੀ ਮੰਗ ਕਰਦੇ ਕਿਸਾਨਾਂ ਨੂੰ ਹਮਦਰਦੀ ਦੀ ਬਜਾਏ ਮੰਦਸੌਰ ਵਰਗੇ ਗੋਲੀ ਕਾਂਡਾਂ ਜ਼ਰੀਏ ਸੱਤਾ ਦੇ ਵਹਿਸ਼ੀ ਵਤੀਰੇ ਦਾ ਸਾਹਮਣਾ ਕਰਨਾ ਪਿਆ। ਉਦੋਂ ਮੱਧ ਪ੍ਰਦੇਸ ਦੀ ਭਾਜਪਾ ਸਰਕਾਰ ਦੇ ਆਦੇਸ਼ ਉਪਰ ਪੁਲਿਸ ਨੇ ਮੁਜ਼ਾਹਰਾਕਾਰੀ ਕਿਸਾਨਾਂ ਉਪਰ ਗੋਲੀਆਂ ਚਲਾ ਕੇ ਪੰਜ ਕਿਸਾਨਾਂ ਦੀ ਹੱਤਿਆ ਕਰ ਦਿੱਤੀ ਗਈ ਸੀ।

ਮੋਦੀ ਸਰਕਾਰ ਦੀਆਂ ਚਲਾਕੀਆਂ ਦੇ ਬਾਵਜੂਦ, ਸੰਕਟ ਨੂੰ ਮੁਖ਼ਾਤਬ ਹੋਣ ਲਈ ਸਰਕਾਰਾਂ ਉਪਰ ਦਬਾਓ ਪਾਉਣ ਵਾਸਤੇ ਕਿਸਾਨਾਂ ਵੱਲੋਂ ਦਿੱਲੀ ਵਰਗੇ ਦੂਰ-ਦਰਾਜ ਮਹਾਂਨਗਰਾਂ ਵਿਚ ਪਹੁੰਚਕੇ ਆਪਣੀ ਹਾਲਤ ਬਿਆਨ ਕਰਨ ਲਈ ਦਿਖਾਈ ਜਾ ਰਹੀ ਤੱਤਪਰਤਾ ਦਿਖਾਉਂਦੀ ਹੈ ਕਿ ਮੋਦੀ ਰਾਜ ਹੇਠ ਖੇਤੀ ਸੰਕਟ ਪਹਿਲਾਂ ਨਾਲੋਂ ਵੀ ਡੂੰਘਾ ਹੋਇਆ ਹੈ। ਸਰਕਾਰੀ ਸਕੀਮਾਂ ਮਹਿਜ਼ ਸੰਕਟ ਵਿਚ ਘਿਰੀ ਕਿਸਾਨਾਂ ਦੀਆਂ ਅੱਖਾਂ ਪੂੰਝਣ ਅਤੇ ਸਰਕਾਰੀ ਫੰਡ ਹੜੱਪਣ ਦਾ ਸੰਦ ਹਨ। ਫ਼ਸਲ ਬੀਮਾ ਯੋਜਨਾ ਅਤੇ ਖੇਤੀ ਕਰਜ਼ੇ ਇਸ ਦੀਆਂ ਉਘੜਵੀਆਂ ਮਿਸਾਲਾਂ ਹਨ।

ਭਾਰਤੀ ਰਿਜ਼ਰਵ ਬੈਂਕ ਨੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਗਈ ਜਾਣਕਾਰੀ ਦੇ ਜਵਾਬ ਵਿਚ ਜਾਣਕਾਰੀ ਦਿੱਤੀ ਹੈ ਕਿ ਸਰਕਾਰੀ ਬੈਂਕਾਂ ਨੇ 2016 ਵਿਚ ਖੇਤੀ ਕਰਜ਼ੇ ਤਹਿਤ 58561 ਕਰੋੜ ਰੁਪਏ ਸਿਰਫ਼ 615 ਖ਼ਾਤਿਆਂ ਨੂੰ ਜਾਰੀ ਕੀਤੇ। ਇਸ ਮੁਤਾਬਿਕ ਇਨ੍ਹਾਂ ਖ਼ਾਤਿਆਂ ਨੂੰ ਪ੍ਰਤੀ ਖ਼ਾਤਾ ਔਸਤਨ 95 ਕਰੋੜ ਰੁਪਏ ਦਿੱਤੇ ਗਏ। ਖੇਤੀ ਕਰਜ਼ੇ ਕਿਸਾਨਾਂ ਦੀ ਬਜਾਏ ਪਹਿਲਾਂ ਹੀ ਸਰਮਾਏ ਨਾਲ ਆਫਰੀਆਂ ਖੇਤੀ ਆਧਾਰਤ ਕਾਰੋਬਾਰੀ ਕਾਰਪੋਰੇਟਾਂ ਜਿਵੇਂ ਰਿਲਾਇੰਸ ਫਰੈੱਸ਼ ਦੇ ਢਿੱਡਾਂ ਵਿਚ ਪਾ ਦਿੱਤੇ ਗਏ।

ਜਨਵਰੀ 2016 ਵਿਚ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਮੋਦੀ ਵਜ਼ਾਰਤ ਨੇ ਧੂਮਧਾਮ ਨਾਲ ਸ਼ੁਰੂ ਕੀਤੀ। ਹਕੀਕਤ ਵਿਚ ਇਸ ਦਾ ਫ਼ਾਇਦਾ ਕਿਸਾਨਾਂ ਦੀ ਬਜਾਏ ਪ੍ਰਾਈਵੇਟ ਬੀਮਾ ਕੰਪਨੀਆਂ ਨੂੰ ਹੋਇਆ। ਹਰਿਆਣਾ ਤੋਂ ਸੂਚਨਾ ਅਧਿਕਾਰ ਕਾਰਕੁਨ ਪੀ.ਪੀ. ਕਪੂਰ ਵੱਲੋਂ ਖੇਤੀ ਮੰਤਰਾਲੇ ਤੋਂ ਹਾਸਲ ਜਾਣਕਾਰੀ ਖ਼ੁਲਾਸਾ ਕਰਦੀ ਹੈ ਕਿ ਦਸ ਪ੍ਰਾਈਵੇਟ ਬੀਮਾ ਕੰਪਨੀਆਂ ਨੇ ਪਿਛਲੇ ਦੋ ਸਾਲਾਂ ਵਿਚ ਫ਼ਸਲ ਬੀਮਾ ਯੋਜਨਾ ਜ਼ਰੀਏ 16000 ਕਰੋੜ ਰੁਪਏ ਕਮਾਏ। ਉਨ੍ਹਾਂ ਨੂੰ ਭੁਗਤਾਨ ਕੀਤੇ ਜਾਂਦੇ ਪ੍ਰੀਮੀਅਮ ਵਿਚ 350 ਫ਼ੀਸਦੀ ਦਾ ਵਾਧਾ ਹੋਇਆ ਹੈ। ਇਨ੍ਹਾਂ ਕੰਪਨੀਆਂ ਨੇ 47408 ਕਰੋੜ ਰੁਪਏ ਬਤੌਰ ਪ੍ਰੀਮੀਅਮ ਵਸੂਲ ਕੀਤੇ ਜਦਕਿ ਕਿਸਾਨਾਂ ਦੇ ਸਿਰਫ਼ 31613 ਕਰੋੜ ਰੁਪਏ ਦੇ ਕਲੇਮ ਪਾਸ ਕੀਤੇ ਗਏ, ਇਨ੍ਹਾਂ ਵਿਚੋਂ 2829 ਕਰੋੜ ਰੁਪਏ ਅਜੇ ਤਕ ਅਣਭੁਗਤਾਏ ਹਨ। ਇਹੀ ਵਜ੍ਹਾ ਹੈ ਕਿ 2016-17 ਦੇ ਮੁਕਾਬਲੇ 2017-18 ਵਿਚ 84.47 ਲੱਖ ਕਿਸਾਨਾਂ ਨੇ ਇਹ ਯੋਜਨਾ ਤਿਆਗ ਦਿੱਤੀ ਜਿਨ੍ਹਾਂ ਵਿਚੋਂ 68 ਲੱਖ ਕਿਸਾਨ ਭਾਜਪਾ ਦੇ ਰਾਜ ਵਾਲੇ ਚਾਰ ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ, ਮਹਾਂਰਾਸ਼ਟਰ ਤੇ ਉਤਰ ਪ੍ਰਦੇਸ਼ ਤੋਂ ਸਨ।

ਇਹ ਸੰਘਰਸ਼ ਇਸ ਸਵਾਲ ਦਾ ਜਵਾਬ ਮੰਗਦਾ ਹੈ ਕਿ ਬੈਂਕਾਂ ਦੇ ਸਭ ਤੋਂ ਵੱਡੇ ਡਿਫਾਲਟਰ ਕਰਜ਼ਈ ਕਾਰਪੋਰੇਟ ਸਰਮਾਏਦਾਰ ਹਨ; ਲੇਕਿਨ ਸਰਕਾਰਾਂ ਮਾਮੂਲੀ ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨਾਂ ਨੂੰ ਰਾਹਤ ਦੇਣ ਦੀ ਬਜਾਏ ਡਿਫਾਲਟਰ ਕਾਰਪੋਰੇਟ ਕਾਰੋਬਾਰੀਆਂ ਦੇ ਅਰਬਾਂ ਰੁਪਏ ਦੇ ਡੁੱਬੇ ਕਰਜ਼ੇ ਮੁਆਫ਼ ਕਰ ਰਹੀਆਂ ਹਨ। ਹੁਕਮਰਾਨ ਪਾਰਟੀਆਂ ਦੀਆਂ ਨੀਤੀਆਂ ਦੀ ਮਦਦ ਨਾਲ ਕਾਰਪੋਰੇਟ ਸਰਮਾਏਦਾਰੀ ਦੀ ਖੇਤੀ ਖੇਤਰ ਉਪਰ ਜਕੜ ਮਜ਼ਬੂਤ ਹੋ ਰਹੀ ਹੈ ਜਦਕਿ ਕਿਸਾਨਾਂ ਤੇ ਕਿਰਤੀਆਂ ਨੂੰ ਉਜਾੜ ਕੇ ਅਤੇ ਤਬਾਹ ਕਰਕੇ ਬਾਹਰ ਧੱਕਿਆ ਜਾ ਰਿਹਾ ਹੈ। ਜ਼ਮੀਨ, ਜਲ, ਜੰਗਲ ਅਤੇ ਖਣਿਜਾਂ ਦੇ ਨਿੱਜੀਕਰਨ ਰਾਹੀਂ ਇਨ੍ਹਾਂ ਵਸੀਲਿਆਂ ਉਪਰ ਕਾਰਪੋਰੇਟ ਕਾਬਜ਼ ਹੋ ਰਹੇ ਹਨ। ਵਿਤ, ਬੀਜ, ਬੀਮਾ, ਖਾਦ ਅਤੇ ਮੰਡੀ ਉਪਰ ਪ੍ਰਾਈਵੇਟ ਕੰਪਨੀਆਂ ਦੀ ਜਕੜ ਵਧ ਰਹੀ ਹੈ।

ਹਾਲੀਆ ਕਿਸਾਨ ਸੰਘਰਸ਼ ਦਾ ਇਕ ਚਿੰਤਾਜਨਕ ਪਹਿਲੂ ਵੀ ਹੈ। ਵਿਰੋਧੀ ਧਿਰ ਦੀਆਂ ਪਾਰਟੀਆਂ ਦਾ ਕਿਸਾਨ ਲਾਮਬੰਦੀ ਨੂੰ ਆਪਣੇ ਵੋਟ ਬੈਂਕ ਵਿਚ ਬਦਲਣ ਲਈ ਦਿਖਾਇਆ ਜਾ ਰਿਹਾ ਕਿਸਾਨ ਹਿਤੈਸ਼ੀ ਹੋਣ ਦਾ ਹੇਜ ਅਤੇ ਇਨ੍ਹਾਂ ਸੰਘਰਸ਼ਾਂ ਵਿਚ ਬੇਰੋਕ ਘੁਸਪੈਠ। ਚੋਣਾਂ ਨੂੰ ਮੁੱਖ ਰੱਖ ਕੇ ਵੱਖ-ਵੱਖ ਸਿਆਸੀ ਆਗੂ ਕਿਸਾਨ ਸੰਘਰਸ਼ ਨਾਲ ਇਕਮੁੱਠਤਾ ਦਾ ਨਾਟਕ ਕਰ ਰਹੇ ਹਨ, ਜਦਕਿ ਸੱਤਾਧਾਰੀ ਹੈਸੀਅਤ ਵਿਚ ਇਨ੍ਹਾਂ ਦੀ ਕਿਸਾਨਾਂ ਤੇ ਹੋਰ ਕਿਰਤੀ ਲੋਕਾਂ ਪ੍ਰਤੀ ਕਾਰਗੁਜ਼ਾਰੀ ਭਾਜਪਾ ਤੋਂ ਕਿਸੇ ਵੀ ਤਰ੍ਹਾਂ ਵੱਖਰੀ ਨਹੀਂ ਰਹੀ। ਹੁਣ ਕਾਂਗਰਸ ਦੇ ਆਗੂ ਰਾਹੁਲ ਗਾਂਧੀ, ਸ਼ਰਦ ਯਾਦਵ ਆਦਿ ਕਿਸਾਨਾਂ ਦੇ ਇਕੱਠਾਂ ਵਿਚ ਜਾ ਕੇ ਮਗਰਮੱਛ ਦੇ ਹੰਝੂ ਵਹਾਉਂਦੇ ਹਨ; ਜਦਕਿ ਇਸੇ ਕਾਂਗਰਸ ਦੇ ਦਸ ਸਾਲ ਦੇ ਰਾਜ ਵਿਚ ਕਿਸਾਨਾਂ, ਕਿਰਤੀਆਂ ਅਤੇ ਆਦਿਵਾਸੀਆਂ ਨੂੰ ਲੁੱਟਿਆ, ਕੁੱਟਿਆ ਅਤੇ ਮਾਰਿਆ ਗਿਆ। ਅੱਜ ਰਾਹੁਲ ਗਾਂਧੀ ਸੱਤਾ ਵਿਚ ਆ ਕੇ ਕਿਸਾਨਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ ਦੇ ਵਾਅਦੇ ਕਰ ਰਿਹਾ ਹੈ ਜਦਕਿ ਆਪਣੇ ਕਾਰਜਕਾਲ ਵਿਚ ਕਾਂਗਰਸ ਨੇ ਨਾ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ, ਨਾ ਕਰਜ਼ਾ ਮੁਆਫ਼ ਕਰਨ ਲਈ ਠੋਸ ਕਦਮ ਚੁੱਕੇ ਸਗੋਂ ਉਹ ਲੋਕ ਵਿਰੋਧੀ ਆਰਥਿਕ ਨੀਤੀਆਂ ਰਾਜਕੀ ਦਹਿਸ਼ਤਵਾਦ ਰਾਹੀਂ ਥੋਪੀਆਂ ਗਈਆਂ ਜੋ ਖੇਤੀ ਸੰਕਟ ਤੇ ਕਿਸਾਨਾਂ ਦੀ ਤਬਾਹੀ ਦੀ ਮੂਲ ਵਜ੍ਹਾ ਹਨ।

ਕਿਸਾਨ ਸੰਘਰਸ਼ ਦੇ ਹੱਕ ਵਿਚ ਖੜ੍ਹਨ ਦਾ ਨਾਟਕ ਕਰਨ ਵਾਲਾ ਸ਼ਰਦ ਪਵਾਰ ਕੇਂਦਰੀ ਖੇਤੀ ਮੰਤਰੀ ਹੁੰਦਿਆਂ ਕਿਸਾਨੀ ਸੰਕਟ ਦੇ ਹੱਲ ਲਈ ਕੋਈ ਪ੍ਰਭਾਵਸ਼ਾਲੀ ਕਾਨੂੰਨ ਪਾਸ ਨਹੀਂ ਕਰਵਾ ਸਕਿਆ। ਪੰਜਾਬ ਵਿਚ ਕੈਪਟਨ ਦੀ ਸਰਕਾਰ ਕਿਸਾਨੀ ਦਾ ਕਰਜ਼ਾ ਮੁਆਫ਼ ਕਰਨ ਅਤੇ ਇਸ ਤਰ੍ਹਾਂ ਦੇ ਹੋਰ ਵਾਅਦੇ ਕਰਕੇ ਸੱਤਾ ਵਿਚ ਆਈ, ਉਸ ਵੱਲੋਂ ਕੀਤੀ ਵਾਅਦਾਖ਼ਿਲਾਫ਼ੀ ਬਾਰੇ ਰਾਹੁਲ ਗਾਂਧੀ ਨੇ ਕਦੇ ਮੂੰਹ ਨਹੀਂ ਖੋਲ੍ਹਿਆ। ਇਹੀ ਹਾਲ ਹੋਰ ਪਾਰਟੀਆਂ ਦਾ ਹੈ। ਸੀ.ਪੀ.ਐਮ. ਨੇ ਸਿੰਗੂਰ ਅਤੇ ਨੰਦੀਗ੍ਰਾਮ ਵਿਚ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਲਈ ਪ੍ਰਦਰਸ਼ਨਾਂ ਨੂੰ ਰਾਜਕੀ ਤਾਕਤ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਅਤੇ ਮੁਜ਼ਾਹਰਾਕਾਰੀਆਂ ਨੂੰ ਗੋਲੀਆਂ ਨਾਲ ਭੁੰਨਿਆ।

ਘੋਰ ਖੇਤੀ ਸੰਕਟ ਨੂੰ ਠੱਲ੍ਹ ਪਾਉਣ ਲਈ ਮੁਕੰਮਲ ਕਰਜ਼ਾ ਮੁਆਫ਼ੀ ਕਾਫ਼ੀ ਨਹੀਂ, ਇਹ ਮਹਿਜ਼ ਵਕਤੀ ਰਾਹਤ ਹੈ ਜੋ ਬਿਨਾਂ ਕਿਸੇ ਸ਼ਰਤ, ਤੁਰੰਤ ਦੇਣੀ ਚਾਹੀਦੀ ਹੈ। ਇਸ ਤੋਂ ਜ਼ਰੂਰੀ ਹੈ ਉਹ ਨਵ-ਉਦਾਰ ਆਰਥਿਕ ਨੀਤੀਆਂ ਵਾਪਸ ਲੈਣਾ ਜੋ ਆਲਮੀ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਅਤੇ ਆਲਮੀ ਵਪਾਰ ਸੰਸਥਾ ਵਰਗੀਆਂ ਸਾਮਰਾਜੀ ਸੰਸਥਾਵਾਂ ਦੇ ਆਦੇਸ਼ਾਂ 'ਤੇ ਬਣਾ ਕੇ ਲਾਗੂ ਕੀਤੀਆਂ ਗਈਆਂ। ਇਹ ਕੇਂਦਰੀ ਮੁੱਦਾ ਬਣਨਾ ਚਾਹੀਦਾ ਹੈ ਅਤੇ ਕਿਸਾਨ ਜਥੇਬੰਦੀਆਂ ਨੂੰ ਉਨ੍ਹਾਂ ਸਿਆਸੀ ਪਾਰਟੀਆਂ ਦੇ ਸਿਆਸੀ ਏਜੰਡਿਆਂ ਬਾਰੇ ਸਪਸ਼ਟ ਸਮਝ ਬਣਾ ਕੇ ਇਨ੍ਹਾਂ ਤੋਂ ਸਪਸ਼ਟ ਲਕੀਰ ਖਿੱਚਣੀ ਹੋਵੇਗੀ ਜੋ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਦੀਆਂ ਪੈਰੋਕਾਰ ਹਨ ਅਤੇ ਚੋਣਾਂ ਦੀ ਰੁੱਤੇ ਕਿਸਾਨ ਹਿਤੈਸ਼ੀ ਹੋਣ ਦਾ ਮਖੌਟਾ ਪਾ ਲੈਂਦੀਆਂ ਹਨ।




# ਸਿੱਧੂ ਅਤੇ ਕੈਪਟਨ ਦਾ ਪੇਚਾ

ਹੁਣ ਤਕ ਨਵਜੋਤ ਸਿੰਘ ਸਿੱਧੂ ਦੀ ਮਸ਼ਹੂਰੀ ਇਕ ਬੇਪ੍ਰਵਾਹ, ਸੁਭਾਵਿਕ ਅਤੇ ਧਿਆਨ ਖਿੱਚਣ ਵਾਲੇ ਸ਼ਖਸ ਵਜੋਂ ਹੈ ਪਰ ਉਹਨੇ ਹੈਦਰਾਬਾਦ ਵਿਚ ਜੋ ਕੁਝ ਕਿਹਾ, ਉਹ ਇਸ ਤੋਂ ਐਨ ਵੱਖਰਾ ਸੀ। ਪੰਜਾਬ ਦੇ ਕੈਪਟਨ ਦੀ ਅਥਾਰਿਟੀ ਬਾਰੇ ਸਵਾਲ ਕੋਰਾ ਤੇ ਬੇਰੁਖੀ ਵਾਲਾ, ਸੋਚਿਆ-ਸਮਝਿਆ ਅਤੇ ਗਿਣਿਆ-ਮਿਥਿਆ ਸੀ। ਇਸ ਦੇ ਨਾਲ ਹੀ ਉਹਨੇ ਤੁਰੰਤ ਇਹ ਕਹਿ ਕੇ ਸਪਸ਼ਟ ਕਰਨ ਦਾ ਯਤਨ

ਕੁਲਜੀਤ ਬੈਂਸ

ਵੀ ਕੀਤਾ ਕਿ ਫੌਜ ਦੇ ਸਾਬਕਾ ਕਪਤਾਨ (ਕੈਪਟਨ ਅਮਰਿੰਦਰ ਸਿੰਘ) ਉਨ੍ਹਾਂ ਲਈ 'ਪਿਤਾ ਸਮਾਨ' ਹਨ ਅਤੇ 'ਬੌਸ' ਹਨ ਪਰ ਉਦੋਂ ਤੱਕ ਤੀਰ, ਕਮਾਨ ਵਿਚੋਂ ਨਿੱਕਲ ਚੁੱਕਾ ਸੀ।

ਨਵਜੋਤ ਸਿੱਧੂ ਆਪਣੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਲਈ ਉਤਰਦਾਈ ਹਨ ਜਾਂ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਲਈ, ਇਹ ਹੁਣ ਕੋਈ ਭੇਤ ਵਾਲੀ ਗੱਲ ਨਹੀਂ। ਹੁਣ ਤਾਂ ਲੋਕ ਇਸ ਤਣਾ-ਤਣੀ ਦਾ ਆਨੰਦ ਉਠਾ ਰਹੇ ਹਨ। ਕੈਪਟਨ ਦੇ ਵਫਾਦਾਰਾਂ ਨੇ ਪਹਿਲਾ ਹੱਲਾ ਪਹਿਲਾਂ ਹੀ ਬੋਲ ਦਿੱਤਾ ਹੈ; ਸਿੱਧੂ ਤੋਂ ਵਜ਼ਾਰਤ ਤੋਂ ਅਸਤੀਫੇ ਦੇਣ ਦੀ ਮੰਗ ਕੀਤੀ ਗਈ ਹੈ। ਇਹ ਵੱਖਰੀ ਗੱਲ ਹੈ ਕਿ ਹਾਈ ਕਮਾਨ ਦੀ ਘੁਰਕੀ ਪਿਛੋਂ ਹੁਣ ਸਾਰੇ ਦੁਬਕ ਗਏ ਹਨ। ਸਿੱਧੂ ਅਸਲ ਵਿਚ ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਵਿਚ ਸਟਾਰ ਪ੍ਰਚਾਰਕ ਹੈ ਅਤੇ ਕਾਂਗਰਸ ਨਹੀਂ ਚਾਹੁੰਦੀ ਕਿ ਅਸਤੀਫੇ ਦੀ ਮੰਗ ਕਰਕੇ ਉਸ ਦੀ ਪ੍ਰਚਾਰ ਮੁਹਿੰਮ ਵਿਚ ਕੋਈ ਵਿਘਨ ਪਾਇਆ ਜਾਵੇ।

ਉਂਝ, ਕੈਪਟਨ ਅਮਰਿੰਦਰ ਸਿੰਘ ਨੂੰ ਵੀ ਆਪਣੇ ਵਜ਼ੀਰ ਦੇ ਵਿਹਾਰ ਦਾ ਇਲਮ ਹੋਣਾ ਹੀ ਚਾਹੀਦਾ ਹੈ। ਦੋਵੇਂ ਇਕੋ ਹੀ ਸ਼ਹਿਰ, ਪਟਿਆਲੇ ਤੋਂ ਹਨ ਅਤੇ ਦੋਹਾਂ ਨੇ ਇਕੋ ਹੀ ਸ਼ਹਿਰ, ਅੰਮ੍ਰਿਤਸਰ ਤੋਂ ਚੋਣ ਖੇਤਰ ਵਿਚ ਜਿੱਤ ਦੇ ਝੰਡੇ ਗੱਡੇ ਸਨ ਅਤੇ ਦੋਵੇਂ ਹੀ ਅਵਾਮ ਅੰਦਰ ਜਾਂਬਾਜ਼ੀ ਲਈ ਜਾਣੇ ਜਾਂਦੇ ਰਹੇ ਹਨ। ਦੋਵਾਂ ਵਿਚੋਂ ਕੋਈ ਵੀ ਜ਼ਬਤ ਵਾਲੇ ਪਾਸੇ ਨਹੀਂ ਅਹੁਲਦਾ ਸਗੋਂ ਜਿਹੜਾ ਵੀ ਰਾਹ ਵਿਚ ਆਇਆ, ਦੋਵੇਂ ਉਸ ਨਾਲ ਆਪਣੇ ਢੰਗ ਨਾਲ ਨਜਿੱਠਣ ਦਾ ਯਤਨ ਕਰਦੇ ਹਨ। ਦੋਵੇਂ ਹੀ ਬਿਨਾਂ ਖਾਸ ਸੋਚੇ-ਵਿਚਾਰੇ ਅਗਾਂਹ ਵਧਦੇ ਹਨ। ਦੋਵੇਂ ਹੀ ਸਾਹਮਣੇ ਵਾਲੇ ਨੂੰ ਵੰਗਾਰਨ ਦਾ ਪਿੜ ਬੰਨ੍ਹ ਲੈਂਦੇ ਹਨ: ਇਕ ਤਾਂ ਦੁਸ਼ਮਣ ਨਾਲ ਟੱਕਰ ਲੈਣ ਲਈ ਬਾਕਾਇਦਾ ਸਿਖਲਾਈਯਾਫਤਾ ਹੈ ਅਤੇ ਦੂਜਾ, ਕ੍ਰਿਕਟ ਪਿੱਚਾਂ ਉਤੇ ਸਲਾਮੀ ਬੱਲੇਬਾਜ਼ੀ ਲਈ ਲੱਕ ਬੰਨ੍ਹ ਕੇ ਉਤਰਦਾ ਰਿਹਾ ਹੈ।

ਰਾਹੁਲ ਗਾਂਧੀ ਲਈ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੇ ਅਹੁਦੇ ਲਈ ਉਸ ਵਕਤ ਪਹਿਲੀ ਪਸੰਦ ਨਹੀਂ ਸੀ। ਉਂਝ, ਰਾਹੁਲ ਨੂੰ ਮਜਬੂਰੀ ਵਿਚ ਉਸ ਉਤੇ ਗੁਣਾ ਪਾਉਣਾ ਪਿਆ, ਕਿਉਂਕਿ ਇਹ ਸ਼ਾਹੀ ਲੀਡਰ ਉਸ ਵਕਤ ਮਾਯੂਸ ਵੋਟਰਾਂ ਅੰਦਰ ਉਤਸ਼ਾਹ ਲਿਆ ਸਕਦਾ ਸੀ। ਪੰਜਾਬ ਦੇ ਪਾਣੀਆਂ ਬਾਰੇ ਮੱਲੇ ਦਲੇਰ ਪੈਂਤੜੇ ਕਾਰਨ ਸੂਬੇ ਦੇ ਕਿਸਾਨ ਕੈਪਟਨ ਅਮਰਿੰਦਰ ਸਿੰਘ ਦੇ ਮੁਰੀਦ ਬਣੇ ਹੋਏ ਸਨ; 1984 ਵਾਲੇ ਮੁੱਦੇ 'ਤੇ ਵੀ ਉਹ ਲਗਾਤਾਰ ਬੋਲਦਾ ਰਿਹਾ ਹੈ; ਤੇ ਇਸ ਦੇ ਨਾਲ ਹੀ ਉਸ ਦੀ ਰਾਸ਼ਟਰਵਾਦੀ ਸੁਰ ਵੀ ਖੂਬ ਅੱਛੀ ਹੈ। ਇਹੀ ਨਹੀਂ, ਉਹ ਵਿਰੋਧੀ ਹਾਲਾਤ ਵਿਚ ਵੀ ਆਪਣੀ ਆਵਾਜ਼ ਬੁਲੰਦ ਕਰਦਾ ਰਿਹਾ ਹੈ। ਤੇ ਬਾਗ਼ੀਆਨਾ ਸੁਰ ਵਾਲੇ ਬੰਦੇ ਨੂੰ ਤਾਂ ਪੰਜਾਬੀ ਅੱਖਾਂ ਉਤੇ ਬਿਠਾਉਂਦੇ ਹੀ ਹਨ।

ਸਿੱਧੂ ਨੇ ਬਾਗ਼ੀ ਵਜੋਂ ਆਪਣਾ ਅਕਸ ਬਣਾਇਆ ਹੈ। ਬਿਨਾਂ ਸ਼ੱਕ, ਉਨ੍ਹਾਂ ਦੇ ਪਾਏ ਹਰ ਭੜਾਕੇ ਦੀ ਸੁਰ ਲੋਕ-ਲੁਭਾਊ ਰਹੀ ਹੈ ਜਿਸ ਨਾਲ ਸੂਬੇ ਦੀ ਅਵਾਮ ਦੀਆਂ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ। ਕੈਪਟਨ ਅਮਰਿੰਦਰ ਸਿੰਘ ਦਾ ਵੀ ਇਹੀ ਹਾਲ ਹੈ। ਦੋਵੇਂ ਹੀ ਗਾਹੇ-ਬਗਾਹੇ ਕੁਝ ਅਕਾਲੀ ਲੀਡਰਾਂ ਖਿਲਾਫ ਆਪਣਾ ਰੋਹ ਜ਼ਾਹਿਰ ਕਰਦੇ ਰਹੇ ਹਨ। ਮੁੱਖ ਮੰਤਰੀ ਬਿਨਾਂ ਸ਼ੱਕ ਇਸ ਮਾਮਲੇ ਵਿਚ ਕੁਝ ਨਰਮ ਪੈ ਗਿਆ ਹੈ। ਦੋਵਾਂ ਦੇ ਹੀ ਸਰਹੱਦ ਦੇ ਆਰ-ਪਾਰ ਭਗਤ ਹਨ; ਪਰ ਕੈਪਟਨ ਨੇ ਆਪਣੇ ਪਿਛਲੇ ਕਾਰਜਕਾਲ ਵਾਂਗ ਐਤਕੀਂ 'ਜੱਫੀਆਂ' ਵਾਲਾ ਉਤਸ਼ਾਹ ਨਹੀਂ ਦਿਖਾਇਆ ਹੈ। ਦੋਵੇਂ ਹੀ ਆਪਣੇ ਬੌਸਾਂ ਖਿਲਾਫ ਪੈਂਤੜੇ ਮੱਲਦੇ ਰਹੇ ਹਨ; ਕੈਪਟਨ ਅਮਰਿੰਦਰ ਸਿੰਘ ਭਾਵੇਂ ਅੱਜ ਕੱਲ੍ਹ ਆਪਣੇ ਪ੍ਰਧਾਨ ਵੱਲ ਬਗ਼ਾਵਤੀ ਸੁਰ ਮੁਅੱਤਲ ਰੱਖੀ ਹੋਈ ਹੈ, ਜਦਕਿ ਸਿੱਧੂ ਆਪਣੇ ਮੁੱਖ ਮੰਤਰੀ ਵੱਲ ਲਗਾਤਾਰ ਗੁਗਲੀਆਂ ਸੁੱਟ ਰਿਹਾ ਹੈ।

ਸਿੱਧੂ ਨੂੰ ਪਤਾ ਹੈ ਕਿ ਦਰਸ਼ਕ ਗੈਲਰੀ ਦੇ ਹਿਸਾਬ ਨਾਲ ਕਿਵੇਂ ਖੇਡਣਾ ਹੈ। ਇਹ ਕਲਾ ਉਹਨੇ ਟੀ.ਵੀ. ਦਰਸ਼ਕਾਂ ਨਾਲ ਦੋ-ਚਾਰ ਹੁੰਦਿਆਂ ਸਾਣ 'ਤੇ ਲਾਈ ਹੈ ਅਤੇ ਸਪਸ਼ਟ ਰੂਪ ਵਿਚ ਇਹ ਵਿਰੋਧੀ ਨੂੰ ਖਦੇੜਨ ਲਈ ਵਾਹਵਾ ਸੰਜੀਦਾ ਹੰਭਲਾ ਹੈ। ਉਂਜ, ਇਕ ਅਜਿਹੀ ਗੱਲ ਹੈ ਜਿਹੜੀ ਉਨ੍ਹਾਂ ਆਪਣੇ ਸੀਨੀਅਰ ਤੋਂ ਸਿੱਖੀ ਨਹੀਂ ਹੈ: ਇਹ ਹੈ ਸ਼ਾਂਤ ਰਹਿਣ, ਲੋੜ ਪੈਣ 'ਤੇ ਕਦਮ ਪਿਛਾਂਹ ਹਟਾਉਣ, ਵਧੇਰੇ ਨਾ ਉਭਾਸਰਨ ਅਤੇ ਸਹੀ ਮੌਕੇ ਲਈ ਘਾਤ ਲਾ ਕੇ ਬੈਠਣ ਦਾ ਹੁਨਰ।

ਨਵਜੋਤ ਸਿੰਘ ਸਿੱਧੂ ਨੇ ਸਭ ਕੁਝ ਦਾਅ 'ਤੇ ਲਾ ਦਿੱਤਾ ਹੈ। ਜਦੋਂ ਵੀ ਦਾਅ ਲੱਗੇ, ਉਹ ਰਾਹੁਲ ਗਾਂਧੀ ਦੇ ਸਹਾਰੇ ਟੀਸੀ ਤੱਕ ਅੱਪੜਨਾ ਚਾਹੁੰਦਾ ਹੈ। ਇਸ ਦੇ ਨਾਲ ਹੀ, ਜੇ ਕਿਤੇ ਚੋਣਾਂ ਦੇ ਹਿਸਾਬ ਨਾਲ ਪਾਰਟੀ ਦਾ ਨੁਕਸਾਨ ਹੋ ਗਿਆ ਤਾਂ ਉਸ (ਸਿੱਧੂ) ਉਤੇ ਅਨੁਸ਼ਾਸਨਹੀਣਤਾ ਦੇ ਦੋਸ਼ ਹੇਠ ਪਾਰਟੀ ਤੋਂ ਲਾਂਭੇ ਕਰਨ ਦੀ ਤਲਵਾਰ ਵੀ ਲਟਕ ਰਹੀ ਹੈ। ਇਸ ਸੂਰਤ ਵਿਚ 'ਉਸ ਦਾ ਕੈਪਟਨ' ਵੀ ਇਮਦਾਦ 'ਤੇ ਨਹੀਂ ਆਵੇਗਾ।

ਪੰਜਾਬ ਕਾਂਗਰਸ ਅੰਦਰ ਹੋਰ ਵੀ ਬਥੇਰੇ ਆਗੂ ਹਨ ਜਿਹੜੇ ਵੰਗਾਰਾਂ ਸੁੱਟਣ ਅਤੇ ਟੀਸੀ ਦਾ ਅਹੁਦਾ ਹਥਿਆਉਣ ਲਈ ਕੋਸ਼ਿਸ਼ ਕਰ ਰਹੇ ਹਨ ਪਰ ਇਨ੍ਹਾਂ ਵਿਚੋਂ ਕੋਈ ਵੀ ਸਿੱਧੂ ਨਾਲ ਸਹਿਮਤ ਨਹੀਂ ਹੋਵੇਗਾ। ਇਹ ਸਾਰੇ ਅਜਿਹੇ ਘਾਗ ਸਿਆਸਤਦਾਨ ਹਨ ਜਿਹੜੇ ਐਨ ਅਖੀਰ ਤੱਕ ਬਾਗ਼ੀ ਸੁਰ ਨਹੀਂ ਅਪਣਾਉਣਗੇ। ਉਂਜ, ਇਹ ਉਨ੍ਹਾਂ ਲਈ ਮਹਿੰਗਾ ਸੌਦਾ ਸਾਬਤ ਹੋ ਸਕਦਾ ਹੈ, ਕਿਉਂਕਿ ਸਿੱਧੂ ਅਜੇ ਡੇਢ ਸਾਲ ਪਹਿਲਾਂ ਹੀ ਪਾਰਟੀ ਅੰਦਰ ਆਇਆ ਹੈ ਅਤੇ ਅੱਜ ਕਾਂਗਰਸ ਦਾ ਮੁੱਖ ਚਿਹਰਾ ਹੈ।

ਫਿਲਹਾਲ ਪਾਰਟੀ ਵਿਚ ਸਿੱਧੂ ਦਾ ਆਧਾਰ ਸੀਮਤ ਹੈ। ਉਂਜ, ਉਹ ਆਵਾਮ ਦੀਆਂ ਵੋਟਾਂ ਦੇ ਆਧਾਰ 'ਤੇ ਛੱਕੇ ਜੜ ਰਿਹਾ ਹੈ। ਇਸੇ ਆਧਾਰ ਉਤੇ ਤਾਂ ਅੰਦਰੋਂ ਤਿੱਖੇ ਵਿਰੋਧ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਟੀਸੀ ਦੇ ਅਹੁਦੇ ਤੱਕ ਅੱਪੜੇ ਸਨ। ਕੀ ਇਹ ਪੈਂਤੜਾ ਸਿੱਧੂ ਦੇ ਵੀ ਕੰਮ ਆਵੇਗਾ? ਇਹ ਫੈਸਲਾ ਮੈਚ ਦੇ ਅਖੀਰ ਤੱਕ ਪੁੱਜਦਿਆਂ ਪਿੱਚ ਦੇ ਹਾਲਾਤ 'ਤੇ ਨਿਰਭਰ ਕਰੇਗਾ। ਉਦੋਂ ਤੱਕ ਕਿਆਸਆਰਾਈਆਂ ਲਗਾਉਣ ਵਾਲਿਆਂ ਦੀਆਂ ਮੌਜਾਂ ਹੀ ਮੌਜਾਂ ਹਨ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

# ਸਵੈਮਾਨ ਦੇ ਰੰਗ

ਅਮਰੀਕਾ ਤੋਂ ਪੰਜਾਬ ਤਾਂ ਭਾਵੇਂ ਮੈਂ ਹਰ ਸਾਲ ਹੀ ਜਾਂਦਾ ਹਾਂ, ਪਰ ਤੇਰਾਂ ਸਾਲ ਤੋਂ ਕਦੇ ਪਿੰਡ ਰਹਿ ਕੇ ਦੁਸਹਿਰਾ, ਦੀਵਾਲੀ ਦੇ ਤਿਉਹਾਰ ਨਹੀਂ ਸੀ ਦੇਖੇ। ਸੋ ਅਕਤੂਬਰ ਦੇ ਪਹਿਲੇ ਹਫਤੇ ਮੈਂ ਅਤੇ ਮੇਰੀ ਪਤਨੀ ਪਿੰਡ ਪਹੁੰਚ ਗਏ। ਸਕੂਲ ਪੜ੍ਹਦੇ ਮੇਰੇ ਪੋਤਰੇ ਨੂੰ ਇਕ ਦਿਨ ਖੰਘ, ਜ਼ੁਕਾਮ ਦੇ ਨਾਲ ਨਾਲ ਥੋੜ੍ਹਾ ਬੁਖਾਰ ਵੀ ਹੋ ਗਿਆ। ਉਸ ਨੂੰ ਦਵਾਈ ਦਿਵਾਉਣ ਲਈ ਜਾਡਲੇ ਜਾਣ ਦੀ ਮੇਰੀ ਡਿਊਟੀ ਲੱਗ ਗਈ। 'ਪੁਰੀ ਮੈਡੀਕਲ ਸਟੋਰ' ਦੇ ਬੈਂਚ ਮਰੀਜ਼ਾਂ ਨਾਲ ਭਰੇ ਪਏ ਸਨ। ਮੈਥੋਂ ਪਹਿਲਾਂ ਪਹੁੰਚੇ ਹੋਏ ਬਹੁਤੇ ਮਰੀਜ਼ਾਂ ਬਾਬਤ ਡਾਕਟਰ ਪੁਰੀ ਦੇ ਮੂੰਹੋਂ ਨਵੀਂ ਗੱਲ ਸੁਣ-ਸੁਣ ਕੇ ਮੈਨੂੰ ਬੜੀ ਹੈਰਾਨੀ ਹੋਈ। ਰੇਡੀਓ-ਕਲਾਕਾਂ ਦੇ ਸੈਲ ਮੁੱਕਦੇ ਤਾਂ ਸੁਣੇ ਸਨ, ਇਥੇ ਕੀ ਬੱਚੇ, ਕੀ ਬੁੱਢੇ; ਸਭ ਮਰੀਜ਼ਾਂ ਨੂੰ ਡਾਕਟਰ ਦੱਸ ਰਿਹਾ ਸੀ ਕਿ ਫਲਾਣਿਆਂ ਤੇਰੇ ਇੰਨੇ ਸੈਲ ਘਟ ਗਏ...ਤੇਰੇ ਐਨੇ ਘਟ ਗਏ ਹਨ।

ਵਾਰੀ ਸਿਰ ਮਰੀਜ਼ ਬੈਂਚਾਂ ਤੋਂ ਉਠ-ਉਠ ਕੇ ਡਾਕਟਰ ਕੋਲੋਂ ਚੈਕਅਪ ਕਰਵਾ ਰਹੇ ਸਨ। ਬੈਂਚ 'ਤੇ ਮੇਰੇ ਨਾਲ ਵਾਲੀ ਖਾਲੀ ਥਾਂ 'ਤੇ ਪਤੀ-ਪਤਨੀ ਜੋੜਾ ਆਪਣੇ ਬੱਚੇ ਨੂੰ ਗੋਦ ਲੈ ਕੇ ਆ ਬੈਠਾ। ਮੈਲੇ ਕੁਚੈਲੇ ਕੱਪੜਿਆਂ ਵਾਲੇ ਸਾਈਕਲ 'ਤੇ ਆਏ ਇਹ ਦੋਵੇਂ ਪੂਰਬੀਏ ਸਨ। ਉਹ ਬੁਖਾਰ ਨਾਲ ਵਿਆਕੁਲ ਹੋ ਰਹੇ ਆਪਣੇ ਬੱਚੇ ਨੂੰ ਧਰਵਾਸ ਦਿੰਦਿਆਂ ਪੂਰਬੀਆਂ ਵਾਂਗ ਬੋਲ ਰਹੇ ਸਨ। ਥੋੜ੍ਹਾ ਪਰਦਾ ਜਿਹਾ ਕਰ ਕੇ ਉਹ ਜ਼ਨਾਨੀ ਬੱਚੇ ਨੂੰ ਦੁੱਧ ਚੁੰਘਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਦੁੱਖ ਦਾ ਝੰਬਿਆ ਬੱਚਾ ਤਿਲਮਿਲਾ ਰਿਹਾ ਸੀ।

ਖੰਘ-ਖੰਘ ਕੇ ਹਫਿਆ ਮੇਰਾ ਪੋਤਰਾ ਵੀ ਭਾਵੇਂ ਮੇਰੇ ਪੱਟ 'ਤੇ ਸਿਰ ਸੁੱਟੀ ਬੈਠਾ ਸੀ ਪਰ ਮੈਨੂੰ ਉਸ ਗਰੀਬ ਬੱਚੇ 'ਤੇ ਤਰਸ ਆ ਗਿਆ, ਤੇ ਮੈਂ ਸੋਚਿਆ ਕਿ ਆਪਣੀ ਵਾਰੀ ਆਉਣ 'ਤੇ ਪਹਿਲਾਂ ਇਨ੍ਹਾਂ ਨੂੰ ਡਾਕਟਰ ਕੋਲ ਜਾਣ ਦਿਆਂਗਾ। ਦਵਾਈ ਦੇਣ ਬਾਅਦ ਡਾਕਟਰ ਨੂੰ ਮਰੀਜ਼ਾਂ ਤੋਂ ਪੈਸੇ ਲੈਂਦਿਆਂ ਦੇਖ ਕੇ ਮੈਂ ਅੰਦਾਜ਼ ਲਾਇਆ ਕਿ ਇਹ ਪੰਜਾਹ ਤੋਂ ਢਾਈ-ਤਿੰਨ ਸੌ ਰੁਪਏ ਤੱਕ ਹੀ ਪੈਸੇ ਲੈ ਰਿਹਾ ਹੈ; ਇਸ ਤੋਂ ਵਧ ਨਹੀਂ।

ਜਦ ਮੇਰੀ ਵਾਰੀ ਆਉਣ ਲੱਗੀ ਤਾਂ ਮੈਂ ਖੜ੍ਹੇ ਮਰੀਜ਼ਾਂ ਦਾ ਓਹਲਾ ਜਿਹਾ ਹੋਣ 'ਤੇ ਆਪਣੀ ਜੇਬ ਵਿਚੋਂ ਪੰਜ ਸੌ ਦਾ ਨੋਟ ਕੱਢ ਕੇ ਉਸ ਗਰੀਬ ਜੋੜੇ ਵੱਲ ਮੁੱਠੀ ਵਧਾਉਂਦਿਆਂ ਕਿਹਾ, "ਮੇਰੇ ਸੇ ਪਹਿਲੇ ਆਪ ਦਵਾਈ ਲੇ ਲੋ, ਕੋਈ ਬਾਤ ਨਹੀਂ, ਮੈਂ ਬਾਅਦ ਮੇਂ ਲੇ ਲੂੰਗਾ।" ਅਜਿਹਾ ਕਰਦਿਆਂ ਮੈਂ ਸੋਚਿਆ ਸੀ ਕਿ ਉਹ ਦੂਵੀ ਘਿਗਿਆਈ ਆਵਾਜ਼ ਵਿਚ ਆਪਣੇ ਨਿਢਾਲ ਹੋਏ ਬੱਚੇ ਦੀ ਬਿਮਾਰੀ ਬਾਰੇ ਦੱਸ ਕੇ ਮੈਥੋਂ ਪੈਸੇ ਫੜ ਲਏਗਾ ਪਰ ਉਨ੍ਹਾਂ ਦੋਹਾਂ ਦਾ ਅਨੋਖਾ ਵਿਹਾਰ ਦੇਖ ਕੇ ਮੈਂ ਦੰਗ ਰਹਿ ਗਿਆ।

ਪਹਿਲਾਂ ਉਸ ਬੰਦੇ ਨੇ ਮੇਰੀ ਮੁੱਠ ਨੂੰ ਅਸਵੀਕਾਰ ਕਰਦਿਆਂ ਪੈਸੇ ਫੜਨ ਤੋਂ ਨਾਂਹ ਕਰ ਦਿੱਤੀ, ਜਦੋਂ ਮੈਂ ਉਸ ਦੀ ਤ੍ਰੀਮਤ ਨੂੰ ਪੈਸੇ ਫੜਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਆਪ ਕਾ ਬੱਚਾ ਭੀ ਤੋ ਮੇਰੇ ਬੱਚੇ ਜੈਸਾ ਹੈ... ਇਸ ਕੋ ਤੁਮ ਜੂਸ ਵਗੈਰਾ ਪਿਲਾ ਦੇਨਾ", ਤਾਂ ਉਹ ਬੰਦਾ ਬਗੈਰ ਮੇਰਾ ਸ਼ੁਕਰਾਨਾ ਕਰਿਆਂ ਥੋੜ੍ਹਾ ਖਰ੍ਹਵਾ ਜਿਹਾ ਮੈਨੂੰ ਕਹਿੰਦਾ, "ਸਰਦਾਰ ਜੀ, ਭਗਵਾਨ ਨੇ ਹਮੇਂ ਹਾਥ ਦੀਏ ਹੂਏ ਹੈਂ, ਔਰ ਹਮ ਕਾਮ ਕਰਤੇ ਹੈਂ, ਆਪ ਸੇ ਪੈਸੇ ਨਹੀਂ ਲੇਂਗੇ ਹਮ!" ਕੋਲ ਖੜ੍ਹੇ ਬਹੁਤੇ ਮਰੀਜ਼ਾਂ ਨੂੰ ਇਸ ਗੱਲਬਾਤ ਦਾ ਪਤਾ ਲੱਗਣ ਦੇ ਡਰੋਂ ਮੈਂ ਛਿੱਥਾ ਜਿਹਾ ਪੈ ਕੇ ਨੋਟ ਆਪਣੀ ਜੇਬ ਵਿਚ ਪਾ ਲਿਆ।

ਦੀਵਾਲੀ ਤੋਂ ਦੋ ਕੁ ਦਿਨ ਪਹਿਲਾਂ ਮੈਂ ਤੇ ਮੇਰੀ ਪਤਨੀ ਨਵਾਂਸ਼ਹਿਰ ਦੇ ਕੋਠੀ ਰੋਡ ਵਾਲੇ ਬਾਜ਼ਾਰ ਵਿਚ ਖਰੀਦਦਾਰੀ ਕਰਦੇ ਫਿਰ ਰਹੇ ਸਾਂ। ਹਾਸੇ ਭਾਣੇ ਅਸੀਂ ਇਸ ਬਾਜ਼ਾਰ ਦੇ ਉਸ ਖੂੰਜੇ ਚਲੇ ਗਏ ਜਿਥੇ ਹਲਵਾਈ ਦੀ ਛੋਟੀ ਜਿਹੀ ਦੁਕਾਨ ਹੁੰਦੀ ਸੀ। ਉਸ ਬਜ਼ੁਰਗ ਹਲਵਾਈ ਦੀਆਂ ਜਲੇਬੀਆਂ ਆਪਣੀ ਮਿਸਾਲ ਆਪ ਹੁੰਦੀਆਂ ਸਨ। ਉਥੇ ਪਹੁੰਚ ਅਸੀਂ ਹੈਰਾਨ ਹੋਏ ਕਿ ਹੋਰ ਸਾਰਾ ਆਲਾ-ਦੁਆਲਾ ਬਦਲਿਆ ਹੋਇਆ ਹੈ ਪਰ ਹਲਵਾਈ ਦੀ ਦੁਕਾਨ ਉਥੇ ਲਗਭਗ ਉਸੇ ਰੂਪ ਵਿਚ ਮੌਜੂਦ ਸੀ। ਫਰਕ ਸੀ ਤਾਂ ਬਸ ਇਹੀ ਕਿ ਬਜ਼ੁਰਗ ਹਲਵਾਈ ਦੀ ਥਾਂ ਕੋਈ ਮੁੰਡਾ ਭੱਠੀ 'ਤੇ ਬੈਠਾ ਸੀ। ਜਲੇਬੀਆਂ ਖਾਣ ਦੀ ਮੋਹਲਤ ਮੈਨੂੰ ਘਰਵਾਲੀ ਵਲੋਂ ਸਿਰਫ ਦੀਵਾਲੀ ਵਾਸਤੇ ਹੀ ਮਿਲੀ ਸੀ, ਇਸ ਕਰਕੇ ਅਸੀਂ ਹਲਵਾਈ ਨੂੰ ਕਿਹਾ ਕਿ ਦਸ ਕੁ ਸਮੋਸੇ ਪੈਕ ਕਰ ਦੇਹ ਬਈ।

ਐਨ ਇਸੇ ਮੌਕੇ ਸਾਡੇ ਖੜ੍ਹਿਆਂ ਦੇ ਪਿੱਛੇ ਕੋਈ ਮੰਗਤਾ ਆ ਕੇ ਸਾਥੋਂ ਪੈਸੇ ਮੰਗਣ ਲੱਗਾ। ਹਲਕੇ ਜਿਹੇ ਮੂਡ 'ਚ ਮੈਂ ਉਸ ਨੂੰ ਕਿਹਾ, "ਪੈਸਿਆਂ ਦਾ ਵੀ ਤੂੰ ਖਾਣ ਲਈ ਕੁਝ ਖਰੀਦੇਂਗਾ? ਅਸੀਂ ਸਮੋਸੇ ਲਏ ਆ, ਲੈ ਤੂੰ ਵੀ ਸਮੋਸੇ ਛਕ ਲੈ!" ਇੰਨਾ ਕਹਿ ਕੇ ਮੈਂ ਹਲਵਾਈ ਨੂੰ ਇਸ਼ਾਰਾ ਕੀਤਾ ਕਿ ਦੋ ਤਿੰਨ ਸਮੋਸੇ ਲਿਫਾਫੇ ਵਿਚ ਪਾ ਕੇ ਮੰਗਤੇ ਨੂੰ ਫੜ੍ਹਾ ਦਿਉ। ਜਿਉਂ ਹੀ ਹਲਵਾਈ ਨੇ ਸਮੋਸੇ ਪਾਉਣ ਲਈ ਲਿਫਾਫਾ ਚੁਕਿਆ, ਉਹ ਮੰਗਤਾ ਬੜੇ ਰੋਹਬ ਜਿਹੇ ਨਾਲ ਮੈਨੂੰ ਕਹਿੰਦਾ, "ਮੈਂ ਨਹੀਂ ਸਮੋਸੇ ਖਾਣੇ।" ਪਹਿਲੀ ਵਾਰੀ ਤਾਂ ਉਸ ਨੇ ਹਿੰਦਕੀ ਜਿਹੀ ਵਿਚ ਸਾਥੋਂ ਪੈਸੇ ਮੰਗੇ ਸਨ ਪਰ ਹੁਣ ਉਹ ਸਿੱਧੀ ਪੰਜਾਬੀ 'ਚ ਬੋਲਿਆ, "ਦੀਵਾਲੀ ਦਾ ਤਿਹਾਰ ਆ... ਆਪ ਤੁਸੀਂ ਖਾਣੀਆਂ ਮਿਠਾਈਆਂ... ਮੈਂ ਖਾਵਾਂ ਸਮੋਸੇ?" ਉਸ ਦੀ ਬੇਬਾਕੀ 'ਤੇ ਉਚੀ ਉਚੀ ਹੱਸਦਿਆਂ ਅਸੀਂ ਹਲਵਾਈ ਨੂੰ ਕਿਹਾ ਕਿ ਉਹ ਪਾਈਆ ਕੁ ਬਰਫੀ ਦੇ ਦੇਵੇ ਉਸ ਨੂੰ। ਹੁਣ 'ਨਾਂਹ ਨਾਂਹ' ਕਰਦਿਆਂ ਮੰਗਤਾ ਅੱਗੇ ਵਧ ਕੇ ਖੁਦ ਹੀ ਹਲਵਾਈ ਨੂੰ ਕਹਿੰਦਾ, "ਬਰਫੀ ਨੀ, ਕਲਾਕੰਦ ਪਾ।"

ਦੀਵਾਲੀ ਵਾਲੇ ਦਿਨ ਇਕ ਹੋਰ ਪਰਵਾਸੀ ਮਿੱਤਰ ਸਾਡੇ ਘਰੇ ਡੱਬਾ ਦੇਣ ਆ ਗਿਆ। ਗੱਲਾਂ ਕਰਦਿਆਂ ਮੈਂ ਉਸ ਨੂੰ ਇਹ ਦੋਵੇਂ ਵਾਕਿਆਤ ਸੁਣਾ ਕੇ ਕਿਹਾ ਕਿ ਅਸੀਂ ਬਾਹਰ ਬੈਠੇ ਸਮਝਦੇ ਹਾਂ ਕਿ ਖੌਰੇ ਸਾਰਾ ਪੰਜਾਬ 'ਆਟਾ ਦਾਲ ਸਕੀਮ' ਦਾ ਦੀਵਾਨਾ ਹੋ ਗਿਐ ਪਰ ਨਹੀਂ, ਸਵੈਮਾਣ ਹਾਲੇ ਜਿਉਂਦਾ ਜਾਗਦਾ ਹੈ, ਮਰਿਆ ਨਹੀਂ। ਮੇਰੀ ਗੱਲ ਦੇ ਜਵਾਬ ਵਿਚ ਉਸ ਨੇ ਆਪਣੀ ਅਜਿਹੀ ਹੱਡ-ਬੀਤੀ ਸੁਣਾਈ ਜੋ ਇਸ ਵਿਚਲੇ ਇਕ ਪਾਤਰ ਲਈ ਭਾਵੇਂ ਸਵੈਮਾਣ ਦੀ ਲਖਾਇਕ ਹੀ ਹੋਵੇ, ਪਰ ਹੈ ਅਸਲ 'ਚ ਇਹ 'ਰੱਸੀ ਸੜ ਗਈ ਪਰ ਵੱਟ ਨਾ ਗਿਆ' ਵਾਲੀ ਕਹਾਵਤ ਦਾ ਰੂਪ।

ਇਸ ਪਰਵਾਸੀ ਮਿੱਤਰ ਦੇ ਪਿੰਡ ਗਲੀ-ਗੁਆਂਢ ਵਿਚ ਦੋ ਕੁ ਮਹੀਨਿਆਂ ਲਈ ਇਕ ਹੋਰ ਸੱਜਣ ਇੰਗਲੈਂਡ ਤੋਂ ਆਇਆ ਸੀ। ਪਿੰਡ ਦੀ ਹੀ ਇਕ ਨੂੰਹ ਨੂੰ ਉਸ ਨੇ ਤਨਖਾਹ 'ਤੇ ਆਪਣੇ ਘਰੇਲੂ ਕੰਮਕਾਰ ਲਈ ਰੱਖਿਆ ਹੋਇਆ ਸੀ। ਸਾਡੇ ਘਰ ਆਏ ਮਿੱਤਰ ਨੇ ਉਸ ਨੂੰਹ ਨੂੰ ਕਿਹਾ ਕਿ ਬੇਟਾ ਸਾਨੂੰ ਵੀ ਕੋਈ ਲੜਕੀ ਦੱਸ ਜੋ ਸਾਡੇ ਘਰੇ ਰੋਟੀ-ਪਾਣੀ, ਝਾੜੂ-ਪੋਚਾ ਲਾ ਦਿਆ ਕਰੇ, ਜਿੰਨਾ ਕੁ ਚਿਰ ਅਸੀਂ ਇਥੇ ਰਹਿਣਾ ਹੈ। ਗਰੀਬ ਪਰਿਵਾਰ ਦੀ ਉਸ ਬੀਬੀ ਨੇ ਆਪਣੀ ਦਰਾਣੀ-ਜਠਾਣੀ ਦਾ ਨਾਂ ਲੈ ਕੇ ਕਿਹਾ, 'ਚਾਚਾ ਜੀ, ਉਹ ਮੈਨੂੰ ਪੁੱਛਦੀ ਤਾਂ ਸੀ ਕਿ ਮੈਨੂੰ ਵੀ ਆਪਣੇ ਵਾਂਗ ਕਿਤੇ ਕੰਮ ਦਿਵਾ ਦੇਹ।' ਚਾਚਾ ਜੀ ਕਹਿੰਦੇ, 'ਪੁੱਛਣਾ ਪੁਛਾਉਣਾ ਕੀ ਆ ਪੁੱਤ, ਤੂੰ ਅੱਜ ਹੀ ਉਸ ਨੂੰ ਸਾਡੇ ਘਰ ਭੇਜ।'

ਇੰਗਲੈਂਡੀਆਂ ਦੇ ਘਰੇ ਕੰਮ ਕਰਦੀ ਨੂੰਹ ਸ਼ਾਮ ਨੂੰ ਮੇਰੇ ਮਿੱਤਰ ਦੇ ਘਰੇ ਆ ਕੇ ਕਹਿੰਦੀ, ਚਾਚਾ ਜੀ ਮੇਰੀ ਦਰਾਣੀ ਕਹਿੰਦੀ ਹੈ ਕਿ ਕੋਈ ਹੋਰ ਬਾਹਰੋਂ ਆਇਆ ਹੋਇਆ ਐ ਤਾਂ ਦੱਸ, ਮੈਂ ਉਨ੍ਹਾਂ ਦੇ ਘਰੇ ਨੌਕਰੀ ਨਹੀਂ ਲੱਗਣਾ... ਉਹ ਮੈਨੂੰ ਕਹਿੰਦੀ ਕਿ ਤੈਨੂੰ ਪਤਾ ਨਹੀਂ, ਸਾਡੀ ਜਾਤ ਉਨ੍ਹਾਂ ਨਾਲੋਂ ਉਚੀ ਐ?'

# ਪੰਜਾਬੀ ਸਿਨੇਮਾ ਦੀ ਜਿੰਦ ਜਾਨ ਸੀ ਵਰਿੰਦਰ

ਬਰਸੀ 'ਤੇ ਵਿਸ਼ੇਸ਼

ਅਦਾਕਾਰ ਸਵਰਗੀ ਵਰਿੰਦਰ ਨੂੰ ਯਾਦ ਕਰਦਿਆਂ ਪੰਜਾਬੀ ਸਿਨੇਮਾ ਦਾ ਉਹ ਸੁਨਹਿਰੀ ਦੌਰ ਅੱਖਾਂ ਮੂਹਰੇ ਆ ਜਾਂਦਾ ਹੈ, ਜਦੋਂ ਚਾਰੇ ਪਾਸੇ ਉਸ ਦੀਆਂ ਫਿਲਮਾਂ ਦੀ ਹੀ ਚਰਚਾ ਹੁੰਦੀ ਸੀ। ਪੰਜਾਬੀ ਸਿਨੇਮਾ ਨੂੰ ਬੜੀ ਲਗਨ ਨਾਲ ਬੁਲੰਦੀਆਂ 'ਤੇ ਪਹੁੰਚਾਉਣ ਵਿਚ ਵਰਿੰਦਰ ਦਾ ਵੱਡਾ ਯੋਗਦਾਨ ਰਿਹਾ ਹੈ। ਵਰਿੰਦਰ (ਬਾਸ਼ੀ) ਦਾ ਜਨਮ 15 ਅਗਸਤ 1948 ਨੂੰ ਜ਼ਿਲ੍ਹਾ ਕਪੂਰਥਲਾ ਦੇ ਸ਼ਹਿਰ ਫਗਵਾੜੇ ਵਿਚ ਹੋਇਆ। ਉਸ ਨੇ ਸ਼ੁਰੂਆਤੀ ਦਿਨਾਂ 'ਚ ਨੌਕਰੀ ਵੀ ਕੀਤੀ। ਇਕੋ ਸਮੇਂ ਫਿਲਮ ਵਿਚ ਨਾਇਕ, ਸਕਰੀਨ ਪਲੇਅ, ਨਿਰਮਾਤਾ, ਨਿਰਦੇਸ਼ਕ ਤੇ ਫਿਲਮ ਦੀ ਕਹਾਣੀ ਲਿਖਣਾ ਵਰਿੰਦਰ ਦੇ ਹੀ ਹਿੱਸੇ ਆਇਆ ਹੈ।




ਸ਼ਮਸ਼ੇਰ ਸਿੰਘ ਸੋਹੀ
ਫੋਨ: 91-98764-74671

ਸੰਗਾਊ ਸੁਭਾਅ ਵਰਿੰਦਰ ਦਾ ਫਿਲਮਾਂ ਵਿਚ ਜਾਣ ਦਾ ਸੁਪਨਾ ਉਦੋਂ ਪੂਰਾ ਹੋਇਆ, ਜਦੋਂ ਉਸ ਦੇ ਚਚੇਰੇ ਭਰਾ ਧਰਮਿੰਦਰ ਨੇ ਉਸ ਨੂੰ 1975 ਵਿਚ ਆਈ ਪੰਜਾਬੀ ਫਿਲਮ 'ਤੇਰੀ ਮੇਰੀ ਇਕ ਜਿੰਦੜੀ' ਵਿਚ ਬਤੌਰ ਹੀਰੋ ਮੌਕਾ ਦਿੱਤਾ। ਇਹ ਫਿਲਮ ਵਰਿੰਦਰ ਦੀ ਪਹਿਲੀ ਫਿਲਮ ਸੀ, ਜਿਸ ਵਿਚਲੇ ਕਈ ਸੀਨ ਉਸ ਨੇ ਅਦਾਕਾਰਾ ਮੀਨਾ ਰਾਏ ਨਾਲ ਸੰਗ-ਸੰਗ ਕੇ ਫਿਲਮਾਏ। ਇਸ ਪਿਛੋਂ ਵਰਿੰਦਰ ਨੇ ਫਿਲਮਾਂ ਦੀ ਪਟਕਥਾ ਲਿਖੀ ਤੇ ਕਈ ਫਿਲਮਾਂ ਵਿਚ ਨਿਰਮਾਤਾ, ਨਿਰਦੇਸ਼ਨ ਦਾ ਕੰਮ ਆਪ ਕੀਤਾ। ਉਸ ਸਮੇਂ ਲੋਕ ਵਰਿੰਦਰ ਤੇ ਮਿਹਰ ਮਿੱਤਲ ਨੂੰ ਹਰ ਫਿਲਮ ਵਿਚ ਦੇਖਣਾ ਚਾਹੁੰਦੇ ਸਨ। ਕਈ ਨਵੇਂ ਕਲਾਕਾਰਾਂ ਨੂੰ ਵਰਿੰਦਰ ਨੇ ਆਪਣੀਆਂ ਫਿਲਮਾਂ ਰਾਹੀਂ ਮੌਕਾ ਵੀ ਦਿੱਤਾ।

ਪੰਜਾਬੀ ਫਿਲਮਾਂ ਦੀ ਬਾਹਰਲੇ ਦੇਸ਼ਾਂ ਵਿਚ ਸ਼ੂਟਿੰਗ ਦੀ ਸ਼ੁਰੂਆਤ ਵੀ ਵਰਿੰਦਰ ਦੀਆਂ ਫਿਲਮਾਂ ਤੋਂ ਹੀ ਹੋਈ। ਵਰਿੰਦਰ ਦੀਆਂ ਜਿੰਨੀਆਂ ਵੀ ਫਿਲਮਾਂ ਆਈਆਂ, ਸਫਲ ਹੋਈਆਂ ਕਿਉਂਕਿ ਹਰ ਫਿਲਮ ਵਿਚ ਕੋਈ ਨਾ ਕੋਈ ਸੰਦੇਸ਼ ਹੁੰਦਾ ਸੀ, ਜੋ ਅੱਜ ਦੀਆਂ ਕਾਮੇਡੀ ਭਰਪੂਰ ਫਿਲਮਾਂ ਵਿਚ ਨਹੀਂ ਮਿਲਦਾ।

ਇਕ ਲੇਖਕ, ਅਦਾਕਾਰ, ਨਿਰਮਾਤਾ ਅਤੇ ਨਿਰਦੇਸ਼ਕ ਦੇ ਤੌਰ 'ਤੇ ਵਰਿੰਦਰ ਨੇ ਯਾਰੀ ਜੱਟ ਦੀ, ਲੰਬੜਦਾਰਨੀ, ਜਿੰਦੜੀ ਯਾਰ ਦੀ, ਸੰਤੋ ਬੰਤੋ, ਟਾਕਰਾ, ਤੇਰੀ ਮੇਰੀ ਇਕ ਜਿੰਦੜੀ, ਜੱਟ ਤੇ ਜਮੀਨ, ਪਟੋਲਾ, ਨਿੰਮੋ, ਜੱਟ ਸੂਰਮੇ, ਸਰਪੰਚ, ਰਾਂਝਣ ਮੇਰਾ ਯਾਰ, ਸੰਤੋ ਬੰਤੋ, ਦੁਸ਼ਮਣੀ ਦੀ ਅੱਗ, ਬਟਵਾਰਾ, ਲਾਜੋ ਤੇ ਬਲਬੀਰੋ ਭਾਬੀ ਆਦਿ ਫਿਲਮਾਂ ਵਿਚ ਕੰਮ ਕੀਤਾ। ਸਰਦਾਰਾ-ਕਰਤਾਰਾ, ਜਿਗਰੀ ਯਾਰ, ਕੁੰਵਾਰਾ ਮਾਮਾ, ਰਾਣੋ, ਵੈਰੀ ਜੱਟ, ਗਿੱਧਾ, ਧਰਮਜੀਤ, ਸੈਦਾਂ ਜੋਗਣ, ਸਵਾ ਲਾਖ ਸੇ ਏਕ ਲੜਾਊਂ, ਦੋ ਚਿਹਰੇ, ਖੇਲ ਮੁਕੱਦਰ ਕਾ ਆਦਿ ਫਿਲਮਾਂ ਵੀ ਉਸ ਸਮੇਂ ਬਹੁਤ ਹਿੱਟ ਹੋਈਆਂ। ਵਰਿੰਦਰ ਨੇ ਕਈ ਹੀਰੋਇਨਾਂ ਨਾਲ ਫਿਲਮਾਂ ਵਿਚ ਕੰਮ ਕੀਤਾ ਪਰ ਪ੍ਰੀਤੀ ਸਪਰੂ, ਜਿਸ ਨੂੰ ਉਹ ਪੰਜਾਬੀ ਫਿਲਮਾਂ 'ਚ ਲੈ ਕੇ ਆਇਆ ਸੀ, ਨਾਲ ਉਸ ਦੀ ਜੋੜੀ ਸਭ ਤੋਂ ਵੱਧ ਮਕਬੂਲ ਹੋਈ।

ਪੇਂਡੂ ਜਨਜੀਵਨ ਵਿਚ ਜੋ ਕੁਝ ਵਾਪਰਦਾ ਹੈ, ਵਰਿੰਦਰ ਨੇ ਉਸ ਨੂੰ ਹੂ-ਬ-ਹੂ ਆਪਣੀਆਂ ਫਿਲਮਾਂ ਵਿਚ ਪੇਸ਼ ਕੀਤਾ। ਪੰਜਾਬੀ ਫਿਲਮਾਂ ਵਿਚ ਸੁੱਚਾ, ਜੀਤਾ ਤੇ ਕਰਮਾ ਦੇ ਉਸ ਦੇ ਨਿਭਾਏ ਕਿਰਦਾਰ ਅੱਜ ਦੀ ਲੋਕਾਂ ਨੂੰ ਨਹੀਂ ਭੁੱਲੇ। ਉਸ ਨੇ ਬੜੀ ਮਿਹਨਤ ਤੇ ਲਗਨ ਨਾਲ 'ਸਰਪੰਚ' ਵਰਗੀਆਂ ਅਰਥ ਭਰਪੂਰ ਫਿਲਮਾਂ ਦਾ ਨਿਰਮਾਣ ਕੀਤਾ, ਜਿਸ ਵਿਚ ਉਸ ਨੇ ਇਹ ਦੱਸਿਆ ਕਿ ਨਸ਼ਿਆਂ ਨਾਲ ਉਜੜ ਕੇ ਕਿਵੇਂ ਪੰਜਾਬ ਦੀ ਜਵਾਨੀ ਖਤਮ ਹੋ ਰਹੀ ਹੈ। ਵਰਿੰਦਰ ਦੀ ਖੂਬੀ ਸੀ ਕਿ ਉਹ ਫਿਲਮ ਵਿਚਲੇ ਗੀਤ ਕਿਸ ਗਾਇਕ ਕੋਲੋਂ ਗਵਾਉਣੇ ਹਨ, ਫਿਲਮ ਦੀ ਕਹਾਣੀ, ਲੋਕੇਸ਼ਨ, ਕਾਮੇਡੀ, ਡਾਇਲਾਗ ਤੇ ਇੰਟਰਵਲ ਤੋਂ ਬਾਅਦ ਜਦੋਂ ਲੋਕ ਚਾਹ ਪਾਣੀ ਪੀਣ ਕੁਝ ਸਮਾਂ ਬਾਹਰ ਚਲੇ ਜਾਂਦੇ ਹਨ, ਉਸ ਤੋਂ ਬਾਅਦ ਕਿਹੜਾ ਸੀਨ ਆਉਣਾ ਚਾਹੀਦਾ ਹੈ, ਦਾ ਖਾਸ ਖਿਆਲ ਰੱਖਦਾ ਸੀ ਤਾਂ ਕਿ ਜੇ ਕੁਝ ਸਮਾਂ ਫਿਲਮ ਲੰਘ ਵੀ ਜਾਵੇ ਤਾਂ ਫਿਲਮ ਦਾ ਮਜ਼ਾ ਖਰਾਬ ਨਾ ਹੋਵੇ।



ਵਰਿੰਦਰ



ਵਰਿੰਦਰ ਦਾ ਕੰਮ ਪ੍ਰਤੀ ਇਮਾਨਦਾਰ ਹੋਣਾ, ਅਣਥੱਕ ਮਿਹਨਤ ਨਾਲ ਫਿਲਮਾਂ ਦਾ ਨਿਰਮਾਣ ਕਰਨਾ ਹੀ ਸੀ ਜਿਸ ਕਰਕੇ ਲੋਕ ਉਸ ਦੀ ਫਿਲਮ ਦੇਖਣ ਸਿਨੇਮਾ ਘਰਾਂ ਵੱਲ ਵਹੀਰਾਂ ਘੱਤੀ ਆਉਂਦੇ। ਉਸ ਦਾ ਸੁਭਾਅ ਏਨਾ ਵਧੀਆ ਤੇ ਨਿਮਰਤਾ ਵਾਲਾ ਸੀ ਕਿ ਉਹ ਸੈਟ 'ਤੇ ਹਰੇਕ ਵਿਅਕਤੀ ਨਾਲ ਬੜੇ ਪਿਆਰ ਨਾਲ ਪੇਸ਼ ਆਉਂਦਾ ਤੇ ਪੂਰੀ ਤਸੱਲੀ ਹੋਣ 'ਤੇ ਹੀ ਉਹ ਸੀਨ ਨੂੰ ਓ ਕੇ ਕਰਦਾ। ਭਾਵੇਂ ਕਈ ਫਿਲਮਾਂ 'ਚ ਵਰਿੰਦਰ ਨੇ ਗਾਇਕ ਮੁਹੰਮਦ ਸਦੀਕ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ ਨਾਲ ਕੰਮ ਕੀਤਾ ਪਰ ਉਸ ਦਾ ਪਸੰਦੀਦਾ ਗਾਇਕ ਅਮਰ ਸਿੰਘ ਚਮਕੀਲਾ ਸੀ। ਵਰਿੰਦਰ ਦੇ ਕਹਿਣ 'ਤੇ ਹੀ ਫਿਲਮ 'ਪਟੋਲਾ' 'ਚ ਅਮਰਜੋਤ ਤੇ ਅਮਰ ਸਿੰਘ ਚਮਕੀਲਾ ਦਾ ਦੋਗਾਣਾ 'ਪਹਿਲੇ ਲਲਕਾਰੇ ਨਾਲ ਮੈਂ ਡਰ ਗਈ' ਆਇਆ ਸੀ ਤੇ ਉਸ ਦੀ ਸੋਚ ਅਮਰਜੋਤ ਤੇ ਚਮਕੀਲੇ ਨੂੰ ਫਿਲਮਾਂ 'ਚ ਲਿਆਉਣ ਦੀ ਸੀ।

ਜਿਸ ਸਮੇਂ ਪੰਜਾਬ ਵਿਚ ਖਾੜਕੂਵਾਦ ਪੂਰੇ ਜ਼ੋਰਾਂ 'ਤੇ ਸੀ, ਉਨ੍ਹੀਂ ਦਿਨੀਂ ਵਰਿੰਦਰ ਦੀ ਵੀ ਪੂਰੀ ਚੜ੍ਹਾਈ ਸੀ ਪਰ ਉਹ ਬਿਨਾ ਕਿਸੇ ਡਰ ਤੋਂ ਇਸ ਖਰਾਬ ਮਾਹੌਲ ਵਿਚ ਨਿਧੜਕ ਹੋ ਕੇ ਪੰਜਾਬ ਦੇ ਪਿੰਡਾਂ ਵਿਚ ਜਾਂਦਾ ਤੇ ਫਿਲਮਾਂ ਦੀ ਸ਼ੂਟਿੰਗ ਕਰਦਾ ਰਿਹਾ। ਹਾਲੇ 8 ਮਾਰਚ 1988 ਦਿਨ ਮੰਗਲਵਾਰ ਨੂੰ ਅਮਰਜੋਤ ਤੇ ਅਮਰ ਸਿੰਘ ਚਮਕੀਲਾ ਦੀ ਹੋਈ ਮੌਤ ਦਾ ਦਰਦ ਲੋਕਾਂ ਨੂੰ ਭੁੱਲਾ ਨਹੀਂ ਸੀ ਕਿ 6 ਦਸੰਬਰ 1988 ਨੂੰ ਪਿੰਡ ਤਲਵੰਡੀ ਕਲਾਂ (ਲੁਧਿਆਣਾ) ਵਿਖੇ ਜਦੋਂ ਵਰਿੰਦਰ ਫਿਲਮ 'ਜੱਟ ਤੇ ਜਮੀਨ' ਦੀ ਸ਼ੂਟਿੰਗ ਸਮੇਂ ਅਦਾਕਾਰਾ ਮਨਪ੍ਰੀਤ ਕੌਰ ਨਾਲ ਇਕ ਗੀਤ 'ਮੁੰਡਾ ਪੱਟ ਲਿਆ ਪਤਲੀ ਪਤੰਗ ਜੱਟੀ ਨੇ' ਦੇ ਫਿਲਮਾਂਕਣ 'ਚ ਮਸਰੂਫ ਸੀ ਤਾਂ ਕੁਝ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਚਲਾ ਕੇ ਉਸ ਨੂੰ ਸਾਥੋਂ ਸਦਾ ਲਈ ਖੋਹ ਲਿਆ। ਰਾਤ ਦੇ ਹਨੇਰੇ 'ਚ ਸ਼ੂਟਿੰਗ ਦੌਰਾਨ ਗੋਲੀਆਂ ਦੀ ਆਵਾਜ਼ ਸੁਣ ਕੇ ਲੋਕਾਂ ਨੂੰ ਪਹਿਲਾਂ ਤਾਂ ਇਹ ਲੱਗਾ ਕਿ ਇਹ ਫਿਲਮੀ ਸੀਨ ਹੈ ਪਰ ਜਦੋਂ ਹੀਰੋਇਨ ਮਨਪ੍ਰੀਤ ਕੌਰ ਦੇ ਖੂਨ ਨਿਕਲਣ ਲੱਗ ਪਿਆ ਤੇ ਵਰਿੰਦਰ ਵੀ ਗੋਲੀ ਲੱਗਣ ਨਾਲ ਥੱਲੇ ਡਿੱਗ ਪਿਆ ਤਾਂ ਲੋਕਾਂ ਵਿਚ ਹਫੜਾ-ਦਫੜੀ ਮੱਚ ਗਈ। ਜਾਨ ਬਚਾਉਣ ਲਈ ਲੋਕ ਭੱਜਣ ਲੱਗ ਪਏ ਤੇ ਕਈਆਂ ਨੇ ਕੋਠਿਆਂ ਤੋਂ ਛਾਲਾਂ ਮਾਰ ਦਿੱਤੀਆਂ। ਹਸਪਤਾਲ ਜਾਂਦੇ ਸਮੇਂ ਰਸਤੇ ਵਿਚ ਹੀ ਵਰਿੰਦਰ ਦੀ ਮੌਤ ਹੋ ਗਈ ਪਰ ਹੀਰੋਇਨ ਤੇ ਕੈਮਰਾਮੈਨ ਬਚ ਗਏ। ਤਲਵੰਡੀ ਕਲਾਂ ਦੇ ਲੋਕਾਂ 'ਚ ਵਰਿੰਦਰ ਦੀ ਮੌਤ ਨੇ ਸੋਗ ਫੈਲਾ ਦਿੱਤਾ ਸੀ।

ਵਰਿੰਦਰ ਦੀ ਦੇਹ ਫਗਵਾੜੇ ਲਿਆਂਦੀ ਗਈ। ਉਸ ਸਮੇਂ ਹਰੇਕ ਅਦਾਕਾਰ, ਗਾਇਕ ਤੇ ਉਸ ਨੂੰ ਚਾਹੁਣ ਵਾਲੇ ਲੋਕਾਂ ਦੀਆਂ ਅੱਖਾਂ 'ਚੋਂ ਹੰਝੂ ਕਿਰੇ ਸਨ ਤੇ ਇਕ ਲੰਮਾ ਹਉਕਾ ਭਰ ਕੇ ਚਾਹੁਣ ਵਾਲਿਆਂ ਵਰਿੰਦਰ ਨੂੰ ਮਾਰਨ ਵਾਲੇ ਪਾਪੀਆਂ ਨੂੰ ਲਾਹਨਤਾਂ ਪਾਈਆਂ ਸਨ। ਇਸ ਤੋਂ ਬਾਅਦ 'ਜੱਟ ਤੇ ਜਮੀਨ' ਦੀ ਅਧੂਰੀ ਰਹਿ ਗਈ ਸ਼ੂਟਿੰਗ, ਡੁਪਲੀਕੇਟ ਦੀ ਮਦਦ ਨਾਲ ਪੂਰੀ ਕੀਤੀ ਗਈ।

ਵਰਿੰਦਰ ਦੀ ਮੌਤ ਦਾ ਅਸਲੀ ਕਾਰਨ ਕੀ ਸੀ, ਹਾਲੇ ਵੀ ਬਹੁਤੇ ਲੋਕਾਂ ਦੀ ਸਮਝ ਤੋਂ ਪਰ੍ਹੇ ਹੈ। ਕੁਝ ਲੋਕ ਅੱਜ ਵੀ ਵਰਿੰਦਰ ਦੀ ਮੌਤ ਨੂੰ ਸੋਚੀ ਸਮਝੀ ਸਾਜ਼ਿਸ਼ ਤਹਿਤ ਕਰਵਾਇਆ ਗਿਆ ਕੰਮ ਹੀ ਮੰਨਦੇ ਹਨ ਪਰ ਲੇਖਕ ਕੁਲਬੀਰ ਸਿੰਘ ਕੌੜਾ ਨੇ ਆਪਣੀ ਕਿਤਾਬ 'ਤੇ ਸਿੱਖ ਵੀ ਨਿਗਲਿਆ ਗਿਆ' ਦੇ ਪੰਨਾ ਨੰਬਰ 256-257 'ਤੇ ਵਰਿੰਦਰ ਦੀ ਮੌਤ ਦਾ ਅਸਲ ਸੱਚ ਲਿਖਿਆ ਹੈ।

ਵਰਿੰਦਰ ਦੇ ਬੱਚੇ ਇਸ ਸਮੇਂ ਮੁੰਬਈ ਰਹਿੰਦੇ ਹਨ ਤੇ ਪਤਨੀ ਪੰਮੀ ਵਰਿੰਦਰ ਦੀ ਮੌਤ ਹੋ ਚੁਕੀ ਹੈ। ਵਰਿੰਦਰ ਦੀ ਮੌਤ ਪਿਛੋਂ ਪੰਜਾਬੀ ਫਿਲਮਾਂ ਵਿਚ ਵਿਰਾਨੀ ਦਾ ਦੌਰ ਸ਼ੁਰੂ ਹੋਇਆ ਜੋ ਦੋ ਦਹਾਕੇ ਤੱਕ ਰਿਹਾ। ਅੱਜ ਭਾਵੇਂ ਪੰਜਾਬੀ ਸਿਨੇਮਾ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਕੁਝ ਕੰਮ ਦੀਆਂ ਫਿਲਮਾਂ ਬਣ ਰਹੀਆਂ ਹਨ ਪਰ ਬਹੁਤੀਆਂ ਪੰਜਾਬੀ ਫਿਲਮਾਂ ਵਿਚ ਸਿਰਫ ਕਾਮੇਡੀ ਹੀ ਹੁੰਦੀ ਹੈ, ਤੇ ਕਈ ਫਿਲਮਾਂ 'ਚ ਤਾਂ ਕਾਮੇਡੀ ਵੀ ਹਲਕੇ ਪੱਧਰ ਦੀ ਹੁੰਦੀ ਹੈ। ਲੋੜ ਹੈ, ਸਮਾਜ ਨੂੰ ਸੇਧ ਦੇਣ ਵਾਲੀਆਂ ਚੰਗੀਆਂ ਪੰਜਾਬੀ ਫਿਲਮਾਂ ਬਣਾਉਣ ਦੀ, ਤਾਂ ਕਿ ਅੱਸੀ-ਨੱਬੇਵਿਆਂ ਦਾ ਵਰਿੰਦਰ ਵਾਲਾ ਸੁਨਹਿਰੀ ਦੌਰ ਮੁੜ ਆ ਜਾਵੇ ਤੇ ਪੰਜਾਬੀ ਸਿਨੇਮਾ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾ ਸਕੇ।



ਵਰਿੰਦਰ ਆਪਣੀ ਪਤਨੀ ਪੰਮੀ ਨਾਲ

# 'ਬਣਜਾਰਾ' ਨਾਲ ਬੱਬੂ ਮਾਨ ਦੀ ਪੰਜਾਬੀ ਪਰਦੇ 'ਤੇ ਵਾਪਸੀ

## ਫਿਲਮੀ ਦੁਨੀਆਂ



ਸੁਰਜੀਤ ਜੱਸਲ
ਫੋਨ: 91-98146-07737

ਬੱਬੂ ਮਾਨ ਪੰਜਾਬੀ ਸੰਗੀਤ ਖੇਤਰ ਦੀ ਇਕ ਵੱਡੀ ਸ਼ਖਸੀਅਤ ਦਾ ਨਾਂ ਹੈ, ਜਿਸ ਨੇ ਦੇਸ਼-ਵਿਦੇਸ਼ ਵਿਚ ਆਪਣਾ ਇੱਕ ਵੱਡਾ ਸਰੋਤਾ ਤੇ ਪ੍ਰਸ਼ੰਸਕ ਵਰਗ ਪੈਦਾ ਕੀਤਾ ਹੈ। ਗਾਇਕੀ ਤੋਂ ਫਿਲਮਾਂ ਵੱਲ ਤਾਂ ਬੱਬੂ ਮਾਨ ਬਹੁਤ ਪਹਿਲਾਂ ਹੀ ਆ ਗਿਆ ਸੀ ਪਰ ਉਹ ਮੌਜੂਦਾ ਦੌਰ ਦੇ ਸਿਨਮੇ ਵਾਂਗ ਕਿਸੇ ਭੇਡ ਚਾਲ ਦਾ ਹਿੱਸਾ ਨਹੀਂ ਸੀ ਬਣਿਆ ਸਗੋਂ ਸਮਾਜਕ ਕੁਰੀਤੀਆਂ ਨਾਲ ਦੋ ਹੱਥ ਹੁੰਦੇ ਵਿਸ਼ੇ ਨਾਲ ਲੈ ਕੇ ਤੁਰਿਆ। ਜਿੱਤ-ਹਾਰ ਦੀ ਉਸ ਨੇ ਕਦੇ ਪ੍ਰਵਾਹ ਨਹੀਂ ਕੀਤੀ, ਬੱਸ ਆਪਣੇ ਕੰਮ 'ਤੇ ਵਿਸ਼ਵਾਸ ਰੱਖਿਆ।

ਬੱਬੂ ਮਾਨ ਨੇ ਧੜਾਧੜ ਫਿਲਮਾਂ ਵੀ ਨਹੀਂ ਬਣਾਈਆਂ। ਫਿਲਮ 'ਹਸ਼ਰ' ਨਾਲ ਪੰਜਾਬੀ ਫਿਲਮ ਇੰਡਸਟਰੀ ਵਿਚ ਆਪਣਾ ਇੱਕ ਵੱਖਰਾ ਦਰਸ਼ਕ ਵਰਗ ਪੈਦਾ ਕਰਨ ਵਾਲੇ ਗਾਇਕ ਤੇ ਅਦਾਕਾਰ ਬੱਬੂ ਮਾਨ ਨੇ ਕਈ ਯਾਦਗਾਰੀ ਫਿਲਮਾਂ ਦਰਸ਼ਕਾਂ ਦੀ ਝੋਲੀ ਪਾਈਆਂ ਹਨ। ਬੱਬੂ ਮਾਨ ਘੱਟ ਪਰ ਚੰਗੀਆਂ ਫਿਲਮਾਂ ਕਰਕੇ ਵੱਧ ਜਾਣਿਆ ਜਾਂਦਾ ਹੈ।

ਟਰੱਕ ਡਰਾਇਵਰਾਂ ਦੀ ਜ਼ਿੰਦਗੀ 'ਤੇ ਆਧਾਰਤ ਗੀਤ ਤਾਂ ਬਹੁਤ ਸੁਣੇ ਹਨ ਪਰ ਫਿਲਮਾਂ ਬਹੁਤ ਘੱਟ ਬਣੀਆਂ ਹਨ। ਬੱਬੂ ਮਾਨ ਦਾ ਡਰਾਇਵਰਾਂ ਬਾਰੇ ਇੱਕ ਗੀਤ 'ਟਰਾਲਾ' ਬੀਤੇ ਸਮਿਆਂ ਵਿਚ ਬਹੁਤ ਚਰਚਿਤ ਹੋਇਆ। ਉਸ ਦੇ ਸਰੋਤਿਆਂ/ਦਰਸ਼ਕਾਂ ਨੇ ਬੱਬੂ ਮਾਨ ਦੇ ਹਰੇਕ ਗੀਤ ਵਾਂਗ ਇਸ ਗੀਤ ਨੂੰ ਵੀ ਬਹੁਤ ਪਿਆਰ ਦਿੱਤਾ।



ਬੱਬੂ ਮਾਨ ਦੀ ਆ ਰਹੀ ਨਵੀਂ ਫਿਲਮ ਦੀ ਗੱਲ ਕਰੀਏ ਤਾਂ ਇਹ ਵੀ ਟਰੱਕ ਡਰਾਇਵਰ ਦੀ ਜ਼ਿੰਦਗੀ 'ਤੇ ਆਧਾਰਤ ਹੈ, ਜਿਸ ਵਿਚ ਉਸ ਨੇ ਤਿੰਨ ਪੀੜ੍ਹੀਆਂ ਦੇ ਕਿਰਦਾਰ ਨੂੰ ਬਾਖੂਬੀ ਨਿਭਾਇਆ ਹੈ। ਹਰ ਕਿਰਦਾਰ ਵਿਚ ਦਰਸ਼ਕਾਂ ਨੂੰ ਇੱਕ ਨਵਾਂ ਬੱਬੂ ਮਾਨ ਨਜ਼ਰ ਆਵੇਗਾ। ਉਸ ਦਾ ਪਹਿਰਾਵਾ, ਬੋਲੀ ਤੇ ਅੰਦਾਜ਼ ਦਰਸ਼ਕਾਂ ਨੂੰ ਪ੍ਰਭਾਵਤ ਕਰਨਗੇ।

ਬੱਬੂ ਮਾਨ ਨੇ ਦੱਸਿਆ ਕਿ ਇਹ ਫਿਲਮ ਉਸ ਦੀਆਂ ਪਹਿਲੀਆਂ ਫਿਲਮਾਂ ਤੋਂ ਬਹੁਤ ਹਟ ਕੇ ਇੱਕ ਨਵੇਂ ਫਲੇਵਰ ਦੀ ਹੈ। ਦੇਸ਼ ਦੀ ਵੰਡ ਸਮੇਂ ਦੇ ਹਾਲਾਤ ਨਾਲ ਜੁੜੀ ਇਹ ਕਹਾਣੀ ਪੀੜ੍ਹੀ ਦਰ ਪੀੜ੍ਹੀ ਵਿਦੇਸ਼ਾਂ ਵਿਚ ਟਰੱਕ ਡਰਾਇਵਰੀ ਤੱਕ ਦੇ ਵੱਖ ਵੱਖ ਪਹਿਲੂਆਂ ਬਾਰੇ ਵੀ ਚਾਨਣਾ ਪਾਵੇਗੀ।

ਓਹਰੀ ਪ੍ਰੋਡਕਸ਼ਨ ਤੇ ਮਾਨ ਫਿਲਮਜ਼ ਦੀ ਪੇਸ਼ਕਸ਼ ਇਸ ਫਿਲਮ ਦੀ ਕਹਾਣੀ ਮੌਜੂਦਾ ਦੌਰ ਵਿਚ ਬਣ ਰਹੀ ਆਮ ਫਿਲਮਾਂ ਤੋਂ ਬਹੁਤ ਹਟ ਕੇ ਹੈ। ਨਿਰਦੇਸ਼ਕ ਮੁਸ਼ਤਾਕ ਪਾਸ਼ਾ ਦੇ ਨਿਰਦੇਸ਼ਨ ਵਿਚ ਬਣੀ ਇਸ ਫਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਧੀਰਜ ਰਤਨ ਨੇ ਲਿਖੇ ਹਨ ਤੇ ਡਾਇਲਾਗ ਲੇਖਕ ਸੁਰਮੀਤ ਮਾਵੀ ਨੇ। ਫਿਲਮ ਦੇ ਨਿਰਮਾਤਾ ਰਾਣਾ ਆਹਲੂਵਾਲੀਆ (ਕੈਨੇਡਾ), ਬਾਬੂ ਸਿੰਘ ਮਾਨ ਤੇ ਹਰਜੀਤ ਮੰਡੇਰ ਹਨ।

ਫਿਲਮ ਦਾ ਨਿਰਦੇਸ਼ਨ ਮੁਸ਼ਤਾਕ ਪਾਸ਼ਾ ਨੇ ਦਿੱਤਾ ਹੈ। ਸੰਗਰੂਰ ਜ਼ਿਲ੍ਹੇ ਦੇ ਸ਼ਹਿਰ ਮਲੇਰਕੋਟਲਾ ਦਾ ਜੰਮਪਲ ਮੁਸ਼ਤਾਕ ਪਿਛਲੇ ਕਈ ਸਾਲਾਂ ਤੋਂ ਮੁੰਬਈ ਫਿਲਮ ਨਗਰੀ ਵਿਚ ਸਰਗਰਮ ਹੈ, ਜਿੱਥੇ ਉਸ ਨੇ ਕਈ ਵੱਡੇ ਫਿਲਮਕਾਰਾਂ ਨਾਲ ਕੰਮ ਕੀਤਾ ਹੈ। ਇਸ ਫਿਲਮ ਬਾਰੇ ਨਿਰਦੇਸ਼ਕ ਪਾਸ਼ਾ ਨੇ ਦੱਸਿਆ ਕਿ ਦਰਸ਼ਕ ਇਸ ਫਿਲਮ ਵਿਚ ਬੱਬੂ ਮਾਨ ਨੂੰ ਬਾਲੀਵੁੱਡ ਦੀਆਂ ਤਿੰਨ ਹੀਰੋਇਨਾਂ ਨਾਲ ਵੱਖ ਵੱਖ ਸਮੇਂ ਦੀਆਂ ਭੂਮਿਕਾਵਾਂ ਵਿਚ ਵੇਖਣਗੇ। ਇਸ ਤਰ੍ਹਾਂ ਉਸ ਦੀ ਅਦਾਕਾਰੀ ਦੇ ਕਈ ਰੰਗ ਨਜ਼ਰ ਆਉਣਗੇ। ਇਹ ਫਿਲਮ ਰੁਮਾਂਸ, ਐਕਸ਼ਨ ਅਤੇ ਕਾਮੇਡੀ ਦਾ ਸੁਮੇਲ ਹੈ, ਜੋ ਦਰਸ਼ਕਾਂ ਦਾ ਹਰ ਪੱਖੋਂ ਮਨੋਰੰਜਨ ਕਰੇਗੀ।

ਫਿਲਮ ਵਿਚ ਬੱਬੂ ਮਾਨ, ਸ਼ਰਧਾ ਆਰਿਆ, ਜੀਆ ਮੁਸਤਫਾ, ਸ਼ਾਰਾ ਖੱਤਰੀ, ਫਿਦਾ, ਮਲਕੀਤ ਰੌਣੀ, ਗੁਰਪ੍ਰੀਤ ਕੌਰ ਭੰਗੂ, ਪਿੰਕੀ ਸੱਗੂ, ਪ੍ਰਕਾਸ਼ ਗਾਧੂ ਤੇ ਰਾਣਾ ਰਣਬੀਰ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਅਮਰੇਕਿਲ ਸਿਸਟਮਜ਼, ਰਾਣਾ ਆਹਲੂਵਾਲੀਆ ਪ੍ਰੋਡਕਸ਼ਨ ਤੇ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਓਹਰੀ ਪ੍ਰੋਡਕਸ਼ਨ ਵਲੋਂ ਫਿਲਮ 7 ਦਸੰਬਰ ਨੂੰ ਦੁਨੀਆਂ ਭਰ 'ਚ ਰਿਲੀਜ਼ ਕੀਤੀ ਜਾ ਰਹੀ ਹੈ।

# ਸਿਕਲੀਗਰ ਸਿੱਖਾਂ 'ਤੇ ਵਧੀਕੀ ਸਬੰਧੀ ਛੱਤੀਸਗੜ੍ਹ ਸਿੱਖ ਮਿਸ਼ਨ ਤਿਆਰ ਕਰੇਗਾ ਰਿਪੋਰਟ

**ਅੰਮ੍ਰਿਤਸਰ:** ਮਹਾਰਾਸ਼ਟਰ ਦੇ ਜ਼ਿਲ੍ਹਾ ਪ੍ਰਭਾਨੀ ਦੇ ਪਿੰਡ ਬਲਸਾ ਵਿਚ ਪੁਲਿਸ ਵੱਲੋਂ ਸਿਕਲੀਗਰ ਸਿੱਖਾਂ ਦੇ ਘਰ ਤੋੜੇ ਜਾਣ ਤੇ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਨੂੰ ਨੁਕਸਾਨ



ਪਹੁੰਚਾਉਣ ਦੀ ਘਟਨਾ ਸਬੰਧੀ ਪਤਾ ਲਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਛੱਤੀਸਗੜ੍ਹ ਸਿੱਖ ਮਿਸ਼ਨ ਦੇ ਇੰਚਾਰਜ ਦੀ ਜ਼ਿੰਮੇਵਾਰੀ ਲਾਈ ਗਈ ਹੈ, ਜੋ ਇਸ ਸਬੰਧੀ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਦੇਵੇਗਾ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮਹਾਰਾਸ਼ਟਰ ਸਰਕਾਰ ਕੋਲ ਪਹੁੰਚ ਕੀਤੀ ਜਾਵੇਗੀ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ ਹੈ। ਇਸ ਸਬੰਧੀ ਮਿਲੀਆਂ ਸ਼ਿਕਾਇਤਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਚਾਰਾਜੋਈ ਆਰੰਭੀ ਗਈ ਹੈ। ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਇਨ੍ਹਾਂ ਘਟਨਾਵਾਂ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲਿਆ ਹੈ। ਪ੍ਰਧਾਨ ਸ੍ਰੀ ਲੌਂਗੋਵਾਲ ਵੱਲੋਂ ਘਟਨਾ ਦੀ ਮੁਕੰਮਲ ਜਾਣਕਾਰੀ ਵਾਸਤੇ ਛੱਤੀਸਗੜ੍ਹ ਸਿੱਖ ਮਿਸ਼ਨ ਦੇ ਇੰਚਾਰਜ ਦੀ ਡਿਊਟੀ ਲਾਈ ਗਈ ਹੈ। ਇਸ ਦੌਰਾਨ ਮਹਾਰਾਸ਼ਟਰ ਸਰਕਾਰ ਨਾਲ ਵੀ ਰਾਬਤਾ ਕਾਇਮ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਆਖਿਆ ਕਿ ਸਿਕਲੀਗਰ ਸਿੱਖਾਂ 'ਤੇ ਹੋ ਰਹੇ ਜ਼ੁਲਮ ਨਿੰਦਣਯੋਗ ਹਨ ਤੇ ਇਸ ਦੀ ਪ੍ਰਤੀਕਿਰਿਆ ਵਿਚ ਕੁਝ ਵੀ ਵਾਪਰ ਸਕਦਾ ਹੈ। ਉਨ੍ਹਾਂ ਆਖਿਆ ਕਿ ਪੁਲੀਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਇਨ੍ਹਾਂ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਸ ਨੂੰ ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ।

## ਮੋਦੀ ਦੀ ਅਮਰੀਕੀ ਕਾਮੇਡੀ ਕਿਰਦਾਰ 'ਅੱਪੂ' ਨਾਲ ਤੁਲਨਾ

**ਬਿਊਨਸ ਏਅਰਜ਼:** ਪ੍ਰਧਾਨ ਮੰਤਰੀ ਨਰਿੰਦਰ ਮੋਦੀ 13ਵੇਂ ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ ਅਰਜਨਟੀਨਾ ਦੀ ਰਾਜਧਾਨੀ ਬਿਊਨਸ ਏਅਰਸ ਪਹੁੰਚ ਗਏ ਹਨ, ਪਰ ਇਸ ਵਾਰੀ ਅਰਜਨਟੀਨਾ ਦੇ ਇਕ ਚੈਨਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤੁਲਨਾ ਅਮਰੀਕੀ ਟੀ.ਵੀ. ਸੀਰੀਅਲ 'ਸਿੰਪਸੰਸ' ਦੇ ਕਿਰਦਾਰ ਅੱਪੂ ਨਾਲ ਕੀਤੀ ਹੈ। ਚੈਨਲ 'ਚ ਰਿਹਾ ਗਿਆ ਹੈ ਕਿ 'ਅੱਪੂ ਆਤਾ ਹੈ' ਕਿਉਂਕਿ ਭਾਰਤੀ ਪ੍ਰਧਾਨ ਮੰਤਰੀ ਦਾ ਜਹਾਜ਼ ਅੱਪੂ ਦੀ ਛਵੀ ਦੇ ਨਾਲ ਅਰਜਨਟੀਨਾ ਦੀ ਰਾਜਧਾਨੀ ਬਿਊਨਸ ਆਇਰਸ ਵਿਚ ਆਇਆ ਹੈ। ਦੱਸਣਯੋਗ ਹੈ ਕਿ 'ਸਿੰਪਸੰਸ' ਇਕ ਕਾਮੇਡੀ ਸੀਰੀਅਲ ਹੈ ਜਿਸ ਦੇ ਕਿਰਦਾਰ ਅਸਲ ਕਲਾਕਾਰ ਨਹੀਂ ਬਲਕਿ ਕਾਰਟੂਨ ਹਨ।






# ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਕਵੀ ਦਰਬਾਰ



**ਸਿਆਟਲ (ਬਿਊਰੋ):** ਪੰਜਾਬੀ ਲਿਖਾਰੀ ਸਭਾ, ਸਿਆਟਲ ਵਲੋਂ ਇਥੇ ਆਬਰਨ ਲਾਇਬ੍ਰੇਰੀ ਵਿਖੇ ਮਨਜੀਤ ਕੌਰ ਗਿੱਲ ਦੀ ਪ੍ਰਧਾਨਗੀ ਹੇਠ ਇੱਕ ਕਵੀ ਦਰਬਾਰ ਕੀਤਾ ਗਿਆ।

ਇਸ ਮੌਕੇ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਦੀਆਂ ਦੋ ਪੁਸਤਕਾਂ 'ਚੱਲੋ ਰੱਬ ਭਾਲੀਏ' ਅਤੇ 'ਹੰਬਲਾ ਮਾਰ ਕਿਸਾਨਾ' ਰਿਲੀਜ਼ ਕੀਤੀਆਂ ਗਈਆਂ। ਚੇਤਨਾ ਪ੍ਰਕਾਸ਼ਨ ਦੇ ਮਾਲਕ ਸਤੀਸ਼ ਗੁਲਾਟੀ ਦਾ ਉਨ੍ਹਾਂ ਦੀਆਂ ਪੰਜਾਬੀ ਸਾਹਿਤ ਪ੍ਰਤੀ ਸੇਵਾਵਾਂ ਅਤੇ ਸੁਚੱਜੇ ਗਾਇਕ ਜਸਦੀਪ ਗਰੇਵਾਲ ਦਾ ਉਸ ਦੀ ਸਾਫ ਸੁਥਰੀ ਗਾਇਕੀ ਲਈ ਸਨਮਾਨ ਕੀਤਾ ਗਿਆ।

ਇਸ ਮੌਕੇ ਲਿਖਾਰੀ ਸਭਾ ਦੇ ਮੈਂਬਰਾਂ ਤੋਂ ਇਲਾਵਾ ਬਠਿੰਡੇ ਤੋਂ ਹਾਸਰਸ ਸ਼ਾਇਰ ਮੰਗਤ ਕੁਲਜਿੰਦ, ਪ੍ਰੇਮ ਕੁਮਾਰ, ਰਣਜੀਤ ਤੇਜੀ ਅਤੇ ਸੁਰਜੀਤ ਬੈਂਸ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਟੇਜ ਦੀ ਸੇਵਾ ਬਲਿਹਾਰ ਸਿੰਘ ਲੇਹਲ ਨੇ ਨਿਭਾਈ।

*To Advertise with Punjab Times*
*Call: 847-359-0746*

# ਹਿਊਸਟਨ ਦੀ ਥੈਂਕਸਗਿਵਿੰਗ ਪਰੇਡ ’ਚ ਸਿੱਖਾਂ ਨੇ ਉਤਸ਼ਾਹ ਨਾਲ ਕੀਤੀ ਸ਼ਮੂਲੀਅਤ

**ਹਿਊਸਟਨ, ਟੈਕਸਸ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ ਅਤੇ ਮੀਰੀ ਪੀਰੀ ਅਕੈਡਮੀ, ਹਿਊਸਟਨ ਵਲੋਂ ਸਿੱਖੀ ਦੇ ਪਿਆਰ ਭਰੇ ਸੁਨੇਹੇ, ਸਿੱਖੀ ਦੀ ਪਛਾਣ ਅਤੇ ਅਮੀਰ ਸਿੱਖ ਵਿਰਸੇ ਨੂੰ ਪ੍ਰਫੁਲਿਤ ਕਰਨ ਦੇ




ਮਕਸਦ ਨਾਲ ਇਥੇ ਹੋਈ 69ਵੀਂ ਐਚ. ਈ. ਬੀ. ਥੈਂਕਸਗਿਵਿੰਗ ਡੇਅ ਦੀ ਪਰੇਡ ਵਿਚ ਸਿੱਖ ਭਾਈਚਾਰੇ ਨੇ ਭਰਵੀਂ ਸ਼ਮੂਲੀਅਤ ਕੀਤੀ। ਇਹ ਉਪਰਾਲਾ ਵਧੀਆ ਵੀ ਸਾਬਤ ਹੋਇਆ।

ਹਿਊਸਟਨ ਦੀ ਥੈਂਕਸਗਿਵਿੰਗ ਡੇਅ ਪਰੇਡ ਦੀ ਸ਼ੁਰੂਆਤ ਸੰਨ 1949 ਵਿਚ ਹੋਈ ਸੀ। ਇਸ ਵਾਰ ਪਰੇਡ ਦਾ ਉਦਘਾਟਨ ਹਿਊਸਟਨ ਦੇ ਮੇਅਰ ਸਿਲਵੇਸਟਰ ਟਰਨਰ ਨੇ ਕੀਤਾ। ਪਰੇਡ ‘ਚ ਵੱਖ ਵੱਖ ਧਰਮਾਂ ਅਤੇ ਦੇਸ਼ਾਂ ਦੇ ਲੋਕਾਂ ਨੇ ਹਿੱਸਾ ਲਿਆ। ਵੱਖ ਵੱਖ ਤਰ੍ਹਾਂ ਦੇ ਫਲੋਟ, ਬੈਂਡ, ਡਾਂਸਿੰਗ ਗਰੁਪ ਅਤੇ ਵੱਖ ਵੱਖ ਮਾਰਚਿੰਗ ਗਰੁਪ ਪਰੇਡ ਦੀ ਸ਼ੋਭਾ ਵਧਾ ਰਹੇ ਸਨ। ਪਰੇਡ ਦੇਖਣ ਪਹੁੰਚਣ ਵਾਲਿਆਂ ਦੀ ਗਿਣਤੀ 4 ਲੱਖ ਤੋਂ ਵੱਧ ਦੱਸੀ ਗਈ ਹੈ ਅਤੇ ਲੱਖਾਂ ਲੋਕ ਇਸ ਪਰੇਡ ਨੂੰ ਘਰ ਬੈਠੇ ਦੇਖ ਰਹੇ ਸਨ।



ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਨੇ ਪਰੇਡ ਵਿਚ ਸਿੱਖ ਭਾਈਚਾਰੇ ਦੀ ਸ਼ਮੂਲੀਅਤ ਨੂੰ ਕਾਮਯਾਬ ਕਰਨ ਲਈ ਅਣਥਕ ਮਿਹਨਤ ਕੀਤੀ। ਵੱਡੇ ਆਕਾਰ ਦਾ ਬਹੁਤ ਹੀ ਸੋਹਣੇ ਢੰਗ ਨਾਲ ਤਿਆਰ ਕੀਤਾ ਗਿਆ ਸਿੱਖ ਫਲੋਟ ਇਸ ਪਰੇਡ ਨੂੰ ਚਾਰ ਚੰਨ ਲਾ ਰਿਹਾ ਸੀ। ਵੱਖੋ ਵੱਖ ਗੁਰਦੁਆਰਿਆਂ ਤੋਂ ਆਏ ਸੰਗਤ ਦੇ ਸੌ ਦੇ ਕਰੀਬ ਮੈਂਬਰ ਫਲੋਟ ਨਾਲ ਮਾਰਚ ਕਰ ਰਹੇ ਸਨ। ਸਿੱਖ ਫਲੋਟ ਦੇ ਚਾਰੇ ਪਾਸੇ ਲੱਗੇ ਸਾਈਨ ਪਿਆਰ ਭਰੇ ਸੁਨੇਹਿਆਂ ਦੀ ਮਹਿਕ ਵੰਡ ਰਹੇ ਸਨ। ਗੂੰਜਦੀ ਆਵਾਜ ਵਿਚ ਧਾਰਮਿਕ ਸੰਗੀਤ ਮਾਹੌਲ ਨੂੰ ਹੋਰ ਵੀ ਵਧੀਆ ਬਣਾ ਰਿਹਾ ਸੀ।







ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ ਦਾ ਵੱਡੇ ਆਕਾਰ ਦਾ ਬੈਨਰ ਸਿੱਖ ਗਰੁਪ ਦੇ ਅੱਗੇ ਚੱਲਦਾ ਗਰੁਪ ਦੀ ਅਗਵਾਈ ਕਰ ਰਿਹਾ ਸੀ। ਮੀਰੀ ਪੀਰੀ ਗਤਕਾ ਅਕੈਡਮੀ ਦੇ ਸਿੰਘਾਂ ਦੇ ਗਤਕੇ ਦੇ ਜੌਹਰ ਦੇਖ ਕੇ ਪਰੇਡ ਵਿਚ ਸ਼ਾਮਲ ਮੁੱਖ ਧਾਰਾ ਦੇ ਲੋਕ ਦੰਗ ਸਨ। ਲੋਕ ਕਿਲਕਾਰੀਆਂ, ਤਾੜੀਆਂ ਅਤੇ ਸੀਟੀਆਂ ਨਾਲ ਸਿੱਖ ਗਰੁਪ ਦਾ ਸਵਾਗਤ ਕਰ ਰਹੇ ਸਨ, ਵਾਰ ਵਾਰ ਉਨ੍ਹਾਂ ਨਾਲ ਹੱਥ ਮਿਲਾ ਰਹੇ ਤੇ ਗਲੱਵਕੜੀਆਂ ਪਾ ਰਹੇ ਸਨ। ਖਿਡਾਰੀ ਚੜ੍ਹਦੀ ਕਲਾ ’ਚ ਗਤਕੇ ਦੇ ਜੌਹਰ ਦਿਖਾ ਰਹੇ ਸਨ।

ਸਿੱਖ ਧਰਮ ਦੀ ਜਾਣਕਾਰੀ ਦੇਣ ਅਤੇ ਸਿੱਖੀ ਦੀ ਪਛਾਣ ਪੱਕੀ ਕਰਨ ਲਈ ਸਿੱਖ ਧਰਮ ਸਬੰਧੀ ਲਿਟਰੇਚਰ ਵੰਡਿਆ ਗਿਆ ਜਿਸ ਵਿਚ ਸਿੱਖ ਧਰਮ, ਦਸਾਂ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਬਾਰੇ ਅਤੇ ਸਿੱਖ ਵਿਰਸੇ ਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਗਈ ਸੀ। ਸਿੱਖ ਧਰਮ ਦੀ ਪਛਾਣ ਦਰਸਾਉਂਦੇ ਪੈਨ ਵੀ ਹਜ਼ਾਰਾਂ ਦੀ ਗਿਣਤੀ ਵਿਚ ਅਮਰੀਕੀ ਲੋਕਾਂ ਨੂੰ ਉਪਹਾਰ ਵਜੋਂ ਵੰਡੇ ਗਏ।

ਮੀਰੀ ਪੀਰੀ ਅਕੈਡਮੀ ਹਿਊਸਟਨ ਦੇ ਮੁੱਖ ਸੇਵਾਦਾਰ ਸ. ਗੁਰਸ਼ਰਨ ਸਿੰਘ ਨੇ ਕਿਹਾ ਕਿ



ਸਿੱਖ ਭਾਈਚਾਰੇ ਦੀ ਇਨ੍ਹਾਂ ਅਮਰੀਕੀ ਪਰੇਡਾਂ ਤੇ ਦਿਨ ਦਿਹਾਰਾਂ ਵਿਚ ਸ਼ਮੂਲੀਅਤ ਸਮੇਂ ਦੀ ਮੁੱਖ ਮੰਗ ਹੈ, ਜਿਸ ਸਦਕਾ ਆਪਸੀ ਪ੍ਰੇਮ ਪਿਆਰ ਵਧਦਾ ਹੈ ਅਤੇ ਸਿੱਖੀ ਪ੍ਰਤੀ ਪਏ ਭਰਮ ਭੁਲੇਖੇ ਵੀ ਦੂਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਹੋਰ ਕਈ ਅਮਰੀਕੀ ਪਰੇਡਾਂ ਵਿਚ ਸ਼ਾਮਲ ਹੋ ਚੁਕੇ ਹਨ ਅਤੇ ਅੱਗੋਂ ਵੀ ਇਹ ਉਪਰਾਲੇ ਕਰਦੇ ਰਹਿਣਗੇ।

ਸਿੱਖ ਸੰਗਤ ਲਈ ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ ਤੋਂ ਦੋ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ। ਮੀਰੀ ਪੀਰੀ ਗਤਕਾ ਅਕੈਡਮੀ ਦੇ ਛੋਟੇ ਛੋਟੇ ਬੱਚੇ ਕੜਾਕੇ ਦੀ ਠੰਡ ਦੀ ਰਤਾ ਭਰ ਵੀ ਪਰਵਾਹ ਨਾ ਕਰਦਿਆਂ ਉਥੇ ਉਤਸ਼ਾਹ ਨਾਲ ਪਹੁੰਚੇ ਹੋਏ ਸਨ।

ਇਸ ਉਪਰਾਲੇ ਵਿਚ ਪ੍ਰੋਫੈਸਰ ਸੰਪੂਰਨ ਸਿੰਘ (ਮੁੱਖ ਸੇਵਾਦਾਰ, ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ), ਹਰਜੀਤ ਸਿੰਘ ਗਲਹੋਤਰਾ, ਗਾਲਸਨ ਆਟੋ ਬਾਡੀ ਸ਼ਾਪ, ਗੁਰਬੀਰ ਸਿੰਘ ਬੋਪਾਰਾਏ, ਗੁਰਪ੍ਰੀਤ ਸਿੰਘ, ਸਾਹਿਬਜੀਤ ਸਿੰਘ, ਗੁਰਸ਼ਰਨ ਸਿੰਘ, ਹਰਸ਼ਰਨਦੀਪ ਕੌਰ, ਹਰਲੀਨ ਕੌਰ, ਜਗਤਬੀਰ ਸਿੰਘ, ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ ਦੇ ਡਾਇਰੈਕਟਰ ਡਾ. ਹਰਦਮ ਸਿੰਘ ਅਜ਼ਾਦ, ਮੀਰੀ ਪੀਰੀ ਅਕੈਡਮੀ ਦੇ ਸੇਵਾਦਾਰਾਂ ਅਤੇ ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ ਦੇ ਪ੍ਰਬੰਧਕ ਸੇਵਾਦਾਰਾਂ ਨੇ ਤਨੋਂ, ਮਨੋਂ ਅਤੇ ਧਨੋਂ ਸਹਿਯੋਗ ਦਿਤਾ। ਪਰੇਡ ਤੋਂ ਵਾਪਸ ਗੁਰਦੁਆਰਾ ਸਾਹਿਬ ਆਉਣ ‘ਤੇ ਗੁਰਦੁਆਰਾ ਸਾਹਿਬ ਦੀ ਲੰਗਰ ਸਬ ਕਮੇਟੀ ਦੇ ਸੇਵਾਦਾਰਾਂ ਅਤੇ ਲਾਂਗਰੀ ਕੁਲਦੀਪ ਸਿੰਘ ਨੇ ਗੁਰੂ ਕੇ ਲੰਗਰ ਦਾ ਪ੍ਰਬੰਧ ਬਹੁਤ ਹੀ ਸੁਹਣੇ ਢੰਗ ਨਾਲ ਕੀਤਾ।









# ਕਾਲਕਾ-ਸ਼ਿਮਲਾ ਰੇਲ ਦੇ ਅਲੋਕਾਰ ਡੱਬੇ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਗੋਰੀ ਸਰਕਾਰ ਨੇ ਸ਼ਿਮਲਾ ਨੂੰ ਗਰਮੀ ਰੁੱਤ ਦੀ ਰਾਜਧਾਨੀ ਬਣਾਉਣ ਤੋਂ ਪਿਛੋਂ ਕਾਲਕਾ ਤੋਂ ਸ਼ਿਮਲਾ ਦੀਆਂ ਪਹਾੜੀਆਂ ਵਿਚੋਂ ਛੋਟੇ ਡੱਬਿਆਂ ਵਾਲੀ ਰੇਲ ਗੱਡੀ ਚਾਲੂ ਕੀਤੀ ਸੀ। ਸਮੇਂ ਨਾਲ ਇਸ ਦਾ ਨਾਂ ਖਿਡੌਣਾ ਗੱਡੀ ਪੈ ਗਿਆ। ਇਸ ਅਲੋਕਾਰ ਗੱਡੀ ਨੂੰ ਸੰਸਾਰਕ ਅਜੂਬੇ ਦੀ ਪਦਵੀ



*ਕਾਲਕਾ-ਸ਼ਿਮਲਾ ਖਿਡੌਣਾ ਰੇਲ*

ਮਿਲ ਚੁਕੀ ਹੈ। ਪਿਛਲੇ ਕੁਝ ਸਮੇਂ ਤੋਂ ਇਹਦੇ ਨਾਲ ਸ਼ੀਸ਼ਿਆਂ ਵਾਲੇ ਡੱਬੇ ਜੋੜਨ ਦਾ ਕੰਮ ਚਲ ਰਿਹਾ ਸੀ। ਇਸ ਦਾ ਅਜ਼ਮਾਇਸ਼ੀ ਦੌਰਾ ਸਫਲ ਹੋ ਚੁਕਾ ਹੈ। ਹੁਣ ਦੇਸ਼ ਵਿਦੇਸ਼ ਦੇ ਯਾਤਰੀ ਸ਼ੀਸ਼ਿਆਂ ਵਾਲੇ ਡੱਬੇ ਵਿਚ ਬਹਿ ਕੇ ਹਿਮਾਚਲ ਦੇ ਭਾਂਤ ਸੁਭਾਂਤੇ ਰੁੱਖਾਂ ਤੇ ਪਰਬਤਾਂ ਤੋਂ ਬਿਨਾ ਇਥੋਂ ਦੀ ਸਮੁੱਚੀ ਬਨਸਪਤੀ ਦਾ ਮਜ਼ਾ ਲੈ ਸਕਣਗੇ।

ਸੰਨ ਸੰਤਾਲੀ ਤੋਂ ਪਿਛੋਂ ਦਾ ਵੱਢਿਆ ਟੁੱਕਿਆ ਭਾਰਤ ਵੀ ਉਤਰ, ਦੱਖਣ, ਪੂਰਬ, ਪੱਛਮ ਦੇ ਇਲਾਕਿਆਂ ਵਿਚ ਏਨਾ ਕੁਝ ਨਵਾਂ ਤੇ ਨਿਵੇਕਲਾ ਸਮੋਈ ਬੈਠਾ ਹੈ ਕਿ ਇਨ੍ਹਾਂ ਥਾਂਵਾਂ ਨੂੰ ਜਾਣ ਵਾਲੀਆਂ ਰੇਲ ਗੱਡੀਆਂ ਵਿਚ ਵੀ ਸ਼ੀਸ਼ਿਆਂ ਵਾਲੇ ਡੱਬੇ ਜੋੜ ਲਏ ਜਾਣ ਤਾਂ ਭਾਰਤ ਵਾਸੀ ਖੁਦ ਵੀ ਆਪਣੇ ਦੇਸ਼ ਦੀ ਅਨੇਕਤਾ ਵਿਚ ਏਕਤਾ ਦਾ ਮਜ਼ਾ ਲੈ ਸਕਦੇ ਹਨ। ਖਾਸ ਕਰ ਉਤਰ ਪੂਰਬੀ ਤੇ ਸਾਗਰੀ ਸੀਮਾ ਦੇ ਨੇੜਲੇ ਰਾਜਾਂ ਦਾ। ਅੱਜ ਦੇ ਗਲੋਬਲੀ ਯੁਗ ਵਿਚ ਇੰਡੀਆ ਦਾ ਸਥਾਨ ਬਾਕਮਾਲ ਹੈ।


ਸ਼ੀਸ਼ਿਆਂ ਵਾਲੇ ਡੱਬੇ ਜ਼ਿੰਦਾਬਾਦ!

**ਪੰਜਾਬੀ ਭਾਸ਼ੀ ਲੋਕਾਂ ਦੀ ਬੱਲੇ ਬੱਲੇ:** ਅੱਜ ਦੇ ਦਿਨ ਪੰਜਾਬੀ, ਉਰਦੂ ਜਾਣਨ ਵਾਲਿਆਂ ਦੇ ਹੋਰ ਨੇੜੇ ਹੋ ਸਕਦੇ ਹਨ। 2001 ਦੀ ਮਰਦਮਸ਼ੁਮਾਰੀ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਆਪਣੇ ਹੀ ਦੇਸ਼ ਵਿਚ ਖੁੱਡੇ ਲਾਏ ਪੰਜਾਬੀ ਬੋਲਣ ਵਾਲੇ ਵਸਨੀਕ ਹੋਰ ਭਾਸ਼ਾਵਾਂ ਬੋਲਣ ਦੇ ਪੱਖੋਂ ਬੰਗਲਾ, ਮਲਿਆਲਮ ਤੇ ਮਰਾਠੀ ਬੋਲਣ ਵਾਲਿਆਂ ਤੋਂ ਬਹੁਤ ਅੱਗੇ ਹਨ। ਵੱਡੀਆਂ ਫੜ੍ਹਾਂ ਮਾਰਨ ਵਾਲੇ ਹਿੰਦੀ ਤੇ ਬੰਗਲਾ ਭਾਸ਼ੀ ਵੀ ਪੰਜਾਬੀਆਂ ਨਾਲੋਂ ਪਿੱਛੇ ਹਨ। ਉਂਜ ਉਰਦੂ ਤੇ ਹਿੰਦੀ ਜਾਣਨ ਵਾਲੇ ਲੋਕਾਂ ਦੀ ਗਿਣਤੀ ਸਭ ਤੋਂ ਉਤੇ, ਭਾਵ 62 ਪ੍ਰਤੀਸ਼ਤ ਹੈ। ਦੋ ਭਾਸ਼ਾਵਾਂ ਜਾਣਨ ਵਾਲਿਆਂ ਵਿਚੋਂ ਦੂਜੇ ਨੰਬਰ 'ਤੇ ਪੰਜਾਬੀ ਹਨ, ਜਿਨ੍ਹਾਂ ਦੀ ਗਿਣਤੀ 53% ਹੈ। ਉਹ ਹਿੰਦੀ ਤੋਂ ਬਿਨਾ ਅੰਗਰੇਜ਼ੀ ਵੀ ਜਾਣਦੇ ਹਨ। ਤਿੰਨ ਭਾਸ਼ਾਵਾਂ ਜਾਣਨ ਵਾਲਿਆਂ ਦੇ ਅੰਕੜੇ ਹੋਰ ਵੀ ਹੈਰਾਨ ਕਰਨ ਵਾਲੇ ਹਨ। ਏਸ ਪੱਖੋਂ ਮਰਾਠੀ ਭਾਸ਼ੀ ਪੰਜਾਬੀਆਂ ਨਾਲੋਂ ਦੂਜੇ ਨੰਬਰ 'ਤੇ ਹਨ।

ਹਿੰਦੀ ਬੋਲਣ ਵਾਲਿਆਂ ਦੀ ਕੁੱਲ ਗਿਣਤੀ ਭਾਵੇਂ 52 ਕਰੋੜ ਹੈ ਪਰ ਉਨ੍ਹਾਂ ਵਿਚੋਂ ਕੇਵਲ 12% ਹਨ, ਜੋ ਕੋਈ ਦੂਜੀ ਭਾਸ਼ਾ ਜਾਣਦੇ ਹਨ। ਉਨ੍ਹਾਂ ਵਿਚੋਂ ਸਭ ਤੋਂ ਵਧ ਗਿਣਤੀ ਅੰਗਰੇਜ਼ੀ ਭਾਸ਼ਾ ਵਾਲਿਆਂ ਦੀ ਹੈ ਤੇ ਦੂਜੇ ਨੰਬਰ 'ਤੇ ਮਰਾਠੀ ਜਾਣਨ ਵਾਲੇ ਹਨ। ਦੱਖਣ ਦੇ ਵਸਨੀਕਾਂ ਦਾ ਹਾਲ ਵੀ ਬਹੁਤ ਚੰਗਾ ਨਹੀਂ। ਬੰਗਲਾ ਭਾਸ਼ਾ ਵਾਲੇ ਵੀ ਪਿੱਛੇ ਹੀ ਹਨ। ਇਨ੍ਹਾਂ ਦੇ ਟਾਕਰੇ ਕੋਂਕਨੀ ਭਾਸ਼ਾ ਜਾਣਨ ਵਾਲਿਆਂ ਦੀ ਗਿਣਤੀ ਭਾਵੇਂ ਬਹੁਤੀ ਨਹੀਂ ਪਰ ਉਹ ਆਪਣੀ ਭਾਸ਼ਾ ਤੋਂ ਬਿਨਾ ਇਕ ਅੱਧ ਭਾਸ਼ਾ ਹੋਰ ਜਰੂਰ ਜਾਣਦੇ ਹਨ। ਇਹ ਤੱਥ ਇਹਦੇ ਵਰਗੀਆਂ ਹੋਰ ਭਾਸ਼ਾਵਾਂ 'ਤੇ ਵੀ ਲਾਗੂ ਹੁੰਦਾ ਹੈ। ਚੇਤੇ ਰਹੇ, ਇਹ ਵਿਸ਼ਲੇਸ਼ਣ 2001 ਦੀ ਮਰਦਮਸ਼ੁਮਾਰੀ ਦਾ ਹੈ, ਅਠਾਰਾਂ ਵਰ੍ਹੇ ਪਹਿਲਾਂ ਦਾ। ਅੱਜ ਦੇ ਦਿਨ ਪੰਜਾਬੀ ਭਾਸ਼ੀ ਉਰਦੂ ਜਾਣਨ ਵਾਲਿਆਂ ਦੇ ਹੋਰ ਨੇੜੇ ਹੋ ਸਕਦੇ ਹਨ।

**ਸਰਵ ਸੌੜਾ ਰਾਸ਼ਟਰਵਾਦ:** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ, ਉਨ੍ਹਾਂ ਦੀ ਜੀਵਨ ਭਰ ਦੀ ਸੇਵਾ ਸਦਕਾ ਮਿਲੇ ਇੰਦਰਾ ਗਾਂਧੀ ਸ਼ਾਂਤੀ ਸਨਮਾਨ ਦਾ ਅਹਿਮ ਪੱਖ ਉਨ੍ਹਾਂ ਦਾ ਪ੍ਰਵਾਨਗੀ ਭਾਸ਼ਣ ਹੈ। ਉਨ੍ਹਾਂ ਅਜੋਕੇ ਸਿਆਸਤਦਾਨਾਂ ਨੂੰ ਸੌੜੇ ਰਾਸ਼ਟਰਵਾਦ ਤੋਂ ਖਬਰਦਾਰ ਰਹਿਣ ਦੀ ਚੇਤਾਵਨੀ ਦਿੱਤੀ ਹੈ। ਨਿਸਚੇ ਹੀ ਉਨ੍ਹਾਂ ਦਾ ਇਸ਼ਾਰਾ ਸੌੜੀ ਸੋਚ ਵਲ ਹੈ। ਭਾਰਤ ਦੇ ਅਹਿਮ ਰਾਜ ਦਾ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਵਰਗਾ ਵਿਅਕਤੀ ਥਾਪਿਆ ਜਾਣਾ ਸੌੜੀ ਸੋਚ ਦੀ ਉਪਜ ਨਹੀਂ ਤਾਂ ਹੋਰ ਕੀ ਹੈ? ਮੁਗਲ ਸਰਾਏ ਦਾ ਨਾਂ ਦੀਨ ਦਿਆਲ ਉਪਾਧਿਆਏ ਨਗਰ, ਅਲਾਹਾਬਾਦ ਦਾ ਪ੍ਰਯਾਗਨਗਰ ਤੇ ਫੈਜ਼ਾਬਾਦ ਦਾ ਨਾਂ ਅਯੋਧਿਆ ਰੱਖਣਾ ਏਸ ਸੋਚ ਦੀ ਦੇਣ ਹੈ। ਹਿੰਦੂਤਵਾ ਦ੍ਰਿਸ਼ਟੀ ਦੀ ਉਪਜ। ਬਰਤਾਨੀਆ ਸਰਕਾਰ ਨੇ ਕਲਕੱਤਾ, ਪਾਂਡੀਚੇਰੀ, ਬੰਬੇ ਤੇ ਤ੍ਰਿਵੇਂਦਰਮ ਆਦਿ ਨਾਂ ਉਚਾਰਨ ਦੀ ਸਹੂਲਤ ਕਾਰਨ ਰੱਖੇ ਸਨ। ਇਨ੍ਹਾਂ ਦੇ ਮੂਲ ਨਾਂਵਾਂ ਮੁੰਬਈ, ਕੋਲਕਾਤਾ ਵਲ ਪਰਤਣਾ ਸਮਝ ਆਉਂਦਾ ਹੈ ਪਰ ਯੋਗੀ ਸਰਕਾਰ ਵਲੋਂ ਕੀਤਾ ਜਾ ਰਿਹਾ ਸ਼ਹਿਰਾਂ ਦੇ ਨਾਂਵਾਂ ਦਾ ਭਗਵਾਂਕਰਨ ਸੌੜਾ ਰਾਸ਼ਟਰਵਾਦ ਹੈ।

ਅੱਜ ਦਾ ਯੁਗ ਸੰਸਾਰੀਕਰਨ ਵਲ ਵਧ ਰਿਹਾ ਹੈ। ਸੌੜੀ ਸੋਚ ਦੇ ਨਤੀਜੇ ਬੜੇ ਭਿਆਨਕ ਹੋ ਸਕਦੇ ਹਨ। ਏਸ ਪਾਸੇ ਧਿਆਨ ਦੇਣ ਦੀ ਲੋੜ ਹੈ।




ਮੀਡੀਏ ਅਨੁਸਾਰ ਮੁੱਖ ਮੰਤਰੀ ਦਾ ਦਫਤਰ ਆਗਰਾ, ਲਖਨਊ ਤੇ ਬਸਤੀ ਆਦਿ ਸ਼ਹਿਰਾਂ ਦੇ ਨਾਂ ਬਦਲਣ ਦੀਆਂ ਸਿਫਾਰਸ਼ਾਂ ਨਾਲ ਭਰ ਰਿਹਾ ਹੈ।

**34 ਵਰ੍ਹੇ ਬਾਅਦ:** 1984 ਦੇ ਸਿੱਖ ਕਤਲੇਆਮ ਦਾ ਵਰ੍ਹਾ ਮੇਰੇ ਦਿੱਲੀ ਵਾਸ ਦਾ ਅੰਤਲਾ ਵਰ੍ਹਾ ਸੀ। ਮੈਂ 1953 ਤੋਂ ਉਦੋਂ ਤੱਕ ਦਿੱਲੀ ਰਿਹਾ ਹਾਂ। ਆਪਣੀ ਉਚੇਰੀ ਵਿਦਿਆ ਤੇ ਸਰਕਾਰੀ ਨੌਕਰੀ ਦੇ ਕਾਲ ਸਮੇਤ। ਮੇਰੇ ਘਰ ਦੋ ਸਰਕਾਰੀ ਟੈਲੀਫੋਨ ਸਨ, ਇੱਕ ਮੇਰਾ ਤੇ ਇੱਕ ਮੇਰੀ ਬੀਵੀ ਦਾ। ਪੂਰੇ ਤਿੰਨ ਦਿਨ ਇੱਕ ਬੰਦ ਹੁੰਦਾ ਸੀ ਤਾਂ ਦੂਜਾ ਬੋਲ ਪੈਂਦਾ ਸੀ। ਦੇਸ਼ ਵਿਦੇਸ਼ ਦੇ ਅੰਗੀ-ਸੰਗੀ ਜਾਣਨਾ ਚਾਹੁੰਦੇ ਸਨ ਕਿ ਅਸੀਂ ਕਿਵੇਂ ਸਾਂ। ਮੇਰੇ ਇੱਕ ਮਾਮੇ ਨੂੰ ਉਸ ਦੇ ਦਰਵਾਜੇ ਉਤੇ ਕਤਲ ਕਰ ਦਿੱਤਾ ਗਿਆ ਸੀ। ਮੈਂ ਘਰੋਂ ਬਾਹਰ ਪੈਰ ਪੁੱਟਦਾ ਸਾਂ ਤਾਂ ਮੇਰਾ ਗੜ੍ਹਵਾਲੀ ਨੌਕਰ ਮੈਨੂੰ ਧੱਕਾ ਮਾਰ ਕੇ ਅੰਦਰ ਲੈ ਜਾਂਦਾ। ਮੈਥੋਂ ਦੋ ਘਰ ਦੂਰ ਮੇਰਾ ਮਿੱਤਰ ਜੀ. ਐਸ. ਮੰਡੇਰ ਰਹਿੰਦਾ ਸੀ। ਉਹ ਦਿੱਲੀ ਦਾ ਪੁਲਿਸ ਕਮਿਸ਼ਨਰ ਸੀ। ਮੈਂ ਉਸ ਨੂੰ ਆਪਣੇ ਨਾਨਕਾ ਪਰਿਵਾਰ ਦੀ ਰਾਖੀ ਲਈ ਕਿਹਾ ਤਾਂ ਉਸ ਦੇ ਹੱਥ ਖੜੇ ਸਨ। ਉਹ ਕੇਵਲ ਮੇਰੀ ਜ਼ਿਮੇਵਾਰੀ ਲੈਣ ਲਈ ਤਿਆਰ ਸੀ। ਬਿਪਤਾ ਵੇਲੇ ਮੈਂ ਆਪਣਾ ਗੜ੍ਹਵਾਲੀ ਨੌਕਰ ਉਹਦੇ ਘਰ ਭੇਜ ਕੇ ਮਦਦ ਕਰ ਸਕਦਾ ਸਾਂ। ਇੱਕ ਦੋਸ਼ੀ ਨੂੰ ਫਾਂਸੀ ਤੇ ਦੂਜੇ ਨੂੰ ਉਮਰ ਕੈਦ ਨੇ ਉਨ੍ਹਾਂ ਸਮਿਆਂ ਦਾ ਸੱਚ ਨਿਤਾਰਿਆ ਹੈ।

ਇਸ ਦਾ ਬਣਦਾ ਸਰਦਾ ਸਵਾਗਤ ਹੋਣਾ ਚਾਹੀਦਾ ਹੈ। ਆਮੀਨ!

**ਅੰਤਿਕਾ: ਰਮਨ ਸੰਧੂ**

ਸਜਾ ਲੈਂਦੇ ਹੋ ਘਰ ਵਿਚ
ਜੇ ਬਿਖਰ ਜਾਵਣ ਕਦੇ ਵਸਤਾਂ,
ਅਗਰ ਘਰ ਹੀ ਬਿਖਰ ਜਾਵੇ
ਉਹ ਕਿੱਦਾਂ ਸਜਾਉਗੇ।

Noblesville Trucks and Trailers Repair Shop
15203 Stony Creek Way, Noblesville, IN 46060

ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ

ਵਧੀਆ ਤੇ ਭਰੋਸੇਯੋਗ ਸਰਵਿਸ



*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

24 ਘੰਟੇ ਰੋਡ ਸਰਵਿਸ
(150 ਮੀਲ ਦੇ ਏਰੀਏ ਵਿਚ)
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976
ਫੈਕਸ: 317-774-9665

# ਭਾਸ਼ਾ ਦੀਆਂ ਪਰਤਾਂ

## ਜੀਣ ਥੀਣ ਦਾ ਵਸੀਲਾ ਵੀ ਹੈ ਭਾਸ਼ਾ

ਕਲਾ ਪਰਿਕਰਮਾ


ਭਾਸ਼ਾ ਮਨੁੱਖ ਲਈ ਮਹਿਜ਼ ਸੰਚਾਰ ਦਾ ਸਾਧਨ ਹੀ ਨਹੀਂ ਸਗੋਂ ਜੀਣ ਥੀਣ ਦਾ ਵਸੀਲਾ ਵੀ ਹੈ। ਇਹੀ ਕਾਰਨ ਹੈ ਕਿ ਜ਼ਿੰਦਗੀ ਦੀ ਹਰ ਪਰਤ ਵਿਚ ਭਾਸ਼ਾ ਲੁਕੀ ਹੋਈ ਹੈ। ਭਾਸ਼ਾ ਦਾ ਸੰਸਾਰ ਵਿਲੱਖਣ ਤੇ ਬਹੁਪਰਤੀ ਹੈ। ਇਹਦੇ ਵਿਚ ਲੁਕੇ ਅਰਥਾਂ ਦੀਆਂ ਸੰਭਾਵਨਾਵਾਂ ਗੂੜ੍ਹ ਰਹੱਸਾਂ ਵਿਚ ਓਤਪੋਤ ਹਨ, ਪਰ ਇਨ੍ਹਾਂ ਨੂੰ ਸਮਝਣ ਲਈ ਬੁੱਧ ਬਿਬੇਕ ਦੀ ਲੋੜ ਹੈ। ਸਿਧਾਂਤਕ ਪੱਧਰ 'ਤੇ ਵਿਚਾਰਵਾਨਾਂ ਨੇ ਭਾਸ਼ਾ ਦੇ ਸੰਸਾਰ ਨੂੰ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਮੰਨਿਆ ਹੈ ਤੇ ਅੱਜ ਦੁਨੀਆ ਵਿਚ ਕੋਈ ਅਜਿਹਾ ਸਮਾਜ ਨਹੀਂ ਜਿਹੜਾ ਇਸ ਭਾਸ਼ਾ ਸੰਸਾਰ ਤੋਂ ਵਿਰਵਾ ਹੋਵੇ। ਵਿਸ਼ਵੀਕਰਨ ਦੇ ਦੌਰ ਵਿਚ ਭਾਸ਼ਾਵਾਂ ਵਿਚਲੀ ਸੰਪਰਕ ਸਥਿਤੀ ਵਿਚ ਅਥਾਹ ਵਾਧਾ ਹੋਇਆ ਹੈ। ਇਸ ਵਾਧੇ ਨੇ ਭਾਸ਼ਾਈ ਸੰਸਾਰਾਂ, ਦੇਸ਼ਾਂ, ਕੌਮਾਂ, ਸਮਾਜਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ਹੈ। ਇਸ ਦੇ ਨਾਲ ਹੀ ਇਸ ਸੰਪਰਕ ਸਥਿਤੀ ਨੇ ਭਾਸ਼ਾਵਾਂ ਵਿਚ ਨਵੀਆਂ ਸੰਭਾਵਨਾਵਾਂ ਵੀ ਜਗਾਈਆਂ ਹਨ। ਲੋੜ-ਥੋੜ੍ਹ ਵਾਲੀਆਂ ਅਲਪ ਭਾਸ਼ਾਵਾਂ ਦੇ ਸੰਸਾਰਾਂ ਨੂੰ ਵੀ ਮਾਨਤਾ ਮਿਲੀ ਹੈ। ਖੁੱਲ੍ਹੀ ਮੰਡੀ ਨੇ ਭਾਸ਼ਾ ਵਿਚ ਨਵੀਆਂ ਲੋੜਾਂ ਪੈਦਾ ਕਰਕੇ ਇਨ੍ਹਾਂ ਦਾ ਘੇਰਾ ਵੀ ਵਿਸ਼ਾਲ ਕੀਤਾ ਹੈ ਤੇ ਨਾਲ ਹੀ ਨਵੀਆਂ ਭਾਸ਼ਾਈ ਜ਼ਿੰਮੇਵਾਰੀਆਂ ਵੀ ਆਇਦ ਕੀਤੀਆਂ ਹਨ।

**ਪਰਮਜੀਤ ਢੀਂਗਰਾ**
ਫੋਨ: 91-94173-58120

ਡਾ. ਮਨਮੋਹਨ ਦੀ ਕਿਤਾਬ 'ਵਿਚਾਰਕੀ' ਵੱਖ-ਵੱਖ ਭਾਸ਼ਾਈ ਪੈਰਾਡਾਇਮਾਂ ਦੀਆਂ ਪਰਤਾਂ ਫਰੋਲਣ ਦੇ ਨਾਲ ਨਾਲ ਨਵੇਂ ਸੁਆਲ ਵੀ ਖੜ੍ਹੇ ਕਰਦੀ ਹੈ। ਇਸ ਪੁਸਤਕ ਵਿਚਲੇ ਬੱਤੀ ਲੇਖ ਅਨੇਕਾਂ ਸੰਭਾਵਨਾਵਾਂ ਦੀ ਤਲਾਸ਼ ਵਿਚ ਨਵੇਂ ਪੈਰੋਲ ਸਿਰਜਦੇ ਨਜ਼ਰ ਆਉਂਦੇ ਹਨ।

ਦੁਨੀਆਂ ਉਪਰ ਵਿਚਾਰਧਾਰਕ ਤੌਰ 'ਤੇ ਦੋ ਮਹਾਂ-ਬਿਰਤਾਂਤਾਂ ਦੀ ਬਹਿਸ ਬੜੇ ਲੰਮੇ ਸਮੇਂ ਤੋਂ ਚੱਲ ਰਹੀ ਹੈ ਪਰ ਇਨ੍ਹਾਂ ਦੋਹਾਂ ਵਿਚ ਸੰਵਾਦੀ ਰਿਸ਼ਤਾ ਕਾਇਮ ਨਹੀਂ ਹੋ ਸਕਿਆ ਕਿਉਂਕਿ ਦੋਵੇਂ ਆਪੋ ਆਪਣੀਆਂ ਲਕੀਰੀ ਇਕਾਈਆਂ ਵਿਚ ਸਿਧਾਂਤਕ ਪੈਂਤੜੇ ਵਜੋਂ ਸੰਸਾਰ ਦੀ ਵਿਆਖਿਆ ਕਰਦੇ ਹਨ। ਲੇਖਕ ਡਾ. ਗੁਰਭਗਤ ਸਿੰਘ ਦੇ ਹਵਾਲੇ ਨਾਲ ਦੋਹਾਂ ਵਿਚਾਰਧਾਰਾਵਾਂ ਵਿਚਲੀ ਵਿਸਮਾਦੀ ਪੂੰਜੀ ਦੀ ਗੱਲ ਕਰਦਿਆਂ ਲਿਖਦਾ ਹੈ- ਪੂੰਜੀਵਾਦ ਦਾ ਹਿਤ ਨਫਾ ਹੈ ਤੇ ਸਮਾਜਵਾਦ ਦਾ ਮੁੱਦਾ ਨਿਆਂ। ਦੋਵੇਂ ਮਹਾਂ-ਬਿਰਤਾਂਤ ਦਬਾਊ/ਦਮਨੀ ਹਨ। ਦੋਵੇਂ ਇਕਹਿਰੇਪਣ ਤੇ ਇਕਾਗਰਤਾ ਦੇ ਪੈਂਤੜੇ 'ਤੇ ਖੜ੍ਹੇ ਹਨ। ਇਸ ਨਾਲ ਅਨੇਕਾਂ ਸਮੱਸਿਆਵਾਂ ਤੇ ਖੱਪੇ ਪੈਦਾ ਹੋਏ ਨੇ ਜਿਸ ਕਾਰਨ ਮਨੁੱਖ ਇਕੱਲਾ, ਵਿਛੁੰਨਿਆ ਤੇ ਉਦਾਸੀਨ ਹੋਇਆ ਹੈ। ਕਿਸੇ ਵੀ ਤਰ੍ਹਾਂ ਦੇ ਵਿਚਾਰਾਂ ਨਾਲ ਨਵੀਂ ਭਾਸ਼ਾ ਦੇ ਸਿਰਜਣ ਦੇ ਕੇਂਦਰ ਵਿਚ ਮਨੁੱਖ ਹੁੰਦਾ ਹੈ, ਪਰ ਮਾੜਾ ਇਹ ਹੋਇਆ ਕਿ ਇਨ੍ਹਾਂ ਦੋਹਾਂ ਪੱਧਤੀਆਂ ਨਾਲ ਮਨੁੱਖ ਆਪਣੇ ਘੇਰੇ 'ਚ ਸਿਮਟਦਾ ਚਲਿਆ ਗਿਆ। ਬਾਜ਼ਾਰ ਨੇ ਉਸ ਨੂੰ ਜਿਨਸ ਤੇ ਸਮਾਜਵਾਦੀ ਵਿਵਸਥਾ ਨੇ ਉਸ ਨੂੰ ਭਾਵਨਾ ਵਿਹੂਣਾ ਕਰ ਦਿੱਤਾ। ਮਨੁੱਖ, ਮਨੁੱਖ ਨਹੀਂ ਰਿਹਾ। ਅਜਿਹੀ ਸਥਿਤੀ 'ਚ ਨਵ-ਵਿਚਾਰਕੀ ਤੇ ਨਵੇਂ ਭਾਸ਼ਾ ਸਿਰਜਣ ਦਾ ਲੋਪ ਹੋਣਾ ਹੀ ਸੀ।

ਦਰਅਸਲ, ਬਾਹਰੀ ਸਥਿਤੀਆਂ ਤੇ ਮਾਨਸਿਕ ਪ੍ਰੇਸ਼ਾਨੀਆਂ ਨੇ ਮਨੁੱਖ ਸਾਹਮਣੇ ਅਨੇਕਾਂ ਸਵਾਲ ਖੜ੍ਹੇ ਕੀਤੇ ਹਨ। ਇਨ੍ਹਾਂ ਦੋਹਾਂ ਮਹਾਂ-ਬਿਰਤਾਂਤਾਂ ਨੇ ਇਕ ਤਰ੍ਹਾਂ ਦਾ ਧਰੁਵੀਕਰਨ ਦਾ ਨਾਕਾਮ ਯਤਨ ਵੀ ਕੀਤਾ ਹੈ। ਉਦਾਰਵਾਦੀ ਨੀਤੀਆਂ ਦੇ ਪਸਾਰ ਨੇ ਮਨੁੱਖ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ। ਇਸ ਕਰਕੇ ਦੁਨੀਆਂ ਅਜਿਹੇ ਅਸਾਵੇਂਪਣ ਦੀ ਸ਼ਿਕਾਰ ਹੋ ਗਈ ਹੈ ਜਿਸ ਦਾ ਕੋਈ ਪਾਰਾਵਾਰ ਨਹੀਂ। ਦੁਨੀਆਂ ਹਰ ਪਲ ਤੇਜ਼ੀ ਨਾਲ ਬਦਲ ਰਹੀ ਹੈ, ਪਰ ਕੀ ਇਹ ਬਦਲਾਓ ਵਿਕਾਸਮੁਖੀ ਹੈ ਜਾਂ ਵਿਨਾਸ਼ਮੁਖੀ, ਇਹ ਚਿੰਤਾ ਦਾ ਵਿਸ਼ਾ ਹੈ। ਦੁਨੀਆਂ ਦੇ ਵਹਿਣਾਂ ਵਿਚ ਕਿਸੇ ਧਾਰਨਾ, ਵਿਚਾਰ, ਚਿੰਤਨ, ਵਿਸ਼ਵਾਸ ਨੂੰ





ਅੰਤਿਮ ਮੰਨ ਲੈਣਾ ਨਵੇਂ ਮਿਥਕੀ ਚਿਹਨਕਾਂ ਨੂੰ ਜਨਮ ਦਿੰਦਾ ਹੈ ਜਿਸ ਨਾਲ ਧੁੰਦ ਫੈਲਦੀ ਹੈ। ਇਸੇ ਕਰਕੇ ਚਿੰਤਨ, ਭਾਸ਼ਾ, ਵਿਚਾਰਧਾਰਾ, ਮਨੁੱਖੀ ਰਿਸ਼ਤਿਆਂ, ਸੰਵਾਦਾਂ ਤੇ ਮਿਥਕ ਵਿਆਖਿਆਵਾਂ ਦੀ ਪੁਨਰ ਵਿਆਖਿਆ ਕੀਤੀ ਜਾ ਰਹੀ ਹੈ। ਫਿਰ ਵੀ ਇਨ੍ਹਾਂ ਵਿਆਖਿਆਵਾਂ 'ਤੇ ਦੋਹਾਂ ਮਹਾਂ-ਬਿਰਤਾਂਤਾਂ ਦੇ ਪਰਛਾਵੇਂ ਨਜ਼ਰ ਆਉਂਦੇ ਹਨ।




ਇਸ ਪੱਖ ਤੋਂ ਸਟੀਫਨ ਸਪੈਂਡਰ ਨੇ ਅਹਿਮ ਗੱਲ ਆਖੀ ਸੀ ਕਿ- ਮਹਾਨ ਵਿਚਾਰਾਂ ਤੋਂ ਜ਼ਰੂਰੀ ਨਹੀਂ ਕਿਸੇ ਭਾਸ਼ਾ ਦਾ ਮਹਾਨ ਸਾਹਿਤ ਉਪਜੇ, ਪਰ ਜੇ ਮਹਾਨ ਸਾਹਿਤ ਹੈ ਤਾਂ ਉਸ ਦੇ ਪਿੱਛੇ ਨਵੇਂ ਵਿਚਾਰ ਤੇ ਨਵੀਂ ਭਾਸ਼ਾ ਲਾਜ਼ਮੀ ਹੋਵੇਗੀ।

'ਭਾਸ਼ਾ ਦੀ ਤਾਨਾਸ਼ਾਹੀ ਤੇ ਚੁੱਪ ਦੀ ਭਾਸ਼ਾ' ਵਿਚ ਲੇਖਕ ਭਾਸ਼ਾ ਦੇ ਨਵੇਂ ਚਿਹਨਕੀ ਅਰਥ ਸਿਰਜਦਾ ਹੈ। ਉਸ ਅਨੁਸਾਰ ਭਾਸ਼ਾ 'ਚ ਸ਼ਬਦ ਤੇ ਅਰਥ ਦਾ ਸਬੰਧ ਆਪਹੁਦਰਾ ਹੁੰਦਾ ਹੈ, ਇਸ ਲਈ ਭਾਸ਼ਾ 'ਚ ਕਿਸੇ ਸ਼ਬਦ ਤੋਂ ਵਿਸ਼ੇਸ਼ ਅਰਥ ਦੀ ਤਵੱਕੋ ਰੱਖਣੀ ਭਾਸ਼ਾ ਦਾ ਤਾਨਾਸ਼ਾਹੀ ਰੁਝਾਨ ਹੈ। ਇਸ ਤਰ੍ਹਾਂ ਹਰ ਅਰਥ ਆਪਣੇ ਅੰਦਰ ਇਕ ਪ੍ਰਕਾਰ ਦੀ ਹਿੰਸਾ ਦੀ ਸਪੇਸ ਪੈਦਾ ਕਰਦਾ ਹੈ। ਇਸੇ ਲਈ ਇਹ ਵਾਪਰਨਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਹਰ ਅਰਥ ਦਾ ਇਕ ਵਿਰੋਧੀ ਅਰਥ ਵੀ ਹੋਵੇ। ਇਸ ਰੁਝਾਨ ਦਾ ਪਰਤੌਅ ਤਾਨਾਸ਼ਾਹੀ ਸੱਤਾਵਾਂ, ਧਾਰਮਿਕ ਪ੍ਰਵਚਨਾਂ ਅੰਦਰ ਅਤੇ ਬੋਲਿਆਂ ਤੇ ਜੈਕਾਰਿਆਂ, ਰਾਸ਼ਟਰਵਾਦੀ, ਸਭਿਆਚਾਰਵਾਦੀ ਨਾਅਰਿਆਂ ਵਿਚ ਆਮ ਹੈ। ਅਸਲ ਵਿਚ ਇਥੇ ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਅਰਥ ਦੀ ਆਪਣੀ ਸੱਤਾ ਹੁੰਦੀ ਹੈ। ਆਪਹੁਦਰੇਪਣ ਵਿਚ ਅਰਥ ਦਾ ਨਾਮਕਰਨ ਨਹੀਂ ਬਦਲਿਆ ਜਾ ਸਕਦਾ, ਪਰ ਉਹਦੀਆਂ ਧਾਰਨਾਵਾਂ ਨੂੰ ਉਤੇਜਤ ਕਰਕੇ ਨਵੇਂ ਅਰਥ ਲਗਾਏ ਜਾਂਦੇ ਹਨ ਜਾਂ ਫਿਰ ਪੁਰਾਣੇ ਅਰਥਾਂ ਨੂੰ ਛਾਂਗ ਕੇ ਉਨ੍ਹਾਂ ਨੂੰ ਮਨਮਰਜ਼ੀ ਦੇ ਚਿਹਨਕਾਂ ਰਾਹੀਂ ਮਨੋ-ਪਕੜ ਦੀ ਰੱਸੀ ਨਾਲ ਬੰਨ੍ਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਦੋਂਕਿ ਸਹਿਜ ਰੂਪ ਵਿਚ ਕਿਸੇ ਅਰਥ ਨੇ ਵਿਸ਼ੇਸ਼ ਪ੍ਰਸੰਗ ਤੇ ਸਥਿਤੀ ਵਿਚ ਉਜਾਗਰ ਹੋਣਾ ਹੁੰਦਾ ਹੈ ਪਰ ਸੱਤਾ, ਤਾਨਾਸ਼ਾਹੀ ਤੇ ਧਰਮ ਦੇ ਪਰਵਚਨਾਂ ਵਿਚ ਦਾਬੇ ਵਾਲੇ ਪ੍ਰਸੰਗ ਸਿਰਜੇ ਜਾਂਦੇ ਹਨ। ਉਨ੍ਹਾਂ ਵਿਚ ਫਿਰ ਭਾਸ਼ਾ ਦੀ ਤਾਨਾਸ਼ਾਹੀ ਕਾਇਮ ਕੀਤੀ ਜਾਂਦੀ ਹੈ। ਇਸ ਕਰਕੇ ਇਨ੍ਹਾਂ ਵਿਚਲੀ ਭਾਸ਼ਾ ਸਤਹਿ ਸੰਰਚਨਾ 'ਤੇ ਬੜੀ ਲੁਭਾਊ ਤੇ ਦਿਲਕਸ਼ ਅਰਥ ਸੰਚਾਰਦੀ ਹੈ, ਪਰ ਗਹਿਰੇ ਅਰਥਾਂ ਵਿਚ ਪਈ ਹਿੰਸਾ ਉਤੇਜਤ ਹੋ ਜਾਂਦੀ ਹੈ ਤਾਂ ਵਿਹਾਰਕ ਪੱਧਰ 'ਤੇ ਵਿਨਾਸ਼ ਦੀ ਲੀਲ੍ਹਾ ਸਿਰਜਦੀ ਹੈ।

ਜਦੋਂ ਕਾਨੂੰਨ ਕਿਸੇ ਦੇ ਹੱਕ ਜਾਂ ਵਿਰੋਧ ਵਿਚ ਬਦਲਦਾ ਹੈ ਤਾਂ ਨਵੀਆਂ ਪਰਿਭਾਸ਼ਾਵਾਂ ਸਿਰਜਦਾ ਹੈ। ਇਨ੍ਹਾਂ ਵਿਚੋਂ ਫਿਰ ਨਵੀਂ ਭਾਸ਼ਾ ਤੇ ਨਵੇਂ ਵਿਚਾਰ ਜਨਮਦੇ ਹਨ ਜੋ ਹੱਕ ਜਾਂ ਵਿਰੋਧ ਵਿਚ ਮਨਾਂ ਨੂੰ ਉਤੇਜਤ ਕਰਕੇ ਭਾਸ਼ਕੀ ਚਿਹਨਕਾਂ ਦੀ ਨਵੇਂ ਪ੍ਰਸੰਗ ਵਿਚ ਪੁਨਰ ਵਿਆਖਿਆ ਕਰਦੇ ਹਨ। ਇਸ ਕਿਤਾਬ ਵਿਚ ਗਰਮ ਖਿਆਲੀ ਮਾਨਸਿਕਤਾ ਦੀ ਭਾਸ਼ਾ, ਕਾਮੁਕਤਾ ਤੇ ਲਿੰਗਕਤਾ ਦੀ ਭਾਸ਼ਾ, ਨੈਤਿਕਤਾ ਦੀ ਭਾਸ਼ਾ, ਲੋਕਤੰਤਰ ਦੀ ਭਾਸ਼ਾ, ਕਵਿਤਾ ਦੀ ਭਾਸ਼ਾ, ਆਲੋਚਨਾ ਦੀ ਭਾਸ਼ਾ, ਮਿੱਥ ਦੀ ਭਾਸ਼ਾ, ਉਦਯੋਗ ਦੀ ਭਾਸ਼ਾ ਤੇ ਹੋਰ ਕਈ ਲੇਖ ਅਜਿਹੇ ਹਨ ਜੋ ਵੱਖਰੀ ਵੱਖਰੀ ਪ੍ਰਕਾਰ ਦੀਆਂ ਸਿਰਜਨਾਵਾਂ ਵਿਚੋਂ ਭਾਸ਼ਾ ਦੇ ਅਰਥਾਂ ਦੀ ਹੀ ਨਹੀਂ ਸਗੋਂ ਨਵੀਨਤਾ ਦੀ ਤਲਾਸ਼ ਵੀ ਕਰਦੇ ਹਨ। ਇਹ ਤਲਾਸ਼ ਵਿਧੀ ਤੇ ਵਿਹਾਰ ਦੋਹਾਂ ਵਿਚ ਪਈ ਹੈ। ਪਰੰਪਰਾ ਵਿਚ ਪਏ ਅਰਥਾਂ ਵਿਚੋਂ ਹੀ ਨਵੇਂ ਅਰਥ ਲੱਭੇ ਜਾ ਸਕਦੇ ਹਨ ਤੇ ਨਵੀਆਂ ਸਥਿਤੀਆਂ ਵਿਚ ਉਨ੍ਹਾਂ ਅਰਥਾਂ ਰਾਹੀਂ ਨਵੀਆਂ ਵਿਆਖਿਆਵਾਂ ਦੇ ਮਾਡਲ ਸਿਰਜੇ ਜਾ ਸਕਦੇ ਹਨ। ਇਸ ਪੱਖ ਤੋਂ ਲੇਖਕ ਇਕ ਮੁੱਲਵਾਨ ਟਿੱਪਣੀ ਕਰਦਾ ਹੈ: 'ਅੱਜ ਭਾਸ਼ਾ ਦੀ ਯੋਗਤਾ ਅਤੇ ਯੋਗਤਾ ਦੀ ਭਾਸ਼ਾ ਦੇ ਵਿਵਾਦ ਤੇ ਦਵੰਦ ਨੇ, ਹੁਣ ਇਹ ਮਸਲਾ ਪ੍ਰਤੱਖ ਕਰ ਦਿੱਤਾ ਹੈ ਕਿ ਭਾਰਤ ਦੀਆਂ ਸੰਸਥਾਗਤ ਸੱਤਾ ਸੰਰਚਨਾਵਾਂ 'ਚ ਖੇਤਰੀ ਭਾਸ਼ਾਵਾਂ ਨੂੰ ਵਿਕਾਸ ਦੇ ਏਜੰਡੇ 'ਤੇ ਕੇਂਦਰ ਵਿਚ ਲਿਆਂਦਾ ਜਾਵੇ ਅਤੇ ਕੌਮੀ ਨਿਰਮਾਣ 'ਚ ਇਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਪਛਾਣਿਆ ਜਾਵੇ। ਜੇ ਅਸੀਂ ਇਸ ਦੌਰ 'ਚ ਇਸ ਨੂੰ ਨਾ ਸਮਝਿਆ ਤਾਂ ਆਉਣ ਵਾਲੇ ਸਮੇਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੇ।' ਇਹ ਕਿਤਾਬ ਪੰਜਾਬੀ ਵਿਚ ਨਵੇਂ ਸੰਵਾਦ ਛੇੜਨ ਵਾਲੀ ਹੈ। ਇਸ ਨਾਲ ਬਹਿਸ ਵਿਚੋਂ ਨਵੇਂ ਵਿਚਾਰਾਂ ਤੇ ਅਰਥਾਂ ਦਾ ਪ੍ਰਸਾਰ ਹੋ ਸਕਦਾ ਹੈ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਦਸੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-355



*ਖੇਤਾਂ ਦਾ ਇਹ ਰਾਜਾ ਦੇਖੋ, ਕਿੰਜ ਬਣਿਆ ਸੜਕਾਂ ਦਾ ਰਾਜਾ।*
*ਆਪਣਾ ਆਪ ਜੋਖੋਂ ਵਿਚ ਪਾ ਕੇ, ਨਿਯਮਾਂ ਵਾਲਾ ਵਜਾ'ਤਾ ਵਾਜਾ।*
*ਸੋਚੋ ਸੋਚੋ, ਜ਼ਰਾ ਵਿਚਾਰੋ ਲੋਕੋ, ਹੱਥ ਅਕਲ ਨੂੰ ਪਾਈਏ।*
*ਹਾਦਸਿਆਂ ਨੂੰ ਸੱਦਣ ਵਾਲਾ, ਨਾ ਕੋਈ ਮਤਾ ਪਕਾਈਏ।*

## ਕੈਪਸ਼ਨ ਮੁਕਾਬਲਾ-353



ਜਦੋਂ ਦੇ ਬਣੇ ਪੱਕੇ ਮਕਾਨ
ਬਦਲੀ ਸੋਚ ਫਿਰ ਇਨਸਾਨ।
ਐਸੇ ਆਏ ਹਵਾ ਦੇ ਬੁੱਲ੍ਹੇ
ਪਾਸੇ ਕਰ'ਤੇ ਮਿੱਟੀ ਦੇ ਚੁੱਲ੍ਹੇ।
ਆਏ ਗੈਸ ਵਾਲੇ ਚੁੱਲ੍ਹੇ
ਨਾਲ ਆਇਆ ਸਿਲੰਡਰ।
ਅੱਗੇ ਰਸੋਈ ਬਾਹਰ ਹੁੰਦੀ ਸੀ
ਹੁਣ ਬਣ ਗਈ ਘਰ ਦੇ ਅੰਦਰ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਰੀਝ ਨਾਲ ਬਣਾ ਕੇ ਚੁੱਲ੍ਹਾ
ਖਾਣਾ ਸਦਾ ਕਰਾਂ ਮੈ ਤਿਆਰ।
ਤਿੰਨੋਂ ਵੇਲੇ ਟੱਬਰ ਸਾਰਾ
ਖਾਵੇ ਬਹਿ ਕੇ ਨਾਲ ਪਿਆਰ।
ਨਿੱਘ, ਮੋਹ ਤੇ ਬਰਕਤ ਦੇ ਬੁੱਲੇ
ਇਸ ਚੁੱਲ੍ਹੇ ਤੋਂ ਜਾਵਾਂ ਬਲਿਹਾਰ।

***-ਦਵਿੰਦਰ ਕੌਰ***

---

ਪੁੱਟ ਖਤਾਨੋਂ ਮਿੱਟੀ ਲਿਆਂਦੀ
ਵਿਹੜੇ ਵਿਚ ਕੀਤੀ ਘਾਣੀ।
ਨਾਲ ਮੋਗਰੀ ਕੁੱਟ ਕੁੱਟ ਕੇ
ਤੂੜੀ ਸੁੱਟ ਪਾਇਆ ਪਾਣੀ।
ਹਫਤਾ ਭਰ ਰੋਜ਼ ਦਿੱਤਾ ਵਾਢਾ
ਹੱਥਾਂ ਨਾਲ ਨਿੱਤ ਰਲਾਣੀ।
ਹਫਤੇ ਵਿਚ ਬਣਦਾ ਚੁੱਲ੍ਹਾ
ਸਭਿਆਚਾਰ ਪਾਏ ਕਹਾਣੀ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਤਰ੍ਹਾਂ ਤਰ੍ਹਾਂ ਦੇ ਆ ਗਏ ਚੁੱਲ੍ਹੇ
ਪਰ ਵਿਰਸੇ ਸੰਗ ਤਾਰ ਜੁੜੀ ਹੈ।
ਲਿੱਪ ਪੋਚ ਨਾ ਲਈਏ ਜੇਕਰ
ਲਗਦਾ ਹੈ ਕੋਈ ਚੀਜ਼ ਥੁੜੀ ਹੈ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਬਣਿਆ ਹੁੰਦਾ ਸੀ ਮਿੱਟੀ ਦਾ ਓਟਾ
ਨਾਲ ਹੁੰਦਾ ਸੀ ਕੱਚਾ ਕੋਠਾ।
ਹੁੰਦੀ ਸੀ ਫਿਰ ਮੀਨਾਕਾਰੀ
ਹਰ ਘਰ ਦੀ ਟੌਹਰ ਨਿਆਰੀ।
ਮਿੱਟੀ ਦੇ ਚੁੱਲ੍ਹੇ ਦੀ ਹੁੰਦੀ ਸੀ
ਫਿਰ ਖਾਸ ਤਿਆਰੀ।

---

ਚੁੱਲ੍ਹੇ ਚੌਂਕੇ ਤੋਂ ਹੁੰਦੀ ਪਛਾਣ ਘਰ ਦੀ।
'ਰਕਾਨ' ਕਹਾਵੇ, ਜੋ ਹੱਥੀਂ ਤਿਆਰ ਕਰਦੀ।
ਗੋਹੇ-ਮਿੱਟੀ ਵਿਚ ਰੀਣ ਰਲਾ ਕੇ।
ਚਮਕਾ ਦੇਵੇ ਉਹਨੂੰ ਪੋਚਾ ਲਾ ਕੇ।
ਚੁੱਲ੍ਹੇ ਰਿੱਝੀ ਚੀਜ਼ ਦਾ ਹੁੰਦਾ ਅਜਬ ਨਜਾਰਾ।
ਸ਼ਾਲਾ, ਕਾਇਮ ਰਹੇ
ਇਹ ਵਿਰਸਾ ਪਿਆਰਾ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 91-94176-49275***

---

ਪੁਰਾਤਨ ਸੁਆਣੀ ਸੁਘੜ ਸਿਆਣੀ
ਚੀਕਣੀ ਮਿੱਟੀ ਗਾਰੇ ਵਾਲੀ
ਪਾ ਭੋਰਾ ਤੂੜੀ ਦੀ ਕੰਡ
ਲਿੱਪ ਪੋਚ ਬਣਾਉਂਦੀ ਸੀ ਚੁੱਲ੍ਹਾ।
ਨਾ ਮੀਂਹ, ਨਾ ਹਵਾ ਦਾ ਬੁੱਲਾ
ਖੋਰ ਨਾ ਸਕਦੇ ਸੀ ਉਹ ਚੁੱਲ੍ਹਾ।
ਬਣਾ ਢਾਣੀਆਂ ਬਹਿੰਦੇ ਦੁਆਲੇ
ਪਾ ਛੱਲੀਆਂ ਦੇ ਗੁੱਲਾਂ ਦਾ ਰੁੱਗ
ਚੜ੍ਹ ਤਾਅ ਅੱਗ ਦੀ ਲਾਟ ਦਾ
ਉਤੋਂ ਗੂੜ੍ਹਾ ਸਿਆਲ ਹੁੰਦਾ
ਬੈਠਿਆਂ ਨੇੜੇ ਜੋ ਅਨੰਦ ਸੀ
ਅਲੋਪ ਹੁੰਦਾ ਹੁੰਦਾ ਆਖਰ
ਅੱਜ ਅਲੋਪ ਹੀ ਹੋ ਗਿਆ
ਲੈ ਲਈ ਜਗ੍ਹਾ ਅੱਜ ਗੈਸ ਦੇ ਚੁੱਲ੍ਹਿਆਂ ਨੇ।

***-ਦਰਸ਼ਨਪਾਲ ਦੋਸਾਂਝ***

# ਅਮਰੀਕਾ ਦੀਆਂ ਟੌਪ-50 ਮਹਿਲਾ ਅਧਿਕਾਰੀਆਂ 'ਚ 4 ਭਾਰਤੀ

**ਨਿਊ ਯਾਰਕ:** ਫੋਰਬਸ ਨੇ ਅਮਰੀਕੀ ਕੰਪਨੀਆਂ ਦੀਆਂ ਟੌਪ-50 ਮਹਿਲਾ ਅਧਿਕਾਰੀਆਂ ਦੀ ਲਿਸਟ ਜਾਰੀ ਕੀਤੀ ਹੈ। ਇਨ੍ਹਾਂ ਵਿਚ ਚਾਰ ਭਾਰਤੀ ਮੂਲ ਦੀਆਂ ਮਹਿਲਾਵਾਂ ਸ਼ਾਮਲ ਹਨ। ਸਿਸਕੋ ਦੀ ਸਾਬਕਾ ਚੀਫ ਤਕਨਾਲੋਜੀ ਅਫਸਰ ਪਦਮਸ਼੍ਰੀ ਵਾਰੀਅਰ, ਊਬਰ ਦੀ ਸੀਨੀਅਰ ਨਿਰਦੇਸ਼ਕ ਕੋਮਲ ਮੰਗਤਾਨੀ, ਕਾਨਫਲੂਐਂਟ ਦੀ ਚੀਫ ਤਕਨਾਲੋਜੀ ਅਫਸਰ ਤੇ ਕੋ-ਫਾਊਂਡਰ ਨੇਹਾ ਨਰਖੇੜੇ ਤੇ ਆਈਡੈਂਟਿਟੀ ਮੈਨੇਜਮੈਂਟ ਕੰਪਨੀ ਡ੍ਰਾਬ੍ਰਿਜ ਦੀ ਕਾਮਾਕਸ਼ੀ ਸ਼ਿਵਰਾਮਕ੍ਰਿਸ਼ਣਨ ਨੇ ਇਸ ਲਿਸਟ ਵਿਚ ਆਪਣੀ ਥਾਂ ਕਾਇਮ ਕੀਤੀ ਹੈ।



ਇਨ੍ਹਾਂ ਚਾਰਾਂ ਮਹਿਲਾਵਾਂ ਵਿਚੋਂ ਪਦਮਸ਼੍ਰੀ ਨੇ ਸਿਸਕੋ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ। ਉਹ ਆਂਧਰਾ ਪ੍ਰਦੇਸ਼ ਨਾਲ ਸਬੰਧ ਰੱਖਦੀ ਹੈ ਤੇ ਆਈ.ਆਈ.ਟੀ., ਦਿੱਲੀ ਤੋਂ ਪੜ੍ਹਾਈ ਕੀਤੀ ਹੈ। ਫਿਲਹਾਲ ਪਦਮਸ਼੍ਰੀ ਵਾਰੀਅਰ ਚੀਨ ਦੀ ਕਾਰ ਕੰਪਨੀ ਨਿਓ ਦੀ ਯੂਐਸ ਹੈਡ ਹੈ। ਉਹ 17 ਦਸੰਬਰ ਨੂੰ ਅਸਤੀਫਾ ਦਏਗੀ। ਇਸ ਤੋਂ ਪਹਿਲਾਂ ਇਹ ਸਿਸਕੋ ਸਿਸਟਮਜ਼ ਵਿਚ ਚੀਫ ਤਕਨਾਲੋਜੀ ਅਫਸਰ ਸੀ। ਪਦਮਸ਼੍ਰੀ ਮਾਈਕ੍ਰੋਸਾਫਟ ਦੇ ਬੋਰਡ ਵਿਚ ਵੀ ਸ਼ਾਮਲ ਹੈ।

ਕੋਮਲ ਮੰਗਤਾਨੀ (43) ਊਬਰ ਦੀ ਸੀਨੀਅਰ ਨਿਰਦੇਸ਼ਕ ਹੋਣ ਦੇ ਨਾਲ-ਨਾਲ ਬਿਜ਼ਨੈਸ ਇੰਟੈਲੀਜੈਂਸ ਸੈਕਸ਼ਨ ਦੀ ਵੀ ਹੈੱਡ ਹੈ। ਇਸ ਤੋਂ ਇਲਾਵਾ ਉਹ ਊਬਰ ਦੇ ਮਹਿਲਾ ਬੋਰਡ ਵਿਚ ਵੀ ਸ਼ਾਮਲ ਹੈ। ਉਸ ਨੇ ਗੁਜਰਾਤ ਤੋਂ ਪੜ੍ਹਾਈ ਕੀਤੀ ਸੀ।

ਨੇਹੀ ਨਰਖੇੜੇ (32) ਨੇ ਲਿੰਕਡਅਨ ਵਿਚ ਸਾਫਟਵੇਅਰ ਦੀ ਨੌਕਰੀ ਕਰਦਿਆਂ ਕਾਨਫਲੂਐਂਟ ਲਈ ਅਪਾਚੇ ਕਾਫਕਾ ਸਾਫਟਵੇਅਰ ਤਿਆਰ 'ਚ ਮਦਦ ਕੀਤੀ ਸੀ ਜਿਸ ਨੇ ਕਾਰੋਬਾਰ ਵਧਾਉਣ ਵਿਚ ਕੰਪਨੀ ਦੀ ਕਾਫੀ ਮਦਦ ਕੀਤੀ। ਉਸ ਨੇ ਪੂਣੇ ਯੂਨੀਵਰਸਿਟੀ (ਭਾਰਤ) ਤੋਂ ਪੜ੍ਹਾਈ ਕੀਤੀ ਹੈ।

ਕਾਮਾਕਸ਼ੀ (43) ਆਰਟੀਫਿਸ਼ਲ ਇੰਟੈਲੀਜੈਂਸ ਨਾਲ ਸਬੰਧਤ ਕੰਪਨੀ ਡ੍ਰਾਬ੍ਰਿਜ ਦੀ ਸੀ.ਈ.ਓ. ਤੇ ਸੰਸਥਾਪਕ ਹੈ। ਉਸ ਨੇ 2010 ਵਿਚ ਇਹ ਕੰਪਨੀ ਬਣਾਈ ਸੀ। ਇਹ ਕੰਪਨੀ ਇਹ ਟਰੈਕ ਕਰਦੀ ਹੈ ਕਿ ਲੋਕ ਕਿਹੜੀ ਡਿਵਾਇਸ ਵਰਤਦੇ ਹਨ। ਹੁਣ ਤਕ ਕੰਪਨੀ ਵਿਚ 6.87 ਕਰੋੜ ਡਾਲਰ ਦਾ ਬਾਹਰੀ ਨਿਵੇਸ਼ ਹੋ ਚੁੱਕਾ ਹੈ। ਉਸ ਨੇ ਮੁੰਬਈ ਤੋਂ ਪੜ੍ਹਾਈ ਕੀਤੀ ਸੀ।

# ਅਫਗਾਨਿਸਤਾਨ ਵਿਚ 2018 ਦੌਰਾਨ ਅਮਰੀਕਾ ਨੇ 6,000 ਗੋਲੇ ਸੁੱਟੇ

**ਕਾਬੁਲ:** ਇਸ ਸਾਲ ਅਫਗਾਨਿਸਤਾਨ ਵਿਚ ਅਮਰੀਕਾ ਵੱਲੋਂ 6,000 ਬੰਬ ਸੁੱਟੇ ਗਏ ਹਨ। ਇਹ ਖੁਲਾਸਾ ਅਮਰੀਕਾ ਹਵਾਈ ਸੈਨਾ ਦੀ ਕੇਂਦਰੀ ਕਮਾਂਡ (ਏ.ਐਫ.ਸੈਨਟ.) ਰਾਹੀਂ ਯੇਨੀ ਸਾਫਾਕ ਦੀ ਰਿਪੋਰਟ ਦੇ ਅੰਕੜਿਆਂ ਮੁਤਾਬਕ ਕੀਤਾ ਗਿਆ ਹੈ, ਜਿਸ 'ਚ ਦੱਸਿਆ ਗਿਆ ਹੈ ਕਿ ਸਾਲ 2018 ਦੇ ਸ਼ੁਰੂ ਤੋਂ ਲੈ ਕੇ ਅਕਤੂਬਰ ਦੇ ਅਖੀਰ ਤੱਕ ਅਫਗਾਨਿਸਤਾਨ 'ਚ ਅਮਰੀਕੀ ਫੌਜਾਂ ਨੇ ਲਗਭਗ 6,600 ਦਫਾ ਹਵਾਈ ਹਮਲੇ ਕੀਤੇ ਗਏ ਹਨ ਅਤੇ 5,982 ਗੋਲਾ ਬਾਰੂਦ ਦਾਗੇ ਹਨ।

ਤਾਜ਼ਾ ਜਾਰੀ ਅੰਕੜਿਆਂ ਨੇ ਪਿਛਲੇ ਸਾਲਾਂ ਦੇ ਰਿਕਾਰਡ ਨੂੰ ਪਿੱਛੇ ਛੱਡ ਦਿੱਤਾ ਹੈ ਜਿਸ 'ਚ ਹਵਾਈ ਹਮਲੇ ਕਰਦਿਆਂ ਅਮਰੀਕੀ ਫੌਜਾਂ ਨੇ 2011 'ਚ 5,400 ਹਮਲੇ ਕੀਤੇ ਸਨ। ਏ.ਐਫ.ਸੈਨਟ. ਦੇ ਅੰਕੜਿਆਂ 'ਚ ਬੰਬ ਅਤੇ ਮਿਜ਼ਾਇਲੀ ਦੋਵੇਂ ਹਮਲੇ ਕੀਤੇ ਗਏ ਜਿਸ 'ਚ ਏ.ਸੀ.-130 ਬੰਦੂਕਾਂ ਰਾਹੀਂ 105 ਐਮ.ਐਮ. ਗੋਲਾ ਬਾਰੂਦ ਅਤੇ ਲੁਕ ਕੇ ਕੀਤੀ ਗਈ ਦੌਰਾਨ ਗੋਲੀਬਾਰੀ ਵਿਚ 20 ਐਮ.ਐਮ. ਤੋਪ ਦੀ ਵਰਤੋਂ ਕੀਤੀ ਗਈ।

# ਆਲਮੀ ਤਪਸ਼ ਕਾਰਨ ਮੌਤਾਂ ਅਤੇ ਬਿਮਾਰੀਆਂ 'ਚ ਵਾਧਾ

**ਲੰਡਨ:** ਜਲਵਾਯੂ ਵਿਚ ਬਦਲਾਅ ਕਾਰਨ ਦੁਨੀਆਂ ਵਿਚ ਗਰਮੀ ਨਾਲ ਹੋਣ ਵਾਲੀਆਂ ਮੌਤਾਂ ਅਤੇ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ। ਇਸ ਕਾਰਨ ਭਾਰਤ, ਉਪ ਸਹਾਰਾ ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਕਮਜ਼ੋਰ ਖੇਤਰਾਂ ਵਿਚ ਕੰਮ ਦੇ ਘੰਟੇ ਘਟੇ ਹਨ। ਇਹ ਦਾਅਵਾ ਲਾਂਸਟ ਜਰਨਲ ਵਿਚ ਛਪੀ ਰਿਪੋਰਟ ਵਿਚ ਕੀਤਾ ਗਿਆ ਹੈ। ਗਰਮ ਤਾਪਮਾਨ ਵਿਚ ਵੱਧ ਸਮੇਂ ਤੱਕ ਕੰਮ ਕਰਨ ਕਾਰਨ ਗਰਮੀ ਨਾਲ ਸਬੰਧਤ ਖਤਰੇ ਵਧ ਰਹੇ ਹਨ।

ਜਾਣਕਾਰੀ ਅਨੁਸਾਰ 1986 ਤੋਂ 2017 ਦੌਰਾਨ ਮਹਿਜ਼ 0.3 ਡਿਗਰੀ ਸੈਲਸੀਅਸ ਤਾਪਮਾਨ ਵਧਿਆ ਹੈ ਪਰ ਗਰਮੀ ਨਾਲ ਸਬੰਧਤ ਖਤਰਿਆਂ ਵਿਚ ਭਾਰੀ ਵਾਧਾ ਹੋਇਆ ਹੈ। ਜਲਵਾਯੂ ਤਬਦੀਲੀ ਨੇ ਦੇਖਦਿਆਂ ਤੁਰਤ ਕਦਮ ਚੁੱਕਣ ਦੀ ਗੰਭੀਰਤਾ ਦੀ ਚਿਤਾਵਨੀ ਦੇਣ ਦੇ ਨਾਲ-ਨਾਲ ਇਹ ਰਿਪੋਰਟ ਚਿੰਤਾ ਦੇ ਕਾਰਨਾਂ ਬਾਰੇ ਦੱਸਦੀ ਹੈ। ਖੋਜਾਰਥੀਆਂ ਨੇ ਇਸ ਵਿਚ ਸਿਹਤ ਦੇ ਅਹਿਮ ਖੇਤਰਾਂ ਵਿਚ ਆਸ਼ਾਵਾਦੀ ਰੁਝਾਨਾਂ ਦਾ ਜ਼ਿਕਰ ਕੀਤਾ ਹੈ, ਜਿਸ ਵਿਚ ਕੋਲੇ ਨੂੰ ਹਟਾਉਣਾ, ਸੰਚਾਰ ਦੇ ਸਿਹਤਮੰਦ ਅਤੇ ਸਾਫ ਤਰੀਕੇ ਅਤੇ ਸਿਹਤ



ਸਿਸਟਮ ਦੀ ਅਨੁਕੂਲਤਾ ਸ਼ਾਮਲ ਹੈ। ਇੰਗਲੈਂਡ ਦੀ ਯੌਰਕ ਯੂਨੀਵਰਸਿਟੀ ਦੇ ਹਿਲੇਰੀ ਗ੍ਰਾਹਮ ਨੇ ਕਿਹਾ ਕਿ ਗਰਮ ਹਵਾਵਾਂ ਵਿਚ ਤਬਦੀਲੀ ਅਤੇ ਮਜ਼ਦੂਰ ਸਮਰੱਥਾ ਨੇ ਲੋਕਾਂ ਦੀ ਸਿਹਤ ਉਤੇ ਇਸ ਦੇ ਪੈਣ ਵਾਲੇ ਮਿਲੇ ਜੁਲੇ ਅਤੇ ਭਾਰੀ ਅਸਰ ਦੀ ਚਿਤਾਵਨੀ ਦਿੱਤੀ ਹੈ ਤੇ ਜੇ ਤਾਪਮਾਨ ਵਧਦਾ ਰਿਹਾ ਤਾਂ ਅਜਿਹਾ ਹੋਣਾ ਸੰਭਵ ਹੈ।

ਉਨ੍ਹਾਂ ਕਿਹਾ ਕਿ ਜੇ ਇਹ ਰੁਝਾਨ ਜਾਰੀ ਰਿਹਾ ਤਾਂ ਬਿਨਾਂ ਸ਼ੱਕ ਹੁਣ ਅਤੇ ਭਵਿੱਖ ਵਿਚ ਸਿਹਤ ਲਈ ਵੱਡਾ ਖਤਰਾ ਰਹੇਗਾ। ਇਮਾਰਤਾਂ ਦੀ ਢਲਣਹਾਰ ਸਮਰੱਥਾ ਅਤੇ ਨਿਕਾਸੀ ਘਟਾਉਣ ਦੇ ਕੰਮ ਵਿਚ ਪ੍ਰਗਤੀ ਦੀ ਘਾਟ ਨੇ ਜ਼ਿੰਦਗੀਆਂ ਅਤੇ ਸਿਹਤ ਸਿਸਟਮ ਲਈ ਖਤਰੇ ਦੀ ਘੰਟੀ ਵਜਾ ਦਿੱਤੀ ਹੈ। ਸਾਲ 2017 ਵਿਚ 65 ਸਾਲ ਉਮਰ ਵਰਗ ਦੇ 1570 ਲੱਖ ਕਮਜ਼ੋਰ ਲੋਕ ਗਰਮ ਹਵਾਵਾਂ ਦੇ ਸੰਪਰਕ ਵਿਚ ਆਏ ਜੋ 2016 ਦੇ ਮੁਕਾਬਲੇ 180 ਲੱਖ ਵੱਧ ਹੈ। ਯੂਰਪ ਅਤੇ ਪੂਰਬੀ ਮੈਡੀਟੇਰੀਅਨ ਲੋਕ, ਅਫਰੀਕਾ ਅਤੇ ਦੱਖਣੀ ਪੂਰਬ ਏਸ਼ੀਆ ਦੇ ਮੁਕਾਬਲੇ ਵਧੇਰੇ ਅਸੰਵੇਦਨਸ਼ੀਲ ਰਹੇ।

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਨਹੀਂ ਰਹੇ

**ਹਿਊਸਟਨ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੌਰਜ ਡਬਲਿਊ ਬੁਸ਼ ਦਾ 94 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਕਾਰਜਕਾਲ ਵਿਚ ਸੋਵੀਅਤ ਸੰਘ ਖਿੰਡ-ਪੁੰਡ ਗਿਆ ਸੀ। ਉਨ੍ਹਾਂ ਦੇ ਪੁੱਤਰ ਜੌਰਜ ਬੁਸ਼ ਜੂਨੀਅਰ ਜੋ ਅਮਰੀਕਾ ਦੇ 43ਵੇਂ ਰਾਸ਼ਟਰਪਤੀ ਬਣੇ ਸਨ, ਨੇ ਇਕ ਬਿਆਨ ਵਿਚ ਦੱਸਿਆ ''ਜੈੱਬ, ਨੀਲ, ਮਾਰਵਿਨ, ਡੋਰੋ ਅਤੇ ਮੈਂ ਦੁਖੀ ਮਨ ਨਾਲ ਐਲਾਨ ਕਰਦੇ ਹਾਂ ਕਿ 94 ਸਾਲਾਂ ਦੀ ਉਮਰ ਸ਼ਾਨਦਾਰ ਢੰਗ ਨਾਲ ਬਿਤਾਉਣ ਤੋਂ ਬਾਅਦ ਸਾਡੇ ਪਿਆਰੇ ਪਿਤਾ ਚਲਾਣਾ ਕਰ ਗਏ ਹਨ।'' ਅੱਠ ਮਹੀਨੇ ਪਹਿਲਾਂ ਉਨ੍ਹਾਂ ਦੀ ਪਤਨੀ ਬਾਰਬਰਾ ਬੁਸ਼ ਦਾ 73 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ।

ਉਨ੍ਹਾਂ ਕਿਹਾ ਕਿ ਉਹ ਉਚ ਕਿਰਦਾਰ ਦੇ ਮਾਲਕ ਸਨ ਤੇ ਬਿਹਤਰੀਨ ਪਿਤਾ ਸਨ। ਸਮੁੱਚਾ ਬੁਸ਼ ਪਰਿਵਾਰ ਉਨ੍ਹਾਂ ਦਾ ਬੇਹੱਦ ਸ਼ੁਕਰਗੁਜ਼ਾਰ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਸੀਤ ਯੁੱਧ ਦੇ ਜ਼ਮਾਨੇ ਵਿਚ ਬੁਸ਼ ਦੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ। ਰਾਸ਼ਟਰਪਤੀ ਬੁਸ਼ ਪਾਰਕਿਨਸਨ ਦੀ ਬਿਮਾਰੀ ਤੋਂ ਪੀੜਤ ਸਨ ਜਿਸ ਕਰ ਕੇ ਉਹ ਕਈ ਸਾਲਾਂ ਤੋਂ ਵੀਲ੍ਹਚੇਅਰ ਉਤੇ ਸਨ। ਲੰਘੀ 23 ਅਪਰੈਲ ਨੂੰ ਖ਼ੂਨ ਦੀ ਇਨਫੈਕਸ਼ਨ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਾਉਣਾ ਪਿਆ ਸੀ। ਮਈ ਵਿਚ ਘੱਟ ਬਲੱਡ ਪ੍ਰੈਸ਼ਰ ਤੇ ਥਕਾਵਟ ਕਾਰਨ ਉਨ੍ਹਾਂ ਨੂੰ ਦੁਬਾਰਾ ਹਸਪਤਾਲ ਦਾਖਲ ਹੋਣਾ ਪਿਆ ਸੀ।

ਲੜਾਕੂ ਪਾਈਲਟ ਤੇ ਸੀ.ਆਈ.ਏ. ਦੇ



ਮੁਖੀ ਦੀਆਂ ਸੇਵਾਵਾਂ ਦੇਣ ਤੋਂ ਬਾਅਦ ਉਹ 8 ਨਵੰਬਰ 1988 ਨੂੰ ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਸਨ ਤੇ 20 ਜਨਵਰੀ 1989 ਨੂੰ ਉਨ੍ਹਾਂ ਅਹੁਦੇ ਦਾ ਹਲਫ ਲਿਆ ਸੀ ਤੇ 20 ਜਨਵਰੀ 1993 ਤੱਕ ਅਹੁਦੇ ਉਤੇ ਰਹੇ ਸਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਆਲਮੀ ਪੱਧਰ 'ਤੇ ਮਨੁੱਖੀ ਆਜ਼ਾਦੀ ਦੀ ਲਹਿਰ ਫੈਲੀ, ਸੋਵੀਅਤ ਸੰਘ ਢਹਿ ਢੇਰੀ ਹੋ ਗਿਆ ਤੇ ਇਸ ਦੇ ਨਾਲ ਹੀ ਸੀਤ ਯੁੱਧ ਖਤਮ ਹੋ ਗਿਆ, ਬਰਲਿਨ ਦੀ ਕੰਧ ਢਹਿ ਗਈ ਤੇ ਜਰਮਨੀ ਦਾ ਏਕੀਕਰਨ ਹੋਇਆ।

# ਗੁਰਸਿੱਖ ਨੌਜਵਾਨ ਨੂੰ 'ਆਇਰਨ ਮੈਨ' ਦਾ ਖਿਤਾਬ

**ਅੰਮ੍ਰਿਤਸਰ:** ਅਮਰੀਕਾ ਦੇ ਫਲੋਰੀਡਾ ਸੂਬੇ ਵਿਚ ਵਰਲਡ ਟ੍ਰਾਇਥਲੌਨ ਕਾਰਪੋਰੇਸ਼ਨ ਵਲੋਂ ਕਰਵਾਏ ਗਏ ਮੁਕਾਬਲੇ 'ਚ ਅੰਮ੍ਰਿਤਸਰ ਵਾਸੀ ਗੁਰਸਿੱਖ ਨੌਜਵਾਨ ਸੁਖਰੀਤ ਸਿੰਘ (26) ਨੇ 'ਆਇਰਨ ਮੈਨ' ਦਾ ਖਿਤਾਬ ਜਿੱਤਿਆ ਹੈ। ਸੁਖਰੀਤ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਹ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਅਤੇ ਨਰਿੰਦਰ ਸਿੰਘ ਦਾ ਬੇਟਾ ਹੈ।

ਦਿੱਲੀ ਯੂਨੀਵਰਸਿਟੀ ਤੋਂ ਬੀ.ਕਾਮ ਆਨਰਜ਼ ਕਰਨ ਤੋਂ ਬਾਅਦ ਸੁਖਰੀਤ ਆਪਣਾ ਕਾਰੋਬਾਰ ਕਰ ਰਿਹਾ ਹੈ। ਇਸ ਮੁਕਾਬਲੇ ਲਈ ਉਸ ਨੇ ਵਿਸ਼ੇਸ਼ ਸਿਖਲਾਈ ਪ੍ਰਾਪਤ ਕੀਤੀ ਹੈ। ਮੁਕਾਬਲੇ ਦੌਰਾਨ ਤੈਰਨ, ਸਾਈਕਲ ਦੌੜ ਤੇ ਬਾਅਦ ਵਿਚ ਲੰਮੀ ਦੌੜ ਹੁੰਦੀ ਹੈ। ਇਸ ਮੁਕਾਬਲੇ ਲਈ 25 ਸੌ ਤੋਂ ਵੱਧ ਖਿਡਾਰੀ ਮੈਦਾਨ ਵਿਚ ਸਨ ਤੇ ਇਸ ਨੂੰ ਉਥੇ ਕਾਫੀ ਅਹਿਮੀਅਤ ਦਿੱਤੀ ਜਾਂਦੀ ਹੈ। ਸੁਖਰੀਤ ਨੇ ਦੱਸਿਆ ਕਿ ਉਸ ਨੇ ਚਾਰ ਕਿਲੋਮੀਟਰ ਤੈਰਾਕੀ ਕੀਤੀ, 180 ਕਿਲੋਮੀਟਰ ਸਾਈਕਲ ਚਲਾਇਆ ਅਤੇ ਮੁੜ 42 ਕਿਲੋਮੀਟਰ ਦੌੜ ਲਾਈ। ਮੁਕਾਬਲੇ ਵਿਚ ਉਹ ਪੰਜਾਬ ਤੋਂ ਇਕੱਲਾ ਗੁਰਸਿੱਖ ਨੌਜਵਾਨ ਸੀ, ਜਿਸ ਨੂੰ ਇਹ ਐਵਾਰਡ ਪ੍ਰਾਪਤ ਹੋਇਆ ਹੈ। ਸੁਖਰੀਤ ਦੀ ਮਾਂ ਬੀਬੀ ਕਿਰਨਜੋਤ ਕੌਰ ਉੱਘੇ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਦੀ ਰਿਸ਼ਤੇ ਵਿਚ ਦੋਹਤੀ ਲੱਗਦੀ ਹੈ।

# ਚਾਹ ਵੇਚਣ ਵਾਲੇ ਦਾ ਪੁੱਤ ਬਣਿਆ ਜੱਜ

**ਮਲੋਟ:** ਸੰਦੀਪ ਕਾਠਪਾਲ ਦੀ ਚੋਣ ਜੁਡੀਸ਼ੀਅਲ ਜੱਜ ਦੇ ਤੌਰ 'ਤੇ ਹੋਈ ਹੈ। ਪੀ.ਸੀ.ਐੱਸ. ਜੁਡੀਸ਼ੀਅਲ ਦੇ ਨਤੀਜੇ 'ਚ ਸ਼ਹਿਰ ਦੇ ਵਾਸੀ ਸੰਦੀਪ ਕਾਠਪਾਲ ਨੇ ਇਨ੍ਹਾਂ ਨਤੀਜਿਆਂ ਵਿਚ 7ਵਾਂ ਰੈਂਕ ਹਾਸਲ ਕਰਕੇ ਇਲਾਕੇ ਅਤੇ ਆਪਣੇ ਮਾਤਾ-ਪਿਤਾ ਦਾ ਨਾਂ ਰੌਸ਼ਨ ਕੀਤਾ।

ਸੰਦੀਪ ਕਾਠਪਾਲ ਨੇ ਦੱਸਿਆ ਕਿ ਇਸ



ਜੱਜ ਦੇ ਤੌਰ 'ਤੇ ਚੋਣ ਹੋਣ ਤੋਂ ਬਾਅਦ ਸਥਾਨਕ ਮਹਾਂਵੀਰ ਨਗਰੀ ਵਾਰਡ ਨੰ: 10 ਦੀ ਗਲੀ ਨੰ: 1 ਵਿਖੇ ਆਪਣੇ ਜੱਦੀ ਘਰ ਵਿਚ ਸੰਦੀਪ ਕਾਠਪਾਲ ਨੇ ਦੱਸਿਆ ਕਿ ਭਾਵੇਂ ਕਿ ਉਸ ਦੇ ਘਰ ਦੀ ਆਰਥਿਕ ਸਥਿਤੀ ਜ਼ਿਆਦਾ ਮਜ਼ਬੂਤ ਨਹੀਂ ਸੀ, ਕਿਉਂਕਿ ਪਿਤਾ ਰਾਜ ਕੁਮਾਰ ਚਾਹ ਦੀ ਸਟਾਲ ਲਗਾਉਂਦੇ ਸਨ ਅਤੇ ਮਾਤਾ ਘਰੇਲੂ ਔਰਤ ਸੀ ਪਰ ਮੇਰੇ ਪਿਤਾ ਦਾ ਇਹੀ ਮਕਸਦ ਸੀ ਕਿ ਮੈਂ ਆਪਣੇ ਦੋਵਾਂ ਪੁੱਤਰਾਂ ਨੂੰ ਚੰਗੀ ਵਿੱਦਿਆ ਹਾਸਲ ਕਰਵਾਵਾਂ।

ਦੋਵਾਂ ਭਰਾਵਾਂ ਵਿਚੋਂ ਵੱਡਾ ਹੋਣ ਕਾਰਨ ਮੇਰੇ ਮਨ ਵਿਚ ਵੀ ਇਹੀ ਸੀ ਕਿ ਇਕ ਦਿਨ ਮੈਂ ਵੱਡਾ ਅਫਸਰ ਬਣ ਕੇ ਆਪਣੇ ਮਾਪਿਆਂ ਦੇ ਸੁਪਨੇ ਨੂੰ ਸਾਕਾਰ ਕਰਾਂ। ਉਨ੍ਹਾਂ ਦੱਸਿਆ ਕਿ ਮੈਂ ਬਾਰ੍ਹਵੀਂ ਦੀ ਪੜ੍ਹਾਈ ਜੀ.ਟੀ.ਬੀ. ਸਕੂਲ ਵਿਚ ਕੀਤੀ, ਜਿਸ ਵਿਚ ਕਰੀਬ ਮੇਰੇ 77 ਫੀਸਦੀ ਨੰਬਰ ਸਨ ਅਤੇ ਇਸ ਤੋਂ ਬਾਅਦ ਬੀ.ਐੱਸ.ਈ. ਗੌਰਮਿੰਟ ਕਾਲਜ ਮੁਕਤਸਰ ਅਤੇ ਬੀ.ਐਡ. ਜੀ.ਡੀ. ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤੀ। ਦੌਰਾਨ ਹੀ ਸਤੰਬਰ 2009 ਵਿਚ ਐਸ.ਐਸ.ਏ. ਅਧਿਆਪਕ ਦੇ ਤੌਰ 'ਤੇ ਨਿਯੁਕਤ ਹੋਇਆ ਅਤੇ ਹੁਣ ਉਹ ਆਪਣੀ ਡਿਊਟੀ ਗੌਰਮਿੰਟ ਮਿਡਲ ਸਕੂਲ ਖੇੜੀ ਗੁਜ਼ਰਾ ਜ਼ਿਲ੍ਹਾ ਮੋਹਾਲੀ ਵਿਖੇ ਦੇ ਰਹੇ ਹਨ। ਪੜ੍ਹਾਈ ਨੂੰ ਜਾਰੀ ਰੱਖਦੇ ਹੋਏ 2014 ਵਿਚ ਐਲ.ਐਲ.ਬੀ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ ਅਤੇ ਇਸ ਤੋਂ ਬਾਅਦ ਪੀ.ਸੀ.ਐਸ. ਦੀ ਤਿਆਰੀ ਕਰਦਾ ਰਿਹਾ। ਉਸ ਨੇ ਪੀ.ਸੀ.ਐਸ. ਦਾ ਪੇਪਰ ਦਿੱਤਾ ਸੀ, ਜੋ 40 ਅੰਕਾਂ ਕਰਕੇ ਰਹਿ ਗਿਆ ਸੀ, ਜਿਸ ਤੋਂ ਬਾਅਦ ਉਸ ਨੇ ਦੁਬਾਰਾ ਪੀ.ਸੀ.ਐੱਸ ਜੁਡੀਸ਼ੀਅਲ ਦਾ ਪੇਪਰ ਦਿੱਤਾ ਅਤੇ ਪੰਜਾਬ ਸਰਕਾਰ ਵੱਲੋਂ 29 ਨਵੰਬਰ, 2018 ਵਿਚ ਐਲਾਨੇ ਇਨ੍ਹਾਂ ਨਤੀਜਿਆਂ ਵਿਚ ਉਸ ਦਾ 7ਵਾਂ ਰੈਂਕ ਆਇਆ।

# ਐਚ 1ਬੀ ਵੀਜ਼ਿਆਂ 'ਚ ਤਬਦੀਲੀ ਲਈ ਪ੍ਰਸਤਾਵ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਐਚ 1ਬੀ ਵੀਜ਼ਾ ਪ੍ਰਕਿਰਿਆ ਵਿਚ ਵੱਡੇ ਪੱਧਰ ਉਤੇ ਬਦਲਾਅ ਲਿਆਉਣ ਲਈ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਮੁਤਾਬਕ ਇਕ ਨਵੇਂ ਨਿਯਮ ਤਹਿਤ ਕੰਪਨੀਆਂ ਨੂੰ ਅਗਾਊਂ ਤੌਰ ਉਤੇ ਆਪਣੀਆਂ ਅਰਜ਼ੀਆਂ ਨੂੰ ਇਲੈਕਟ੍ਰਾਨਿਕ ਤੌਰ 'ਤੇ ਰਜਿਸਟਰ ਕਰਵਾਉਣਾ ਪਵੇਗਾ, ਜਿਸ ਦਾ ਮਕਸਦ ਯੋਗਤਾ ਪ੍ਰਾਪਤ ਤੇ ਉਚ ਤਨਖਾਹ ਪ੍ਰਾਪਤ




ਕਰਨ ਵਾਲੇ ਵਿਦੇਸ਼ੀ ਕਾਮਿਆਂ ਨੂੰ ਹੀ ਇਹ ਵੀਜ਼ਾ ਦੇਣਾ ਹੈ।

ਐੱਚ 1ਬੀ ਵੀਜ਼ਾ ਭਾਰਤੀ ਆਈ.ਟੀ. ਕੰਪਨੀਆਂ ਅਤੇ ਪੇਸ਼ੇਵਰਾਂ ਵਿਚ ਪ੍ਰਚਲਤ ਹੈ ਜਿਸ ਤਹਿਤ ਅਮਰੀਕੀ ਕੰਪਨੀਆਂ ਵਿਸ਼ੇਸ਼ ਕਿੱਤਿਆਂ ਲਈ ਵਿਦੇਸ਼ੀ ਕਾਮਿਆਂ ਨੂੰ ਕੰਮ ਉੱਤੇ ਰੱਖ ਸਕਦੀਆਂ ਹਨ। ਨਵੇਂ ਪ੍ਰਸਤਾਵਿਤ ਨਿਯਮ ਮੁਤਾਬਕ ਐੱਚ 1ਬੀ ਵੀਜ਼ਾ ਤਹਿਤ ਕਾਮੇ ਰੱਖਣ ਵਾਲੀਆਂ ਕੰਪਨੀਆਂ ਨੂੰ ਤੈਅਸ਼ੁਦਾ ਰਜਿਸਟ੍ਰੇਸ਼ਨ ਸਮੇਂ ਦੌਰਾਨ ਪਹਿਲਾਂ ਯੂ.ਐਸ. ਸਿਟੀਜਨਸ਼ਿੱਪ ਅਤੇ ਇਮੀਗ੍ਰੇਸ਼ਨ ਸਰਵਿਸਿਜ (ਯੂ. ਐਸ. ਸੀ. ਆਈ. ਐਸ.) ਨਾਲ ਇਲੈਕਟ੍ਰਾਨਿਕ ਤੌਰ ਉਤੇ ਰਜਿਸਟ੍ਰੇਸ਼ਨ ਕਰਵਾਉਣਾ ਪਵੇਗਾ।

ਕਾਂਗਰਸ ਵੱਲੋਂ ਦਿੱਤੇ ਨਿਰਦੇਸ਼ ਮੁਤਾਬਕ ਹਰ ਵਿੱਤੀ ਵਰ੍ਹੇ ਦੌਰਾਨ 65000 ਐੱਚ 1ਬੀ ਵੀਜ਼ਿਆਂ ਦੀ ਆਗਿਆ ਹੋਵੇਗੀ। ਅਮਰੀਕਾ ਤੋਂ ਮਾਸਟਰ ਡਿਗਰੀ ਜਾਂ ਇਸ ਤੋਂ ਉੱਚ ਪੱਧਰੀ ਡਿਗਰੀ ਪ੍ਰਾਪਤ ਪਹਿਲੀਆਂ 20,000 ਅਰਜ਼ੀਆਂ ਨੂੰ ਇਸ ਸ਼੍ਰੇਣੀ ਤੋਂ ਛੋਟ ਹੋਵੇਗੀ।

# ਖਾਲਿਦਾ ਜ਼ਿਆ ਦੇ ਤਿੰਨ ਹਲਕਿਆਂ ਤੋਂ ਭਰੇ ਨਾਮਜ਼ਦਗੀ ਕਾਗਜ਼ ਰੱਦ

**ਢਾਕਾ:** ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਦੇ ਨਾਮਜ਼ਦਗੀ ਕਾਗਜ਼ਾਤ ਚੋਣ ਕਮਿਸ਼ਨ ਨੇ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ



ਦੋਸ਼ੀ ਕਰਾਰ ਦਿੱਤੇ ਜਾਣ ਕਰ ਕੇ ਰੱਦ ਕਰ ਦਿੱਤੇ ਹਨ। ਕਮਿਸ਼ਨ ਦਾ ਇਹ ਫੈਸਲਾ ਬੰਗਲਾਦੇਸ਼ ਹਾਈ ਕੋਰਟ ਦੇ ਉਸ ਫੈਸਲੇ ਤੋਂ ਚਾਰ ਦਿਨ ਬਾਅਦ ਆਇਆ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਦੋ ਸਾਲ ਤੋਂ ਵੱਧ ਕੈਦ ਕੱਟ ਰਿਹਾ ਕੋਈ ਵਿਅਕਤੀ ਚੋਣਾਂ ਵਿਚ ਹਿੱਸਾ ਨਹੀਂ ਲੈ ਸਕਦਾ ਜਿਸ ਨਾਲ 30 ਦਸੰਬਰ ਨੂੰ ਹੋ ਰਹੀਆਂ ਚੋਣਾਂ ਵਿਚ ਜ਼ਿਆ ਦੇ ਹਿੱਸਾ ਲੈਣ ਦੇ ਆਸਾਰ ਖ਼ਤਮ ਹੋ ਗਏ ਸਨ।

73 ਸਾਲਾ ਜ਼ਿਆ ਆਪਣੇ ਮਰਹੂਮ ਪਤੀ ਜ਼ਿਆਉਰ ਰਹਿਮਾਨ ਦੇ ਨਾਂ 'ਤੇ ਚੱਲਦੀਆਂ ਦੋ ਖੈਰਾਇਤੀ ਸੰਸਥਾਵਾਂ ਦੇ ਫੰਡਾਂ ਵਿਚ ਗਬਨ ਦੇ ਦੋਸ਼ ਹੇਠ ਕੈਦ ਕੱਟ ਰਹੀ ਹੈ। ਉਸ ਨੇ ਉੱਤਰ-ਪੱਛਮੀ ਬੋਗਰਾ ਤੋਂ ਦੋ ਹਲਕਿਆਂ ਅਤੇ ਦੱਖਣ-ਪੂਰਬੀ ਫੇਨੀ ਦੇ ਇਕ ਹਲਕੇ ਤੋਂ ਨਾਮਜ਼ਦਗੀ ਕਾਗਜ਼ਾਤ ਦਾਖਲ ਕਰਵਾਏ ਸਨ ਪਰ ਚੋਣ ਕਮਿਸ਼ਨ ਨੇ ਇਹ ਰੱਦ ਕਰ ਦਿੱਤੇ। ਕਮਿਸ਼ਨ ਦੇ ਤਰਜਮਾਨ ਮੁਤਾਬਕ ਜ਼ਿਆ ਤੋਂ ਇਲਾਵਾ 15 ਹੋਰ ਨਾਮੀ ਉਮੀਦਵਾਰ ਵੱਖ-ਵੱਖ ਅਧਾਰ 'ਤੇ ਚੋਣ ਲੜਨ ਦੇ ਨਾਅਹਿਲ ਕਰਾਰ ਦਿੱਤੇ ਗਏ ਹਨ।

# ਪੰਜਾਬ ਵਿਚ ਕਦੋਂ ਸ਼ੁਰੂ ਹੋਣਗੇ ਸਾਦੇ ਵਿਆਹ?

***ਅੱਜ ਪੰਜਾਬ ਅੰਦਰ ਬੇਅੰਤ ਪੈਸਾ ਦਿਖਾਵੇ 'ਤੇ ਰੋੜ੍ਹਿਆ ਜਾ ਰਿਹਾ ਹੈ। ਸਾਡੀਆਂ ਰਸਮਾਂ-ਰਿਵਾਜ ਆਪਣੀ ਥਾਂ ਹਨ ਪਰ ਮੰਡੀ-ਕਲਚਰ ਸਾਡੇ ਅਮੀਰ ਰਸਮ-ਰਿਵਾਜਾਂ ਨੂੰ ਦਿਖਾਵੇ ਵਿਚ ਇਸ ਕਦਰ ਲਪੇਟ ਕੇ ਪੇਸ਼ ਕਰ ਰਿਹਾ ਹੈ ਕਿ ਅਸੀਂ ਆਪਣੀ ਕਦਰਾਂ-ਕੀਮਤਾਂ ਵੀ ਵਿਸਾਰ ਬੈਠੇ ਹਾਂ। ਇਸ ਲੇਖ ਵਿਚ ਸੋਹਜਦੀਪ ਨੇ ਪੰਜਾਬ ਵਿਚ ਹੁੰਦੇ ਮਹਿੰਗੇ ਵਿਆਹਾਂ ਦਾ ਜ਼ਿਕਰ ਛੇੜਿਆ ਹੈ ਅਤੇ ਸਵਾਲ ਕੀਤਾ ਹੈ ਕਿ ਸਾਡਾ ਫਜ਼ੂਲ ਦਿਖਾਵੇ ਤੋਂ ਖਹਿੜਾ ਕਦੋਂ ਛੁੱਟਣਾ ਹੈ? -ਸੰਪਾਦਕ***

ਪੰਜਾਬ ਵਿਚ ਸਾਦਗੀ ਭਰਪੂਰ ਵਿਆਹਾਂ ਦੀ ਗੱਲ ਕੀਤੀ ਤਾਂ ਜਾਂਦੀ ਹੈ ਪਰ ਇਹ ਆਦਰਸ਼ਕ ਗੱਲਬਾਤ ਤੋਂ ਅਗਾਂਹ ਜਾ ਕੇ ਸਾਡੇ ਅਮਲ ਦਾ ਹਿੱਸਾ ਨਹੀਂ ਬਣਦੀ। ਜਾਪਦਾ ਹੈ, ਸਾਦੇ ਵਿਆਹ ਪੰਜਾਬੀਆਂ ਦੀ ਦੰਭੀ ਮਾਨਸਿਕਤਾ ਨੂੰ ਹਜ਼ਮ ਨਹੀਂ ਆ ਸਕਦੇ। ਸਾਡੀ ਲੋਕਧਾਰਾ ਭਾਵੇਂ ਸਾਨੂੰ ਦੱਸੀ ਜਾਵੇ ਕਿ ਆਪਣੀ ਚਾਦਰ ਤੋਂ ਬਾਹਰ ਪੈਰ ਨਹੀਂ ਪਸਾਰਨੇ ਚਾਹੀਦੇ ਪਰ ਸਾਡੀ ਫੋਕੇ ਗੁਮਾਨ ਨਾਲ ਭਰੀ ਮਾਨਸਿਕਤਾ ਦਾ ਸਵਾਲ ਹੁੰਦਾ ਹੈ ਕਿ ਪੈਰ

**ਸੋਹਜਦੀਪ**
ਫੋਨ: +91-98724-27960

ਚਾਦਰ ਤੋਂ ਬਾਹਰ ਕਿਉਂ ਨਾ ਪਸਾਰੇ ਜਾਣ? ਅਸੀਂ ਤਾਂ ਬੈਂਕ ਤੋਂ ਕਰਜ਼ਾ ਲੈ ਕੇ, ਕਿਸੇ ਤੋਂ ਉਧਾਰ ਫੜ ਕੇ ਵੀ ਮਹਿਜ਼ ਦੋ-ਚਾਰ ਘੰਟਿਆਂ ਜਾਂ ਵਿਆਹ ਦੇ ਇਕ-ਦੋ ਦਿਨ ਦੇ ਪ੍ਰੋਗਰਾਮ 'ਤੇ ਲੱਖਾਂ-ਕਰੋੜਾਂ ਰੁਪਇਆਂ ਦੇ ਹਿਸਾਬ ਨਾਲ ਖਰਚ ਕਰਦੇ ਹਾਂ। ਇਸ ਗਰੂਰ ਨੂੰ ਅਸੀਂ ਆਪਣੇ ਸਿਰ ਦੀ ਕਲਗੀ ਬਣਾਇਆ ਹੋਇਆ ਹੈ। ਇਹ ਫੋਕੀ ਹਉਮੈ ਸਾਨੂੰ ਜਿੱਤ ਦਾ ਅਹਿਸਾਸ ਦਿੰਦੀ ਹੈ।

ਇਹ ਸਮਝਣਾ ਮੁਸ਼ਕਲ ਹੈ ਕਿ ਅਸੀਂ ਜਨਮ ਦਿਨਾਂ, ਵਿਆਹਾਂ, ਮਰਨਿਆਂ 'ਤੇ ਇੰਨਾ ਪੈਸਾ ਬਰਬਾਦ ਕਰਕੇ ਸਾਬਤ ਕੀ ਕਰਨਾ ਚਾਹੁੰਦੇ ਹਾਂ? ਵਿਆਹ ਦੋ ਬਾਲਗ ਜੀਆਂ ਦੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੁੰਦਾ ਹੈ। ਇਹ ਆਰੰਭ ਦੋ ਜੀਆਂ ਅਤੇ ਪਰਿਵਾਰਾਂ ਲਈ ਆਪਸੀ ਸੁੱਖਾਂ-ਦੁੱਖਾਂ ਵਿਚ ਭਾਈਵਾਲ ਬਣਨ ਦੇ ਉਤਸ਼ਾਹ ਨਾਲ ਹੋਣਾ ਚਾਹੀਦਾ ਹੈ ਪਰ ਹੁੰਦਾ ਇਸ ਤੋਂ ਉਲਟ ਹੈ। ਮੁੰਡੇ ਵਾਲੇ ਕੁੜੀ ਵਾਲਿਆਂ 'ਤੇ ਆਪਣਾ ਰੋਅਬ ਬਣਾ ਕੇ ਰੱਖਣਾ ਚਾਹੁੰਦੇ ਹਨ। ਉਨ੍ਹਾਂ ਦੇ ਮਨ ਵਿਚ ਪਹਿਲਾਂ ਹੀ ਉਚੇ ਹੋਣ ਦਾ ਖਿਆਲ ਹੁੰਦਾ ਹੈ।

ਫਿਰ ਆਪਣੇ ਆਪ ਨੂੰ ਉਚਾ ਬਣਾਉਣ ਦਾ ਵਿਚਾਰ ਮਨ ਵਿਚ ਆਉਂਦਾ ਹੈ। ਇਸ ਦੀ ਪੂਰਤੀ ਮਿਲਣੀਆਂ ਦੀ ਰਸਮ ਵੇਲੇ ਦੂਰ-ਨੇੜੇ ਦੇ ਰਿਸ਼ਤੇਦਾਰਾਂ ਨੂੰ ਅੰਗੂਠੀਆਂ, ਵਾਲੀਆਂ ਜਾਂ ਕੜੇ ਪਵਾ ਕੇ ਕੀਤੀ ਜਾਂਦੀ ਹੈ। ਇਸ ਵਿਚ ਅਜਿਹੇ



ਰਿਸ਼ਤੇਦਾਰ ਵੀ ਸ਼ਾਮਲ ਹੁੰਦੇ ਹਨ, ਜੋ ਲੋੜ ਪੈਣ 'ਤੇ ਕਦੇ ਵੀ ਤੁਹਾਡੇ ਦੁਖ ਵਿਚ ਸ਼ਾਮਲ ਨਹੀਂ ਹੁੰਦੇ ਅਤੇ ਉਹ ਸ਼ਰੀਕਾਂ ਵਾਲੀ ਭੂਮਿਕਾ ਨਿਭਾਉਂਦੇ ਹਨ। ਮੁੰਡੇ ਵਾਲੇ ਇਹ ਗੱਲ ਜਾਣਦਿਆਂ ਵੀ ਸਿਰਫ਼ ਜ਼ਿਦ ਪੁਗਾਉਣ ਲਈ ਅਜਿਹੇ ਰਿਸ਼ਤੇਦਾਰਾਂ ਨੂੰ ਵੀ ਸੋਨਾ ਪਵਾਉਂਦੇ ਹਨ। ਕੁਝ ਸਮੇਂ ਤੋਂ ਇਹ ਕਹਿਣ ਦਾ ਰੁਝਾਨ ਚੱਲਿਆ ਹੋਇਆ ਹੈ: "ਜੀ ਸਾਨੂੰ ਤਾਂ ਕੁਝ ਨਹੀਂ ਚਾਹੀਦਾ ਜਿਨ੍ਹਾਂ ਨੇ ਧੀ ਦੇ ਦਿੱਤੀ, ਉਨ੍ਹਾਂ ਤਾਂ ਸਭ ਕੁਝ ਦੇ ਦਿੱਤਾ।" ਪਰ ਮਨ ਵਿਚ ਇਸ ਕਹਿਣੀ ਦੇ ਉਲਟ ਲੈਣ ਦੀ ਤੀਬਰ ਇੱਛਾ ਫਣ ਫੈਲਾਈ ਬੈਠੀ ਹੁੰਦੀ ਹੈ। ਇੰਜ ਜਾਪਦਾ ਹੈ, ਜਿਵੇਂ ਪੜ੍ਹਾਈ-ਲਿਖਾਈ ਨੇ ਸਾਨੂੰ ਗੱਲ ਕਹਿਣ ਦਾ ਵਧੀਆ ਤਰੀਕਾ ਸਿਖਾ ਦਿੱਤਾ ਹੈ।

ਵਿਆਹ ਮਹਿੰਗੇ ਅਤੇ ਵੱਡੇ ਪੈਲੇਸਾਂ ਵਿਚ ਕਰਨਾ ਅਤੇ ਭਾਰੀ ਗਿਣਤੀ ਵਿਚ ਬਰਾਤ ਦਾ ਆਉਣਾ ਵੀ ਹਿਟ ਲਿਸਟ ਵਿਚ ਸ਼ਾਮਲ ਹੁੰਦਾ ਹੈ। ਅਜਿਹੇ ਸਮੇਂ ਅੰਨ ਦੀ ਬਰਬਾਦੀ ਸਿਖਰਾਂ 'ਤੇ ਹੁੰਦੀ ਹੈ। ਇਸ ਸੂਰਤ ਵਿਚ ਕਈ ਸਵਾਲ ਕਰਨੇ ਬਣਦੇ ਹਨ: ਕੀ ਅਸੀਂ ਦੇਸ਼ ਦੇ ਕਿਸਾਨਾਂ ਦੀ ਹਾਲਤ ਤੋਂ ਅਣਜਾਣ ਹਾਂ? ਕੀ ਅਸੀਂ ਉਨ੍ਹਾਂ ਦੀਆਂ ਖੁਦਕੁਸ਼ੀਆਂ ਦੇ ਕਾਰਨਾਂ ਨੂੰ ਨਹੀਂ ਸਮਝਦੇ? ਮਸਲਾ ਮਹਿਜ਼ ਪੈਸੇ ਦੀ ਬਰਬਾਦੀ ਦਾ ਨਹੀਂ, ਮਸਲਾ ਦੇਸ਼ ਦੇ ਸਰੋਤਾਂ ਦੀ ਬਰਬਾਦੀ ਦਾ ਹੈ। ਕੀ ਪੈਸਾ ਖਰਚ ਕਰਕੇ ਬੰਦੇ ਨੂੰ ਦੇਸ਼ ਦੇ ਕੁਦਰਤੀ ਸਰੋਤਾਂ ਦੀ ਲਾਪਰਵਾਹੀ ਨਾਲ ਵਰਤੋਂ ਕਰਨ ਅਤੇ ਉਨ੍ਹਾਂ ਨੂੰ ਬਰਬਾਦ ਕਰਨ ਦਾ ਹੱਕ ਮਿਲ ਜਾਣਾ ਚਾਹੀਦਾ ਹੈ?

ਕਮਾਲ ਦੀ ਗੱਲ ਇਹ ਹੈ ਕਿ ਇਸ ਸਾਰੀ ਪ੍ਰਕਿਰਿਆ ਵਿਚ ਕਈ ਵਾਰੀ ਵਿਆਹੇ ਜਾਣ ਵਾਲੇ ਮੁੰਡੇ-ਕੁੜੀ ਨੂੰ ਕੁਝ ਪੁੱਛਿਆ ਨਹੀਂ ਜਾਂਦਾ। ਜੇਕਰ ਉਹ ਰਾਇ ਦੇਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਕੋਈ ਫੈਸਲਾ ਕਰਨ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ। ਮੁੰਡੇ-ਕੁੜੀ ਨੂੰ ਸੰਸਕਾਰਾਂ, ਰੀਤੀ-ਰਿਵਾਜਾਂ ਅਤੇ ਪਰਿਵਾਰ ਦੇ ਚਾਵਾਂ ਦੇ ਨਾਂ 'ਤੇ ਚੁੱਪ ਕਰਵਾ ਦਿੱਤਾ ਜਾਂਦਾ ਹੈ। ਉਹ ਚਾਅ ਜਿਹੜੇ ਪਰਿਵਾਰ ਦੀ ਆਰਥਿਕ ਹਾਲਤ ਨੂੰ ਡਾਵਾਂਡੋਲ ਕਰਕੇ ਬਰਬਾਦੀ ਦੇ ਰਸਤੇ ਉਪਰ ਧੱਕਦੇ ਹਨ।

ਇਸ ਲਈ ਹਰ ਇਕ ਪੜ੍ਹੇ-ਲਿਖੇ ਵਿਅਕਤੀ, ਉਹ ਭਾਵੇਂ ਮੁੰਡਾ ਹੋਵੇ ਜਾਂ ਕੁੜੀ, ਆਮ ਜ਼ਿੰਦਗੀ ਵਿਚ ਵਰਤੋਂ ਵਿਚ ਆਉਣ ਵਾਲੀਆਂ ਸਮੱਸਿਆਵਾਂ ਨਾਲ ਸਬੰਧਿਤ ਕਾਨੂੰਨਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਦਾਜ ਰੋਕੂ ਐਕਟ-1961 ਵਿਚ ਦਾਜ ਨੂੰ ਪਰਿਭਾਸ਼ਤ ਕਰਦਿਆਂ ਲਿਖਿਆ ਗਿਆ ਹੈ ਕਿ ਕਿਸੇ ਵੀ ਤਰ੍ਹਾਂ ਦੀ ਕੀਮਤੀ ਸੰਪਤੀ ਜਿਸ ਨੂੰ ਲੈਣ ਜਾਂ ਦੇਣ ਬਾਰੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਕਰਾਰਨਾਮਾ ਹੋਇਆ ਹੋਵੇ, ਉਹ ਦਾਜ ਤਹਿਤ ਆਉਂਦੀ ਹੈ। ਦਾਜ ਮੰਗਣ ਜਾਂ ਦੇਣ ਵਾਲੇ ਨੂੰ ਪੰਜ ਸਾਲ ਦੀ ਕੈਦ ਅਤੇ ਪੰਦਰਾਂ ਹਜ਼ਾਰ ਰੁਪਏ ਦਾ ਘੱਟੋ-ਘੱਟ ਜੁਰਮਾਨਾ ਕੀਤਾ ਜਾ ਸਕਦਾ ਹੈ।

ਘਰੇਲੂ ਹਿੰਸਾ ਤੋਂ ਔਰਤਾਂ ਦੀ ਸੁਰੱਖਿਆ ਐਕਟ-2005 ਵਿਚ ਘਰੇਲੂ ਹਿੰਸਾ ਦੀਆਂ ਕਿਸਮਾਂ, ਸਜ਼ਾ ਅਤੇ ਜੁਰਮਾਨੇ ਦੇ ਪ੍ਰਬੰਧ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ ਹੈ। ਘਰੇਲੂ ਹਿੰਸਾ ਸਰੀਰਿਕ ਜਾਂ ਮਾਨਸਿਕ ਹੋ ਸਕਦੀ ਹੈ। ਇਸ



ਵਿਚ ਸਰੀਰਕ ਹਮਲਾ, ਮਾਨਸਿਕ ਅਤੇ ਆਰਥਿਕ ਤਸ਼ੱਦਦ ਵੀ ਸ਼ਾਮਲ ਹੁੰਦੇ ਹਨ। ਜੇਕਰ ਕੋਈ ਵਿਅਕਤੀ ਹਥਿਆਰ ਨਾਲ ਜਾਂ ਗਾਲੀ-ਗਲੋਚ ਕਰਕੇ ਦੂਜੇ ਨੂੰ ਪ੍ਰੇਸ਼ਾਨ ਕਰਦਾ ਹੈ ਤਾਂ ਵੀ ਘਰੇਲੂ ਹਿੰਸਾ ਕਾਨੂੰਨ ਤਹਿਤ ਉਸ 'ਤੇ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਘਰੇਲੂ ਹਿੰਸਾ ਨੂੰ ਸੰਗੀਨ ਅਪਰਾਧ ਮੰਨਿਆ ਜਾਂਦਾ ਹੈ ਜਿਸ ਵਿਚ ਪੁਲਿਸ ਅਧਿਕਾਰੀ ਕੋਰਟ ਦੇ ਹੁਕਮ ਆਉਣ ਤੋਂ ਪਹਿਲਾਂ ਵੀ ਅਪਰਾਧੀ ਵਿਰੁੱਧ ਕਾਰਵਾਈ ਕਰ ਸਕਦਾ ਹੈ। ਹਿੰਦੂ ਕਾਨੂੰਨ ਅਤੇ ਮੁਸਲਿਮ ਕਾਨੂੰਨ ਅਧੀਨ ਵੀ ਅਸੀਂ ਆਪਣੇ ਫਰਜ਼ਾਂ ਅਤੇ ਕਰਤੱਵਾਂ ਪ੍ਰਤੀ ਜਾਗਰੂਕ ਹੋ ਸਕਦੇ ਹਾਂ। ਇਥੇ ਇਹ ਪ੍ਰਸ਼ਨ ਸਹਿਜੇ ਹੀ ਮਨ ਵਿਚ ਉਠ ਸਕਦਾ ਹੈ ਕਿ ਕਾਨੂੰਨ ਤਾਂ ਬਣਾਏ ਗਏ ਹਨ ਪਰ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਜਾਂਦਾ। ਅਸੀਂ ਅਜਿਹੇ ਬਹੁਤ ਸਾਰੇ ਜ਼ਰੂਰੀ ਮਸਲਿਆਂ ਪ੍ਰਤੀ ਆਪਣੀ ਜਵਾਬਦੇਹੀ ਨੂੰ ਪੁਲਿਸ ਅਤੇ ਸਰਕਾਰ ਦੇ ਮੋਢਿਆਂ 'ਤੇ ਸੁੱਟ ਕੇ ਸੁਰਖਰੂ ਹੋ ਜਾਂਦੇ ਹਾਂ। ਇਸ ਲਈ ਸਾਡਾ ਕਾਨੂੰਨੀ ਪ੍ਰਣਾਲੀ ਬਾਰੇ ਜਾਗਰੂਕ ਹੋਣਾ ਬੇਹੱਦ ਜ਼ਰੂਰੀ ਹੈ।

ਅਜਿਹਾ ਨਹੀਂ ਕਿ ਸਮਾਜ ਵਿਚ ਬਦਲਾਓ ਨਹੀਂ ਆ ਰਿਹਾ। ਕਦੇ-ਕਦੇ ਅਖਬਾਰਾਂ ਵਿਚ ਸਾਦਾ ਵਿਆਹ ਬਾਰੇ ਖਬਰ ਛਪਦੀ ਹੈ ਪਰ ਅਜਿਹਾ ਬਦਲਾਓ ਆਟੇ ਵਿਚ ਲੂਣ ਵਾਂਗ ਹੀ ਹੈ। ਸਾਡੀ ਸਥਿਤੀ ਬਹੁਤ ਮਾੜੀ ਹੈ, ਖਾਸ ਕਰਕੇ ਪੜ੍ਹੇ-ਲਿਖੇ ਲੋਕਾਂ ਦੀ। ਉਹ ਸਾਰੀ ਸਥਿਤੀ ਨੂੰ ਸਮਝਦੇ ਹੋਏ ਵੀ ਅਜਿਹੀ ਦਿਖਾਵੇ ਤੋਂ ਬਾਜ਼ ਨਹੀਂ ਆਉਂਦੇ।

ਪੰਜਾਬੀਆਂ ਦੀ ਮਾਨਸਿਕਤਾ ਵਿਚ ਮੌਤ ਦੇ ਗੌਰਵ ਨੂੰ ਸਥਾਪਤੀ ਮਿਲੀ ਹੋਈ ਹੈ। 'ਮੌਤ ਨੂੰ ਕਰਨ ਮਖੌਲਾਂ' ਵਾਲੇ ਪੰਜਾਬੀ ਹੁਣ ਵਿਆਹਾਂ/ਮਰਨਿਆਂ 'ਤੇ ਵਿਤੋਂ ਵੱਧ ਖਰਚ ਕਰਕੇ ਕਰਜ਼ਾ ਸਿਰ ਚੜ੍ਹਾ ਕੇ ਮਰਨ ਵਿਚ ਵੀ ਪਿਛੇ ਨਹੀਂ ਰਹੇ। ਅਸੀਂ ਇਕ ਦਿਨ ਦੇ ਪ੍ਰੋਗਰਾਮਾਂ 'ਤੇ ਵਧ-ਚੜ੍ਹ ਕੇ ਖਰਚ ਕਰਦੇ ਹਾਂ ਅਤੇ ਫਿਰ ਜ਼ਿੰਦਗੀ ਦੇ ਅਹਿਮ ਵਰ੍ਹਿਆਂ ਨੂੰ ਉਸ ਇਕ ਦਿਨ 'ਤੇ ਵਾਰ ਦਿੰਦੇ ਹਾਂ। ਆਮ ਵਿਅਕਤੀ ਮਿਹਨਤ ਨਾਲ ਕੀਤੀ ਕਮਾਈ ਜਿਸ ਨੂੰ ਉਹ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਨੂੰ ਵਾਰ ਕੇ, ਕਿਰਸ ਕਰਕੇ ਇਕੱਠਾ ਕਰਦਾ ਹੈ, ਉਸ ਕਮਾਈ ਨੂੰ ਇਕ ਦਿਨ ਦੇ ਜਸ਼ਨ 'ਤੇ ਬਰਬਾਦ ਕੀਤਾ ਜਾਂਦਾ ਹੈ। ਅਸੀਂ ਬਰਬਾਦੀ ਵਿਚ ਚਾਅ ਲੱਭਦੇ ਹਾਂ। ਬਰਬਾਦ ਹੋ ਕੇ ਅਤੇ ਦੂਜੇ ਨੂੰ ਬਰਬਾਦ ਕਰਵਾ ਕੇ ਖੁਸ਼ੀ ਮਹਿਸੂਸ ਕਰਦੇ ਹਾਂ। ਅਜਿਹੀ ਕੌਮ ਆਪਣੀ ਬਰਬਾਦੀ ਦਾ ਭਵਿਖ ਆਪਣੇ ਹੱਥੀਂ ਲਿਖ ਰਹੀ ਹੈ।



# ਪੰਜਾਬ ਦੀ ਜਵਾਨੀ 'ਤੇ ਬੌਧਿਕ ਹੂੰਝਾ

ਪੰਜਾਬ ਦੀਆਂ ਵੱਡੀਆਂ ਸੜਕਾਂ ਕਿਨਾਰੇ ਕਰੋੜਪਤੀਆਂ ਨੇ 'ਗਰੁੱਪ ਆਫ ਕਾਲਜਿਜ਼' ਖੋਲ੍ਹੇ ਹੋਏ ਹਨ। ਲਿਸ਼-ਲਿਸ਼ ਕਰਦੀਆਂ ਵਿਸ਼ਾਲ ਇਮਾਰਤਾਂ, ਚੌੜੇ-ਚੌੜੇ ਘਾਹ ਦੇ ਮੈਦਾਨ, ਭਾਂਤ-ਭਾਂਤ ਦੀਆਂ ਫੁੱਲ ਕਿਆਰੀਆਂ। ਬਾਹਰੋਂ ਟਹਿਕਦੇ ਹੋਏ, ਪਰ ਅੰਦਰੋਂ ਨਿਰਾਸ਼ ਮੁੰਡੇ-ਕੁੜੀਆਂ ਦੇ ਚਿਹਰੇ। ਨਾ ਕੋਈ ਘਾਹ ਉਤੇ ਤੁਰਦਾ, ਨਾ ਕੋਈ ਖਿੜੇ ਹੋਏ ਫੁੱਲਾਂ ਵੱਲ ਵੇਖਦਾ ਹੈ। ਢਾਕ ਨਾਲ ਲਾਈਆਂ ਮੋਟੀਆਂ-ਭਾਰੀਆਂ ਕਿਤਾਬਾਂ, ਟੁੱਟੀ ਅੰਗਰੇਜ਼ੀ ਵਿਚ ਗੁਫਤਗੂ ਤੇ ਉਖੜੀ ਹੋਈ ਇਨ੍ਹਾਂ ਦੀ ਚਾਲ।

ਵੱਡੀ ਗਿਣਤੀ ਵਿਚ ਨੌਜਵਾਨ-ਮੁਟਿਆਰਾਂ ਮਹਿੰਗੇ ਤਕਨੀਕੀ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਹਨ। ਉਚੀਆਂ ਡਿਗਰੀਆਂ ਪ੍ਰਾਪਤ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਕਰਦੇ ਹਨ, ਪਰ ਉਨ੍ਹਾਂ ਨੂੰ ਆਪਣੀ ਯੋਗਤਾ ਅਨੁਸਾਰ ਨੌਕਰੀ ਨਹੀਂ ਮਿਲਦੀ। ਉਨ੍ਹਾਂ ਨੂੰ ਕੰਮ ਕਰਨ ਦੇ ਸੁਤੰਤਰ ਮੌਕੇ ਨਹੀਂ ਮਿਲਦੇ। ਉਨ੍ਹਾਂ ਦੀ ਆਪਣੀ ਵੱਖਰੀ ਪਛਾਣ ਨਹੀਂ ਬਣਦੀ। ਉਹ ਨੌਜਵਾਨ ਫਿਰ ਸਮੁੰਦਰੋਂ ਪਾਰ ਕੋਈ ਹੋਰ ਸੰਸਾਰ ਲੱਭਦੇ ਹਨ। ਵਿਗਿਆਨਕ ਸੋਚ ਵਾਲੇ ਸਾਡੇ ਨੌਜਵਾਨ ਵਿਦੇਸ਼ਾਂ ਵੱਲ ਕੂਚ ਕਰ ਜਾਂਦੇ ਹਨ। ਬਰਤਾਨੀਆ ਦਾ ਸਮੁੱਚਾ ਡਾਕਟਰੀ ਪ੍ਰਬੰਧ ਭਾਰਤ ਵਿਚੋਂ ਗਏ ਡਾਕਟਰਾਂ ਦੇ ਹੱਥਾਂ ਵਿਚ ਹੈ। ਅਮਰੀਕਾ ਵਿਚ ਭਾਰਤ ਵਿਚੋਂ ਗਏ ਸਾਫਟ ਇੰਜੀਨੀਅਰ ਵੱਡੇ ਕੰਮ ਕਰ ਰਹੇ ਹਨ।

ਕੈਨੇਡਾ ਵਿਚ ਭਾਰਤੀ, ਖਾਸ ਕਰ ਕੇ ਪੰਜਾਬੀ ਡਾਕਟਰ ਅਤੇ ਪੰਜਾਬੀ ਵਕੀਲ ਨਾਮ ਖੱਟ ਰਹੇ ਹਨ। ਇਹ ਪੰਜਾਬ-ਭਾਰਤ ਦੇ ਅਤਿ-ਕਾਬਿਲ ਦਿਮਾਗ ਹੋਰ ਦੇਸ਼ਾਂ ਨੂੰ ਆਪਣੀਆਂ ਮਾਹਿਰ ਸੇਵਾਵਾਂ ਦੇ ਕੇ, ਉਨਤ ਦੇਸ਼ਾਂ ਨੂੰ ਹੋਰ ਉਨਤ ਕਰ ਰਹੇ ਹਨ ਤੇ ਸਾਡਾ ਆਪਣ ਸੂਬਾ ਤੇ ਦੇਸ਼ ਬੌਧਿਕ ਅਤੇ ਵਿਗਿਆਨਕ ਤੌਰ 'ਤੇ ਹੋਰ ਗਰੀਬ ਹੁੰਦਾ ਜਾ ਰਿਹਾ ਹੈ।

ਪੰਜਾਬੀ ਨੌਜਵਾਨ ਡਾ. ਹਰਗੋਬਿੰਦ ਖੁਰਾਣਾ ਅਮਰੀਕਾ ਵਿਚ ਹਿਜਰਤ ਕਰਕੇ, ਮਿਹਨਤ ਕਰਕੇ, ਸਭ ਤੋਂ ਵੱਡਾ ਸਨਮਾਨ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਿਚ ਸਫਲ ਰਿਹਾ। ਪੰਜਾਬ ਵਿਚ ਕਿਸੇ ਯੂਨੀਵਰਸਿਟੀ, ਕਿਸੇ ਅਦਾਰੇ ਨੇ ਉਨ੍ਹਾਂ ਨੂੰ ਯੋਗ ਨੌਕਰੀ ਨਹੀਂ ਦਿੱਤੀ ਸੀ।

ਸਰਮਾਏਦਾਰਾਂ ਵੱਲੋਂ ਸੜਕਾਂ ਕਿਨਾਰੇ ਉਸਾਰੇ 'ਗਰੁੱਪ ਆਫ ਕਾਲਜਿਜ਼' ਮੋਟੀਆਂ ਫੀਸਾਂ ਉਗਰਾਹ ਰਹੇ ਹਨ। ਬੀ.ਟੈਕ, ਕੰਪਿਊਟਰ ਕੋਰਸ, ਆਈ.ਟੀ, ਬੀ.ਈ., ਐਮ.ਟੈਕ, ਐਮ.ਬੀ.ਏ. ਕਰਵਾ ਰਹੇ ਹਨ। ਕਈ ਸਾਲਾਂ ਤੋਂ ਨੌਕਰੀਆਂ ਬੰਦ ਹਨ। ਸਰਕਾਰ ਕਹਿੰਦੀ ਹੈ ਕਿ ਇਸ ਦਾ ਖਜ਼ਾਨਾ ਖਾਲੀ ਹੈ। ਸਿਵਲ ਤੇ ਪੁਲਿਸ ਅਫਸਰਾਂ ਦੀ ਤਕੜੀ ਫੌਜ ਹੈ। ਮੰਤਰੀ, ਚੇਅਰਮੈਨ, ਉਪ ਚੇਅਰਮੈਨ, ਉਚ ਅਧਿਕਾਰੀ, ਸਰਕਾਰੀ ਲਾਅ ਅਫਸਰ ਮੋਟਾ ਚੋਗਾ ਚੁਗ ਰਹੇ ਹਨ। ਅਫਸਰਾਂ ਲਈ ਤਰੱਕੀਆਂ ਹਨ। ਮੰਤਰੀਆਂ, ਧਨਾਢਾਂ ਤੇ ਉਚ ਅਧਿਕਾਰੀਆਂ ਦੇ ਪੁੱਤਾਂ-ਧੀਆਂ ਲਈ ਅਫਸਰੀਆਂ ਹਨ। ਸਾਧਾਰਨ ਪਰਿਵਾਰਾਂ ਦੇ ਪੜ੍ਹੇ-ਲਿਖੇ ਨੌਜਵਾਨ ਖੁਦਕੁਸ਼ੀਆਂ ਕਰ ਰਹੇ ਹਨ। ਭਾਰਤ ਤੇ ਪੰਜਾਬ ਦੇ ਕਰਜ਼ੇ ਦੇ ਮਾਰੇ ਕਿਸਾਨ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਮਾਲਵੇ ਤੋਂ ਬਾਅਦ ਮਾਝੇ ਤੇ ਦੋਆਬੇ ਤੱਕ ਕੈਂਸਰ ਦੀ ਮਾਰ ਪੈ ਰਹੀ ਹੈ। ਗਰੀਬਾਂ ਲਈ ਮੁਫਤ ਆਟਾ-ਦਾਲ ਸਕੀਮ ਤਾਂ ਹੈ ਪਰ ਸਿਹਤ ਅਤੇ ਸਿੱਖਿਆ ਦੇ ਸਾਧਨ ਨਹੀਂ ਹਨ। ਸਕੂਲੀ-ਕੁੜੀਆਂ ਲਈ ਮੁਫਤ ਸਾਈਕਲ ਤਾਂ ਹਨ, ਪਰ ਸੁਰੱਖਿਅਤ ਸੜਕਾਂ ਅਤੇ ਨਿੱਜੀ ਸੁਰੱਖਿਆ ਨਾ-ਮਾਤਰ ਹੈ। ਸਾਧਨਹੀਣ ਮਾਪਿਆਂ ਦੇ ਬੇਰੁਜ਼ਗਾਰ ਮੁੰਡੇ ਵਿਹਲੇ ਫਿਰਦੇ ਹਨ ਤੇ ਕਈ ਨਸ਼ਿਆਂ, ਚੋਰੀਆਂ ਤੇ ਲੁੱਟਾਂ-ਖੋਹਾਂ ਦੇ ਰਾਹ ਪੈ ਜਾਂਦੇ ਹਨ।

ਪੰਜਾਬ ਦੇ ਪੇਂਡੂ ਮੁੰਡਿਆਂ ਲਈ ਫੌਜ ਵਧੀਆ



ਕਿੱਤਾ ਹੁੰਦਾ ਸੀ। ਨਸ਼ਿਆਂ ਤੇ ਬੇਰੁਜ਼ਗਾਰੀ ਦੇ ਲਤਾੜੇ ਹੋਏ ਪੰਜਾਬੀ ਮੁੰਡੇ ਹੁਣ ਫੌਜ ਵਿਚ ਭਰਤੀ ਦੇ ਯੋਗ ਵੀ ਨਹੀਂ ਰਹੇ। ਛਾਤੀਆਂ ਸੁੰਗੜ ਗਈਆਂ ਹਨ, ਡੌਲੇ ਚਿਪਕ ਗਏ ਹਨ, ਲੱਤਾਂ ਵਿੰਗੀਆਂ ਹੋ ਗਈਆਂ ਹਨ ਤੇ ਗੋਡੇ ਆਪਸ ਵਿਚ ਭਿੜਦੇ ਹਨ। ਸਿੱਖ ਰਜਮੈਂਟ ਲਈ ਪੰਜਾਬ ਵਿਚ ਸਾਬਤ ਸੂਰਤ ਮੁੰਡੇ ਨਹੀਂ ਮਿਲਦੇ। ਉਹ ਵੇਲਾ ਵੀ ਸੀ, ਜਦੋਂ ਪਿੰਡ ਦੇ ਮੁੰਡੇ ਤੜਕੇ ਉਠਦੇ ਸਨ। ਫਿਰ ਡੰਗਰਾਂ ਨੂੰ ਪੱਠੇ ਪਾਉਂਦੇ, ਪੱਠਿਆਂ ਵਾਲਾ ਟੋਕਾ ਗੇੜ ਕੇ ਪੱਠੇ ਕੁਤਰਦੇ ਸਨ ਤੇ ਧਾਰਾਂ ਕੱਢਦੇ। ਉਦੋਂ ਕਿਰਤ ਸਭਿਆਚਾਰ ਸੀ। ਮੁਫਤ ਆਟਾ-ਦਾਲ ਨਹੀਂ, ਕਮਾਈ ਹੋਈ ਰੋਟੀ ਖਾਂਦੇ ਸਨ। ਪੜ੍ਹਦੇ ਸਨ, ਖੇਡਦੇ ਸਨ। ਹੁਣ ਨਾ ਸਿਹਤ ਰਹੀ, ਨਾ ਹੀ ਸਿੱਖਿਆ। ਬਨਾਵਟੀ ਖਪਤ ਸਭਿਆਚਾਰ ਭਾਰੂ ਹੈ। ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦਾ ਕੋਈ ਮਾਹੌਲ ਹੀ ਨਹੀਂ। ਪ੍ਰਾਈਵੇਟ ਸਕੂਲ ਤੇ ਅਮੀਰਾਂ ਦੇ ਅਦਾਰੇ, ਗਰੀਬ ਬੱਚਿਆਂ ਦੀ ਪਹੁੰਚ ਤੋਂ ਬਾਹਰ ਹਨ।

ਪਹਿਲਾਂ ਬਹੁਤੇ ਪੰਜਾਬੀ ਨੌਜਵਾਨ ਖਾਸ ਕਰਕੇ ਸਾਬਤ ਸੂਰਤ ਸਿੰਘ ਨੌਜਵਾਨ, ਹੱਕ-ਸੱਚ ਦੀ ਹਰ ਜੰਗ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਸਨ। ਘੋੜਿਆਂ ਦੀਆਂ ਕਾਠੀਆਂ ਉਤੇ ਹੀ ਘੜੀ ਸੌਂ ਕੇ ਨੀਂਦ ਪੂਰੀ ਕਰ ਲੈਂਦੇ ਸਨ। ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਇਕ ਹੱਥ ਸ਼ਸਤਰ ਤੇ ਦੂਜੇ ਹੱਥ ਸ਼ਾਸਤਰ ਰੱਖਦੇ ਸਨ। ਹਰੀ ਸਿੰਘ ਨਲੂਆ, ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਸ਼ਾਮ ਸਿੰਘ ਅਟਾਰੀਵਾਲਾ ਤੇ ਬੰਦਾ ਸਿੰਘ ਬਹਾਦਰ ਦੇ ਰਾਹਾਂ ਉਤੇ ਚੱਲਦੇ ਸਨ। ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਬੱਬਰ ਅਕਾਲੀ, ਗ਼ਦਰੀ ਬਾਬਿਆਂ ਤੇ ਇਨਕਲਾਬੀ ਯੋਧਿਆਂ ਦੇ ਸੰਘਰਸ਼ ਤੋਂ ਸੇਧ ਲੈਂਦੇ ਸਨ ਤੇ ਬੁਰਾਈਆਂ ਨੂੰ ਵੰਗਾਰਦੇ ਸਨ। ਅਜਿਹੇ ਅਣਖੀਲੇ, ਇੱਜ਼ਤ ਮਾਣ ਖਾਤਰ ਮਰ-ਮਿਟਣ ਵਾਲੇ ਦਲੇਰ ਪੰਜਾਬੀ ਮੁੰਡੇ ਹੁਣ ਭਾਲਿਆਂ ਨਹੀਂ ਥਿਆਉਂਦੇ। ਅਣ-ਕਮਾਈਆਂ ਦੌਲਤਾਂ ਸਹਾਰੇ ਪਲੇ ਕਾਕੇ ਹੁਣ ਮੱਸਲ, ਮਨੀ ਮੋਬਾਈਲ ਤੇ ਮੋਟਰਸਾਈਕਲਾਂ ਵਿਚ ਉਲਝੇ ਹੋਏ ਹਨ। ਅਸਲਾ ਲਹਿਰਾਉਂਦੇ, ਕੁੜੀਆਂ ਦੇ ਸਕੂਲਾਂ-ਕਾਲਜਾਂ ਸਾਹਮਣੇ ਗੇੜੇ ਲਾਉਂਦੇ ਤੇ ਮੇਲਿਆਂ ਵਿਚ ਚੱਕਰ ਕੱਟਦੇ ਫਿਰਦੇ ਹਨ।

ਪੰਜਾਬੀ ਖੇਤੀ ਪ੍ਰਧਾਨ ਸੂਬਾ ਸੀ, ਪਰ ਹੁਣ ਛੋਟੀ ਖੇਤੀ ਲਾਹੇਵੰਦ ਨਹੀਂ ਰਹੀ। ਛੋਟੇ ਕਿਸਾਨ ਹੌਲੀ-ਹੌਲੀ ਸ਼ਾਹੂਕਾਰਾਂ ਤੇ ਆੜ੍ਹਤੀਆਂ ਦੇ ਕਰਜ਼ ਜਾਲ ਵਿਚ ਫਸਦੇ ਜਾ ਰਹੇ ਹਨ। ਬਹੁਤ ਸਾਰੇ ਛੋਟੇ ਕਿਸਾਨ ਖੇਤੀ ਛੱਡਣ ਲਈ ਮਜਬੂਰ ਹੋ ਗਏ ਹਨ ਤੇ ਅੱਗੇ ਨੌਜਵਾਨ ਵੀ ਖੇਤੀਬਾੜੀ ਨਹੀਂ ਕਰਨਾ ਚਾਹੁੰਦੇ। ਪੰਜਾਬੀ ਮੁੰਡਿਆਂ ਲਈ ਆਪਣੀ ਧਰਤੀ ਸੁੰਗੜਦੀ ਜਾ ਰਹੀ ਹੈ। ਹੁਣ ਆਪਣੀ ਧਰਤੀ ਵੀ ਆਪਣੀ ਨਹੀਂ ਜਾਪਦੀ, ਪਰਾਈ ਧਰਤੀ ਤਾਂ ਪਰਾਈ ਹੈ ਹੀ। ਫਿਰ ਕੀ ਕਰਨ ਸਾਧਾਰਨ ਨੌਜਵਾਨ? ਇਸੇ ਲਈ ਪੜ੍ਹੇ-ਲਿਖੇ ਨੌਜਵਾਨ ਵਿਦੇਸ਼ੀ ਧਰਤੀ ਉਤੇ ਚੋਗਾ ਲੱਭਦੇ ਹਨ। ਉਪਰੋਂ ਬੌਧਿਕ ਹੂੰਝਾ (ਬਰੇਨ ਡਰੇਨ) ਫਿਰ ਰਿਹਾ ਹੈ। ਆਓ, ਰਲ-ਮਿਲ ਕੇ ਨੌਜਵਾਨਾਂ ਦੇ ਸੁਰੱਖਿਅਤ ਭਵਿੱਖ ਲਈ ਯਤਨਸ਼ੀਲ ਹੋਈਏ ਤਾਂ ਜੋ ਸਾਡੇ ਨੌਜਵਾਨ ਪੰਜਾਬ ਵਿਚ ਹੀ ਆਪਣਾ ਭਵਿੱਖ ਸੁਰੱਖਿਅਤ ਮਹਿਸੂਸ ਕਰਨ।

ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਧਰਮ ਆਸਥਾ ਦੀ ਜੋਤ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਰਤ ਦੀ ਪਾਕੀਜ਼ਗੀ ਅਤੇ ਇਸ ਦੀਆਂ ਨਿਆਮਤਾਂ ਦੀ ਗੱਲ ਕਰਦਿਆਂ ਬਾਬੇ ਨਾਨਕ ਵਲੋਂ ਕਰਤਾਰਪੁਰ ਵਿਚ ਆਪ ਹਲ ਚਲਾ ਕੇ ਦਿੱਤੇ ਗਏ ਕਿਰਤ ਦੀ ਸੁੱਚਮ ਦੇ ਸੁਨੇਹੇ ਦਾ ਹਵਾਲਾ ਦਿੱਤਾ ਸੀ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਧਰਮ ਦੀ ਧਾਰਮਕਤਾ ਦੀ ਪੁਣਛਾਣ ਕੀਤੀ ਹੈ। ਉਹ ਕਹਿੰਦੇ ਹਨ, "ਧਰਮ ਤਾਂ ਆਸ ਤੇ ਵਿਸ਼ਵਾਸ, ਦੁੱਖ ਤੇ ਸੁੱਖ, ਹੌਂਸਲੇ ਤੇ ਹਾਰੇ ਅਤੇ ਥੱਕਿਆਂ ਤੇ ਹਿੰਮਤੀਆਂ ਦਾ ਵੀ ਹੁੰਦਾ। ਪਰ ਇਸ ਦੀ ਅਰਾਧਨਾ ਅਤੇ ਆਸਥਾ ਦਾ ਫਰਕ ਹੀ ਹੁੰਦਾ, ਜੋ ਧਰਮ ਜਾਂ ਅਧਰਮ ਦਾ ਆਧਾਰ ਬਣਦਾ।" ਉਹ ਚਿਤਾਵਨੀ ਦਿੰਦੇ ਹਨ, "ਧਰਮ ਜਦ ਵਪਾਰ ਬਣਦਾ ਤਾਂ ਇਹ ਲਾਭ-ਹਾਨੀਆਂ ਵਿਚ ਉਲਝ ਜਾਂਦਾ। ਜਾਅਲਸਾਜ਼ੀਆਂ, ਗਲਤੀਆਂ ਅਤੇ ਓਹਲਿਆਂ ਦਾ ਨਾਮਕਰਣ ਹੁੰਦਾ। ਆਦਮੀ ਕੁਰੀਤੀਆਂ ਅਤੇ ਕਮੀਨਗੀਆਂ ਨੂੰ ਅਪਨਾ ਕੇ ਹੰਕਾਰ ਦੀ ਬਸਤੀ ਬਣ ਜਾਂਦਾ।" ਉਹ ਜੀਵਨ ਦਾ ਤੱਥ ਦੱਸਦੇ ਹਨ, "ਸਭ ਤੋਂ ਵੱਡਾ ਧਰਮ ਹੈ, ਕਿਸੇ ਰੋਂਦੇ ਨੂੰ ਵਰਾਉਣਾ ਅਤੇ ਹੰਝੂਆਂ ਦੀ ਜੂਹੇ ਹਾਸੇ ਟਿਕਾਉਣਾ। ਕਿਸੇ ਲਾਚਾਰ ਨੂੰ ਸਹਾਰਾ ਦੇਣਾ ਅਤੇ ਨਿਆਸਰਿਆਂ ਦੀ ਢੋਈ ਬਣਨਾ। ਤਿੜਕੇ ਸ਼ਤੀਰਾਂ ਹੇਠ ਦਿਤੀਆਂ ਥੰਮੀਆਂ ਵਰਗੇ ਲੋਕ, ਧਰਮ ਦੀ ਸੁੱਚਮਤਾ।" -ਸੰਪਾਦਕ*

ਧਰਮ, ਜਾਗਦੀ ਸੋਚ, ਜਿਉਣ ਗੋਚਰੀ ਜੀਵਨ ਸ਼ੈਲੀ, ਕਰਮ ਸ਼ੈਲੀ ਨੂੰ ਅਪਨਾਉਣ ਲਈ ਸਾਧਨਾ, ਚੰਗੇਰੇ ਮਾਰਗਾਂ ਦੀ ਨਿਸ਼ਾਨਦੇਹੀ ਅਤੇ ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਦੀ ਚਾਹਤ।

ਧਰਮ, ਜੀਵਨ ਦੇ ਹਰ ਪਹਿਰ ਵਿਚ ਹਾਜ਼ਰ, ਹਰ ਪਲ ਵਿਚ ਇਸ ਦੀ ਰੁਸ਼ਨਾਈ, ਅਗਵਾਈ ਅਤੇ ਜੀਵਨ ਦੀਆਂ ਖਾਲੀ ਥਾਂਵਾਂ ਦੀ ਭਰਪਾਈ।

ਧਰਮ ਦੇ ਵਿਸ਼ਾਲ ਅਰਥ। ਨਹੀਂ ਕੋਈ ਸੀਮਾਵਾਂ। ਹਰ ਬੰਦਾ ਜਾਂ ਧਾਰਮਕ ਆਗੂ ਇਸ ਦੇ ਅਰਥਾਂ ਨੂੰ ਆਪਣੀ ਸੋਚ-ਸਮਝ ਤੀਕ ਸੀਮਤ ਕਰਦਾ, ਪਰ ਇਸ ਦੀ ਸਮੁੱਚਤਾ ਨੂੰ ਕਿਆਸ, ਜਾਣ-ਸਮਝ ਕੇ ਹੀ ਧਾਰਮਕ ਬਿਰਤੀ ਅਤੇ ਬਾਣੇ ਵਿਚਲੀ ਇਕਸੁਰਤਾ ਨੂੰ ਮਾਣਿਆ ਜਾ ਸਕਦਾ।

ਧਰਮ ਜਦ ਤੁਹਾਡੀ ਕਿਰਤ-ਕਮਾਈ, ਕਰਮਯੋਗਤਾ, ਕੀਰਤੀਆਂ ਅਤੇ ਕਥਨੀਆਂ ਵਿਚ ਕਹਿਕਹੇ ਲਾਉਣ ਲੱਗ ਪਵੇ ਤਾਂ ਧਰਮ ਦੀ ਆਭਾ ਵਿਚ ਜੀਵਨ ਨੂੰ ਨਵੀਆਂ ਤਰਜ਼ੀਹਾਂ, ਤਸ਼ਬੀਹਾਂ ਅਤੇ ਤਕਦੀਰਾਂ ਸਿਰਜਣ ਦਾ ਹੁਨਰ ਮਿਲਦਾ।

ਧਰਮ ਇਕ ਕਿਰਤ-ਸਾਧਨਾ ਜਿਸ ਨਾਲ ਮਨੁੱਖ ਇਕ ਅਜਿਹੀ ਕੀਰਤੀ ਪੈਦਾ ਕਰਦਾ, ਜੋ ਉਸ ਦੀ ਗੱਲਬਾਤ, ਕਰਮ-ਜਾਚਨਾ, ਜੀਵਨ-ਸੋਝੀ ਅਤੇ ਪਹਿਲਾਂ ਤੇ ਪਹਿਲੂਆਂ ਵਿਚ ਸਰਬਮਾਨ ਹੁੰਦੀ। ਧਰਮ ਦੇ ਨਾਂ 'ਤੇ ਮਰਿਆਦਾਵਾਂ ਦੀ ਕੈਦ-ਕੋਠੜੀ, ਧਾਰਮਕਤਾ ਦੀ ਰੂਹ ਨੂੰ ਕੁਚਲਣਾ। ਇਸ ਦੀ ਕੁਰਲਾਹਟ ਵਿਚ ਹੀ ਗੁੰਮ ਜਾਂਦਾ, ਤਨ ਦਾ ਲੰਗਾਰ, ਭੁੱਖੇ ਪੇਟ ਲਈ ਦੋ ਡੰਗ ਦਾ ਟੁੱਕਰ, ਅੱਖਰ-ਚਾਨਣ ਤੋਂ ਵਿਰਵੇ ਦੀਦਿਆਂ ਵਿਚ ਪਸਰ ਜਾਂਦੀ ਗਾੜ੍ਹੀ ਧੁੰਦ ਅਤੇ ਛੱਤ ਦੀਆਂ ਵਿਰਲਾਂ ਵਿਚੋਂ ਮੰਦਹਾਲੀ ਝਾਕਦੀ, ਪਰ ਧਰਮ ਇਸ ਤੋਂ ਅਵੇਸਲਾ ਹੋਣ ਦਾ ਭਰਮ ਪਾਲਦਾ।

ਧਰਮ ਤਾਂ ਰਿਸ਼ਤਿਆਂ ਦੀ ਪਾਕੀਜ਼ਗੀ ਤੇ ਪਕਿਆਈ ਦਾ ਵੀ ਹੁੰਦਾ। ਆਪਸੀ ਮੋਹ-ਮੁਹੱਬਤ ਦਾ ਵੀ ਹੁੰਦਾ, ਪਰ ਇਹ ਧਰਮ ਬਹੁਤੇ ਲੋਕਾਂ ਦੀ ਸੋਝੀ ਦਾ ਹਿੱਸਾ ਨਹੀਂ।

ਧਰਮ ਤਾਂ ਆਸ ਤੇ ਵਿਸ਼ਵਾਸ, ਦੁੱਖ ਤੇ ਸੁੱਖ, ਹੌਂਸਲੇ ਤੇ ਹਾਰੇ ਅਤੇ ਥੱਕਿਆਂ ਤੇ ਹਿੰਮਤੀਆਂ ਦਾ ਵੀ ਹੁੰਦਾ। ਪਰ ਇਸ ਦੀ ਅਰਾਧਨਾ ਅਤੇ ਆਸਥਾ ਦਾ ਫਰਕ ਹੀ ਹੁੰਦਾ, ਜੋ ਧਰਮ ਜਾਂ ਅਧਰਮ ਦਾ ਆਧਾਰ ਬਣਦਾ।

**ਕੀ ਭੁੱਖੇ ਦਾ ਕੋਈ ਧਰਮ ਹੁੰਦਾ? ਕੀ ਰੋਟੀ, ਪਾਣੀ, ਕਪੜੇ, ਧਰਤੀ, ਹਵਾ, ਸੂਰਜ, ਰੌਸ਼ਨੀ, ਤਪਸ਼ ਜਾਂ ਕੁਦਰਤ ਦਾ ਕੋਈ ਧਰਮ ਏ? ਕੀ ਅਸੀਂ ਕਦੇ ਪਿਆਸ ਕੋਲੋਂ ਉਸ ਦਾ ਧਰਮ ਪੁੱਛ ਕੇ, ਵਿਸ਼ੇਸ਼ ਧਰਮ ਦੇ ਪਾਣੀ ਨਾਲ ਉਸ ਦੀ ਪਿਆਸ ਮਿਟਾਈ ਏ? ਕੀ ਕੁਦਰਤ ਨੇ ਨਿਆਮਤਾਂ ਵੰਡਦਿਆਂ ਵੱਖ-ਵੱਖ ਧਰਮਾਂ ਦੀ ਨਿਸ਼ਾਨਦੇਹੀ ਕੀਤੀ ਏ? ਕੀ ਅੰਨ ਜਾਂ ਦੁਧ ਦੀ ਧਾਰਮਕ ਪਛਾਣ ਕੀਤੀ ਏ? ਜੇ ਕੁਦਰਤੀ ਦਾਤਾਂ ਦਾ ਕੋਈ ਧਰਮ ਨਹੀਂ ਤਾਂ ਮਨੁੱਖ ਕਿਉਂ ਧਾਰਮਕ ਟੁਕੜਿਆਂ ਵਿਚ ਵੰਡਿਆ, ਡੇਰਿਆਂ, ਫਿਰਕਿਆਂ ਤੇ ਜਾਤਾਂ ਵਿਚ ਉਲਝ ਕੇ ਖੁਦ ਦੀ ਅਰਥੀ ਬਣ ਰਿਹਾ ਏ?**

ਧਰਮ ਦੇ ਨਾਂ ਫੈਲ ਰਹੀ ਅਨੈਤਿਕਤਾ ਅਤੇ ਅਧਿਆਤਮਵਾਦ ਦੇ ਨਾਂ 'ਤੇ ਅੰਨ੍ਹੀ ਸ਼ਰਧਾ, ਇਕ ਸੰਤਾਪ। ਅਜਿਹੀ ਧਾਰਮਕਤਾ ਵਿਚੋਂ ਸਿਰਫ ਅੰਧਕਾਰ ਹੀ ਲੋਕਾਂ ਦੇ ਹਿੱਸੇ ਆਉਂਦਾ।

ਧਰਮ ਦੇ ਨਾਂ 'ਤੇ ਲੋਕਾਂ ਦੀ ਮਾਨਸਿਕ, ਸਰੀਰਕ ਅਤੇ ਆਰਥਕ ਲੁੱਟ ਕਰਨ ਵਾਲੇ ਤਾਂ ਧਾਰਮਕ ਲਿਬਾਸ ਵੀ ਲੀਰਾਂ ਕਰ ਦਿੰਦੇ। ਉਨ੍ਹਾਂ ਦੇ ਅੰਤਰੀਵ ਦਾ ਬੌਣਾਪਨ ਉਨ੍ਹਾਂ ਦੇ ਤਲਿੱਸਮੀ ਬਿੰਬ ਨੂੰ ਤਿੜਕਾ ਜਾਂਦਾ।

ਧਰਮ ਦੇ ਨਾਂ 'ਤੇ ਹੋ ਰਹੀ ਸਮਾਜਕ ਵੰਡ ਅਤੇ ਆਪਣੇ ਧਰਮ ਨੂੰ ਦੂਸਰੇ ਧਰਮਾਂ ਤੋਂ ਸ੍ਰੇਸ਼ਟ ਅਤੇ ਨਿਵੇਕਲਾ ਦੱਸਣ ਦੀ ਬਿਰਤੀ ਹੀ ਖੂਨ-ਖਰਾਬੇ ਤੇ ਮਨੁੱਖੀ ਮਨ ਵਿਚਲੇ ਕੋਹਝ ਦਾ ਕਾਰਨ।

ਧਰਮ ਜਦ ਵਪਾਰ ਬਣਦਾ ਤਾਂ ਇਹ ਲਾਭ-ਹਾਨੀਆਂ ਵਿਚ ਉਲਝ ਜਾਂਦਾ। ਜਾਅਲਸਾਜ਼ੀਆਂ, ਗਲਤੀਆਂ ਅਤੇ ਓਹਲਿਆਂ ਦਾ ਨਾਮਕਰਣ ਹੁੰਦਾ। ਆਦਮੀ ਕੁਰੀਤੀਆਂ ਅਤੇ ਕਮੀਨਗੀਆਂ ਨੂੰ ਅਪਨਾ ਕੇ ਹੰਕਾਰ ਦੀ ਬਸਤੀ ਬਣ ਜਾਂਦਾ।

ਧਰਮ ਜਦ ਕਾਰਪੋਰੇਟ ਅਦਾਰਾ ਬਣ ਜਾਵੇ ਤਾਂ ਰਾਜਨੀਤਕ ਜੋੜ-ਤੋੜ ਕਰਦਾ, ਆਪਣੇ ਵਿੱਤੀ ਸਾਧਨਾਂ ਦੀ ਮਜਬੂਤੀ ਲਈ ਹਰ ਫਰੇਬ ਨੂੰ ਜਾਇਜ਼ ਠਹਿਰਾਉਂਦਾ। ਝੂਠ ਅਤੇ ਕਪਟ ਨਾਲ ਆਸਥਾ ਨੂੰ ਲੀਰਾਂ ਕਰ ਦਿੰਦਾ ਅਤੇ ਰੋਂਦੀ ਧਾਰਮਕਤਾ ਸਿਰਫ ਕੀਰਨੇ ਪਾਉਣ ਜੋਗੀ ਹੀ ਰਹਿ ਜਾਂਦੀ।

ਕਈ ਵਾਰ ਧਰਮ ਲੋਕ-ਸੋਚ ਨੂੰ ਇਕ ਖਾਸ ਬਿੰਦੂ 'ਤੇ ਕੇਂਦਰਤ ਕਰਦਾ। ਮਾਨਸਿਕ ਵਿਸ਼ਾਲਤਾ, ਭਵਿੱਖਮੁਖੀ ਸੁਪਨੇ ਅਤੇ ਸਰਬਸਾਂਝੀ ਸੋਚ ਦੇ ਪਰ ਕੱਟਦਾ। ਮਨੁੱਖੀ ਅਕੀਦਿਆਂ ਦੀ ਸ਼ਿਕਨਗੀਰੀ ਧਰਮ ਨੂੰ ਜ਼ਰਜ਼ਰੀ ਕਰਦੀ।

ਸਭ ਤੋਂ ਵੱਡਾ ਧਰਮ ਹੈ, ਕਿਸੇ ਰੋਂਦੇ ਨੂੰ ਵਰਾਉਣਾ ਅਤੇ ਹੰਝੂਆਂ ਦੀ ਜੂਹੇ ਹਾਸੇ ਟਿਕਾਉਣਾ। ਕਿਸੇ ਲਾਚਾਰ ਨੂੰ ਸਹਾਰਾ ਦੇਣਾ ਅਤੇ ਨਿਆਸਰਿਆਂ ਦੀ ਢੋਈ ਬਣਨਾ। ਤਿੜਕੇ ਸ਼ਤੀਰਾਂ ਹੇਠ ਦਿਤੀਆਂ ਥੰਮੀਆਂ ਵਰਗੇ ਲੋਕ, ਧਰਮ ਦੀ ਸੁੱਚਮਤਾ।

ਧਰਮ ਨੂੰ ਪ੍ਰਚਾਰਿਆ ਨਹੀਂ ਸਗੋਂ ਜੀਵਿਆ ਜਾਂਦਾ। ਮੇਰੇ ਬਾਪ ਦਾ ਕਹਿਣਾ ਸੀ, "ਕਿਸੇ ਦੇ ਖੇਤ ਵਿਚੋਂ ਚੋਰੀ ਪੱਠੇ ਨਾ ਵੱਢੋ। ਇਹ ਹੀ ਸਭ ਤੋਂ ਵੱਡਾ ਧਰਮ ਅਤੇ ਸਤਿਸੰਗ ਹੈ।" ਜੀਵਨ ਦੇ ਹਰ ਪਲ ਵਿਚ ਧਰਮ ਨੂੰ ਅਛੋਪਲੇ ਜਿਹੇ ਰੂਪ ਵਿਚ ਜਿਉਣ ਵਾਲੇ ਹੀ ਅਸਲੀ ਕਰਮਯੋਗੀ ਹੁੰਦੇ।

ਧਰਮ, ਧਾਰਮਕਤਾ ਅਤੇ ਧਾਰਮਕ-ਰਹਿਬਰੀ ਦੀ ਸਾਂਝ ਤੇ ਸੁਥਰੇਪਨ ਵਿਚੋਂ ਹੀ ਪੈਦਾ ਹੁੰਦਾ। ਇਹ ਆਸਥਾ ਜੀਵਨ-ਜਾਚ ਬਣ ਕੇ ਮਨੁੱਖੀ ਸੋਚ-ਸਾਧਨਾ ਨੂੰ ਸੰਜੀਲਾ ਅਤੇ ਸੰਜੀਵ ਕਰਦੀ। ਅਜਿਹੇ ਧਰਮ ਅਤੇ ਧਾਰਮਕਤਾ ਨੂੰ ਸਲਾਮ। ਕਾਸ਼! ਅਜਿਹਾ ਧਰਮ ਮਨੁੱਖੀ ਮਨ ਦੀ ਆਸਥਾ ਨੂੰ ਰੁਸ਼ਨਾਵੇ ਅਤੇ ਕੀਰਤੀਆਂ ਨੂੰ ਜਿਉਣ ਦਾ ਵਲ ਸਿਖਾਵੇ।

ਪਰਦੇਸੀ ਧਰਤੀ 'ਤੇ ਗੁਰਦੁਆਰੇ ਵਿਚ ਬੈਠਾ ਹਾਂ। ਇਹ ਨਵਾਂ ਗੁਰਦੁਆਰਾ ਕੁਝ ਹੀ ਦਿਨ ਪਹਿਲਾਂ ਖੁੱਲ੍ਹਿਆ ਹੈ। ਇਸ ਮੈਟਰੋ ਸਿਟੀ ਵਿਚ ਸਿੱਖਾਂ ਦੀ ਗਿਣਤੀ ਤਾਂ ਬਹੁਤੀ ਨਹੀਂ ਪਰ ਇਹ ਤੀਸਰਾ ਗੁਰਦੁਆਰਾ ਬਣ ਗਿਆ ਹੈ। ਇਸ ਸ਼ਹਿਰ ਵਿਚ ਬਣੇ ਤਿੰਨੇ ਹੀ ਗੁਰਦੁਆਰੇ ਪੁਰਾਣੇ ਚਰਚਾਂ ਵਿਚ ਹੀ ਬਣਾਏ ਗਏ ਹਨ, ਜੋ ਇਸ ਦੇ ਵਾਰਸਾਂ ਨੇ ਮਜਬੂਰੀ ਵੱਸ ਵੇਚ ਦਿੱਤੇ ਨੇ।

ਅਜਿਹੇ ਗੁਰਦੁਆਰਿਆਂ ਦੀ ਅੰਦਰੂਨੀ ਤੇ ਬਾਹਰੀ ਦਿੱਖ ਅਤੇ ਬਣਤਰ ਤੋਂ ਇਸ ਨੂੰ ਗੁਰਦੁਆਰਾ ਨਹੀਂ ਕਹਿ ਸਕਦੇ, ਜੋ ਸਾਡੇ ਅਵਚੇਤਨ ਵਿਚ ਬੈਠਾ ਹੈ। ਇਸ ਵਿਚ ਪਾਠ, ਕੀਰਤਨ ਕਰ ਰਹੇ ਪਾਠੀ, ਰਾਗੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਵੀ ਪਾਦਰੀ ਦੀ ਹਾਜ਼ਰੀ ਅਤੇ ਬਾਈਬਲ ਦੇ ਭੁਲੇਖੇ ਪੈਂਦੇ ਨੇ। ਸੋਚਦਾ ਹਾਂ ਕਿ ਇਸ ਥਾਂ 'ਤੇ ਕਦੇ ਪਾਦਰੀ ਪ੍ਰਵਚਨ ਕਰਦਾ ਹੋਵੇਗਾ ਅਤੇ ਇਥੇ ਬਹਿ ਕੇ ਇਸਾਈ ਲੋਕ ਆਪਣੇ ਧਾਰਮਕ ਪ੍ਰਵਚਨਾਂ ਨਾਲ ਆਪਣੀਆਂ ਆਤਮਿਕ ਲੋੜਾਂ ਦੀ ਪੂਰਤੀ ਨਾਲ ਰੂਹ ਨੂੰ ਸਰਸ਼ਾਰ ਕਰਦੇ ਹੋਣਗੇ। ਉਨ੍ਹਾਂ ਦੇ ਮਨ ਵਿਚ ਹਰ ਐਤਵਾਰ ਨੂੰ ਇਸ ਚਰਚ ਵਿਚ ਆਉਣ ਦਾ ਚਾਅ ਹੁੰਦਾ ਹੋਵੇਗਾ। ਇਥੇ ਬੈਠ ਕੇ ਹੀ ਉਹ ਇਸਾਈ ਮੱਤ ਦੀ ਸਲਾਮਤੀ ਅਤੇ ਪ੍ਰਫੁਲਤਾ ਲਈ ਸਲਾਹਾਂ ਤੇ ਯਤਨ ਕਰਦੇ ਹੋਣਗੇ। ਇਸ ਜਗ੍ਹਾ 'ਤੇ ਸਿਰਫ ਧਾਰਮਕ ਗ੍ਰੰਥ, ਪ੍ਰਚਾਰਕ ਅਤੇ ਸ਼ਰਧਾਲੂ ਹੀ ਬਦਲੇ ਹਨ। ਧਾਰਮਕ ਆਸਥਾ ਤਾਂ ਉਵੇਂ ਹੀ ਹੈ। ਇਸ ਆਸਥਾ ਕਾਰਨ ਹੀ ਮਾਨਵੀ ਬਿਰਤੀਆਂ ਅਤੇ ਸਰੋਕਾਰਾਂ ਨੂੰ ਅਧਿਆਤਮਕ ਰੰਗ ਵਿਚ ਰੰਗਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਕੀ ਬਿਲਡਿੰਗ ਦੀ ਅੰਦਰਲੀ ਦਿੱਖ ਨੂੰ ਬਦਲ ਕੇ ਹੀ ਗੁਰਦੁਆਰਾ ਬਣ ਗਿਆ ਏ? ਅਸੀਂ ਆਪਣੇ ਅੰਦਰਲੇ ਨੂੰ ਕਦੋਂ ਗੁਰਦੁਆਰਾ ਬਣਾਵਾਂਗੇ? ਕਦੇ ਇਸ ਦੀ ਚਾਰ-ਦੀਵਾਰੀ ਵਿਚ ਤਾਂ ਈਸਾਈ ਮੱਤ ਦੀਆਂ ਸਿਖਿਆਵਾਂ ਦੀ ਖੁਸ਼ਬੂ ਮਹਿਕਦੀ ਹੋਵੇਗੀ, ਜਿਥੇ ਹੁਣ ਕੀਰਤਨ ਦਾ ਰਸੀਲਾਪਣ ਚੌਗਿਰਦੇ ਨੂੰ ਅਨੰਦਿਤ ਕਰ ਰਿਹਾ ਹੈ।

ਮਨ 'ਚ ਆਉਂਦਾ ਹੈ ਕਿ ਅਜਿਹੀ ਤਬਦੀਲੀ ਪਿੱਛੇ ਕੀ ਕਾਰਨ ਹਨ? ਚਰਚਾਂ ਨਾਲ ਅਜਿਹਾ ਕਿਉਂ ਵਾਪਰਿਆ? ਕੀ ਆਉਣ ਵਾਲੀ ਇਕ/ਅੱਧੀ ਸਦੀ ਤੱਕ ਗੁਰਦੁਆਰੇ ਫਿਰ ਚਰਚ ਬਣ ਜਾਣਗੇ? ਕਿਉਂ ਗੋਰਿਆਂ ਦੀ ਨੌਜਵਾਨ ਪੀਹੜੀ ਇਸਾਈ ਮੱਤ ਅਤੇ ਧਾਰਮਕ ਆਸਥਾ ਤੋਂ ਉਚਾਟ ਹੋਈ? ਕੀ ਅਜਿਹਾ ਵਰਤਾਰਾ ਸਿੱਖ ਬੱਚਿਆਂ ਵਿਚ ਤਾਂ ਨਹੀਂ ਪੈਦਾ ਹੋ ਰਿਹਾ? ਸੰਗਤ ਵਿਚ ਝਾਤੀ ਮਾਰਦਾ ਹਾਂ ਤਾਂ ਇਥੋਂ ਦੇ ਜੰਮਪਲ ਬੱਚੇ ਜਿਨ੍ਹਾਂ ਦੀ ਉਮਰ 13 ਤੋਂ 30 ਸਾਲ ਦੇ ਦਰਮਿਆਨ ਹੈ, ਸੰਗਤ ਵਿਚ ਬਹੁਤ ਘੱਟ ਨਜ਼ਰ ਆਉਂਦੇ ਹਨ। ਕੀ ਕਾਰਨ ਹੈ, ਇਸ ਉਮਰ ਦੇ ਸਿੱਖ ਬੱਚੇ ਗੁਰਦੁਆਰੇ ਆਉਣ ਤੋਂ ਟਾਲਾ ਵੱਟਦੇ ਨੇ? ਮਾਪੇ ਤਾਂ ਉਨ੍ਹਾਂ ਨੂੰ ਜ਼ਬਰਦਸਤੀ ਲਿਆ ਵੀ ਨਹੀਂ ਸਕਦੇ। ਇਹ ਬਾਰੇ ਸਮਾਜਕ ਚਿੰਤਕਾਂ ਨੂੰ ਸੋਚਣ ਦੀ ਲੋੜ ਹੈ ਕਿ ਨੌਜਵਾਨ ਬੱਚਿਆਂ ਦੀ ਧਾਰਮਕ ਆਸਥਾ ਵਿਚ ਕਮੀ ਕਿਉਂ ਆਈ ਹੈ ਅਤੇ ਇਸ ਨੂੰ ਧਰਮ ਨਾਲ ਕਿਵੇਂ ਜੋੜਿਆ ਜਾ ਸਕਦਾ ਹੈ? ਕੀ ਧਰਮ ਦਾ ਜੀਵਨ-ਜਾਚ ਤੋਂ ਦੂਰ ਜਾਣਾ ਹੀ ਨੌਜਵਾਨਾਂ ਦੇ ਬਾਗੀ ਵਤੀਰੇ ਦਾ ਕਾਰਨ ਹੈ? ਕੀ ਧਰਮ ਨੂੰ ਸਹੀ ਅਰਥਾਂ ਅਤੇ ਸੰਦਰਭ ਵਿਚ ਬੱਚਿਆਂ ਨੂੰ ਸਮਝਾ ਰਹੇ ਹਾਂ? ਕੀ ਬੱਚਿਆਂ ਨੂੰ ਆਸਥਾ ਨਾਲ ਜੋੜਨ ਲਈ ਕੁਝ ਵਿਸ਼ੇਸ਼ ਕਰ ਰਹੇ ਹਾਂ?

ਮਨ 'ਚ ਆਉਂਦਾ ਹੈ ਕਿ ਕੀ ਧਰਮ, ਮਨੁੱਖ ਨੂੰ ਧਾਰਮਕ ਆਸਥਾਵਾਂ ਵਿਚ ਵੰਡ ਕੇ ਸਮਾਜ ਨੂੰ ਜੋੜ ਰਿਹਾ ਏ ਜਾਂ ਸਮਾਜ ਨੂੰ ਤੋੜ ਰਿਹਾ ਏ? ਕੀ ਧਾਰਮਕ ਵੰਡੀਆਂ ਨਾਲ ਅਧਿਆਤਮਕਤਾ ਨੂੰ ਚਿਰਜੀਵ ਰੱਖਿਆ ਜਾ ਸਕਦਾ ਹੈ? ਧਰਮ ਦਾ ਮਕਸਦ ਤਾਂ ਜੀਵਨ ਨੂੰ ਸੁੰਦਰ ਬਣਾਉਣਾ ਹੈ। ਇਸ ਦੀ ਸੁੰਦਰਤਾ ਵਿਚੋਂ ਹੀ ਸਮਾਜਕ ਸੁਹੱਪਣ ਨੂੰ ਵਧਾਇਆ ਅਤੇ ਸੰਵਾਰਿਆ ਜਾ ਸਕਦਾ ਹੈ।

ਧਰਮ, ਪਿਆਰ ਦਾ ਸਜੀਵ ਸਰੂਪ, ਪਰ ਅਸੀਂ ਇਸ ਨੂੰ ਨਫਰਤ ਦਾ ਪਾਤਰ ਬਣਾ ਕੇ ਧਾਰਮਕ ਕੱਟੜਤਾ ਨੂੰ ਜਨਮ ਦਿਤਾ ਏ। ਮਨੁੱਖ ਨੂੰ ਨਿੱਕੇ-ਨਿੱਕੇ ਦਾਇਰਿਆਂ ਵਿਚ ਵੰਡ ਦਿਤਾ। ਮਨੁੱਖੀ ਵੰਡੀਆਂ, ਮਨੁੱਖੀ ਸਰੋਕਾਰਾਂ ਨੂੰ ਸਮਝਣ ਤੋਂ ਆਕੀ। ਮਨੁੱਖੀ ਅੰਧਕਾਰ ਹੀ ਮਨੁੱਖੀ ਕਮੀਨਗੀਆਂ ਦਾ ਕਾਰਨ।

**ਧਰਮ, ਖੁਦ ਦਾ ਖੁਦ ਨੂੰ ਮਿਲਣਾ। ਮਨ ਦੀ ਦਿਆਲਤਾ ਦਾ ਜੀਵਨ-ਜਾਚ ਬਣਨਾ। ਇਸ ਲਈ ਕਿਸੇ ਮੰਦਿਰ, ਮਸਜਿਦ ਜਾਂ ਗੁਰਦੁਆਰੇ ਦੀ ਲੋੜ ਨਹੀਂ। ਮਨ-ਮੰਦਿਰ ਦੇ ਦਰਵਾਜੇ ਨੀਵੇਂ ਅਤੇ ਖੁੱਲ੍ਹੇ ਰੱਖੋ। ਇਸ ਦੀ ਅਕੀਦਤ ਨੂੰ ਇਬਾਦਤ ਬਣਾਓ, ਤੁਸੀਂ ਸਭ ਤੋਂ ਵੱਡੇ ਧਰਮੀ ਹੋਵੋਗੇ।**

ਦੀਵਾਨ ਵਿਚ ਬੈਠਾ ਸੋਚਦਾ ਹਾਂ ਕਿ ਕੀ ਅਸੀਂ ਵੱਖ-ਵੱਖ ਧਰਮਾਂ ਵਿਚ ਵਿਸ਼ਵਾਸ ਕਰਦਿਆਂ ਵੀ ਇਕ ਧਾਰਮਕ ਅਸਥਾਨ ਵਿਚ ਨਹੀਂ ਵਿਚਰ ਸਕਦੇ? ਕੀ ਇਕ ਹੀ ਸਟੇਜ ਤੋਂ ਵੱਖੋ-ਵੱਖਰੀਆਂ ਧਾਰਮਕ ਆਸਥਾਵਾਂ ਨੂੰ ਨਹੀਂ ਪ੍ਰਚਾਰਿਆ ਜਾ ਸਕਦਾ? ਕੀ ਆਪਣੀ ਧਾਰਮਕ ਅਕੀਦਿਆਂ ਨਾਲ ਜਿਉਂਦਿਆਂ ਅਸੀਂ ਇਕੱਠੇ ਨਹੀਂ ਰਹਿ ਸਕਦੇ? ਇਕ ਹੀ ਅਸਥਾਨ 'ਚ ਵਿਭਿੰਨ ਧਾਰਮਕ ਗੁਰੂਆਂ ਵਲੋਂ ਕੀਤੇ ਜਾ ਰਹੇ ਪ੍ਰਵਚਨਾਂ ਨੂੰ ਜੇ ਲੋਕ ਸੁਣਨਗੇ ਤਾਂ ਉਨ੍ਹਾਂ ਦੀ ਆਸਥਾ ਵਿਚ ਵੱਧ ਪਰਪੱਕਤਾ ਆਵੇਗੀ। ਧਾਰਮਕ ਸਹਿਣਸ਼ੀਲਤਾ ਅਤੇ ਤੁਲਨਾਤਮਕ ਅਧਿਐਨ ਵਿਚੋਂ ਮਨੁੱਖ ਦੀ ਸੰਜ਼ੀਦਗੀ ਨਿਖਰੇਗੀ। ਧਰਮ ਨੂੰ ਸਿਰਫ ਇਕ ਫਿਰਕੇ ਤੀਕ ਸੀਮਤ ਕਰਨ ਦੀ ਥਾਂ ਇਸ ਦੀ ਵਸੀਹ ਪਰਤਾਂ ਨਾਲ, ਮਨੁੱਖ ਨਵੀਨਤਮ ਧਰਾਤਲਾਂ ਨੂੰ ਸਮਝਣ ਅਤੇ ਸਮਝਾਉਣ ਦੇ ਬਿਹਤਰ ਸਮਰੱਥ ਹੋਵੇਗੀ।




ਧਰਮ ਜਦ ਸਾਡੀਆਂ ਸਰੀਰਕ, ਸਮਾਜਕ ਅਤੇ ਮਾਨਸਿਕ ਲੋੜਾਂ ਨੂੰ ਸੰਜਮ, ਸੁੱਚਤਾ, ਸਾਦਗੀ ਨਾਲ ਪੂਰਾ ਕਰਨ ਲਈ ਪ੍ਰੇਰਦਾ ਤਾਂ ਜਿਉਣ ਲਈ ਸਭ ਤੋਂ ਵੱਡਾ ਆਹਰ ਬਣਦਾ। ਧਾਰਮਕਤਾ, ਮਸਤਕ ਵਿਚ ਸੂਰਜੀ ਪ੍ਰਕਾਸ਼ ਫੈਲਾਉਂਦੀ।

ਧਰਮ, ਖੁਦ ਦਾ ਖੁਦ ਨੂੰ ਮਿਲਣਾ। ਮਨ ਦੀ ਦਿਆਲਤਾ ਦਾ ਜੀਵਨ-ਜਾਚ ਬਣਨਾ। ਇਸ ਲਈ ਕਿਸੇ ਮੰਦਿਰ, ਮਸਜਿਦ ਜਾਂ ਗੁਰਦੁਆਰੇ ਦੀ ਲੋੜ ਨਹੀਂ। ਮਨ-ਮੰਦਿਰ ਦੇ ਦਰਵਾਜੇ ਨੀਵੇਂ ਅਤੇ ਖੁੱਲ੍ਹੇ ਰੱਖੋ। ਇਸ ਦੀ ਅਕੀਦਤ ਨੂੰ ਇਬਾਦਤ ਬਣਾਓ, ਤੁਸੀਂ ਸਭ ਤੋਂ ਵੱਡੇ ਧਰਮੀ ਹੋਵੋਗੇ।

ਮਨੁੱਖ ਨੇ ਵੱਖ-ਵੱਖ ਧਰਮ ਬਣਾਏ, ਪਰ ਦੁਨੀਆਂ ਵਿਚ ਇੰਨੇ ਧਰਮ ਰਲ ਕੇ ਵੀ ਮਨੁੱਖ ਨੂੰ ਇਨਸਾਨ ਨਹੀਂ ਬਣਾ ਸਕੇ। ਜਾਂ ਤਾਂ ਧਰਮਾਂ ਵਿਚ ਕੋਈ ਕਮੀ ਹੈ ਜਾਂ ਮਨੁੱਖ ਧਰਮਾਂ ਦੀ ਬਹੁਤਾਤ ਵਿਚ ਹੀ ਉਲਝ ਗਿਆ ਏ? ਧਾਰਮਕ-ਅਰਾਜਕਤਾ ਵਿਚੋਂ ਹੀ ਨਵਾਂ ਧਰਮ ਪੈਦਾ ਹੁੰਦਾ, ਪਰ ਇਹ ਨਵਾਂ ਧਰਮ ਫਿਰ ਖੁਦ ਹੀ ਉਨ੍ਹਾਂ ਊਣਤਾਈਆਂ ਦਾ ਸ਼ਿਕਾਰ ਹੋ ਜਾਂਦਾ। ਅਜਿਹਾ ਹਰ ਧਰਮ ਵਿਚ ਹੀ ਵਾਪਰਦਾ ਏ।

ਧਰਮ ਆਸਥਾ ਹੈ ਜਦ ਕਿ ਸਾਇੰਸ ਤਰਕ ਹੈ। ਪਰ ਧਰਮ ਅਤੇ ਵਿਗਿਆਨ ਦੇ ਗੂੜ੍ਹੇ ਸਬੰਧ ਬਾਰੇ ਉਘੇ ਭੌਤਿਕ ਵਿਗਿਆਨੀ ਐਲਬਰਟ ਆਈਨਸਟਾਈਨ ਦਾ ਕਹਿਣਾ ਹੈ, "ਧਰਮ ਤੋਂ ਬਿਨਾ ਵਿਗਿਆਨ ਲੰਗੜਾ ਹੈ ਅਤੇ ਵਿਗਿਆਨ ਤੋਂ ਬਿਨਾ ਧਰਮ ਅੰਨਾ ਹੈ।"

ਹਰ ਧਰਮ ਤਾਂ ਪਿਆਰ ਕਰਨ ਦੀ ਮੱਤ ਦਿੰਦਾ ਹੈ, ਪਰ ਪਿਆਰ ਦਾ ਕੋਈ ਧਰਮ ਨਹੀਂ। ਪਿਆਰ ਲਈ ਜਾਤ, ਗੋਤ, ਨਸਲ, ਰੰਗ, ਧਰਮ, ਵਰਣ-ਵੰਡ ਜਾਂ ਹੱਦਾਂ-ਸਰਹੱਦਾਂ ਅਕਾਰਥ ਹਨ।

ਧਰਮ ਜਦ ਕਿਸੇ ਦੀ ਮਾਨਸਿਕ ਤੰਦਰੁਸਤੀ ਲਈ ਦੁਆ ਬਣਦਾ, ਸ਼ਖਸੀ-ਸੁਹੱਪਣ ਵਿਚ ਵਾਧੇ ਦਾ ਸਬੱਬ ਬਣਦਾ, ਸ਼ਖਸੀਅਤ-ਉਸਾਰੀ ਵਿਚ ਸੁਚੱਜਾ ਰੋਲ ਨਿਭਾਉਂਦਾ ਜਾਂ ਕਿਸੇ ਨੂੰ ਇਨਸਾਨੀਅਤ ਦੇ ਮਾਰਗ ਤੋਰਦਾ ਤਾਂ ਧਰਮ ਆਪਣਾ ਅਕੀਦਾ ਪ੍ਰਾਪਤ ਕਰਦਾ।

ਜਦ ਕਿਸੇ ਧਰਮ ਦੇ ਧਰਮੀ ਬੰਦਿਆਂ ਦਾ ਵਤੀਰਾ ਤੇ ਜੀਵਨ-ਸ਼ੈਲੀ, ਨਫਰਤ ਅਤੇ ਘ੍ਰਿਣਾ ਦਾ ਕਾਰਨ ਬਣ ਜਾਵੇ ਤਾਂ ਉਸ ਧਰਮ ਦੀ ਅਧੋਗਤੀ ਨੂੰ ਕੋਈ ਰੋਕ ਨਹੀਂ ਸਕਦਾ। ਅੱਜ ਕੱਲ ਲੋਕ ਧਰਮ ਨੂੰ ਇਸ ਕਰਕੇ ਹੀ ਨਫਰਤ ਕਰਦੇ ਨੇ, ਕਿਉਂਕਿ ਹਰ ਧਰਮ ਵਿਚ ਅਧਰਮੀਆਂ ਦੀ ਗਿਣਤੀ ਵੱਧ ਏ।

ਬੱਚਾ, ਪਾਕ-ਪਵਿੱਤਰ। ਸਭ ਤੋਂ ਵੱਡਾ ਧਰਮੀ। ਉਸ ਦਾ ਧਰਮ ਸਭ ਤੋਂ ਉਚਾ ਤੇ ਸੁੱਚਾ। ਜਿਵੇਂ ਹੀ ਉਹ ਵੱਡਾ ਹੋ ਕੇ ਦੁਨੀਆਂ ਵਿਚ ਵਿਚਰਦਾ, ਉਹ ਧਾਰਮਕ ਪਰਪਰਾ ਬਣ ਜਾਂਦਾ। ਉਹ ਬਾਹਰੀ ਰੂਪ ਵਿਚ ਤਾਂ ਧਰਮੀ ਬਣ ਜਾਵੇ ਪਰ ਦੁਨੀਆਂ ਦਾ ਕੋਹਝ, ਉਸ ਦਾ ਹਿੱਸਾ ਬਣ ਜਾਂਦਾ।

ਉਹ ਲੋਕ ਸਭ ਤੋਂ ਵੱਡੇ ਧਰਮੀ ਹੁੰਦੇ, ਜੋ ਕਿਸੇ ਦੀ ਆਤਮਾ ਨੂੰ ਕਿਸੇ ਵੀ ਕਿਸਮ ਦੀ ਪੀੜ ਨਹੀਂ ਦਿੰਦੇ ਕਿਉਂਕਿ ਆਤਮਕ ਦਰਦ, ਸਰੀਰਕ ਦਰਦ ਨਾਲੋਂ ਵੱਧ ਪੀੜਤ ਕਰਦਾ ਅਤੇ ਇਸ ਦੀ ਅਉਧ ਵੀ ਲੰਮੇਰੀ ਹੁੰਦੀ। ਕਈ ਵਾਰ ਤਾਂ ਇਹ ਸਾਰੀ ਉਮਰ ਹੀ ਚਸਕਦਾ ਰਹਿੰਦਾ।

ਕੀ ਭੁੱਖੇ ਦਾ ਕੋਈ ਧਰਮ ਹੁੰਦਾ? ਕੀ ਰੋਟੀ, ਪਾਣੀ, ਕਪੜੇ, ਧਰਤੀ, ਹਵਾ, ਸੂਰਜ, ਰੌਸ਼ਨੀ, ਤਪਸ਼ ਜਾਂ ਕੁਦਰਤ ਦਾ ਕੋਈ ਧਰਮ ਏ? ਕੀ ਅਸੀਂ ਕਦੇ ਪਿਆਸ ਕੋਲੋਂ ਉਸ ਦਾ ਧਰਮ ਪੁੱਛ ਕੇ, ਵਿਸ਼ੇਸ਼ ਧਰਮ ਦੇ ਪਾਣੀ ਨਾਲ ਉਸ ਦੀ ਪਿਆਸ ਮਿਟਾਈ ਏ? ਕੀ ਕੁਦਰਤ ਨੇ ਨਿਆਮਤਾਂ ਵੰਡਦਿਆਂ ਵੱਖ-ਵੱਖ ਧਰਮਾਂ ਦੀ ਨਿਸ਼ਾਨਦੇਹੀ ਕੀਤੀ ਏ? ਕੀ ਅੰਨ ਜਾਂ ਦੁਧ ਦੀ ਧਾਰਮਕ ਪਛਾਣ ਕੀਤੀ ਏ? ਜੇ ਕੁਦਰਤੀ ਦਾਤਾਂ ਦਾ ਕੋਈ ਧਰਮ ਨਹੀਂ ਤਾਂ ਮਨੁੱਖ ਕਿਉਂ ਧਾਰਮਕ ਟੁਕੜਿਆਂ ਵਿਚ ਵੰਡਿਆ, ਡੇਰਿਆਂ, ਫਿਰਕਿਆਂ ਤੇ ਜਾਤਾਂ ਵਿਚ ਉਲਝ ਕੇ ਖੁਦ ਦੀ ਅਰਥੀ ਬਣ ਰਿਹਾ ਏ?

ਧਰਮ ਦੀ ਲੋੜ ਨਹੀਂ ਸਗੋਂ ਧਰਮੀਆਂ ਦੀ ਲੋੜ ਹੈ, ਜੋ ਸੁਭ-ਦ੍ਰਿਸ਼ਟੀ, ਦਿਆਲਤਾ ਅਤੇ ਦਿਆਨਤਦਾਰੀ ਨਾਲ ਨਿਆਸਰਿਆਂ ਅਤੇ ਨਿਤਾਣਿਆਂ ਵਿਚ ਆਤਮ-ਵਿਸ਼ਵਾਸ ਤੇ ਸਿਰੜ-ਸਾਧਨਾ ਭਰਨ। ਧਰਮੀ ਲੋਕਾਂ ਲਈ ਲੋਕਾਈ ਦੀ ਪੀੜਾ, ਖੁਦ ਦਾ ਦਰਦ ਹੁੰਦੀ। ਉਹ ਇਸ ਪੀੜਾ ਨੂੰ ਹਰਨ ਲਈ ਜ਼ਿੰਦਗੀ ਨੂੰ ਦਾਅ 'ਤੇ ਲਾਉਂਦੇ ਅਤੇ ਮਨੁੱਖੀ ਇਤਿਹਾਸ ਵਿਚ ਮਾਣਮੱਤਾ ਬਣਾਉਂਦੇ।

ਧਰਮ ਨੂੰ ਧਰਮ ਹੀ ਰਹਿਣ ਦਿਤਾ ਜਾਵੇ ਤਾਂ ਸਹੀ। ਧਰਮ ਨੂੰ ਕੁ-ਧਰਮ ਬਣਾਉਣ ਵਾਲੇ ਕੁ-ਧਰਮੀ ਅਤੇ ਅਧਰਮ ਬਣਾਉਣ ਵਾਲੇ ਅ-ਧਰਮੀ। ਧਰਮ ਨੂੰ ਕਤਲ, ਕੁਰਲਾਹਟ ਅਤੇ ਕੀਰਨੇ ਬਣਾਉਣ ਵਾਲੇ ਮਨੁੱਖਤਾ ਦੇ ਸਭ ਤੋਂ ਵੱਡੇ ਦੁਸ਼ਮਣ। ਅਜਿਹੀ ਮਾਨਸਿਕਤਾ ਨੂੰ ਤਿਆਗਣਾ ਹੀ ਮਨੁੱਖ ਬਣਨ ਵੱਲ ਸਭ ਤੋਂ ਪਲੇਠਾ ਅਤੇ ਨਰੋਇਆ ਕਦਮ। ਅਜਿਹੇ ਕਦਮਾਂ ਦੀ ਅਜ਼ੀਮਤਾ ਨੂੰ ਸਲਾਮ।

ਮਨੁੱਖ ਲਈ ਸਭ ਤੋਂ ਬਿਹਤਰ ਹੈ ਕਿ ਉਹ ਅਜਿਹੀ ਧਰਮ ਆਸਥਾ ਦੀ ਜੋਤ ਬਣੇ, ਜੋ ਹੱਥੀਂ ਕਿਰਤ-ਕਮਾਈ, ਸਵੈ ਸੇਵਾ-ਸਾਧਨਾ, ਸਰਬ ਸਾਂਝ-ਮੁਹੱਬਤ, ਸਦੀਵੀ ਸਦਭਾਵਨਾ ਅਤੇ ਸੰਜੀਵ ਸਹਿਯੋਗ ਨੂੰ ਸੰਪੂਰਨ ਰੂਪ ਵਿਚ ਸਮਰਪਿਤ ਹੋਵੇ।

ਆਮੀਨ!

# ਆਖਰ ਹੈ ਕੌਣ ਗੋਪਾਲ ਸਿੰਘ ਚਾਵਲਾ?

*ਲਹਿੰਦੇ ਪੰਜਾਬ ਵਿਚ ਕਰਤਾਰਪੁਰ ਲਾਂਘੇ ਦਾ ਨੀਂਹ ਪੱਥਰ ਰੱਖਣ ਮੌਕੇ ਭਾਰਤੀ ਮੀਡੀਆ ਅਤੇ ਸੋਸ਼ਲ ਮੀਡੀਆ ਵਿਚ ਸਭ ਤੋਂ ਵੱਧ ਚਰਚਾ ਗੋਪਾਲ ਸਿੰਘ ਚਾਵਲਾ ਦੀ ਹੋਈ ਹੈ। ਨਵਜੋਤ ਸਿੰਘ ਸਿੱਧੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਆਈਆਂ ਉਸ ਦੀਆਂ ਤਸਵੀਰਾਂ ਨੇ ਪੰਜਾਬ ਤੇ ਭਾਰਤ ਦੀ ਸਿਆਸਤ ਵਿਚ ਬੜੀ ਹਲਚਲ ਮਚਾਈ ਹੈ। ਇਹ ਸ਼ਖਸ ਕੌਣ ਹੈ ਅਤੇ ਇਸ ਦੀ ਸਿਆਸਤ ਦਾ ਰੁਖ ਕੀ ਹੈ, ਇਸ ਬਾਰੇ ਚਰਚਾ ਪੱਤਰਕਾਰ/ਦਸਤਾਵੇਜ਼ੀ ਫਿਲਮਸਾਜ਼ ਦਲਜੀਤ ਅਮੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

**ਦਲਜੀਤ ਅਮੀ**
ਫੋਨ: 91-97811-21873

ਕਰਤਾਰਪੁਰ ਸਾਹਿਬ ਲਈ ਕੌਮਾਂਤਰੀ ਸਰਹੱਦ ਦੇ ਆਰ-ਪਾਰ ਲਾਂਘਾ ਬਣਾਉਣ ਲਈ ਦੋਵੇਂ ਪਾਸੇ ਨੀਂਹ ਪੱਥਰ ਰੱਖਣ ਦੇ ਸਮਾਗਮ ਹੋਏ ਹਨ। ਇਨ੍ਹਾਂ ਸਮਾਗਮਾਂ ਨਾਲ ਕਈ ਤਰ੍ਹਾਂ ਦੀ ਚਰਚਾ ਜੁੜੀ ਹੋਈ ਹੈ। ਸਿਆਸੀ ਧਿਰਾਂ ਦੇ ਆਗੂਆਂ ਦੀ ਅਚਵੀ ਇਸ ਮੌਕੇ ਜੱਗ-ਜਾਹਰ ਹੋ ਰਹੀ ਹੈ। ਨਵਜੋਤ ਸਿੰਘ ਸਿੱਧੂ ਨੂੰ ਗੱਦਾਰ ਕਰਾਰ ਦੇਣ ਵਾਲੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਇਸ ਮੌਕੇ ਨੂੰ ਆਪਣੀ ਸਰਕਾਰ ਦੀ ਪ੍ਰਾਪਤੀ ਕਹਿੰਦੀ ਹੈ। ਇਸ ਮੌਕੇ ਦੇਸ਼ਭਗਤੀ, ਗੱਦਾਰੀ, ਅਮਨ, ਜੰਗ, ਨਾਨਕ ਦੇ ਸੱਚੇ-ਪੈਰੋਕਾਰ ਵਰਗੇ ਸ਼ਬਦ ਵਿਸ਼ੇਸ਼ਣਾਂ ਵਜੋਂ ਖੁੱਲ੍ਹਦਿਲੀ ਨਾਲ ਵਰਤੇ ਜਾ ਰਹੇ ਹਨ, ਜੋ ਕਈ ਵਾਰ ਤੰਗਨਜ਼ਰੀ ਦੀ ਨੁਮਾਇਸ਼ ਕਰਦੇ ਜਾਪਦੇ ਹਨ।

ਇਸ ਦੌਰਾਨ ਕਈ ਭਾਰਤੀ ਅਖਬਾਰਾਂ ਅਤੇ ਟੀ. ਵੀ. ਚੈਨਲਾਂ ਨੇ ਇਸ ਸਾਰੀ ਕਾਰਵਾਈ 'ਤੇ ਸੁਆਲ ਕੀਤੇ ਹਨ, ਜਿਨ੍ਹਾਂ ਰਾਹੀਂ ਭਾਰਤ-ਪਾਕਿਸਤਾਨ ਦੇ ਖੱਟੇ-ਮਿੱਠੇ ਰਿਸ਼ਤਿਆਂ ਦੇ ਚੋਣਵੇਂ ਤੱਥ ਚੇਤੇ ਕਰਵਾਏ ਗਏ ਹਨ। ਪਾਕਿਸਤਾਨ ਦੀ ਸਰਜ਼ਮੀਨ ਤੋਂ ਦਹਿਸ਼ਤਗਰਦੀ ਦਾ ਪਸਾਰਾ ਅਤੇ ਭਾਰਤ ਦੇ ਵੱਖਵਾਦੀਆਂ ਨੂੰ ਹਮਾਇਤ ਹਮੇਸ਼ਾਂ ਅਹਿਮ ਸੁਆਲ ਰਿਹਾ ਹੈ, ਤੇ ਇਹ ਹੁਣ ਵੀ ਗੈਰ-ਹਾਜ਼ਿਰ ਨਹੀਂ ਰਿਹਾ। ਇਸ ਵਾਰ ਗੋਪਾਲ ਸਿੰਘ ਚਾਵਲਾ ਨਾਂ ਦੇ ਸ਼ਖਸ ਦੀਆਂ ਤਸਵੀਰਾਂ ਦੇ ਹਵਾਲੇ ਨਾਲ ਦਾਅਵੇ ਕੀਤੇ ਗਏ ਹਨ ਕਿ ਉਹ ਖਾਲਿਸਤਾਨੀ ਹਨ ਅਤੇ ਉਨ੍ਹਾਂ ਦੀ ਸਮਾਗਮ ਮੌਕੇ ਹਾਜ਼ਰੀ ਪਾਕਿਸਤਾਨੀ ਹਕੂਮਤ ਤੇ ਫੌਜ ਦੇ ਭਾਰਤ ਵਿਰੋਧੀ ਖਾਸੇ ਦਾ ਪ੍ਰਗਟਾਵਾ ਕਰਦੀ ਹੈ।

### ਕੌਣ ਹੈ ਗੋਪਾਲ ਚਾਵਲਾ?

ਇਸ ਮੌਕੇ ਇਹ ਸੁਆਲ ਅਹਿਮ ਬਣ ਜਾਂਦੇ ਹਨ ਕਿ ਗੋਪਾਲ ਸਿੰਘ ਚਾਵਲਾ ਕੌਣ ਹਨ ਅਤੇ ਉਨ੍ਹਾਂ ਦੀ ਨੀਂਹ ਪੱਥਰ ਰੱਖਣ ਵਾਲੇ ਸਮਾਗਮ ਵਿਚ ਸ਼ਿਰਕਤ ਦੇ ਕੀ ਮਾਅਨੇ ਹਨ? ਉਨ੍ਹਾਂ ਦੇ ਫੇਸਬੁੱਕ ਖਾਤੇ ਮੁਤਾਬਕ ਉਹ ਨਨਕਾਣਾ ਸਾਹਿਬ ਦੇ ਵਾਸੀ ਹਨ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਹਨ। ਭਾਰਤੀ ਮੀਡੀਆ ਵਿਚ ਗੋਪਾਲ ਸਿੰਘ ਚਾਵਲਾ ਨਾਲ ਪਾਕਿਸਤਾਨ ਦੇ ਫੌਜ ਮੁਖੀ ਕਮਰ ਜਾਵੇਦ ਬਾਜਵਾ ਨਾਲ ਫੋਟੋ ਆਈ ਤਾਂ ਇਸ ਉਤੇ ਮਣਾਂਮੂੰਹੀ ਚਰਚਾ ਮੀਡੀਆ ਵਿਚ ਹੋਈ। ਸਾਮਨਾ ਟੈਲੀਵਿਜ਼ਨ ਉਤੇ ਚਰਚਾ ਵਿਚ ਸ਼ਿਰਕਤ ਕਰਦਿਆਂ ਗੋਪਾਲ ਸਿੰਘ ਚਾਵਲਾ ਨੇ ਕਿਹਾ ਹੈ, "ਮੈਂ ਆਪਣੇ ਮੁਲਕ ਦੇ ਫੌਜ ਮੁਖੀ ਨਾਲ ਮਿਲਿਆ ਹਾਂ, ਮੈਂ ਕਿਸੇ ਇਸਰਾਇਲ ਜਾਂ ਇੰਡੀਆ ਦੇ ਫੌਜੀ ਨੂੰ ਤਾਂ ਨਹੀਂ ਮਿਲਿਆ। ਕਮਰ ਜਾਵੇਦ ਬਾਜਵਾ ਸਾਡੇ ਦਿਲਾਂ ਵਿਚ ਰਹਿੰਦੇ ਹਨ, ਕਿਉਂਕਿ ਸਿੱਖ ਕੌਮ ਦਾ ਪਾਕਿਸਤਾਨ ਨਾਲ ਰਿਸ਼ਤਾ ਉਸੇ ਤਰ੍ਹਾਂ ਹੈ ਜਿਵੇਂ (ਮੁਸਲਮਾਨ) ਤੁਹਾਡਾ ਸਾਉਦੀ ਅਰਬ ਨਾਲ ਹੈ। ਜੇ ਪਾਕਿਸਤਾਨ ਤਰੱਕੀ ਕਰਦਾ ਹੈ ਤਾਂ ਸਿੱਖ ਕੌਮ ਤਰੱਕੀ ਕਰਦੀ ਹੈ...।"



*ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਗੋਪਾਲ ਸਿੰਘ ਚਾਵਲਾ।*

ਉਹ ਸਿੱਖ ਅਤੇ ਮੁਸਲਮਾਨ ਦੇ ਰਿਸ਼ਤੇ ਬਾਬਤ ਗੁਰੂ ਨਾਨਕ ਦੇ ਹਵਾਲੇ ਨਾਲ ਕਹਿੰਦੇ ਹਨ, "ਗੁਰੂ ਨਾਨਕ ਦੀ ਪੈਦਾਇਸ਼ ਮਾਈ ਦੌਲਤਾਂ ਦੇ ਹੱਥਾਂ ਵਿਚ ਹੋਈ। ਗੁਰੂ ਸਾਹਿਬ ਦੀ ਰੂਹਾਨੀਅਤ ਨੂੰ ਸਭ ਤੋਂ ਪਹਿਲਾਂ ਤਸਲੀਮ ਕਰਨ ਵਾਲੇ ਰਾਏ ਬੁਲਾਰ ਭੱਟੀ ਸਨ। ਉਨ੍ਹਾਂ ਦੇ ਸਭ ਤੋਂ ਕਰੀਬੀ ਸਾਥੀ ਮਰਦਾਨਾ ਸਨ। ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਦੀ ਨੀਂਹ ਪੱਥਰ ਹਜ਼ਰਤ ਮੀਆਂ ਮੀਰ ਨੇ ਰੱਖਿਆ। ਗੁਰੂ ਗੋਬਿੰਦ ਸਿੰਘ ਦਾ ਸਭ ਤੋਂ ਕਰੀਬੀ ਸਾਥੀ ਬੁੱਧੂ ਸ਼ਾਹ ਸੀ। ਗੁਰੂ ਗ੍ਰੰਥ ਸਾਹਿਬ, ਜਿਸ ਦੇ ਅੱਗੇ ਅਸੀਂ ਸਿਰ ਝੁਕਾਉਂਦੇ ਹਾਂ, ਵਿਚ 103 ਥਾਂਈਂ ਬਾਬਾ ਫਰੀਦ ਦਾ ਜ਼ਿਕਰ ਆਉਂਦਾ ਹੈ।"

### ਸਿੱਖ ਤੇ ਮੁਸਲਮਾਨ ਭੈਣ-ਭਰਾਵਾਂ ਦਾ ਮੇਲ

ਚਾਵਲਾ ਦੀ ਪਛਾਣ ਦਾ ਦੂਜਾ ਪੱਖ 'ਪੰਜਾਬੀ ਸਿੱਖ ਸੰਗਤ' ਨਾਂ ਦੀ ਤਨਜ਼ੀਮ ਦਾ ਚੇਅਰਮੈਨ ਹੋਣਾ ਹੈ, ਜਿਸ ਦੇ ਫੇਸਬੁੱਕ ਪੰਨੇ ਦੇ 54,000 ਤੋਂ ਵੱਧ ਫਾਲੋਅਰ ਹਨ। ਇਸ ਤਨਜ਼ੀਮ ਨਾਲ ਜੁੜੀਆਂ ਖਬਰਾਂ ਗੋਪਾਲ ਸਿੰਘ ਨੇ ਫੇਸਬੁੱਕ 'ਤੇ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਦੀ ਆਖਰੀ ਖਬਰ ਤਿੰਨ ਭੈਣ-ਭਰਾਵਾਂ ਦਾ 70 ਸਾਲ ਪਿਛੋਂ ਨਨਕਾਣਾ ਸਾਹਿਬ ਵਿਚ ਮੇਲ ਹੋਣਾ ਹੈ। ਇਹ ਖਬਰ ਪਿਛਲੇ ਤਿੰਨ ਦਿਨਾਂ ਵਿਚ ਭਾਰਤ-ਪਾਕਿਸਤਾਨ ਦੇ ਕਰੀਬ ਹਰ ਮੀਡੀਆ ਅਦਾਰੇ ਨੇ ਕਿਸੇ ਨਾ ਕਿਸੇ ਰੂਪ ਵਿਚ ਨਸ਼ਰ ਕੀਤੀ ਹੈ। ਨਨਕਾਣਾ ਸਾਹਿਬ ਵਿਚ ਤਿੰਨ ਭੈਣ-ਭਰਾਵਾਂ ਦੀ ਮਿਲਣੀ ਵੇਲੇ ਗੋਪਾਲ ਸਿੰਘ ਚਾਵਲਾ ਹਾਜ਼ਿਰ ਸਨ।

ਉਹ ਕਹਿ ਰਹੇ ਸਨ, "ਇਹ ਦੋਵੇਂ ਭੈਣਾਂ ਮੁਸਲਮਾਨ ਅਤੇ ਇਹ ਭਰਾ ਸਿੱਖ ਹੈ ਤੇ ਇਨ੍ਹਾਂ ਦੀ ਮੁਲਾਕਾਤ 70 ਸਾਲਾਂ ਬਾਅਦ ਹੋਈ ਹੈ। ਪੰਜਾਬੀ ਸਿੱਖ ਸੰਗਤ ਨੇ ਉਪਰਾਲਾ ਕੀਤਾ ਸੀ ਅਤੇ ਅਸੀਂ ਇਹ ਐਲਾਨ ਕਰਵਾਏ ਸਨ ਕਿ ਜੇ ਕਿਸੇ ਦਾ ਭੈਣ-ਭਰਾ ਪਾਕਿਸਤਾਨ ਦੇ ਕਿਸੇ ਹਿੱਸੇ ਵਿਚ ਵੀ ਰਹਿ ਗਿਆ ਹੈ ਤਾਂ ਸਾਡੇ ਨਾਲ ਰਾਬਤਾ ਕਾਇਮ ਕਰੋ।" ਉਹ ਦਾਅਵਾ ਕਰ ਰਹੇ ਹਨ ਕਿ ਉਹ ਪਾਕਿਸਤਾਨ ਵਿਚ ਵਿਛੜੇ ਭੈਣ-ਭਰਾਵਾਂ ਦੇ ਮੇਲ ਲਈ ਪੰਜਾਬੀ ਸਿੱਖ ਸੰਗਤ ਰਾਹੀਂ ਹਰ ਉਪਰਾਲਾ ਕਰਨਗੇ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਗਾਤਾਰ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਵਕਾਲਤ ਕੀਤੀ ਹੈ ਅਤੇ ਇਸ ਸਮਾਗਮ ਵਿਚ ਉਨ੍ਹਾਂ ਦੀ ਭਾਈਵਾਲੀ ਸੁਭਾਵਿਕ ਹੈ। ਡੇਰਾ ਬਾਬਾ ਨਾਨਕ ਵਿਚ ਨੀਂਹ ਪੱਥਰ ਰੱਖਣ ਵਾਲੇ ਸਮਾਗਮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸ਼ਾਮਿਲ ਹੋਏ ਸਨ। ਇਉਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਮਰੁਤਬਾ ਇਕ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਮਰੁਤਬਾ ਤਨਜ਼ੀਮ ਹੈ ਅਤੇ ਦੂਜੇ ਪਾਸੇ ਕਰਤਾਰਪੁਰ ਸਾਹਿਬ ਵਿਚ ਗੁਰਦੁਆਰੇ ਦੀ ਇੰਤਜ਼ਾਮੀਆ ਹੈ। ਇਸ ਲਿਹਾਜ਼ ਉਹ ਸਮੁੱਚੇ ਸਮਾਗਮ ਦਾ ਮੇਜ਼ਬਾਨ ਸੀ ਅਤੇ ਗੋਪਾਲ ਸਿੰਘ ਚਾਵਲਾ ਇਸ ਦੇ ਨੁਮਾਇੰਦੇ ਸਨ।

### ਸਿੱਧੂ ਨੂੰ ਕਿਵੇਂ ਮਿਲੇ ਗੋਪਾਲ ਚਾਵਲਾ

ਉਹ ਨਵਜੋਤ ਸਿੰਘ ਸਿੱਧੂ ਨਾਲ ਮੁਲਾਕਾਤ ਬਾਬਤ ਦੱਸਦੇ ਹਨ, "ਮੈਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਅਤੇ ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਵਜੋਂ ਆਪਣੇ ਮੁਲਕ ਵਿਚ ਆਏ ਨਵਜੋਤ ਸਿੰਘ ਸਿੱਧੂ ਦੇ ਸੁਆਗਤ ਲਈ ਗਿਆ ਸਾਂ ਅਤੇ ਉਥੇ ਫੋਟੋ ਖਿਚਵਾਈ ਸੀ। ਇਸੇ ਨਾਤੇ ਮੇਰੀਆਂ ਬਾਕੀ ਮਹਿਮਾਨਾਂ ਨਾਲ ਵੀ ਫੋਟੋਆਂ ਖਿੱਚ ਹੋਈਆਂ।" ਉਨ੍ਹਾਂ ਦੀ ਫੇਸਬੁੱਕ ਉਤੇ ਹੀ ਪਾਕਿਸਤਾਨੀ ਟੈਲੀਵਿਜ਼ਨ ਪੀ. ਟੀ. ਵੀ. ਦੀ 54ਵੀਂ ਵਰੇਗੰਢ ਮੌਕੇ ਨਨਕਾਣਾ ਸਾਹਿਬ ਵਿਚ ਹੋਏ ਸਮਾਗਮ ਦੀ ਰਪਟ ਹੈ, ਜਿਸ ਵਿਚ ਗੋਪਾਲ ਸਿੰਘ ਚਾਵਲਾ ਨੇ ਮਜਹਬੀ ਘੱਟ ਗਿਣਤੀਆਂ ਦੇ ਨੁਮਾਇੰਦਿਆਂ ਨਾਲ ਸਿੱਖ ਬਰਾਬਰੀ ਦੇ ਨੁਮਾਇੰਦੇ ਵਜੋਂ ਸ਼ਿਰਕਤ ਕੀਤੀ ਸੀ।

ਇਕ ਵੀਡੀਓ ਵਿਚ ਉਹ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਬੋਲ ਰਹੇ ਹਨ ਕਿ



*ਗੋਪਾਲ ਸਿੰਘ ਚਾਵਲਾ*

ਪਾਕਿਸਤਾਨ ਵਿਚ ਸਿੱਖਾਂ ਦੀ ਮੁਕੱਦਸ ਥਾਂ ਉਤੇ ਦਮਦਮੀ ਟਕਸਾਲ ਤੋਂ ਲੈ ਕੇ 2020-ਰਾਇਸ਼ੁਮਾਰੀ (ਰੈਫਰੈਂਡਮ) ਵਾਲੇ ਆਪਣੇ ਬੈਨਰ ਲਾ ਸਕਦੇ ਹਨ, ਕਿਉਂਕਿ ਇਸ ਥਾਂ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ। ਉਨ੍ਹਾਂ ਦਾ ਦਾਅਵਾ ਹੈ, "ਗੁਰਸਿੱਖਾਂ ਨੂੰ ਜਿੰਨੀ ਆਜ਼ਾਦੀ ਪਾਕਿਸਤਾਨ ਵਿਚ ਹੈ, ਉਹ ਦੁਨੀਆਂ ਵਿਚ ਹੋਰ ਕਿਤੇ ਨਹੀਂ ਹੈ। ਜੇ ਹਿੰਦੋਸਤਾਨ ਨੇ ਇਸੇ ਮਾਮਲੇ ਵਿਚ ਸਾਡੇ ਨਾਲ ਜ਼ਿੱਦ ਕਰਨੀ ਹੈ ਤਾਂ ਇਸੇ ਤਰ੍ਹਾਂ ਦੀ ਆਜ਼ਾਦੀ ਸਿੱਖਾਂ ਨੂੰ ਉਥੇ ਦੇ ਦੇਵੇ।"

ਇਸ ਪਿਛੋਂ ਉਹ ਕੁਝ ਚੋਣਵੀਆਂ ਘਟਨਾਵਾਂ ਦੇ ਹਵਾਲੇ ਨਾਲ ਭਾਰਤ ਵਿਚ ਸਿੱਖਾਂ ਖਿਲਾਫ ਹੁੰਦੇ ਜ਼ੁਲਮ ਦੀ ਗੱਲ ਕਰਦਿਆਂ ਸਾਰੇ ਮਸਲਿਆਂ ਦੇ ਹੱਲ ਵਜੋਂ ਆਜ਼ਾਦ ਖਾਲਿਸਤਾਨ ਦੀ ਮੰਗ ਕਰਦਾ ਹੈ। ਉਹ 2020-ਰਾਇਸ਼ੁਮਾਰੀ ਦੀ ਹਮਾਇਤ ਕਰਦਿਆਂ ਲੋੜ ਪੈਣ ਉਤੇ 'ਸਿਰ ਵਾਰਨ' ਦਾ ਵਾਅਦਾ ਕਰਦਾ ਹੈ। ਉਹ ਅਕਾਲ ਤਖਤ ਨੂੰ ਯਰਗਮਾਲ (ਬੰਦੀ) ਬਣਾ ਲਏ ਜਾਣ ਦੀ ਬਾਤ ਪਾਉਂਦਿਆਂ ਸਿੱਖ ਮਸਲਿਆਂ ਵਿਚ ਆਰ. ਐਸ. ਐਸ. ਅਤੇ ਰਾਅ (ਆਰ. ਏ. ਡਬਲਿਊ.-ਰਿਸਰਚ ਐਂਡ ਅਨੈਲੇਸਿਸ ਵਿੰਗ) ਦੇ ਦਖਲ ਬਾਰੇ ਗੱਲ ਕਰਦਾ ਹੈ। ਤਕਰੀਰ ਦੇ ਅੰਤ ਵਿਚ ਉਹ ਅਕਾਲ ਤਖਤ ਦਾ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਮੰਨਣ ਦਾ ਮਤਾ ਪਾਸ ਕਰਵਾਉਂਦਾ ਹੈ ਅਤੇ ਖਾਲਿਸਤਾਨ ਦੇ ਨਾਅਰੇ ਲਵਾਉਂਦਾ ਹੈ। ਇਹ ਵੀਡੀਓ 25 ਨਵੰਬਰ ਨੂੰ ਪੋਸਟ ਕੀਤਾ ਗਿਆ ਹੈ।

ਇਕ ਦਿਨ ਪਹਿਲਾਂ ਇਸੇ ਮੰਚ ਤੋਂ ਪਾਕਿਸਤਾਨ ਦੇ ਮਜਹਬੀ ਮਾਮਲਿਆਂ ਦੇ ਕੇਂਦਰੀ ਮੰਤਰੀ ਪੀਰ ਨੂਰ ਹੱਕ ਕਾਦਰੀ ਤਕਰੀਰ ਕਰ ਕੇ ਗਏ ਸਨ ਅਤੇ ਗੋਪਾਲ ਸਿੰਘ ਚਾਵਲਾ ਉਨ੍ਹਾਂ ਦੇ ਪਿੱਛੇ ਖੜ੍ਹੇ ਹਨ। ਫੇਸਬੁੱਕ ਉਤੇ ਸਾਂਝੇ ਕੀਤੇ ਗਏ ਵੀਡੀਓ ਵਿਚ ਜਨਾਬ ਕਾਦਰੀ ਨੇ ਗੁਰੂ ਨਾਨਕ ਦਾ 550ਵਾਂ ਜਨਮ ਸਾਲ ਪਾਕਿਸਤਾਨ ਵਿਚ ਸ਼ਾਨ-ਓ-ਸ਼ੌਕਤ ਨਾਲ ਮਨਾਉਣ ਦਾ ਐਲਾਨ ਕੀਤਾ ਸੀ।

ਭਾਰਤੀ ਸੁਪਰੀਮ ਕੋਰਟ ਨੇ ਪਹਿਲੀ ਮਾਰਚ 1995 ਨੂੰ ਬਲਵੰਤ ਸਿੰਘ ਅਤੇ ਹੋਰ ਬਨਾਮ ਪੰਜਾਬ ਵਾਲੇ ਕੇਸ ਵਿਚ ਫੈਸਲਾ ਸੁਣਾਇਆ ਸੀ ਕਿ ਜੇ ਨਫਰਤ ਜਾਂ ਹਿੰਸਾ ਫੈਲਾਉਣ ਦਾ ਮਾਮਲਾ ਨਾ ਹੋਵੇ ਤਾਂ ਨਾਅਰੇਬਾਜ਼ੀ ਕਾਰਨ ਦੇਸ਼ਧ੍ਰੋਹ (ਧਾਰਾ 124 ਏ) ਦਾ ਕੇਸ ਦਰਜ ਨਹੀਂ ਕੀਤਾ ਜਾ ਸਕਦਾ। ਇਸ ਕੇਸ ਵਿਚ ਮੁਲਜ਼ਮਾਂ ਖਿਲਾਫ 'ਖਾਲਿਸਤਾਨ ਜ਼ਿੰਦਾਬਾਦ' ਅਤੇ 'ਰਾਜ ਕਰੇਗਾ ਖਾਲਸਾ' ਦੇ ਨਾਅਰੇ ਲਾਉਣ ਦਾ ਦੋਸ਼ ਸੀ।

### ਗੋਪਾਲ ਚਾਵਲਾ ਕਿਥੋਂ ਦੇ ਵਾਸੀ ਹਨ?

ਗੋਪਾਲ ਚਾਵਲਾ ਦੇ ਪੁਰਖੇ ਸਰਹੱਦੀ ਸੂਬੇ (ਖੈਬਰ ਪਖਤੂਨਖਵਾ) ਦੇ ਰਹਿਣ ਵਾਲੇ ਸਨ, ਜਿਥੇ ਉਨ੍ਹਾਂ ਦਾ ਪਿੰਡ ਤੋਰਾਬੜੀ ਜ਼ਿਲਾ ਕੁਹਾਟ ਤੇ ਤਹਿਸੀਲ ਹੰਗੂ ਵਿਚ ਪੈਂਦਾ ਹੈ। ਉਨ੍ਹਾਂ ਦੇ ਬਹੁਤੇ ਰਿਸ਼ਤੇਦਾਰ 1947 ਦੀ ਵੰਡ ਸਮੇਂ ਹਿਜਰਤ ਕਰ ਕੇ ਭਾਰਤ ਆ ਗਏ ਸਨ ਪਰ ਉਨ੍ਹਾਂ ਦੇ ਦਾਦਾ ਸੰਤ ਸਿੰਘ ਪਾਕਿਸਤਾਨ ਹੀ ਰਹਿ ਪਏ ਸਨ।

ਪਾਕਿਸਤਾਨ ਵਿਚ ਸਿੱਖਾਂ ਦੀ ਆਬਾਦੀ ਕਰੀਬ 20 ਹਜ਼ਾਰ ਹੈ, ਜੋ ਮੁਲਕ ਦੀ ਆਬਾਦੀ ਦੀ ਕਰੀਬ 20 ਕਰੋੜ ਆਬਾਦੀ ਦਾ ਕੋਈ ਦਸ ਹਜ਼ਾਰਵਾਂ ਹਿੱਸਾ ਹੈ। ਇਸ ਨਿਗੂਣੀ ਗਿਣਤੀ ਦੀ ਬਰਾਦਰੀ ਦੀ ਪਾਕਿਸਤਾਨ ਵਿਚ ਹੈਸੀਅਤ ਦਾ ਅੰਦਾਜ਼ਾ ਲਾਉਣ ਲਈ ਕਿਸੇ ਵਿਦਵਤਾ ਦੀ ਲੋੜ ਨਹੀਂ। ਸੰਨ 1971 ਵਿਚ ਗੋਪਾਲ ਚਾਵਲਾ ਦਾ ਨਾਨਕਾ ਪਰਿਵਾਰ ਖੈਬਰ ਪਖਤੂਨਖਵਾ ਤੋਂ ਆ ਕੇ ਨਨਕਾਣਾ ਸਾਹਿਬ ਵਸਿਆ। ਉਸ ਦਾ ਜਨਮ ਖੈਬਰ ਪਖਤੂਨਖਵਾ ਵਿਚ ਹੋਇਆ ਸੀ ਪਰ ਉਨ੍ਹਾਂ ਦਾ ਪਰਿਵਾਰ ਬਾਅਦ ਵਿਚ ਨਨਕਾਣਾ ਸਾਹਿਬ ਵਸ ਗਿਆ। ਉਨ੍ਹਾਂ ਦੇ ਦੱਸਣ ਮੁਤਾਬਕ ਇਸ ਵੇਲੇ ਨਨਕਾਣਾ ਸਾਹਿਬ ਵਿਚ 250 ਤੋਂ ਵੱਧ ਸਿੱਖ ਪਰਿਵਾਰ ਹਨ।

ਗੋਪਾਲ ਦੀ ਦਸਵੀਂ ਤੱਕ ਪੜ੍ਹਾਈ ਖੈਬਰ ਪਖਤੂਨਖਵਾ ਦੇ ਆਪਣੇ ਪਿੰਡ ਵਿਚ ਹੋਈ ਅਤੇ ਹੋਮਿਓਪੈਥਿਕ ਡਾਕਟਰੀ ਦੀ ਚਾਰ ਸਾਲਾ ਪੜ੍ਹਾਈ ਉਨ੍ਹਾਂ ਨੇ ਫੈਸਲਾਬਾਦ (ਪੁਰਾਣਾ ਲਾਇਲਪੁਰ) ਤੋਂ ਕੀਤੀ। ਉਹ ਹੁਣ ਪੇਸ਼ੇ ਵਜੋਂ ਡਾਕਟਰ ਹਨ ਅਤੇ ਉਨ੍ਹਾਂ ਦੇ ਤਿੰਨ ਬੱਚੇ ਹਨ। ਇਕ ਉਰਦੂ ਹਫਤਾਵਾਰੀ ਰਸਾਲੇ ਵਿਚ ਗੋਪਾਲ ਸਿੰਘ ਚਾਵਲਾ ਨਾਲ ਖਸੂਸੀ ਮੁਲਾਕਾਤ 10-16 ਨਵੰਬਰ 2013 ਦੇ ਅੰਕ ਵਿਚ ਛਪੀ ਸੀ, ਜੋ 24 ਨਵੰਬਰ 2018 ਨੂੰ ਯਾਦ



*ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨਾਲ ਗੋਪਾਲ ਸਿੰਘ ਚਾਵਲਾ।*

ਵਜੋਂ ਫੇਸਬੁੱਕ ਉਤੇ ਸਾਂਝੀ ਕੀਤੀ ਗਈ ਹੈ। ਇਰਸ਼ਾਦ ਅਹਿਮਦ ਇਰਸ਼ਾਦ ਨਾਂ ਦੇ ਮੁਲਾਕਾਤੀ ਨੇ ਇਸ ਮੁਲਾਕਾਤ ਦਾ ਸਿਰਲੇਖ ਲਿਖਿਆ ਹੈ, "ਪਾਕਿਸਤਾਨ ਗੁਰੂ ਨਾਨਕ ਕੀ ਧਰਤੀ ਹੈ, ਇਸ ਕੀ ਹਿਫਾਜ਼ਤ ਔਰ ਮੁਹੱਬਤ ਹਮਾਰੇ ਮਜਹਬ ਕਾ ਹਿੱਸਾ ਹੈ। ਯਕੀਨ ਕਾਮਿਲ ਹੈ, ਖਾਲਿਸਤਾਨ ਕਾਇਮ ਔਰ ਮਕਬੂਜ਼ਾ ਜੰਮੂ ਕਸ਼ਮੀਰ ਜ਼ਰੂਰ ਆਜ਼ਾਦ ਹੋਗਾ। ਮੋਦੀ ਕਾ ਜ਼ੁਲਮ ਆਜ਼ਾਦੀ ਕੀ ਜਾਰੀ ਤਹਿਰੀਕੋਂ ਕੋ ਮਜ਼ਬੂਤ ਔਰ ਨਈਂ ਤਹਿਰੀਕੋਂ ਕੋ ਜਨਮ ਦੇ ਰਹਾ ਹੈ।"

ਗੋਪਾਲ ਸਿੰਘ ਚਾਵਲਾ ਮੁਤਾਬਕ ਉਨ੍ਹਾਂ ਨੇ 'ਗੁਰੂ ਨਾਨਕ ਮਿਸ਼ਨ' ਅਤੇ 'ਗੁਰੂ ਗ੍ਰੰਥ ਸਾਹਿਬ ਸੇਵਾ ਜਥਾ' ਨਾਂ ਦੀਆਂ ਗੈਰ-ਸਰਕਾਰੀ ਜਥੇਬੰਦੀਆਂ ਬਣਾਉਣ ਪਿਛੋਂ 'ਪੰਜਾਬੀ ਸਿੱਖ ਸੰਗਤ' ਬਣਾਈ, ਜਿਸ ਦਾ ਕੰਮ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਤੋਂ ਰੋਜ਼ਾਨਾ ਹੁਕਮਨਾਮਾ ਵੈਬਸਾਇਟ 'ਤੇ ਪਾਉਣਾ ਹੈ ਅਤੇ ਅਹਿਮ ਸਮਾਗਮ ਸਿੱਧੇ ਨਸ਼ਰ ਕਰਨਾ ਹੈ। ਉਹ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਨੂੰ ਐਂਬੂਲੈਂਸ ਅਤੇ ਵੀਲ੍ਹ ਚੇਅਰ ਦੀ ਸੇਵਾ ਮੁਹੱਈਆ ਕਰਦੀ ਹੈ। ਇਹ ਤਨਜੀਮ 1947 ਦੇ ਵਿਛੜੇ ਪਰਿਵਾਰਾਂ ਨੂੰ ਮਿਲਾਉਣ ਦਾ ਉਪਰਾਲਾ ਕਰਦੀ ਹੈ।

### 'ਹੁਣ ਤਾਂ ਖਾਲਿਸਤਾਨ ਉਸੇ ਪਾਸੇ ਬਣੇਗਾ'

ਖਾਲਿਸਤਾਨ ਦੇ ਨਕਸ਼ੇ ਬਾਬਤ ਪੁੱਛੇ ਗਏ ਸੁਆਲ ਦੇ ਜੁਆਬ ਵਿਚ ਗੋਪਾਲ ਕਹਿੰਦੇ ਹਨ, "ਸਾਨੂੰ ਪਹਿਲਾਂ ਸਾਰਾ ਪੰਜਾਬ ਲੈਣਾ ਚਾਹੀਦਾ ਸੀ ਪਰ 1947 ਵਿਚ ਅਸੀਂ ਪਾਕਿਸਤਾਨ ਵਾਲੇ ਇਲਾਕੇ ਦਾ ਨੁਕਸਾਨ ਤਾਂ ਕਰ ਲਿਆ। ਹੁਣ ਪਾਕਿਸਤਾਨ ਵਾਲੇ ਪਾਸੇ ਤੋਂ ਸਾਨੂੰ ਕੋਈ ਮੁਸ਼ਕਿਲ ਨਹੀਂ। ਅਸੀਂ ਕਾਇਦ-ਏ-ਆਜ਼ਮ ਦੀ ਗੱਲ ਨਹੀਂ ਮੰਨੀ ਅਤੇ ਹੁਣ ਤਾਂ ਖਾਲਿਸਤਾਨ ਉਸੇ ਪਾਸੇ ਬਣੇਗਾ।" ਉਹ ਪਾਕਿਸਤਾਨ ਵਿਚ ਗੁਰਧਾਮਾਂ ਦੇ ਹਵਾਲੇ ਨਾਲ ਪੰਜਾਬ 'ਤੇ ਆਪਣਾ ਦਾਅਵਾ ਮੰਨਦਾ ਹਨ ਪਰ ਖਾਲਿਸਤਾਨ ਬਣਨ ਕਾਰਨ ਉਹ ਪਾਕਿਸਤਾਨ ਵਾਲੀ ਸਰਹੱਦ ਖਤਮ ਕਰਨ ਦਾ ਮਨਸੂਬਾ ਪੇਸ਼ ਕਰਦੇ ਹਨ।

ਉਨ੍ਹਾਂ ਮੁਤਾਬਕ ਖਾਲਿਸਤਾਨ ਅਤੇ ਪਾਕਿਸਤਾਨ ਇਕੋ ਮੁਲਕ ਹੋਵੇਗਾ। ਉਹ ਸਿੱਖ-ਮੁਸਲਮਾਨ ਦੀ ਸਾਂਝ ਦੇ ਕਈ ਹਵਾਲੇ ਦਿੰਦੇ ਹਨ। ਜਦੋਂ ਉਨ੍ਹਾਂ ਨੂੰ ਇਹੋ ਜਿਹੇ ਹਵਾਲਿਆਂ ਨਾਲ ਹਿੰਦੂ-ਸਿੱਖ ਦੀ ਸਾਂਝ ਬਾਬਤ ਪੁੱਛਿਆ ਗਿਆ ਤਾਂ ਜੁਆਬ ਸੀ, "ਹਿੰਦੂ ਵੀ ਸਾਡੇ ਭਰਾ ਹਨ ਪਰ ਅਸੀਂ ਹਿੰਦੂ ਨਹੀਂ ਹਾਂ। ਜਿਵੇਂ ਮੁਸਲਮਾਨ ਸਾਡੇ ਭਰਾ ਹਨ ਪਰ ਅਸੀਂ ਮੁਸਲਮਾਨ ਨਹੀਂ ਹਾਂ।" ਉਹ ਪਾਕਿਸਤਾਨ ਦੀ ਖੁਸ਼ੀ ਵਿਚ ਖਾਲਸਾ ਪੰਥ ਅਤੇ ਗੁਰੂ ਨਾਨਕ ਦੇ ਅਸਥਾਨਾਂ ਦੀ ਖੁਸ਼ੀ ਵੇਖਦੇ ਹਨ। ਉਨ੍ਹਾਂ ਦੀ ਆਖਰੀ ਦਲੀਲ ਹੈ ਕਿ ਜੇ ਮੁਸਲਮਾਨਾਂ, ਈਸਾਈਆਂ, ਹਿੰਦੂਆਂ ਅਤੇ ਯਹੂਦੀਆਂ ਦੇ ਮੁਲਕ ਹਨ ਤਾਂ ਸਿੱਖਾਂ ਦਾ ਵੀ ਮੁਲਕ ਹੋਣਾ ਚਾਹੀਦਾ ਹੈ।

### ਹਾਫਿਜ਼ ਸਈਦ ਨਾਲ ਕੀ ਹੈ ਰਿਸ਼ਤਾ?

ਗੋਪਾਲ ਸਿੰਘ ਚਾਵਲਾ ਹਾਫਿਜ਼ ਸਈਦ ਨਾਲ ਆਪਣੇ ਰਿਸ਼ਤਿਆਂ ਬਾਬਤ ਸੁਆਲ ਦਾ ਜੁਆਬ ਇਉਂ ਦਿੰਦੇ ਹਨ, "ਪਾਕਿਸਤਾਨ ਵਿਚ ਉਨ੍ਹਾਂ ਨੂੰ ਹਾਫਿਜ਼ ਸਈਦ ਸਾਹਿਬ ਕਹਿੰਦੇ ਹਨ। ਉਹ ਪਾਕਿਸਤਾਨ ਦੇ ਸ਼ਹਿਰੀ ਹਨ ਅਤੇ ਉਨ੍ਹਾਂ ਦੀ ਤਨਜ਼ੀਮ ਫਲਾਇ-ਇਨਸਾਨੀਅਤ ਸਾਰੇ ਪਾਕਿਸਤਾਨ ਵਿਚ ਐਂਬੂਲੈਂਸ ਦੀ ਸਹੂਲਤ ਦਿੰਦੀ ਹੈ। ਪਾਕਿਸਤਾਨ ਦੇ ਸਿੰਧ ਸੂਬੇ ਵਿਚ ਥਾਰ ਦਾ ਇਲਾਕਾ ਹੈ ਜਿਥੇ ਹਿੰਦੂ ਆਬਾਦੀ ਹੈ ਅਤੇ ਉਥੇ ਹਾਫਿਜ਼ ਸਈਦ ਨੇ ਹਰ ਪਿੰਡ ਵਿਚ ਖੂਹ ਲਵਾਇਆ ਹੈ। ਉਥੇ ਦੇ ਹਿੰਦੂ ਉਸ ਨੂੰ ਆਪਣਾ ਦੇਵਤਾ ਮੰਨਦੇ ਹਨ।" ਉਹ ਅੱਗੇ ਦੱਸਦੇ ਹਨ ਕਿ ਪਾਕਿਸਤਾਨ ਵਿਚ ਮਨੁੱਖੀ ਹਕੂਕ ਦੇ ਹਰ ਸਮਾਗਮ ਵਿਚ ਮੁਸਲਮਾਨਾਂ ਦੇ ਚਾਰ ਫਿਰਕਿਆਂ ਦੇ ਨੁਮਾਇੰਦੇ ਆਉਂਦੇ ਹਨ। ਇਸ ਤੋਂ ਇਲਾਵਾ ਸਿੱਖਾਂ, ਹਿੰਦੂਆਂ ਅਤੇ ਈਸਾਈਆਂ ਦੇ ਨੁਮਾਇੰਦੇ ਆਉਂਦੇ ਹਨ। ਇਨ੍ਹਾਂ ਸਮਾਗਮਾਂ ਵਿਚ ਸਿੱਖ ਬਰਾਦਰੀ ਦੀ ਨੁਮਾਇੰਦਗੀ ਗੋਪਾਲ ਸਿੰਘ ਚਾਵਲਾ ਕਰਦੇ ਹਨ।

ਉਹ ਮੋੜਵੇਂ ਸੁਆਲ ਕਰਦੇ ਹਨ, "ਇਹ ਮੇਰਾ ਮੁਲਕ ਹੈ ਅਤੇ ਹਾਫਿਜ਼ ਸਈਦ ਇਸ ਮੁਲਕ ਦਾ ਸ਼ਹਿਰੀ ਹੈ। ਮੈਂ ਉਨ੍ਹਾਂ ਨਾਲ ਮੰਚ ਉਤੇ ਬੈਠਣ ਤੋਂ ਕਿਵੇਂ ਇਨਕਾਰ ਕਰ ਦਿਆਂ? ਮੈਂ ਉਨ੍ਹਾਂ ਨਾਲ ਹੱਥ ਮਿਲਾਉਣ ਤੋਂ ਇਨਕਾਰ ਕਿਵੇਂ ਕਰ ਦਿਆਂ? ਉਹ ਭਾਰਤ ਲਈ ਦਹਿਸ਼ਤਗਰਦ ਹੈ ਪਰ ਸਾਡਾ ਸ਼ਹਿਰੀ ਹੈ। ਉਸ ਨਾਲ ਹੱਥ ਮਿਲਾ ਕੇ ਮੈਂ ਕਿਵੇਂ ਦਹਿਸ਼ਤਗਰਦ ਹੋ ਜਾਂਵਾਗਾ?"

ਗੋਪਾਲ ਚਾਵਲਾ ਪਾਕਿਸਤਾਨ ਦੀ ਖੁਫੀਆ ਏਜੰਸੀ ਨਾਲ ਆਪਣੇ ਰਾਬਤੇ ਬਾਬਤ ਕਹਿੰਦੇ ਹਨ ਕਿ ਉਨ੍ਹਾਂ ਦਾ ਆਈ. ਐਸ. ਆਈ. ਨਾਲ ਕੋਈ ਰਿਸ਼ਤਾ ਨਹੀਂ ਹੈ। ਉਹ ਮਜ਼ਾਕੀਆ ਲਹਿਜ਼ੇ ਵਿਚ ਕਹਿੰਦੇ ਹਨ, "ਮੈਂ ਟੈਲੀਵਿਜ਼ਨ ਉਤੇ ਦੇਖ ਰਿਹਾ ਸੀ ਕਿ ਕਿਸੇ ਨੂੰ ਹਿੰਦੋਸਤਾਨ ਵਿਚ ਸਿਰਦਰਦ ਹੋ ਗਿਆ। ਮੈਂ ਕਿਹਾ ਕਿ ਹੁਣ ਇਹ ਨਾ ਕਹਿ ਦਿੱਤਾ ਜਾਵੇ ਕਿ ਚਾਵਲਾ ਜਾਂ ਆਈ. ਐਸ. ਆਈ. ਦੀ

*(ਅਗਲੇ ਸਫੇ 'ਤੇ ਜਾਰੀ)*

# ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ

ਇਹ ਸ਼ਬਦ ਰਾਗ ਸੋਰਠਿ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨਾ 595 'ਤੇ ਦਰਜ ਹੈ, ਜਿਸ ਵਿਚ ਵੱਖ ਵੱਖ ਕਿੱਤਿਆਂ 'ਚੋਂ ਦ੍ਰਿਸ਼ਟਾਂਤ ਲੈ ਕੇ ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਉਸ ਨੇ ਸੰਸਾਰ 'ਤੇ ਆਪਣਾ ਜੀਵਨ ਸੁਚੱਜਾ ਕਿਵੇਂ ਬਣਾਉਣਾ ਹੈ? ਆਮ ਤੌਰ 'ਤੇ ਮਨੁੱਖ ਦੀ ਰੋਜ਼ੀ-ਰੋਟੀ ਦਾ ਸਾਧਨ ਚਾਰ ਕਿੱਤੇ ਪ੍ਰਮੁਖ ਰਹੇ ਹਨ-ਖੇਤੀ, ਦੁਕਾਨਦਾਰੀ, ਵਪਾਰ ਅਤੇ ਨੌਕਰੀ। ਗੁਰੂ ਨਾਨਕ ਨੇ ਮਨੁੱਖ ਨੂੰ ਕਿਰਤ ਅਰਥਾਤ ਦਸਾਂ-ਨਹੁੰਆਂ ਦੀ ਸੱਚੀ ਤੇ ਸੁੱਚੀ ਕਮਾਈ ਕਰਨ ਨਾਲ ਜੋੜਿਆ ਹੈ ਅਤੇ ਸੁੱਚੀ ਕਿਰਤ ਹੀ ਸੱਚੀ-ਸੁੱਚੀ ਜੀਵਨ ਜਾਚ ਵੱਲ ਪਹਿਲਾ ਕਦਮ ਹੈ। ਗੁਰੂ ਨਾਨਕ ਨੇ ਇਨ੍ਹਾਂ ਚਾਰ ਕਿਸਮ ਦੇ ਰੋਜ਼ੀ-ਰੋਟੀ ਕਮਾਉਣ ਦੇ ਸਾਧਨਾਂ ਦੇ ਪ੍ਰਤੀਕ ਵਰਤ ਕੇ ਇੱਕ ਪਾਸੇ ਮਨੁੱਖ ਨੂੰ



ਡਾ. ਗੁਰਨਾਮ ਕੌਰ, ਕੈਨੇਡਾ

ਇਸ ਦੁਨੀਆਂ 'ਤੇ ਰਹਿੰਦਿਆਂ ਆਪਣਾ ਜੀਵਨ ਅਧਿਆਤਮਕ ਰੂਪ ਵਿਚ ਸੁਚੱਜਾ ਬਣਾਉਣ ਦੇ ਗੁਰ ਸਮਝਾਏ ਹਨ, ਉਥੇ ਨਾਲ ਹੀ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਕਿਰਤ-ਕਮਾਈ ਕਿਹੋ ਜਿਹੀ ਹੋਣੀ ਚਾਹੀਦੀ ਹੈ। ਫਸਲ ਪੈਦਾ ਕਰਨ ਲਈ ਇੱਕ ਪਾਸੇ ਖੇਤ ਦੀ ਲੋੜ ਹੈ ਤਾਂ ਨਾਲ ਹੀ ਉਦਮ ਅਤੇ ਮਿਹਨਤ ਦੀ ਵੀ ਲੋੜ ਹੈ, ਜਿਸ ਨਾਲ ਚੰਗੀ ਤਰ੍ਹਾਂ ਜਮੀਨ ਵਾਹ-ਸੁਆਰ ਕੇ ਫਸਲ ਬੀਜੀ ਜਾਣੀ ਹੈ, ਬਿਜਾਈ ਪਿਛੋਂ ਸੁਹਾਗਾ ਫੇਰਿਆ ਜਾਂਦਾ ਹੈ। ਫਸਲ ਨੂੰ ਪਾਣੀ ਨਾਲ ਸਿੰਜਣ ਦੀ ਵੀ ਲੋੜ ਪੈਂਦੀ ਹੈ, ਜਿਸ ਤੋਂ ਬਿਨਾ ਫਸਲ ਉਗੇਗੀ ਨਹੀਂ ਅਤੇ ਜੇ ਉਗ ਪਈ ਤਾਂ ਵਿਚ-ਵਿਚਾਲੇ ਹੀ ਸੁੱਕ ਜਾਵੇਗੀ।

ਖੇਤ ਬੀਜਣ ਦੇ ਇਸੇ ਦ੍ਰਿਸ਼ਟਾਂਤ ਰਾਹੀਂ ਗੁਰੂ ਨਾਨਕ ਨੇ ਸਮਝਾਇਆ ਹੈ ਕਿ ਅਧਿਆਤਮਕ ਜੀਵਨ ਦੀ ਉਸਾਰੀ ਲਈ ਮਨ ਨੂੰ ਹਾਲੀ ਵਾਂਗ ਉਦਮੀ ਬਣਾਉਣਾ ਹੈ ਅਤੇ ਉਚੇ ਆਚਰਣ ਦੀ ਉਸਾਰੀ ਦਾ ਕੰਮ ਵਾਹੀ ਜਾਂ ਖੇਤੀ ਦਾ ਕੰਮ ਕਰਨ ਵਾਂਗ ਹੈ, ਮਿਹਨਤ ਇਸ ਫਸਲ ਨੂੰ ਲਾਉਣ ਲਈ ਪਾਣੀ ਹੈ ਅਤੇ ਮਨੁੱਖਾ ਸਰੀਰ ਉਹ ਖੇਤ ਹੈ, ਜਿਸ ਵਿਚ ਨਾਮ ਰੂਪੀ ਫਸਲ ਬੀਜੀ ਜਾਣੀ ਹੈ। ਨਾਮ-ਰੂਪੀ ਬੀਜ ਨੂੰ ਬਚਾਉਣ ਲਈ ਸੰਤੋਖ ਰੂਪੀ ਸੁਹਾਗਾ ਫੇਰਨ ਲਈ ਕਿਹਾ ਗਿਆ ਹੈ, ਤਾਂ ਜੋ ਮਨੁੱਖੀ ਮਨ ਵਿਚਲੀਆਂ ਤ੍ਰਿਸ਼ਨਾਵਾਂ ਤੇ ਲਾਲਸਾਵਾਂ ਇਸ ਨਾਮ ਨੂੰ ਚੁਗ ਨਾ ਲੈਣ। ਸੰਤੋਖ ਰਾਹੀਂ ਸਾਦਾ ਅਤੇ ਸੰਜਮ ਵਾਲਾ ਜੀਵਨ ਜੀਵਿਆ ਜਾਣਾ ਹੈ, ਜੋ ਇਸ ਫਸਲ ਦੀ ਰਾਖੀ ਕਰਦਾ ਹੈ। ਅਜਿਹਾ ਉਦਮ ਕੀਤਿਆਂ ਹੀ ਉਸ ਅਕਾਲ ਪੁਰਖ ਦੀ ਮਿਹਰ ਸਦਕਾ ਪ੍ਰੇਮ ਪੈਦਾ ਹੋਵੇਗਾ ਅਤੇ ਇੰਜ ਮਨੁੱਖ ਅਧਿਆਤਮਕ ਤੌਰ 'ਤੇ ਅਮੀਰ ਹੋ ਜਾਂਦਾ ਹੈ।

ਅੱਗੇ ਦੁਕਾਨਦਾਰੀ ਦੀ ਮਿਸਾਲ ਲਈ ਹੈ ਕਿ ਆਪਣੇ ਇੱਕ ਇੱਕ ਸੁਆਸ ਨੂੰ ਹੱਟੀ ਭਾਵ ਦੁਕਾਨ ਬਣਾ ਅਤੇ ਇਸ ਹੱਟੀ ਵਿਚ ਨਾਮ ਦਾ ਸੌਦਾ ਰੱਖ। ਦੁਕਾਨ ਵਿਚ ਭਾਂਡੇ ਭਾਂਡਸਾਲ ਵਿਚ ਟਿਕਾ ਕੇ ਰੱਖੇ ਜਾਂਦੇ ਹਨ। ਗੁਰੂ ਸਾਹਿਬ ਨੇ ਇੱਥੇ ਸੁਰਤਿ ਅਤੇ ਸੋਚ ਅਰਥਾਤ ਵਿਚਾਰ-ਮੰਡਲ ਨੂੰ ਭਾਂਡਸਾਲ ਬਣਾਉਣ ਲਈ ਕਿਹਾ ਹੈ, ਜਿਸ ਵਿਚ ਨਾਮ ਰੂਪੀ ਭਾਂਡੇ ਟਿਕਾਉਣ ਦਾ ਆਦੇਸ਼ ਕੀਤਾ ਹੈ। ਫਿਰ ਨਾਮ ਰੂਪੀ ਵਣਜ ਕਰਨ ਵਾਲੇ ਸਤਿਸੰਗੀਆਂ ਨਾਲ ਮਿਲ ਕੇ ਨਾਮ ਦਾ ਵਣਜ ਕਰਨ ਲਈ ਕਿਹਾ ਹੈ, ਜਿਸ ਵਿਚੋਂ ਲਾਭ ਵੀ ਪ੍ਰਾਪਤ ਹੁੰਦਾ ਹੈ ਅਤੇ ਮਨ ਦਾ ਖੇੜਾ ਵੀ ਮਿਲਦਾ ਹੈ। ਜਿਸ ਤਰ੍ਹਾਂ ਨੌਕਰ ਪੂਰੀ ਈਮਾਨਦਾਰੀ ਅਤੇ ਤਨ ਦੇਹੀ ਨਾਲ ਆਪਣੇ ਮਾਲਕ ਦੀ ਸੇਵਾ ਕਰਦਾ ਤੇ ਹੁਕਮ ਮੰਨਦਾ ਹੈ, ਇਸੇ ਤਰ੍ਹਾਂ ਮਨੁੱਖ ਨੂੰ ਉਸ ਅਕਾਲ ਪੁਰਖ ਦੀ ਸੇਵਾ ਕਰਨ ਅਤੇ ਉਸ ਦੇ ਹੁਕਮ ਵਿਚ ਚੱਲਣ ਲਈ ਕਿਹਾ ਗਿਆ ਹੈ।

ਅਕਾਲ ਪੁਰਖ ਦੀ ਸੇਵਾ ਕੀ ਹੈ? ਉਸ ਦੇ ਨਾਮ ਨੂੰ ਆਪਣੇ ਮਨ ਵਿਚ ਪੱਕੀ ਤਰ੍ਹਾਂ ਵਸਾਉਣਾ ਹੀ ਉਸ ਮਾਲਕ ਦੀ ਸੇਵਾ ਹੈ। ਵਿਕਾਰਾਂ ਵੱਲੋਂ ਆਪਣੇ ਮਨ ਨੂੰ ਰੋਕਣਾ, ਇਹ ਮਾਲਕ ਲਈ ਦੌੜ-ਭੱਜ ਹੈ। ਅਜਿਹਾ ਕਰਨ ਨਾਲ ਹਰ ਕੋਈ ਹੱਲਾਸ਼ੇਰੀ ਦੇਵੇਗਾ ਅਤੇ ਅਕਾਲ ਪੁਰਖ ਦੀ ਮਿਹਰ ਦੀ ਨਦਰ ਦਾ ਪਾਤਰ ਬਣੇਗਾ। ਇਸ ਨਾਲ ਜੀਵਨ ਉਤੇ ਚਾਰ ਗੁਣਾ ਆਤਮਕ ਰੂਪ ਚੜ੍ਹੇਗਾ। ਸੰਸਾਰਕ ਮਾਇਆ ਇਸ ਸੰਸਾਰ ਵਿਚ ਹੀ ਰਹਿ ਜਾਂਦੀ ਹੈ, ਜਦ ਕਿ ਪਰਮਾਤਮ-ਨਾਮ ਮਨੁੱਖ ਦੇ ਨਾਲ ਜਾਂਦਾ ਹੈ ਅਤੇ ਨਾਮ ਦੀ ਅਗਵਾਈ ਵਿਚ ਸੰਵਰਿਆ ਜੀਵਨ ਸੁਚੱਜਾ ਹੁੰਦਾ ਹੈ।

ਗੁਰੂ ਨਾਨਕ ਨੇ ਅਧਿਆਤਮਕਤਾ ਨੂੰ ਵੀ ਸੁੱਚੀ ਕਿਰਤ ਨਾਲ ਜੋੜਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 1245 'ਤੇ ਦਿੱਤੇ ਸਲੋਕ ਵਿਚ ਇਸ 'ਤੇ ਚਾਨਣਾ ਉਹ ਉਸ ਵੇਲੇ ਦੇ ਪ੍ਰਧਾਨ ਧਰਮਾਂ ਦੇ ਆਗੂਆਂ ਦੀ ਮਿਸਾਲ ਰਾਹੀਂ ਪਾਉਂਦੇ ਹਨ। ਪੰਡਿਤ ਧਰਮ-ਕਰਮ ਦੇ ਕੰਮਾਂ ਵਿਚ ਲੋਕਾਂ ਦੀ ਅਗਵਾਈ ਕਰਦਾ ਹੈ ਪਰ ਉਸ ਨੇ ਧਾਰਮਕ ਕੰਮਾਂ ਨੂੰ ਆਪਣੀ ਰੋਜ਼ੀ-ਰੋਟੀ ਦਾ ਵਸੀਲਾ ਬਣਾਇਆ ਹੋਇਆ ਹੈ। ਉਹ ਪਰਮਾਤਮਾ ਦੇ ਭਜਨ ਤਾਂ ਗਾਉਂਦਾ ਹੈ ਪਰ ਆਪ ਗਿਆਨ ਤੋਂ ਸੱਖਣਾ ਹੈ। ਇਸੇ ਤਰ੍ਹਾਂ ਮੁੱਲਾਂ ਨੇ ਵੀ ਬਾਂਗ ਨਮਾਜ਼ ਆਦਿ ਮਸੀਤ ਦੇ ਕੰਮਾਂ ਨੂੰ ਆਪਣੀ ਭੁੱਖ ਸਰਚਾਉਣ ਦਾ ਸਾਧਨ ਬਣਾਇਆ ਹੋਇਆ ਹੈ।

ਇਸ ਤੋਂ ਬਿਨਾ ਉਸ ਵੇਲੇ ਇੱਕ ਹੋਰ ਧਾਰਮਕ ਕਹਾਉਣ ਵਾਲੀ ਜਮਾਤ ਪ੍ਰਧਾਨ ਹੈ, ਜਿਨ੍ਹਾਂ ਨੂੰ ਯੋਗੀ ਕਹਿੰਦੇ ਹਨ। ਯੋਗੀ ਮਿਹਨਤ ਕਰਨ ਦਾ ਮਾਰਾ ਕੰਨ ਪੜਵਾ ਕੇ ਯੋਗ ਅਖਤਿਆਰ ਕਰ ਲੈਂਦਾ ਹੈ, ਫਕੀਰ ਬਣ ਜਾਂਦਾ ਹੈ ਅਤੇ ਆਪਣੀ ਕੁਲ ਦੀ ਅਣਖ ਵੀ ਗੁਆ ਲੈਂਦਾ ਹੈ। ਆਪਣੇ ਆਪ ਨੂੰ ਗੁਰੂ ਪੀਰ ਅਖਵਾਉਂਦਾ ਹੈ ਪਰ ਆਪਣੇ



ਪੇਟ ਦੀ ਭੁੱਖ ਮਿਟਾਉਣ ਲਈ ਘਰ ਘਰ ਮੰਗਣ ਜਾਂਦਾ ਹੈ। ਗੁਰੂ ਨਾਨਕ ਅਨੁਸਾਰ ਅਜਿਹੇ ਨਖੱਟੂ ਬੰਦਿਆਂ ਦੇ ਪੈਰੀਂ ਕਦੇ ਵੀ ਨਹੀਂ ਲੱਗਣਾ ਚਾਹੀਦਾ। ਜੋ ਮਨੁੱਖ ਆਪ ਮਿਹਨਤ ਦੀ ਕਮਾਈ ਕਰਕੇ ਖਾਂਦੇ ਹਨ ਅਤੇ ਫਿਰ ਉਸ ਵਿਚੋਂ ਲੋੜਵੰਦਾਂ ਨੂੰ ਵੀ ਵੰਡਦੇ ਹਨ, ਅਸਲੀ ਜੀਵਨ ਰਾਹ ਦੀ ਪਛਾਣ ਉਨ੍ਹਾਂ ਨੂੰ ਹੀ ਹੁੰਦੀ ਹੈ।

ਇਹ ਹੈ ਗੁਰੂ ਨਾਨਕ ਦਾ ਦੱਸਿਆ ਰਾਹ, ਜਿਸ ਨੂੰ ਅਪਨਾ ਕੇ ਆਪਣਾ ਜੀਵਨ ਇਸ ਸੰਸਾਰ 'ਤੇ ਸੁਖੀ ਬਣਦਾ ਹੈ ਅਤੇ ਪਰਵਰਦਗਾਰ ਨਾਲ ਮਿਲਾਪ ਵੀ ਸੁਹੇਲਾ ਤੇ ਸੁਖਾਲਾ ਹੋ ਜਾਂਦਾ ਹੈ। ਇਸ ਜੀਵਨ ਜਾਚ ਦੇ ਅਮਲੀ ਪ੍ਰਕਾਸ਼ਨ ਲਈ ਉਨ੍ਹਾਂ ਨੇ ਕਰਤਾਰਪੁਰ ਨਗਰ ਦੀ ਨੀਂਹ 1515 ਈਸਵੀ ਵਿਚ ਰੱਖੀ। ਗੁਰੂ ਨਾਨਕ ਨੇ ਚਾਰ ਉਦਾਸੀਆਂ ਪਿਛੋਂ ਕਰਤਾਰਪੁਰ ਨੂੰ ਪੱਕੀ ਰਿਹਾਇਸ਼ ਬਣਾ ਕੇ ਇਥੇ ਹੀ ਆਪਣੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਅਤੇ ਉਨ੍ਹਾਂ ਨੂੰ ਅਮਲੀ ਜਾਮਾ ਵੀ ਪਹਿਨਾਇਆ। ਗੁਰੂ ਸਾਹਿਬ ਆਪਣੇ ਹੱਥੀਂ ਸਾਰਾ ਦਿਨ ਖੇਤੀ ਕਰਦੇ ਅਤੇ ਸਵੇਰੇ-ਸ਼ਾਮ ਰੱਬੀ ਬਾਣੀ ਦਾ ਕੀਰਤਨ ਕਰਦੇ।

ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਦੀ 38ਵੀਂ ਪਉੜੀ ਵਿਚ ਇਸ ਦਾ ਜ਼ਿਕਰ ਕੀਤਾ ਹੈ ਕਿ ਫਿਰ ਬਾਬੇ ਨੇ ਕਰਤਾਰਪੁਰ ਆ ਕੇ ਉਦਾਸੀਆਂ ਵਾਲਾ ਸਾਰਾ ਭੇਖ ਉਤਾਰ ਦਿੱਤਾ। ਸੰਸਾਰੀ ਕੱਪੜੇ ਪਹਿਨ ਕੇ ਮੰਜੀ 'ਤੇ ਬੈਠ ਕੇ ਗੁਰੂ ਹੋਣ ਵਾਲਾ ਫਰਜ਼ ਨਿਭਾਉਣ ਲੱਗੇ। ਇੱਥੇ ਖੇਤੀਬਾੜੀ ਦੇ ਕਾਰਜਾਂ ਦੇ ਨਾਲ ਗਿਆਨ ਤੇ ਗੋਸ਼ਟੀਆਂ ਵੀ ਹੁੰਦੀਆਂ ਅਤੇ ਸ਼ਬਦ ਕੀਰਤਨ ਵੀ ਹੁੰਦਾ। ਅੰਮ੍ਰਿਤ ਵੇਲੇ ਜਾਪੁ ਦਾ ਉਚਾਰਨ ਹੁੰਦਾ ਅਤੇ ਸ਼ਾਮ ਵੇਲੇ ਸੋ ਦਰੁ ਅਤੇ ਆਰਤੀ ਗਾਈ ਜਾਂਦੀ। ਭਾਈ ਗੁਰਦਾਸ ਅਨੁਸਾਰ ਕਰਤਾਰਪੁਰ ਤੋਂ ਹੀ ਬਾਬਾ ਨਾਨਕ ਸਿੱਧਾਂ ਨਾਲ ਪ੍ਰਸ਼ਨ-ਉਤਰ ਕਰਨ ਲਈ ਸ਼ਿਵਰਾਤਰੀ ਦੇ ਮੇਲੇ 'ਤੇ ਅਚਲ ਬਟਾਲਾ ਗਏ ਤੇ ਯੋਗੀਆਂ ਨਾਲ ਗੋਸ਼ਟਾਂ ਰਚਾਉਣ ਪਿਛੋਂ ਮੁਲਤਾਨ ਦੀ ਜ਼ਿਆਰਤ ਕੀਤੀ ਅਤੇ ਮੁੜ ਕਰਤਾਰਪੁਰ ਆ ਗਏ।

ਬਚਪਨ ਵਿਚ ਗੁਰੂ ਨਾਨਕ ਦੇ ਪਿਤਾ ਮਹਿਤਾ ਕਾਲੂ ਨੇ ਆਪਣੇ ਪੁੱਤਰ ਨੂੰ ਵਪਾਰ ਵਿਚ ਪਾਉਣ ਲਈ 20 ਰੁਪਏ ਚੰਗਾ ਸੌਦਾ ਕਰਨ ਲਈ ਦਿੱਤੇ, ਜਿਸ ਨਾਲ ਗੁਰੂ ਸਾਹਿਬ ਨੇ ਕਈ ਦਿਨ ਦੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ 'ਸੱਚਾ ਸੌਦਾ' ਕੀਤਾ। ਉਪਰ ਵਰਣਿਤ ਸ਼ਬਦ ਵਿਚ ਬਾਬਾ ਨਾਨਕ ਨੇ ਵੱਖ ਵੱਖ ਪ੍ਰਚਲਿਤ ਕਿੱਤਿਆਂ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਮਨੁੱਖ ਆਪਣੇ ਜੀਵਨ ਨੂੰ ਸਹੀ ਸੇਧ ਵਿਚ ਕਿਵੇਂ ਤੋਰ ਸਕਦਾ ਹੈ? ਉਨ੍ਹਾਂ ਨੇ ਜੀਵਨ-ਦਰਸ਼ਨ ਦੇ ਅਮਲੀ ਪ੍ਰਕਾਸ਼ਨ ਲਈ ਕਰਤਾਰਪੁਰ ਵਿਖੇ ਜੋ ਕਿੱਤਾ ਚੁਣਿਆ, ਉਹ ਖੇਤੀਬਾੜੀ ਦਾ ਹੈ। ਉਨ੍ਹਾਂ ਨੇ ਅੱਗੇ ਹੋ ਕੇ ਆਪ ਇਹ ਮਿਹਨਤ ਕੀਤੀ ਅਤੇ ਬਾਣੀ ਦੇ ਪ੍ਰਚਾਰ ਤੇ ਪਾਸਾਰ ਲਈ ਜੀਵਨ ਦੇ ਆਖਰੀ ਕਰੀਬ 18 ਵਰ੍ਹੇ ਇਹ ਕਾਰਜ ਕਰਦਿਆਂ ਗੁਜ਼ਾਰੇ।

ਖੇਤੀ ਦੇ ਕਿੱਤੇ ਨਾਲ ਜਿੱਥੇ ਸੁੱਚੀ ਕਿਰਤ ਦੀ ਭਾਵਨਾ ਜੁੜੀ ਹੋਈ ਹੈ, ਉਥੇ 'ਸਰਬੱਤ ਦਾ ਭਲਾ', ਪਰਉਪਕਾਰ, ਅਤੇ ਸੇਵਾ ਆਦਿ ਦੇ ਗੁਣ, ਜਿਨ੍ਹਾਂ ਨੂੰ ਬਾਣੀ ਵਿਚ ਬਹੁਤ ਅਹਿਮ ਸਥਾਨ ਦਿੱਤਾ ਗਿਆ ਹੈ, ਵੀ ਖੇਤੀ ਨਾਲ ਹੀ ਜੁੜੇ ਹੋਏ ਹਨ। ਬਿਨਾ ਕਿਸੇ ਵਿਤਕਰੇ, ਹਰ ਇੱਕ ਦਾ ਪੇਟ ਭਰਨ ਲਈ ਅਨਾਜ ਅਤੇ ਹੋਰ ਖਾਣ ਵਾਲੇ ਪਦਾਰਥ ਪੈਦਾ ਕਰਨੇ ਸਰਬੱਤ ਦਾ ਭਲਾ ਚਾਹੁਣਾ ਹੈ। ਭੁੱਖੇ ਪੇਟ ਲਈ ਅੰਨ ਪੈਦਾ ਕਰਨ ਤੋਂ ਵੱਡਾ ਕੋਈ ਪਰਉਪਕਾਰ ਤੇ ਸੇਵਾ ਨਹੀਂ। ਭਾਰਤ ਦੀ ਬਹੁ ਗਿਣਤੀ ਲੋਕਾਈ ਖੇਤੀ ਦੇ ਧੰਦੇ ਨਾਲ ਸਿੱਧੇ-ਅਸਿੱਧੇ ਰੂਪ ਵਿਚ ਜੁੜੀ ਹੋਈ ਹੈ। ਪਿੰਡਾਂ ਵਿਚ ਕਿਸਾਨ ਤੋਂ ਬਿਨਾ ਖੇਤੀ ਵਿਚ ਕੰਮ ਆਉਣ ਵਾਲੇ ਸੰਦ ਬਣਾਉਣ ਵਾਲੇ ਤਰਖਾਣ/ਲੁਹਾਰ, ਖੇਤਾਂ ਵਿਚ ਕੰਮ ਕਰਦੇ ਕਾਮੇ ਆਦਿ ਤੋਂ ਲੈ ਕੇ ਪਿੰਡ ਦੀ ਵੱਸੋਂ ਦੀ ਬਹੁ ਗਿਣਤੀ ਖੇਤੀ 'ਤੇ ਨਿਰਭਰ ਕਰਦੀ ਰਹੀ ਹੈ।

ਅੱਜ ਕੀ ਪੰਜਾਬ ਤੇ ਕੀ ਭਾਰਤ ਦੇ ਹੋਰ ਸੂਬਿਆਂ ਵਿਚ ਕਿਸਾਨੀ ਬਹੁਤ ਵੱਡੇ ਸੰਕਟ ਵਿਚੋਂ ਲੰਘ ਰਹੀ ਹੈ। ਸਾਰੇ ਮੁਲਕ ਦਾ ਪੇਟ ਭਰਨ ਵਾਲਾ ਕਿਸਾਨ ਅੱਜ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰ ਸਕਣ ਦੇ ਵੀ ਸਮਰੱਥ ਨਹੀਂ ਹੈ। ਭਾਰਤ 'ਚ ਕਰਜ਼ੇ ਦੀ ਮਾਰੀ ਕਿਸਾਨੀ ਖੁਦਕਸ਼ੀਆਂ ਕਰਨ ਲਈ ਮਜਬੂਰ ਹੈ। ਕਿਸਾਨ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲਾਂ ਵੀ ਕਈ ਵਾਰ ਕਿਸਾਨ ਰਾਜਧਾਨੀ ਦਿੱਲੀ ਤੱਕ ਮਾਰਚ ਕਰਦੇ ਆਏ ਹਨ ਅਤੇ ਹੁਣ ਫਿਰ ਉਸੇ ਲੜੀ ਵਿਚ ਵੱਖ ਵੱਖ ਸੂਬਿਆਂ ਤੋਂ ਕਿਸਾਨ ਖੇਤਾਂ ਦਾ ਕੰਮ ਛੱਡ ਕੇ ਦਿੱਲੀ ਦੀਆਂ ਸੜਕਾਂ 'ਤੇ ਮਾਰਚ ਕਰਦੇ ਨਜ਼ਰ ਆਏ, ਜਿਨ੍ਹਾਂ ਵਿਚ ਮੱਧ ਪ੍ਰਦੇਸ਼ ਵਰਗੇ ਸੂਬਿਆਂ ਤੋਂ ਆਈਆਂ ਕਾਫੀ ਗਿਣਤੀ ਵਿਚ ਔਰਤਾਂ ਵੀ ਸ਼ਾਮਲ ਸਨ। ਇਸ ਆਸ ਨਾਲ, ਸ਼ਾਇਦ 2019 ਦੀਆਂ ਲੋਕ ਸਭਾ ਚੋਣਾਂ ਨੇੜੇ ਹੋਣ ਕਰਕੇ ਸਰਕਾਰ ਦੇ ਮਨ 'ਚ ਕੋਈ ਮਿਹਰ ਪੈ ਜਾਵੇ ਅਤੇ ਕਿਸਾਨਾਂ ਨੂੰ ਕੋਈ ਰਾਹਤ ਮਿਲ ਜਾਵੇ।

ਸੱਚਾਈ ਇਹ ਹੈ ਕਿ ਅੱਜ ਦੇ ਕਿਸਾਨ ਨੂੰ ਲੁੱਟ ਦੇ ਤੰਤਰ ਨੇ ਘੇਰ ਰੱਖਿਆ ਹੈ। ਇੱਕ ਚੈਨਲ ਤੋਂ ਬਿਨਾ ਕੋਈ ਟੀ. ਵੀ. ਚੈਨਲ ਕਵਰ ਕਰਦਾ ਨਜ਼ਰ ਨਹੀਂ ਆਇਆ। ਚੈਨਲਾਂ ਨੂੰ ਤਾਂ ਅੱਜ ਕੱਲ੍ਹ ਆਪਸੀ ਭਾਈਚਾਰਕ ਸਾਂਝ ਤੋੜ ਕੇ ਫਿਰਕੂ ਨਫਰਤ ਫੈਲਾ ਕੇ ਆਪਸ 'ਚ ਲੜਾਉਣ ਦਾ ਕੰਮ ਹੀ ਰਹਿ ਗਿਆ ਹੈ। ਇਸੇ 'ਚ ਹੀ ਮੌਜੂਦਾ ਸਰਕਾਰ ਦੀ ਜਿੱਤ ਅਤੇ ਸ਼ਕਤੀ ਦਾ ਰਾਜ ਛੁਪਿਆ ਹੋਇਆ ਹੈ, ਜਿਸ ਦਾ ਨਜ਼ਾਰਾ ਕੁਝ ਦਿਨ ਪਹਿਲਾਂ ਹੀ ਸਭ ਨੇ ਰਾਮ ਮੰਦਿਰ ਨਿਰਮਾਣ ਲਈ ਅਯੁੱਧਿਆ ਵਿਚ ਇਕੱਠੀ ਹੋਈ ਭੀੜ ਦੇ ਰੂਪ ਵਿਚ ਦੇਖਿਆ ਹੈ।

ਕਿਸਾਨਾਂ ਨਾਲ ਗੱਲਬਾਤ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਉਹ ਕਿਸ ਕਿਸਮ ਦੀਆਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਸਰਕਾਰਾਂ (ਕੇਂਦਰ ਤੇ ਸੂਬਾ) ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਕਿਸ ਤਰ੍ਹਾਂ ਬੇਲਾਗ ਤੇ ਬੇਪਰਵਾਹ ਹਨ। ਟੀ. ਵੀ. ਐਂਕਰ ਵੱਲੋਂ ਕਿਸਾਨਾਂ ਨਾਲ (ਆਗੂਆਂ ਨਾਲ ਨਹੀਂ) ਸਿੱਧੀ ਹੋਈ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਇਸ ਦੋ ਦਿਨ ਦੇ ਮਾਰਚ ਵਿਚ ਹਰਿਆਣਾ, ਮੱਧ ਪ੍ਰਦੇਸ਼, ਰਾਜਸਥਾਨ, ਤਾਮਿਲਨਾਡੂ ਵਰਗੇ ਦੂਰ-ਦੁਰੇਡੇ ਸੂਬਿਆਂ ਤੋਂ ਆਏ ਕਿਸਾਨ ਕੋਈ ਪਹਿਲੀ ਵਾਰ ਅਜਿਹੇ ਵਿਖਾਵੇ ਜਾਂ ਮਾਰਚ ਵਿਚ ਸ਼ਾਮਲ ਹੋਣ ਨਹੀਂ ਆਏ, ਪਹਿਲਾਂ ਵੀ ਆਉਂਦੇ ਰਹੇ ਹਨ ਪਰ ਸਭ ਤੋਂ ਵੱਧ ਉਨ੍ਹਾਂ ਨੂੰ ਮੌਜੂਦਾ ਸਰਕਾਰ ਵੇਲੇ ਆਉਣਾ ਪਿਆ ਹੈ। ਇੱਕ ਵਜ੍ਹਾ ਇਹ ਹੈ ਕਿ ਫਸਲ ਬੀਮਾ ਯੋਜਨਾ ਮੋਦੀ ਸਰਕਾਰ ਵੱਲੋਂ ਅਰੰਭ ਕੀਤੀ ਗਈ, ਜਿਸ ਦਾ ਕਿਸਾਨਾਂ ਨੂੰ ਕੋਈ ਫਾਇਦਾ ਹੋਣ ਦੀ ਥਾਂ ਨੁਕਸਾਨ ਹੋਇਆ ਹੈ ਅਤੇ ਕਾਰਪੋਰੇਸ਼ਨਾਂ ਨੇ ਫਸਲ ਬੀਮਾ ਦੇ ਨਾਂ 'ਤੇ ਕਈ ਸੌ ਕਰੋੜ ਰੁਪਏ ਧਨ ਕਮਾਇਆ ਹੈ।

ਇੱਕ ਕਿਸਾਨ ਦੱਸ ਰਿਹਾ ਸੀ ਕਿ ਉਹ 15 ਏਕੜ ਦਾ ਮਾਲਕ ਹੈ ਅਤੇ ਸਾਲ ਦੀ 15,000 ਰੁਪਏ ਬੀਮੇ ਦੀ ਕਿਸ਼ਤ ਭਰਦਾ ਹੈ। ਬੈਂਕ ਵਾਲੇ ਕਿਸ਼ਤ ਕਰੈਡਿਟ ਕਾਰਡ ਵਿਚੋਂ ਹਰ ਮਹੀਨੇ ਕੱਟ ਲੈਂਦੇ ਹਨ ਪਰ ਕਿਸੇ ਕਾਰਪੋਰੇਸ਼ਨ ਦਾ ਨਾਂ ਕੋਈ ਦਫਤਰ ਹੈ ਅਤੇ ਨਾ ਹੀ ਕਿਸੇ ਨੂੰ ਪਤਾ ਹੈ ਕਿ ਕਲੇਮ ਲੈਣ ਕਿੱਥੇ ਜਾਣਾ ਹੈ? ਤਿੰਨ ਵਾਰ ਫਸਲ ਸੜ ਜਾਣ ਦੇ ਬਾਵਜੂਦ ਫਸਲ ਬੀਮੇ ਦੀ ਇੱਕ ਕੌਡੀ ਤੱਕ ਨਹੀਂ ਮਿਲੀ। ਇਹ ਇਕ ਕਿਸਾਨ ਦੀ ਨਹੀਂ, ਸਭ ਦੀ ਕਹਾਣੀ ਹੈ। ਸਰਕਾਰ ਨੇ ਕਿਹਾ ਹੈ ਕਿ ਉਸ ਨੇ ਆਨ ਲਾਈਨ ਮੰਡੀਆਂ ਵਿਚ ਫਸਲਾਂ ਵੇਚਣ ਦਾ ਸਿਸਟਮ ਮੁਹੱਈਆ ਕਰਾ ਦਿੱਤਾ ਹੈ ਪਰ ਕਿਸਾਨਾਂ ਦੀ ਕੋਈ ਫਸਲ ਕਿਸੇ ਮੰਡੀ ਵਿਚ ਨਹੀਂ ਵਿੱਕ ਰਹੀ।

ਹਰਿਆਣਾ ਦੇ ਭਿਵਾਨੀ ਇਲਾਕੇ ਤੋਂ ਆਏ ਇੱਕ ਕਿਸਾਨ ਨੇ ਦੱਸਿਆ ਕਿ ਉਹ ਆਪਣਾ ਬਾਜਰਾ ਲੈ ਕੇ ਮੰਡੀ ਗਿਆ ਤਾਂ ਇਹ ਕਹਿ ਕੇ ਬਾਜਰਾ ਖਰੀਦਣ ਤੋਂ ਨਾਂਹ ਕਰ ਦਿੱਤੀ ਗਈ ਕਿ ਇਸ ਦਾ ਦਾਣਾ ਗੋਲ ਨਹੀਂ ਹੈ ਤੇ ਰੰਗ ਬਦਲ ਗਿਆ ਹੈ। ਉਸ ਦਾ ਕਹਿਣਾ ਸੀ ਕਿ ਰੰਗ ਤਾਂ ਬਦਲਦਾ ਜੇ ਮੀਂਹ ਪੈਂਦਾ, ਜਦੋਂ ਮੀਂਹ ਹੀ ਨਹੀਂ ਪਿਆ ਤਾਂ ਰੰਗ ਕਿਵੇਂ ਬਦਲ ਗਿਆ? ਇਸੇ ਤਰ੍ਹਾਂ ਇੱਕ ਹੋਰ ਕਿਸਾਨ ਦੱਸ ਰਿਹਾ ਸੀ ਕਿ ਬੈਂਕ ਨੇ ਪ੍ਰੀਮੀਅਮ ਦੀ ਕਿਸ਼ਤ ਕੱਟ ਲਈ ਪਰ ਕੰਪਨੀ ਕਹਿੰਦੀ, ਕਿਸ਼ਤ ਦੋ ਦਿਨ ਲੇਟ ਹੋ ਗਈ। ਹਿਸਾਰ ਤੋਂ ਆਏ ਹਨੂਮਾਨ ਨਾਂ ਦੇ ਕਿਸਾਨ ਦਾ ਕਹਿਣਾ ਸੀ ਕਿ ਇਸ ਸਰਕਾਰ ਵਰਗੀ ਕੋਈ ਵੀ ਮਾੜੀ ਸਰਕਾਰ ਨਹੀਂ ਆਈ।

ਹੋਰ ਵੀ ਕਈ ਕਿਸਾਨਾਂ ਦਾ ਕਹਿਣਾ ਸੀ ਕਿ ਮੋਦੀ ਨੇ ਚੋਣਾਂ ਤੋਂ ਪਹਿਲਾਂ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦਾ ਵਾਅਦਾ ਕੀਤਾ ਸੀ, ਜਿਸ ਅਨੁਸਾਰ ਕਿਸਾਨ ਨੂੰ ਫਸਲ ਦਾ ਖੇਤੀ ਲਾਗਤ ਤੋਂ ਡਿਉਢਾ ਮੁੱਲ ਮਿਲਣਾ ਚਾਹੀਦਾ ਹੈ ਪਰ ਸਰਕਾਰ ਬਣਨ ਪਿਛੋਂ ਰਿਪੋਰਟ ਲਾਗੂ ਨਹੀਂ ਕੀਤੀ ਗਈ। ਮਿਸਾਲ ਵਜੋਂ ਮੂੰਗ ਦਾ ਮੁੱਲ 6950 ਰੁਪਏ ਪ੍ਰਤੀ ਕੁਇੰਟਲ ਲਾਗੂ ਕੀਤਾ ਗਿਆ ਹੈ ਅਤੇ ਲਾਲਾ 4500 ਰੁਪਏ ਪ੍ਰਤੀ ਕੁਇੰਟਲ ਖਰੀਦ ਰਿਹਾ ਹੈ, ਜਦ ਕਿ ਮੂੰਗ ਦੀ ਲਾਗਤ 7000 ਰੁਪਏ ਪ੍ਰਤੀ ਕੁਇੰਟਲ ਆਉਂਦੀ ਹੈ। ਬਾਜਰੇ ਦੀ ਕੀਮਤ 1900 ਰੁਪਏ ਪ੍ਰਤੀ ਕੁਇੰਟਲ ਹੈ ਅਤੇ ਖਰੀਦਿਆ 1200-1400 ਰੁਪਏ ਕੁਇੰਟਲ ਜਾ ਰਿਹਾ ਹੈ। ਗੁੜ ਬਣਾਉਣ ਵਿਚ ਵਿਸ਼ਾਖਾਪਟਨਮ ਦਾ ਦੇਸ਼ ਵਿਚ ਦੂਜਾ ਨੰਬਰ ਹੈ। ਗੁੜ 35 ਰੁਪਏ ਕਿੱਲੋ ਹੈ ਪਰ ਕਿਸਾਨਾਂ ਕੋਲੋਂ 20 ਰੁਪਏ ਨੂੰ ਖਰੀਦਿਆ ਜਾ ਰਿਹਾ ਹੈ। ਕਿਸਾਨ ਸਿਰ 'ਤੇ ਗੁੜ ਬੰਨ ਕੇ ਆਏ ਹੋਏ ਸਨ ਤੇ ਉਨ੍ਹਾਂ ਦਾ ਕਹਿਣਾ ਸੀ ਕਿ ਗੁੜ ਰਾਸ਼ਨ ਕਾਰਡ ਦੀਆਂ ਵਸਤਾਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਤਾਂ ਕਿ ਲੋੜੀਂਦੀ ਵਸਤੂ ਹੋਣ ਕਰਕੇ ਇਹ ਸਹੀ ਮੁੱਲ 'ਤੇ ਵਿਕ ਸਕੇ।

ਇੱਕ ਹੋਰ ਕਿਸਾਨ ਨੇ ਸਵਾਲ ਕੀਤਾ ਕਿ ਉਸ ਦੀ 70 ਕੁਇੰਟਲ ਸਰੋਂ ਵਿਚੋਂ ਸਰਕਾਰ ਨੇ ਸਿਰਫ 24 ਕੁਇੰਟਲ ਖਰੀਦੀ ਹੈ, ਉਹ ਬਾਕੀ ਸਰੋਂ ਕਿੱਥੇ ਵੇਚੇ? 10% ਫਸਲ 4000 ਰੁਪਏ ਕੁਇੰਟਲ ਵਿਕੀ ਹੈ, ਬਾਕੀ ਦੀ 3600 ਰੁਪਏ ਵਿਕ ਰਹੀ ਹੈ, ਜਦ ਕਿ ਪ੍ਰਤੀ ਕੁਇੰਟਲ ਲਾਗਤ 7000 ਰੁਪਏ ਹੈ। ਕਾਫੀ ਗਿਣਤੀ ਵਿਚ ਉਹ ਔਰਤਾਂ ਵੀ ਆਈਆਂ ਹੋਈਆਂ ਸਨ, ਜਿਨ੍ਹਾਂ ਦੇ ਪਤੀਆਂ ਨੇ ਕਰਜ਼ੇ ਦੀ ਮਾਰ ਹੇਠ ਖੁਦਕਸ਼ੀਆਂ ਕਰ ਲਈਆਂ ਪਰ ਸਰਕਾਰ ਨੇ ਉਨ੍ਹਾਂ ਦੀ ਕੋਈ ਮਦਦ ਨਾ ਕੀਤੀ। ਟਮਾਟਰ ਕਿਸਾਨਾਂ ਕੋਲੋਂ 50 ਪੈਸੇ ਕਿੱਲੋ ਅਤੇ ਆਲੂ ਡੇਢ ਰੁਪਏ ਕਿੱਲੋ ਖਰੀਦਿਆ ਜਾਂਦਾ ਹੈ। ਪਾਣੀ 20 ਰੁਪਏ ਕਿੱਲੋ ਵਿਕਦਾ ਹੈ ਪਰ ਕਿਸਾਨਾਂ ਕੋਲੋਂ ਦੁੱਧ 17 ਰੁਪਏ ਕਿੱਲੋ ਖਰੀਦਿਆ ਜਾਂਦਾ ਹੈ।

ਮੱਧ ਪ੍ਰਦੇਸ਼ ਤੋਂ ਆਈਆਂ ਔਰਤਾਂ ਦਾ ਗਿਲਾ ਸੀ ਕਿ ਪਿੰਡਾਂ ਵਿਚ ਪੀਣ ਵਾਲੇ ਪਾਣੀ ਅਤੇ ਬਿਜਲੀ ਦਾ ਕੋਈ ਪ੍ਰਬੰਧ ਨਹੀਂ। ਕੇਂਦਰੀ ਖੇਤੀ ਮੰਤਰੀ ਰਾਧਾ ਮੋਹਣ ਸਿੰਘ ਦਾ ਟਵਿਟਰ ਹੈਂਡਲ ਕਿਸਾਨਾਂ ਨੂੰ ਦਿਖਾਇਆ ਜਾ ਰਿਹਾ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਡੇਅਰੀ ਲਈ ਨਵੀਂ ਯੋਜਨਾ ਆਈ ਹੈ, ਜਿਸ ਤਹਿਤ ਡੇਅਰੀ ਉਤਪਾਦਕਾਂ ਨੂੰ ਇਕ ਕਰੋੜ ਰੁਪਏ ਦਾ ਲਾਭ ਹੋਵੇਗਾ, ਪਰ ਕਿਸਾਨਾਂ ਦਾ ਕਹਿਣਾ ਸੀ ਕਿ ਡੇਅਰੀ ਵਾਲੇ ਦੁੱਧ ਮੋੜ ਦਿੰਦੇ ਹਨ ਕਿ ਦੁੱਧ ਨਹੀਂ ਚਾਹੀਦਾ। ਕਿਸਾਨ ਜਾਵੇ ਤਾਂ ਕਿੱਥੇ ਜਾਵੇ? ਖੇਤੀ, ਜੋ ਕਿਸੇ ਸਮੇਂ ਸਭ ਤੋਂ ਉਤਮ ਕਾਰ ਮੰਨੀ ਜਾਂਦੀ ਸੀ, ਸ਼ਾਇਦ ਅੱਜ ਸਭ ਤੋਂ ਮਾੜੀ ਕਾਰ ਬਣ ਕੇ ਰਹਿ ਗਈ ਹੈ।

# ਆਖਰ ਹੈ ਕੌਣ ਗੋਪਾਲ ਸਿੰਘ ਚਾਵਲਾ?

*(ਪਿਛਲੇ ਸਫੇ ਦੀ ਬਾਕੀ)*

ਭੇਜੀ ਹਵਾ ਨਾਲ ਇਹ ਸਿਰਦਰਦ ਹੋਇਆ ਹੈ।" ਉਹ ਕਹਿੰਦੇ ਹਨ ਕਿ ਜਦੋਂ ਪਾਕਿਸਤਾਨ ਵਿਚ ਕੋਈ ਧਮਾਕਾ ਹੁੰਦਾ ਹੈ ਤਾਂ ਭਾਰਤੀ ਖੁਫੀਆ ਏਜੰਸੀਆਂ ਦਾ ਨਾਂ ਲਿਆ ਜਾਂਦਾ ਹੈ।

**ਕੀ ਕਰਤਾਰਪੁਰ ਲਾਂਘਾ ਇਮਰਾਨ ਖਾਨ ਦੀ ਕੂਟਨੀਤਕ ਕਾਮਯਾਬੀ ਹੈ?**

ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਉਤੇ ਲਗਾਤਾਰ ਨਜ਼ਰ ਰੱਖਣ ਵਾਲੇ ਪੱਤਰਕਾਰ ਗੋਬਿੰਦ ਠੁਕਰਾਲ ਦਾ ਕਹਿਣਾ ਹੈ ਕਿ ਮੌਜੂਦਾ ਦੌਰ ਵਿਚ ਪਾਕਿਸਤਾਨ ਮੁਲਕ ਦੇ ਅੰਦਰੋਂ ਅਤੇ ਬਾਹਰੋਂ ਜ਼ਬਰਦਸਤ ਦਬਾਅ ਵਿਚ ਹੈ। ਅਮਰੀਕਾ ਦੇ ਸਾਥੀ ਵਜੋਂ ਅਫਗਾਨਿਸਤਾਨ ਵਿਚ ਉਨ੍ਹਾਂ ਦੀ ਦਖਲਅੰਦਾਜ਼ੀ ਨਾਕਾਮੀ ਸਾਬਤ ਹੋਈ ਹੈ ਅਤੇ ਹੁਣ ਅਮਰੀਕਾ ਹਰ ਇਮਦਾਦ ਤੋਂ ਹੱਥ ਪਿੱਛੇ ਖਿੱਚ ਰਿਹਾ ਹੈ। ਇਨ੍ਹਾਂ ਹਾਲਾਤ ਵਿਚ ਫੌਜ ਤੇ ਸਰਕਾਰ ਇਕਸੁਰ ਹੋਏ ਹਨ ਅਤੇ ਉਨ੍ਹਾਂ ਨੂੰ ਅਹਿਸਾਸ ਹੋਇਆ ਹੈ ਕਿ ਭਾਰਤ ਨਾਲ ਰਿਸ਼ਤੇ ਸੁਧਾਰਨੇ ਜ਼ਰੂਰੀ ਹਨ। ਗੋਬਿੰਦ ਠੁਕਰਾਲ ਕਹਿੰਦੇ ਹਨ, "ਇਮਰਾਨ ਖਾਨ ਨੇ ਚੋਣਾਂ ਜਿੱਤਣ ਪਿਛੋਂ ਤਿੰਨ ਪਹਿਲਕਦਮੀਆਂ ਕੀਤੀਆਂ ਹਨ, ਜੋ ਉਨ੍ਹਾਂ ਦੀ ਕੂਟਨੀਤਕ ਕਾਮਯਾਬੀ ਬਣ ਗਈਆਂ। ਪਹਿਲਾਂ ਉਨ੍ਹਾਂ ਨੇ ਪ੍ਰੈਸ ਕਾਨਫਰੰਸ ਵਿਚ ਅਮਨ ਦੀ ਬਾਤ ਪਾਈ ਅਤੇ ਫਿਰ ਆਪਣੇ ਸਹੁੰ ਚੁੱਕ ਸਮਾਗਮ ਵਿਚ ਨਵਜੋਤ ਸਿੰਘ ਸਿੱਧੂ ਨਾਲ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਰਾਹੀਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦਾ ਵਾਅਦਾ ਕਰ ਲਿਆ ਤੇ ਮੁੜ ਕੇ ਆਪਣੇ ਹਿੱਸੇ ਦਾ ਲਾਂਘਾ ਬਣਾਉਣ ਦਾ ਇਕਤਰਫਾ ਐਲਾਨ ਕਰ ਦਿੱਤਾ।"

ਉਨ੍ਹਾਂ ਦਾ ਮੰਨਣਾ ਹੈ ਕਿ ਲਾਂਘੇ ਦੇ ਮਾਮਲੇ ਵਿਚ ਭਾਰਤ ਨੂੰ ਜਲਦਬਾਜ਼ੀ ਵਿਚ ਫੈਸਲਾ ਕਰਨ ਲਈ ਮਜਬੂਰ ਹੋਣਾ ਪਿਆ ਅਤੇ ਸ਼ਸ਼ੋਪੰਜ ਵਿਚ ਅਣਮੰਨੇ ਮਨ ਨਾਲ ਦੋ ਮੰਤਰੀਆਂ ਨੂੰ ਨੀਂਹ ਪੱਥਰ ਰੱਖਣ ਵਾਲੇ ਸਮਾਗਮ ਵਿਚ ਭੇਜਣਾ ਪਿਆ। ਇਨ੍ਹਾਂ ਹਾਲਾਤ ਵਿਚ ਗੋਬਿੰਦ ਠੁਕਰਾਲ ਦਾ ਕਹਿਣਾ ਹੈ, "ਇਮਰਾਨ ਖਾਨ ਦੀਆਂ ਪਹਿਲਕਦਮੀਆਂ ਨੇ ਭਾਰਤੀ ਹਕੂਮਤ ਦੀ ਅਚਵੀ ਬਾਹਰ ਕੱਢ ਲਿਆਂਦੀ ਹੈ। ਇਨ੍ਹਾਂ ਹਾਲਾਤ ਵਿਚ ਗੋਪਾਲ ਸਿੰਘ ਚਾਵਲਾ ਸ਼ਸ਼ੋਪੰਜ ਵਿਚ ਫਸੀ ਭਾਰਤੀ ਹਕੂਮਤ ਲਈ ਰਾਹਤ ਦਾ ਸਬੱਬ ਬਣਿਆ ਹੈ, ਕਿਉਂਕਿ ਉਸ ਦੇ ਹਵਾਲੇ ਨਾਲ ਭਾਰਤੀ ਅਚਵੀ ਨੂੰ ਮੀਡੀਆ ਵਿਚ ਜ਼ੁਬਾਨ ਮਿਲੀ ਹੈ।"

ਗੋਬਿੰਦ ਠੁਕਰਾਲ ਦਾ ਮੰਨਣਾ ਹੈ ਕਿ ਪਾਕਿਸਤਾਨ ਚਾਵਲਾ ਦੀ ਵਰਤੋਂ ਕਰਦਾ ਹੈ ਅਤੇ ਇਹ ਲੋੜ ਮੁਤਾਬਕ ਕਰਦਾ ਰਹੇਗਾ। ਕਰਤਾਰਪੁਰ ਲਾਂਘੇ ਦੇ ਹਵਾਲੇ ਨਾਲ ਦਲੀਲ ਇਹ ਵੀ ਬਣਦੀ ਹੈ ਕਿ ਗੁਰਧਾਮਾਂ ਦੀ ਪਹੁੰਚ ਸੁਖਾਲੀ ਕਰਨ ਲਈ ਦੋਹਾਂ ਮੁਲਕਾਂ ਨੂੰ ਆਪਣੀ ਵਿਦੇਸ਼ ਨੀਤੀ ਦੀ ਟਕਸਾਲੀ ਸਮਝ ਦਰਕਿਨਾਰ ਕਰਨੀ ਪਈ ਹੈ। ਸਿੱਖਾਂ, ਪੰਜਾਬੀਆਂ ਅਤੇ ਮੁਕੱਦਸ ਅਸਥਾਨਾਂ ਦੇ ਨਾਲ-ਨਾਲ ਸਾਂਝੇ ਸਭਿਆਚਾਰ ਅਤੇ ਇਤਿਹਾਸ ਨੇ ਲੋਕਾਂ ਵਿਚ ਸਰਹੱਦ ਦੇ ਪਾਰ ਦੀ ਖਿੱਚ ਕਾਇਮ ਰੱਖਣੀ ਹੈ। ਸਰਹੱਦ ਨੂੰ ਸੀਲਬੰਦ ਕਰਨ ਅਤੇ ਨਵੇਂ-ਨਵੇਂ ਲਾਂਘੇ ਖੋਲ੍ਹਣ ਦੀ ਮੰਗ ਨਾਲੋ-ਨਾਲ ਹੁੰਦੀ ਰਹਿਣੀ ਹੈ। ਜੇ ਅਮਨ ਦੀ ਸਿਆਸਤ ਹੋਣੀ ਹੈ ਤਾਂ ਜੰਗ ਦੀ ਵੀ ਹੋਣੀ ਹੈ। ਹੁਣ ਗੋਪਾਲ ਸਿੰਘ ਚਾਵਲਾ ਸਰਹੱਦ ਦੀ ਪੇਚੀਦਗੀ ਦਾ ਨੁਮਾਇੰਦਾ ਬਣਿਆ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਕੋਈ ਹੋਰ ਹੋ ਸਕਦਾ ਹੈ।

***(ਬੀ.ਬੀ.ਸੀ. ਪੰਜਾਬੀ ਤੋਂ ਧੰਨਵਾਦ ਸਹਿਤ)***

# ਲਹਿੰਦੇ ਪੰਜਾਬ ਵਿਚ ਗੁਰੂ ਨਾਨਕ ਸਾਹਿਬ ਦੇ ਅਸਥਾਨ

***ਸਾਲ 2016 ਵਿਚ ਹਾਰੂਨ ਖਾਲਿਦ ਨੇ ਗੁਰੂ ਨਾਨਕ ਦੇਵ ਜੀ ਬਾਰੇ ਆਪਣੀ ਖੋਜ ਕਿਤਾਬ 'ਵਾਕਿੰਗ ਵਿਦ ਨਾਨਕ' ਲਿਖੀ ਸੀ। ਇਸ ਕਿਤਾਬ ਵਿਚ ਉਸ ਨੇ ਪਾਕਿਸਤਾਨ ਵਿਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਥਾਂਵਾਂ ਦੀ ਯਾਤਰਾ ਕੀਤੀ। ਇਨ੍ਹਾਂ ਸਾਰੀਆਂ ਥਾਂਵਾਂ ਉਤੇ ਉਹ ਆਪਣੇ ਉਸਤਾਦ ਇਕਬਾਲ ਕੈਸਰ ਨਾਲ ਗਿਆ। ਇਸ ਲੇਖ ਵਿਚ ਉਸ ਨੇ ਗੁਰੂ ਜੀ ਨਾਲ ਸਬੰਧਤ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। -ਸੰਪਾਦਕ***

ਬੀਤੇ ਬਾਰੇ ਸੋਚਦਾ ਹਾਂ ਤਾਂ ਇਹ ਅਜੀਬ ਇਤਫਾਕ ਜਾਪਦਾ ਹੈ ਕਿ ਮੈਂ ਆਪਣੇ ਉਸਤਾਦ ਇਕਬਾਲ ਕੈਸਰ ਨੂੰ ਕਿਵੇਂ ਮਿਲਿਆ। ਹਾਲਾਤ ਥੋੜ੍ਹੇ ਵੱਖਰੇ ਹੁੰਦੇ ਤਾਂ ਇਹ ਕਹਾਣੀ ਬਿਲਕੁਲ ਵੱਖਰੀ ਹੀ ਹੋ ਨਿਬੜਦੀ। ਮੈਂ ਕਾਲਜ ਦੀ ਪੜ੍ਹਾਈ ਦੇ ਆਖਰੀ ਸਾਲ ਵਿਚ ਸਾਂ ਅਤੇ ਦੇਸ਼ ਭਰ ਵਿਚ ਇਤਿਹਾਸ ਅਤੇ ਵਿਰਾਸਤ ਦੀਆਂ ਨਿਸ਼ਾਨੀਆਂ ਦੀ ਖੋਜ ਵੱਲ ਲਗਾਤਾਰ ਖਿੱਚਿਆ ਜਾ ਰਿਹਾ ਸਾਂ।

ਪਾਕਿਸਤਾਨ ਵਿਚ ਇਤਿਹਾਸ ਵਿਸ਼ੇ ਵਜੋਂ ਨਹੀਂ ਪੜ੍ਹਾਇਆ ਜਾਂਦਾ ਅਤੇ ਜੋ ਪੜ੍ਹਾਇਆ ਜਾਂਦਾ ਹੈ, ਉਹ ਇਸ ਦੀ ਥਾਂ ਵਿਚਾਰਧਾਰਕ ਸਿੱਖਿਆ

**ਹਾਰੂਨ ਖਾਲਿਦ**

ਹੈ, ਜੋ ਇਸ ਤਰ੍ਹਾਂ ਤਿਆਰ ਕੀਤੀ ਗਈ ਹੈ ਕਿ ਵਿਦਿਆਰਥੀ ਤੋਤੇ ਵਾਂਗ ਸਰਕਾਰ ਦੀ ਘੜੀ ਕਹਾਣੀ ਰਟਦੇ ਜਾਣ। ਇਸ ਦਾ ਮਤਲਬ ਇਹ ਹੈ ਕਿ ਪਾਕਿਸਤਾਨ ਵਿਚ ਪਾੜ੍ਹਿਆਂ ਦੀਆਂ ਅਜਿਹੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਹਨ, ਜਿਨ੍ਹਾਂ ਨੂੰ ਗੈਰ-ਮੁਸਲਿਮ ਇਤਿਹਾਸ ਜਾਂ ਇਤਿਹਾਸ ਦੇ ਗੈਰ-ਮੁਸਲਿਮ ਬਿਆਨ ਦਾ ਕੋਈ ਇਲਮ ਨਹੀਂ, ਪਰ ਸਮੱਸਿਆ ਸਿਰਫ ਇਹੋ ਨਹੀਂ। ਇਥੋਂ ਤਕ ਕਿ ਪੜ੍ਹਾਏ ਜਾਂਦੇ ਵਿਸ਼ੇ ਨੂੰ ਵਿਦਿਆਰਥੀਆਂ ਦੀਆਂ ਭੂਗੋਲਿਕ ਹਕੀਕਤਾਂ ਦੇ ਇਤਿਹਾਸ, ਉਨ੍ਹਾਂ ਦੇ ਸ਼ਹਿਰਾਂ, ਪਿੰਡਾਂ ਅਤੇ ਕਸਬਿਆਂ ਨਾਲੋਂ ਪੂਰੀ ਤਰ੍ਹਾਂ ਤੋੜ ਦਿੱਤਾ ਗਿਆ ਹੈ। ਤਵਾਰੀਖ ਨੂੰ ਵਡੇਰੇ ਪੱਧਰ ਤੋਂ ਪੜ੍ਹਾਇਆ ਜਾਂਦਾ ਹੈ, ਹਾਕਮਾਂ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ ਤੇ ਉਨ੍ਹਾਂ ਦੇ ਕਾਰਨਾਮਿਆਂ ਬਾਰੇ ਦੱਸਿਆ ਜਾਂਦਾ ਹੈ ਪਰ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕਿ ਮੁਕਾਮੀ (ਸਥਾਨਕ) ਲੋਕਾਂ ਦਾ ਇਨ੍ਹਾਂ ਸਿਆਸੀ ਹਕੀਕਤਾਂ ਪ੍ਰਤੀ ਜਵਾਬੀ ਅਮਲ ਜਾਂ ਪ੍ਰਤੀਕਰਮ ਕਿਹੋ ਜਿਹਾ ਸੀ।

ਇਸ ਕਾਰਨ ਜਿਉਂ-ਜਿਉਂ ਮੇਰੀ ਰਸਮੀ ਤਾਲੀਮ ਦੇ ਖਾਤਮੇ ਦੇ ਦਿਨ ਨੇੜੇ ਆ ਰਹੇ ਸਨ, ਮੈਂ ਇਤਿਹਾਸ ਪ੍ਰਤੀ ਆਪਣੀ ਸਮਝ 'ਚ ਖਾਲੀਪਣ ਮਹਿਸੂਸ ਕਰ ਰਿਹਾ ਸਾਂ। ਨਾਲ ਹੀ ਇਸ ਸਮੇਂ ਦੌਰਾਨ ਮੈਂ ਗਾਂਧੀ, ਅਬਦੁਲ ਗੱਫਾਰ ਖਾਨ, ਮਾਰਟਿਨ ਲੂਥਰ ਕਿੰਗ ਜੂਨੀਅਰ ਤੇ ਨੈਲਸਨ ਮੰਡੇਲਾ ਨੂੰ ਪੜ੍ਹ ਕੇ ਅਹਿੰਸਾ ਦੀ ਸਿਆਸਤ ਵੱਲ ਖਿੱਚਿਆ ਜਾ ਰਿਹਾ ਸਾਂ।

ਜਿਸ ਦਿਨ ਇਕਬਾਲ ਕੈਸਰ ਨੂੰ ਮੇਰੇ ਕਾਲਜ ਵਿਚ ਤਕਰੀਰ ਲਈ ਸੱਦਿਆ ਗਿਆ, ਮੈਂ ਗੁਰੂ ਨਾਨਕ ਦੇਵ ਦੀ ਜੀਵਨੀ ਪੜ੍ਹ ਰਿਹਾ ਸਾਂ। ਹਾਲਾਂਕਿ ਇਸ ਵਿਚ ਅਧਿਆਤਮਕ ਪੱਖ ਵੀ ਮੌਜੂਦ ਸੀ, ਪਰ ਮੁੱਖ ਤੌਰ 'ਤੇ ਮੈਂ ਉਨ੍ਹਾਂ ਦੇ ਅਹਿੰਸਕ ਸਿਆਸੀ ਸੰਘਰਸ਼ ਤੋਂ ਪ੍ਰਭਾਵਿਤ ਸਾਂ। ਮੈਂ ਮੁਗਲ ਬਾਦਸ਼ਾਹ ਬਾਬਰ ਨਾਲ ਐਮਨਾਬਾਦ ਵਿਖੇ ਉਨ੍ਹਾਂ ਦੇ ਹੋਏ ਸਾਹਮਣੇ ਅਤੇ ਗੱਲਬਾਤ ਨੂੰ ਅਹਿੰਸਾ ਦੀ ਸਿਆਸਤ ਦੇ ਢਾਂਚੇ ਵਿਚੋਂ ਸਮਝ ਰਿਹਾ ਸਾਂ। ਕੀ ਬਾਬੇ ਨਾਨਕ ਨੂੰ ਵੀ ਅਹਿੰਸਾ ਦੀ ਸਿਆਸਤ ਦੇ ਪੈਰੋਕਾਰ ਵਜੋਂ ਦੇਖਿਆ ਜਾ ਸਕਦਾ ਹੈ? ਜੇ ਹਾਂ, ਤਾਂ ਕੋਈ ਦੂਜੇ ਗੁਰੂਆਂ ਖਾਸ ਕਰ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸੰਗ ਵਿਚ ਉਨ੍ਹਾਂ ਦੇ ਸੁਨੇਹੇ ਨੂੰ ਕਿਵੇਂ ਦੇਖੇਗਾ, ਕਿਉਂਕਿ ਇਨ੍ਹਾਂ ਦੋ ਗੁਰੂ ਸਾਹਿਬਾਨ ਨੇ ਦਮਨਕਾਰੀ ਤਾਕਤਾਂ ਖਿਲਾਫ ਰੱਖਿਆ ਲਈ ਹਿੰਸਾ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਵਾਜਬ ਮੰਨਿਆ।

ਇਹ ਸਵਾਲ ਪੱਲੇ ਬੰਨੀਂ ਮੈਂ ਇਕਬਾਲ ਕੈਸਰ ਤੱਕ ਪਹੁੰਚਿਆ, ਜੋ ਪੰਜਾਬੀ ਸ਼ਾਇਰ ਅਤੇ ਕਈ ਕਿਤਾਬਾਂ ਦਾ ਲੇਖਕ ਹੈ। ਉਨ੍ਹਾਂ ਦੀਆਂ ਕਿਤਾਬਾਂ ਵਿਚ 'ਹਿਸਟੌਰੀਕਲ ਸਿੱਖ ਸ਼ਰਾਈਨਜ਼ ਇਨ ਪਾਕਿਸਤਾਨ' (ਪਾਕਿਸਤਾਨ ਵਿਚ ਇਤਿਹਾਸਕ ਗੁਰਦੁਆਰੇ) ਅਤੇ ਹਾਲ ਹੀ ਵਿਚ ਲਿਖੀ 'ਉਜੜੇ ਦਰਾਂ ਦੇ ਦਰਸ਼ਨ' ਸ਼ਾਮਲ ਹਨ। ਇਹ ਹਾਲੀਆ ਕਿਤਾਬ ਉਨ੍ਹਾਂ ਦੀਆਂ ਦੇਸ਼ ਭਰ ਵਿਚਲੇ ਜੈਨ ਮੰਦਿਰਾਂ ਦੀਆਂ ਫੇਰੀਆਂ 'ਤੇ ਆਧਾਰਤ ਹੈ। ਉਨ੍ਹਾਂ ਨੂੰ ਮਿਲਣ 'ਤੇ ਮੈਨੂੰ ਅਜਿਹਾ ਇਤਿਹਾਸਕਾਰ ਮਿਲ ਗਿਆ ਸੀ, ਜੋ ਨਾ ਸਿਰਫ ਗੁਰੂ ਨਾਨਕ ਬਾਰੇ ਮੇਰੇ ਸਵਾਲਾਂ ਦੇ ਜਵਾਬ ਦੇ ਸਕਦਾ ਸੀ, ਸਗੋਂ ਦੇਸ਼ ਭਰ ਵਿਚ ਗੁਰਦੁਆਰਿਆਂ, ਮੰਦਿਰਾਂ ਅਤੇ ਹੋਰ ਪੁਰਾਣੇ ਢਾਂਚਿਆਂ ਦੇ ਰੂਪ ਵਿਚ ਮੌਜੂਦ ਇਤਿਹਾਸ ਦੀਆਂ ਨਿਸ਼ਾਨੀਆਂ ਦਾ ਪਤਾ ਲਾਉਣ ਵਿਚ ਮੇਰੀ ਮਦਦ ਕਰ ਸਕਦਾ ਸੀ।


ਇਸ ਪਿਛੋਂ ਅਸੀਂ ਹਜ਼ਾਰਾਂ ਕਿਲੋਮੀਟਰ ਦਾ ਸਫਰ ਕੀਤਾ, ਘੰਟਿਆਂ ਬੱਧੀ ਇਕੱਠੇ ਰਹੇ; ਇਤਿਹਾਸ, ਸਿਆਸਤ, ਮਜਹਬ ਅਤੇ ਸਭਿਆਚਾਰ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ। ਇਹ ਮੇਰੀ ਗੈਰ-ਰਸਮੀ ਤਾਲੀਮ ਦੀ ਸ਼ੁਰੂਆਤ ਸੀ, ਜੋ ਮੇਰੇ ਸਿੱਖਣ ਦਾ ਸਭ ਤੋਂ ਉਸਾਰੂ ਦੌਰ ਸੀ। ਇਕਬਾਲ ਕੈਸਰ ਦੇ ਰੂਪ ਵਿਚ ਮੈਨੂੰ ਆਪਣਾ ਉਸਤਾਦ, ਆਪਣਾ ਮੁਰਸ਼ਦ, ਆਪਣਾ ਗੁਰੂ ਮਿਲ ਗਿਆ ਸੀ। ਅਜਿਹੀ




*ਹਾਰੂਨ ਖਾਲਿਦ ਦੀ ਕਿਤਾਬ 'ਵਾਕਿੰਗ ਵਿਦ ਨਾਨਕ' ਦਾ ਮੁਖੜਾ।*

ਇਕ ਫੇਰੀ ਦੌਰਾਨ ਮੈਂ ਨਨਕਾਣਾ ਸਾਹਿਬ ਪੁੱਜਾ, ਜੋ ਗੁਰੂ ਨਾਨਕ ਦਾ ਘਰ ਹੈ ਤੇ ਮੈਂ ਪਹੁੰਚਿਆ ਵੀ ਗੁਰੂ ਨਾਨਕ ਦੇ ਪ੍ਰਕਾਸ਼ ਪੁਰਬ ਵਾਲੇ ਦਿਨ। ਇਹ ਮੇਰੇ ਸ਼ਹਿਰ ਲਾਹੌਰ ਤੋਂ ਮਹਿਜ ਇਕ ਘੰਟੇ ਦੇ ਸਫਰ ਦੇ ਫਾਸਲੇ 'ਤੇ ਹੈ, ਪਰ ਇਥੇ ਦੁਨੀਆਂ ਹੀ ਵੱਖਰੀ ਸੀ। ਚਾਰੇ ਪਾਸੇ ਹਜ਼ਾਰਾਂ ਸਿੱਖ ਸ਼ਰਧਾਲੂ ਦਿਖਾਈ ਦੇ ਰਹੇ ਸਨ। ਸਾਰੇ ਸ਼ਹਿਰ ਨੂੰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਰੁਸ਼ਨਾਇਆ ਗਿਆ ਸੀ। ਕਿਸੇ ਗੁਰਦੁਆਰੇ ਜਾਣਾ ਤਾਂ ਦੂਰ, ਮੈਂ ਹੁਣ ਤੱਕ ਕੋਈ ਗੁਰਦੁਆਰਾ ਦੇਖਿਆ ਤੱਕ ਨਹੀਂ ਸੀ (ਸਿਰਫ ਗੁਰਦੁਆਰਾ ਡੇਰਾ ਸਾਹਿਬ ਨੂੰ ਛੱਡ ਕੇ, ਜੋ ਲਾਹੌਰ ਕਿਲ੍ਹੇ ਦੇ ਸਾਹਮਣੇ ਹੈ, ਜਿਥੇ ਕਿਸੇ ਮੁਸਲਮਾਨ ਨੂੰ ਜਾਣ ਦੀ ਇਜਾਜ਼ਤ ਨਹੀਂ)। ਦੂਜੇ ਪਾਸੇ ਇਥੇ ਤਾਂ ਸਾਰਾ ਸ਼ਹਿਰ ਹੀ ਗੁਰਦੁਆਰਿਆਂ ਦਾ ਸੀ। ਇਥੇ ਗੁਰੂ ਨਾਨਕ ਦੀ ਅਧਿਆਤਮਕ ਜ਼ਿੰਦਗੀ ਦੇ ਹਰ ਅਹਿਮ ਪਲ ਨੂੰ ਢਾਂਚੇ ਵਿਚ ਸਾਂਭਿਆ ਹੋਇਆ ਹੈ। ਗੁਰਦੁਆਰਾ ਜਨਮ ਅਸਥਾਨ ਸਾਹਿਬ ਸ਼ਹਿਰ ਦਾ ਸਭ ਤੋਂ ਵੱਡਾ ਗੁਰਦੁਆਰਾ ਹੈ। ਮੈਂ ਬੀਬੀ ਨਾਨਕੀ ਵਲੋਂ ਪਿੰਡ ਦੇ ਖੂਹ ਤੋਂ ਪਾਣੀ ਲਿਆਉਣ ਦੀ ਕਲਪਨਾ ਕਰ ਸਕਦਾ ਸਾਂ, ਜਿਸ ਨੂੰ ਸਾਂਭਿਆ ਗਿਆ ਹੈ। ਨਨਕਾਣਾ ਸਾਹਿਬ ਦੇ ਲਾਗੇ ਹੀ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਹੈ।

ਮੈਂ ਉਥੇ ਬੱਚਿਆਂ ਦੀ ਕਲਪਨਾ ਕੀਤੀ, ਜਿਥੇ ਬਾਲ ਗੁਰੂ ਹੋਰ ਬੱਚਿਆਂ ਨਾਲ ਖੇਡਦੇ ਰਹੇ ਹੋਣਗੇ। ਗੁਰਦੁਆਰਾ ਬਾਲ ਲੀਲ੍ਹਾ ਤੋਂ ਅੱਗੇ ਗੁਰਦੁਆਰਾ ਪੱਟੀ ਸਾਹਿਬ ਹੈ, ਜਿਥੇ ਗੁਰੂ ਨਾਨਕ ਨੇ ਪਹਿਲੀ ਵਾਰ ਲਿਖਣਾ ਸਿੱਖਿਆ। ਇਥੋਂ ਹੀ ਸ਼ਾਇਰ ਦਾ ਜਨਮ ਹੋਇਆ, ਅਜਿਹਾ ਸ਼ਾਇਰ ਜਿਸ ਨੇ ਆਉਣ ਵਾਲੇ ਸਾਲਾਂ ਦੌਰਾਨ ਆਪਣੇ ਸ਼ਬਦਾਂ ਦੇ ਜਾਦੂ ਨਾਲ ਸਾਰੀ ਦੁਨੀਆਂ ਨੂੰ ਕੀਲਣਾ ਸੀ। ਉਥੇ ਜਿਥੇ ਥੋੜ੍ਹੇ ਜਿਹੇ ਸਿੱਖ ਸ਼ਰਧਾਲੂ ਆਪਣੀਆਂ ਧਾਰਮਕ ਰਸਮਾਂ ਨਿਭਾ ਰਹੇ ਸਨ, ਮੈਂ ਚਿਤਵਿਆ, ਜਿਵੇਂ ਬਾਲ ਗੁਰੂ ਨਾਨਕ ਆਪਣੀ ਫੱਟੀ ਉਤੇ ਕਲਮ-ਸਿਆਹੀ ਨਾਲ ਲਿਖ ਰਹੇ ਹੋਣ।




*ਨਨਕਾਣਾ ਸਾਹਿਬ ਵਿਚ ਗੁਰਦੁਆਰਾ ਜਨਮ ਅਸਥਾਨ ਸਾਹਿਬ।*

ਇਥੋਂ ਨੇੜੇ ਹੀ ਗੁਰਦੁਆਰਾ ਤੰਬੂ ਸਾਹਿਬ ਹੈ। ਇਹ ਉਸ ਇਤਿਹਾਸਕ ਜੰਗਲ ਵਾਲੀ ਥਾਂ ਹੈ, ਜਿਥੇ ਨੌਜਵਾਨ ਗੁਰੂ ਨਾਨਕ ਆਪਣੇ ਸੱਚੇ ਸੌਦੇ ਤੋਂ ਬਾਅਦ ਪਿਤਾ ਦੇ ਗੁੱਸੇ ਤੋਂ ਬਚਣ ਲਈ ਲੁਕ ਗਏ ਸਨ। ਗੁਰਦੁਆਰਾ ਸਾਹਿਬ ਵਿਚ ਸਾਂਭੇ ਗਏ ਰੁੱਖਾਂ ਦੇ ਛਤਰੀਨੁਮਾ ਢਾਂਚੇ ਹੇਠੋਂ ਲੰਘਦਿਆਂ ਮੈਂ ਉਹ ਦ੍ਰਿਸ਼ ਚਿਤਵ ਸਕਦਾ ਸਾਂ, ਜਦੋਂ ਕੋਈ ਨੌਜਵਾਨ ਲੜਕਾ ਉਨ੍ਹਾਂ ਦੇ ਹੇਠਾਂ ਲੁਕਿਆ ਬੈਠਾ ਸੀ ਅਤੇ ਠੰਢੀ ਸ਼ਾਮ ਪਸਰ ਰਹੀ ਸੀ।

ਮੈਂ ਪਹਿਲੀ ਵਾਰ ਲੰਗਰ ਇਸੇ ਗੁਰਦੁਆਰੇ ਵਿਚ ਛਕਿਆ। ਲੰਗਰ ਅਤੇ ਪੰਗਤ ਦੀ ਇਸ ਰੀਤ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਗੁਰੂ ਨਾਨਕ ਨੇ ਹੀ ਕੀਤੀ ਸੀ। ਉਥੇ ਹੋਰ ਹਜ਼ਾਰਾਂ ਲੋਕਾਂ, ਜਿਨ੍ਹਾਂ ਵਿਚ ਸਿੱਖ ਤੇ ਹਿੰਦੂ ਵੀ ਸ਼ਾਮਲ ਸਨ, ਦਰਮਿਆਨ ਮੈਂ ਪਾਕਿਸਤਾਨੀ ਮੁਸਲਮਾਨ ਵਜੋਂ ਬੈਠਾ ਗਰਮਾ-ਗਰਮ ਭੋਜਨ ਛਕ ਰਿਹਾ ਸਾਂ। ਲੰਗਰ ਦੀ ਹਰ ਗਰਾਹੀ ਨਾਲ ਸਾਰੇ ਭਿੰਨ-ਭੇਦ, ਦਹਾਕਿਆਂ ਦਾ ਵੈਰ-ਵਿਰੋਧ ਅਤੇ ਵੰਡ ਦੇ ਪਾਪ ਪਿਘਲ ਕੇ ਵਹਿ ਗਏ। ਇਸ ਮੌਕੇ ਉਥੇ ਨਾ ਕੋਈ ਹਿੰਦੂ ਸੀ, ਨਾ ਮੁਸਲਮਾਨ, ਜਿਵੇਂ ਗੁਰੂ ਨਾਨਕ ਦਾ ਫੁਰਮਾਨ ਸੀ।

ਇਤਿਹਾਸ ਨਾਲ ਇਹ ਮੇਰਾ ਸਭ ਤੋਂ ਨੇੜਲਾ ਸੰਪਰਕ ਸੀ, ਇਕ ਤਰ੍ਹਾਂ ਦੀ ਜ਼ਿਆਰਤ, ਜਿਸ ਨੇ ਨਾ ਸਿਰਫ ਗੁਰੂ ਨਾਨਕ ਦਾ ਸੁਨੇਹਾ ਤੇ ਉਨ੍ਹਾਂ ਦੀ ਸੋਚ ਹੀ ਮੇਰੇ ਧੁਰ ਅੰਦਰ ਤੱਕ ਉਤਾਰ ਦਿੱਤੀ ਸਗੋਂ ਮੇਰੇ ਆਪਣੇ ਸਭਿਆਚਾਰ ਤੇ ਇਤਿਹਾਸ ਨੂੰ ਵੀ ਮੇਰੇ ਅੰਦਰ ਵਹਿਣ ਲਾ ਦਿੱਤਾ। ਮੈਂ ਇਸ ਗੱਲ ਦਾ ਅਹਿਸਾਸ ਕਰਨਾ ਸ਼ੁਰੂ ਕਰ ਦਿੱਤਾ ਕਿ ਹਿੰਦੂ, ਮੁਸਲਮਾਨ ਤੇ ਸਿੱਖ ਇਤਿਹਾਸ ਵਿਚਲੀਆਂ ਕੰਧਾਂ, ਜੋ ਸਾਮਰਾਜੀ ਨਿਜ਼ਾਮ ਨੇ ਆਪਣੇ ਸਿਆਸੀ ਹਿਤਾਂ ਲਈ ਉਸਾਰੀਆਂ ਸਨ, ਓਨੀਆਂ ਹੀ ਬਨਾਉਟੀ ਸਨ, ਜਿੰਨੇ ਵੱਖੋ-ਵੱਖ ਪਛਾਣਾਂ ਵਿਚਲੇ ਉਹ ਵਖਰੇਵੇਂ, ਜਿਨ੍ਹਾਂ ਖਿਲਾਫ ਗੁਰੂ ਨਾਨਕ ਜ਼ੋਰਦਾਰ ਆਵਾਜ਼ ਉਠਾਉਂਦੇ ਰਹੇ। ਮੈਂ ਮਹਿਸੂਸ ਕੀਤਾ ਕਿ ਗੁਰੂ ਨਾਨਕ ਮਹਿਜ ਸਿੱਖ ਵਿਰਾਸਤ ਦਾ ਹੀ ਹਿੱਸਾ ਨਹੀਂ ਸਨ, ਸਗੋਂ ਮੇਰੀ ਤਵਾਰੀਖ ਤੇ ਤਹਿਜ਼ੀਬ ਦਾ ਵੀ ਅੰਗ ਸਨ।

ਜਿਨ੍ਹਾਂ-ਜਿਨ੍ਹਾਂ ਗੁਰਦੁਆਰਿਆਂ ਵਿਚ ਮੈਂ ਗਿਆ, ਉਹ ਸਾਰੇ ਹੀ ਇੰਨੇ ਸ਼ਾਨਦਾਰ ਨਹੀਂ ਸਨ। ਅਨੇਕਾਂ ਗੁਰਦੁਆਰੇ ਅਜਿਹੇ ਵੀ ਸਨ ਜਿਥੇ ਕੋਈ ਨਹੀਂ ਜਾਂਦਾ, ਉਨ੍ਹਾਂ ਨੂੰ ਉਜਾੜਾ-ਪਸੰਦਾਂ ਨੇ ਉਜਾੜ ਦਿੱਤਾ। ਮੈਂ ਭਾਰਤ-ਪਾਕਿਸਤਾਨ ਦੀ ਸਰਹੱਦ ਦੇ ਐਨ ਨੇੜੇ ਸਥਿਤ ਗੁਰਦੁਆਰਾ ਰੋੜੀ ਸਾਹਿਬ ਵਿਖੇ ਗਿਆ, ਜੋ ਪਿੰਡ ਝੰਮਣ ਵਿਚ ਹੈ (ਇਹ ਸਥਾਨ ਤਹਿਸੀਲ ਪੱਟੀ, ਜ਼ਿਲਾ ਤਰਨ ਤਾਰਨ ਨੇੜੇ ਪਾਕਿਸਤਾਨ ਵਾਲੇ ਪਾਸੇ ਸਰਹੱਦ ਦੇ ਨੇੜੇ ਹੈ)। ਇਸ ਪਿੰਡ ਦੇ ਬਿਲਕੁਲ ਬਾਹਰਵਾਰ ਖੁੱਲ੍ਹਾ ਮੈਦਾਨ ਹੈ ਅਤੇ ਇਸ ਤੋਂ ਕੁਝ ਕਦਮਾਂ ਦੇ ਫਾਸਲੇ 'ਤੇ ਕੌਮਾਂਤਰੀ ਸਰਹੱਦ ਹੈ। ਇਸ ਥਾਂ ਕਿਸੇ ਸਮੇਂ ਗੁਰੂ ਨਾਨਕ ਨੇ ਕਦਮ ਪਾਏ ਸਨ, ਭਾਈ ਮਰਦਾਨਾ ਉਨ੍ਹਾਂ ਦੇ ਨਾਲ ਸੀ। ਹੁਣ ਇਹ ਖਸਤਾ ਹਾਲ ਗੁਰਦੁਆਰਾ ਆਪਣੀ ਬੇਕਦਰੀ ਦੀ ਕਹਾਣੀ ਆਪ ਕਹਿੰਦਾ ਹੈ। ਇਹ ਕਾਫੀ ਮਾੜੀ ਹਾਲਤ ਵਿਚ ਹੈ। ਸਿਖਰਲੀ ਮੰਜ਼ਿਲ 'ਤੇ ਗੁੰਬਦ ਦੇ ਅੰਦਰ ਪੁਰਾਣੇ ਭਿੱਤੀ ਚਿੱਤਰ ਅਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣੀਆਂ ਹਨ। ਬਹੁਤੀਆਂ ਤਸਵੀਰਾਂ ਦੇ ਚਿਹਰਿਆਂ ਨੂੰ ਵਿਗਾੜ ਦਿੱਤਾ ਗਿਆ ਹੈ, ਜੋ ਸ਼ਾਇਦ ਇਸਲਾਮ ਦੀ ਬੁੱਤਪ੍ਰਸਤੀ ਦੇ ਵਿਰੋਧ ਵਾਲੀ ਸੋਚ ਦਾ ਸਿੱਟਾ ਹੋਵੇ। ਸੰਭਵ ਹੈ ਕਿ ਵੰਡ ਤੋਂ ਪਹਿਲਾਂ ਕੁਝ ਮੁਸਲਮਾਨ ਵੀ ਗੁਰੂ ਨਾਨਕ ਦੀ ਰੱਬ ਇਕ ਹੋਣ ਵਾਲੀ ਸੋਚ ਅਤੇ ਆਪਣੇ ਧਾਰਮਕ ਅਕੀਦੇ



*ਸਿਆਲਕੋਟ ਵਿਚ ਗੁਰਦੁਆਰਾ ਬੇਰੀ ਸਾਹਿਬ।*

ਵਿਚਲੀ ਸਮਾਨਤਾ ਕਾਰਨ ਗੁਰਦੁਆਰੇ ਆਉਂਦੇ ਰਹੇ ਹੋਣਗੇ, ਪਰ ਜਾਪਦਾ ਹੈ ਕਿ ਵੰਡ ਤੋਂ ਬਾਅਦ ਇਸ ਇਮਾਰਤ ਨੂੰ ਬੀਤੇ ਦੀ ਬਚ-ਖੁਚ ਵਜੋਂ ਹੌਲੀ-ਹੌਲੀ ਤਬਾਹ ਹੋਣ ਲਈ ਛੱਡ ਦਿੱਤਾ ਗਿਆ ਹੈ, ਜਿਸ ਨੂੰ ਆਖਰ ਲੋਕ ਭੁੱਲ-ਭੁਲਾ ਜਾਣਗੇ।

ਦੂਜੇ ਪਾਸੇ ਕੁਝ ਥਾਂਵਾਂ ਅਜਿਹੀਆਂ ਵੀ ਸਨ, ਜਿਥੇ ਧਾਰਮਕ ਸਹਿਹੋਂਦ ਵਾਲੀਆਂ ਇਨ੍ਹਾਂ ਰਵਾਇਤਾਂ ਦੇ ਨਿਸ਼ਾਨ, ਗੁਰੂ ਨਾਨਕ ਦੇ ਸੁਨੇਹੇ ਸਦਕਾ ਕਾਇਮ ਹਨ। ਚੂਹੜਕਾਣਾ ਵਿਚ ਜਿਥੇ ਗੁਰਦੁਆਰਾ ਸੱਚਾ ਸੌਦਾ ਵਧੀਆ ਢੰਗ ਨਾਲ ਸਾਂਭਿਆ ਗਿਆ ਵੱਡਾ ਗੁਰਦੁਆਰਾ ਹੈ, ਉਥੇ ਗੁਰਦੁਆਰਾ ਸੱਚਖੰਡ ਸਾਹਿਬ ਬਿਲਕੁਲ ਹੀ ਗੁੰਮਨਾਮ ਜਿਹਾ ਸਥਾਨ ਹੈ। ਇਸ ਗੁਰਦੁਆਰੇ ਦੀ ਇਕ ਮੰਜ਼ਿਲਾ ਇਮਾਰਤ ਗੁਰਦੁਆਰਾ ਸੱਚਾ ਸੌਦਾ ਸਾਹਿਬ ਦੇ ਪਿੱਛੇ ਸਥਿਤ ਹੈ। ਜਿਥੇ ਗੁਰਦੁਆਰਾ ਸੱਚਾ ਸੌਦਾ ਸਾਹਿਬ ਦੀ ਇਮਾਰਤ ਦੀ ਮੁਰੰਮਤ ਕਰਾਈ ਗਈ ਅਤੇ ਮੂੰਹ ਮੱਥਾ ਸੰਵਾਰਿਆ ਗਿਆ ਹੈ, ਉਥੇ ਇਸ ਇਮਾਰਤ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਉਥੇ ਮੈਨੂੰ ਇਕ ਸੂਫੀ ਪੀਰ ਦੇ ਪੈਰੋਕਾਰ ਮਿਲੇ। ਇਸ ਪੀਰ ਨੇ ਇਸ ਗੁਰਦੁਆਰੇ ਵਿਚ ਆਪਣਾ ਟਿਕਾਣਾ ਬਣਾ ਲਿਆ ਸੀ ਤੇ ਉਸ ਨੂੰ ਇਸ ਦੇ ਸਾਹਮਣੇ ਹੀ ਦਫਨਾਇਆ ਗਿਆ। ਜਦੋਂ ਮੈਂ ਅਤੇ ਇਕਬਾਲ ਕੈਸਰ ਇਨ੍ਹਾਂ ਪੈਰੋਕਾਰਾਂ ਕੋਲ ਬੈਠੇ ਸਾਂ ਤਾਂ ਉਨ੍ਹਾਂ ਵਿਚੋਂ ਇਕ ਨੇ ਗੁਰੂ ਨਾਨਕ ਦੇ ਚਮਤਕਾਰਾਂ ਦੀਆਂ ਕਹਾਣੀਆਂ ਸੁਣਾਈਆਂ, ਜੋ ਉਸ ਨੇ ਆਪਣੇ ਪੁਰਖਿਆਂ ਤੋਂ ਸੁਣੀਆਂ ਸਨ। ਉਨ੍ਹਾਂ ਦੇ ਪੁਰਖਿਆਂ ਨੇ ਇਹ ਕਹਾਣੀਆਂ ਪਹਿਲਾਂ ਉਥੇ ਰਹਿੰਦੇ ਰਹੇ ਸਿੱਖਾਂ ਤੋਂ ਸੁਣੀਆਂ ਸਨ। ਆਪਣੀ ਕਹਾਣੀ ਖਤਮ ਕਰਦਿਆਂ ਉਸ ਨੇ ਕਿਹਾ, "ਗੁਰੂ ਨਾਨਕ ਅੱਲ੍ਹਾ ਦੇ ਸੱਚੇ ਭਗਤ ਸਨ।"

ਇਨ੍ਹਾਂ ਦੋਵੇਂ ਸਿਰੇ ਦੀਆਂ ਮਿਸਾਲਾਂ ਦੇ ਵਿਚਕਾਰ ਗੁਰਦੁਆਰਾ ਬੇਰੀ ਸਾਹਿਬ (ਸਿਆਲਕੋਟ) ਦੀ ਕਹਾਣੀ ਹੈ, ਜਿਥੇ ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਦਾ ਮਗਰੂਰ ਸੂਫੀ ਹਮਜ਼ਾ ਗੌਸ ਅਤੇ ਮੌਲਾ ਕਰਾਰ ਨਾਲ ਸਾਹਮਣਾ ਹੋਇਆ ਸੀ। ਅੰਸ਼ਕ ਤੌਰ 'ਤੇ ਨਵਿਆਈ ਗਈ ਇਸ ਇਮਾਰਤ ਦੇ ਬਿਲਕੁਲ ਕਰੀਬ ਬੇਰੀ ਦਾ ਪੁਰਾਣਾ ਦਰਖਤ ਹੈ, ਜਿਸ ਤੋਂ ਇਸ ਗੁਰਦੁਆਰੇ ਦਾ ਨਾਂ ਪਿਆ। ਵੰਡ ਤੋਂ ਕੁਝ ਚਿਰ ਪਿਛੋਂ ਦਰਖਤ ਦੇ ਹੇਠਾਂ ਮਜ਼ਾਰ ਬਣਾਈ ਗਈ ਤੇ ਇਸ ਪਿਛੋਂ ਇਹ ਸਥਾਨ ਮੁਸਲਿਮ ਦਰਗਾਹ ਬਣ ਗਿਆ। ਗੁਰਦੁਆਰੇ ਦੇ ਗਿਰਦ ਦਰਗਾਹ ਦੇ ਦਰਜਨਾਂ ਸ਼ਰਧਾਲੂ ਬੈਠੇ ਵੱਖੋ-ਵੱਖ ਸਰਗਰਮੀਆਂ ਵਿਚ ਜੁਟੇ ਹੋਏ ਸਨ। ਇਹ ਸਭਿਆਚਾਰਕ ਕਬਜ਼ੇ ਦੀ ਮਿਸਾਲ ਸੀ, ਜਿਥੇ ਸਮਾਜਕ ਤੇ ਸਿਆਸੀ ਹਕੀਕਤ ਬਦਲਣ ਪਿਛੋਂ ਇਕ ਧਰਮ ਦੀ ਪਵਿਤਰ ਥਾਂ ਨੂੰ ਇਕ ਹੋਰ ਸਭਿਆਚਾਰ ਦੇ ਲੋਕਾਂ ਨੇ ਪਵਿੱਤਰ ਸਥਾਨ ਕਰਾਰ ਦੇ ਕੇ ਕਬਜ਼ਾ ਕਰ ਲਿਆ।

ਉਂਜ, ਜਦੋਂ ਮੈਂ ਗੁਰੂ ਨਾਨਕ ਨਾਲ ਸਬੰਧਤ ਸਥਾਨਾਂ ਦੇ ਦਰਸ਼ਨ ਕਰ ਰਿਹਾ ਸਾਂ ਤਾਂ ਮੈਂ ਗੁਰੂ ਸਾਹਿਬ ਦੀ ਇਕ ਸ਼ਾਇਰ ਵਜੋਂ ਵੀ ਖੋਜ ਕਰ ਰਿਹਾ ਸਾਂ। ਜਿਉਂ-ਜਿਉਂ ਮੈਂ ਉਨ੍ਹਾਂ ਦੇ ਫਲਸਫੇ ਵਿਚ ਡੂੰਘਾ ਉਤਰਦਾ ਗਿਆ, ਮੇਰੇ ਲਈ ਇਨ੍ਹਾਂ ਦੋ ਵੱਖੋ-ਵੱਖਰੀਆਂ ਸ਼ਖਸੀਅਤਾਂ ਨੂੰ ਆਪਸ ਵਿਚ ਮੇਲਣਾ ਔਖਾ ਹੁੰਦਾ ਗਿਆ। ਇਕ ਸ਼ਾਇਰ ਵਜੋਂ ਬਾਬਾ ਨਾਨਕ ਜਿਥੇ ਅੰਧ-ਵਿਸ਼ਵਾਸਾਂ ਅਤੇ ਸੰਤਾਂ ਨੂੰ ਅਜਿਹੀਆਂ ਚਮਤਕਾਰੀ ਕਹਾਣੀਆਂ ਨਾਲ ਜੋੜਨ ਦੇ ਖਿਲਾਫ ਬੋਲਦੇ ਹਨ, ਉਥੇ ਉਨ੍ਹਾਂ ਨਾਲ ਸਬੰਧਤ ਸਮੁੱਚੀਆਂ ਸਾਖੀਆਂ ਉਨ੍ਹਾਂ ਦੇ ਚਮਤਕਾਰਾਂ ਦੀਆਂ



*ਬਾਬੇ ਨਾਨਕ ਦੀ ਮਜ਼ਾਰ।*

*(ਅਗਲੇ ਸਫੇ 'ਤੇ ਜਾਰੀ)*

# ਧਰਮ, ਕਰਤਾਰਪੁਰ ਦਾ ਲਾਂਘਾ ਅਤੇ ਸਿਆਸਤ

ਪਿਛਲੇ ਕੁਝ ਦਿਨ ਇਸ ਤਰ੍ਹਾਂ ਦੇ ਲੰਘੇ ਜਿਵੇਂ ਕੋਈ ਸੁਪਨਮਈ ਹਫਤਾ ਚੱਲ ਰਿਹਾ ਹੋਵੇ। ਬਹੁਤ ਸੁਭਾਗੇ ਦਿਨ ਸਨ, ਜਦ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ ਕਰਤਾਰਪੁਰ ਸਾਹਿਬ ਦਾ ਨਾਂ ਧਰਤੀ ਤੋਂ ਅਸਮਾਨ ਤਕ ਗੂੰਜਦਾ ਰਿਹਾ। ਫਿਜ਼ਾ ਵਿਚ ਇਕੋ ਹੀ ਜ਼ਿਕਰ ਸੀ-ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ। ਮੈਂ ਤਾਂ ਕਈ ਵਾਰ ਅੰਤਰ ਧਿਆਨ ਹੋ ਸਤਿਗੁਰੂ ਜੀ ਦੇ ਚਰਨਾਂ ਉਤੇ ਸਿਰ ਰੱਖ ਸ਼ੁਕਰਾਨਾ ਕੀਤਾ ਕਿ ਇਸ ਜੀਵਨ ਵਿਚ ਇਹ ਅਨੰਦ ਵਿਭੋਰ ਹੋਣ ਦਾ ਸਮਾਂ ਵੀ ਮਿਲਿਆ ਹੈ, ਤੇਰੀ ਰਹਿਮਤ, ਤੇਰੀਆਂ ਅਸਚਰਜ ਖੇਡਾਂ, ਭਲਾ ਮੈਂ ਕੀ ਜਾਣਾ!



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਅਚਾਨਕ ਇਕ ਦਿਨ ਟੀ. ਵੀ. 'ਤੇ ਖਬਰ ਵੇਖੀ-ਸੁਣੀ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਪਣੀ ਦਿੱਲੀ ਵਾਲੀ ਰਿਹਾਇਸ਼ 'ਤੇ ਕੀਰਤਨ ਕਰਵਾਇਆ, ਜੋ ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਮੱਥਾ ਟੇਕਣ ਆਏ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਬੁਲਾਇਆ ਗਿਆ ਸੀ। ਜ਼ਰਾ ਕੁ ਮਨ ਵਿਚ ਆਇਆ ਕਿ ਮੋਦੀ ਤਾਂ ਕਦੀ ਜਹਾਜ ਤੋਂ ਥੱਲੇ ਪੈਰ ਰੱਖਦਾ ਹੀ ਨਹੀਂ, ਫਿਰ ਉਹ ਮੱਥਾ ਟੇਕਣ ਕਿਵੇਂ ਆ ਗਿਆ? ਮਨ ਵਿਚ ਇਹ ਵੀ ਆਇਆ ਕਿ ਗੋਲਕ ਲੋਟੂਆਂ ਦੇ ਘਰੇ ਕੀਰਤਨ ਸਮਾਗਮ ਅਤੇ ਮੋਦੀ ਜੀ! ਪਰ ਫਿਰ ਵਿਚਾਰ ਆਈ ਕਿ ਕੀ ਪਤਾ ਬੰਦੇ ਨੂੰ ਕਦੋਂ ਅਕਲ ਆ ਜਾਵੇ, ਉਹ ਕਦੋਂ ਸਿੱਧੇ ਰਸਤੇ ਤੁਰ ਪਵੇ ਤੇ ਗੁਨਾਹਾਂ ਤੋਂ ਤੌਬਾ ਕਰ ਲਵੇ, ਪਰ ਫਿਰ ਵੀ ਮਨ ਮੰਨਣ ਨੂੰ ਤਿਆਰ ਨਹੀਂ ਸੀ।

ਕਾਰਨ, ਪਿਛਲੇ ਕੁਝ ਸਮੇਂ ਵਿਚ ਸ਼ਬਦ ਗੁਰੂ ਦੀ ਬੇਅਦਬੀ ਨੂੰ ਲੈ ਕੇ ਬਰਗਾੜੀ 'ਚ ਹੋਈਆਂ ਸ਼ਹਾਦਤਾਂ, ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਤੇ ਪੰਜਾਬ ਵਿਚ ਮਚੀ ਤਰਥੱਲੀ ਅਤੇ ਅਕਾਲੀ ਦਲ ਦੇ ਵੱਡੇ ਜਰਨੈਲਾਂ ਵਲੋਂ ਬਾਦਲ ਪਰਿਵਾਰ ਵਿਰੁਧ ਬਗਾਵਤਾਂ-ਇਹ ਸਾਰਾ ਕੁਝ ਅੰਦਰਲਾ ਮੰਨ ਨਹੀਂ ਰਿਹਾ ਸੀ ਕਿ ਸਭ ਕੁਝ ਠੀਕ ਹੈ, ਕੁਝ ਤਾਂ ਹੈ, ਜੋ ਜ਼ਰੂਰ ਬਾਹਰ ਆਉਣ ਵਾਲਾ ਹੈ। ਇਵੇਂ ਹੀ ਹੋਇਆ। ਉਧਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਜਿਉਂ ਹੀ ਐਲਾਨ ਕੀਤਾ ਕਿ ਅਸੀਂ ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਲਾਂਘਾ ਬਣਾਉਣ ਨੂੰ ਤਿਆਰ ਹਾਂ, ਜਿਸ ਦਾ ਨੀਂਹ ਪੱਥਰ 28 ਨਵੰਬਰ ਨੂੰ ਰੱਖਿਆ ਜਾਵੇਗਾ, ਤਾਂ ਜਿਥੇ ਸਿੱਖ ਕੌਮ ਵਿਚ ਠਾਠਾਂ ਮਾਰਦਾ ਚਾਅ ਉਮੜ ਆਇਆ, ਉਥੇ ਬਾਦਲਕਿਆਂ ਨੂੰ ਭਾਜੜਾਂ ਪੈ ਗਈਆਂ। ਕਾਰਨ, ਇਸ ਲਾਂਘੇ ਨੂੰ ਲੈ ਕੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਪਿਛਲੇ ਤਿੰਨ ਮਹੀਨਿਆਂ ਤੋਂ ਬਹੁਤ ਚਰਚਾ ਵਿਚ ਸਨ। ਉਨ੍ਹਾਂ ਨੂੰ ਕੇਂਦਰ ਸਰਕਾਰ ਅਤੇ ਹੋਰ ਸਿਆਸੀ ਪਾਰਟੀਆਂ ਪਾਣੀ ਪੀ ਪੀ ਕੋਸ ਰਹੀਆਂ ਸਨ, ਤੇ ਸਿੱਧੂ ਮੁਸਕਰਾ ਰਹੇ ਸਨ ਕਿ ਲਾਂਘਾ ਖੁੱਲ੍ਹਣ ਦੀਆਂ ਖਬਰਾਂ ਨੇ ਤਹਿਲਕਾ ਮਚਾ ਦਿਤਾ।

ਹੁਣ ਕੀ ਹੋਵੇ? ਪੰਜਾਬ ਵਿਚ ਸਰਕਾਰ ਕਾਂਗਰਸ ਦੀ, ਸਿੱਧੂ ਮੰਤਰੀ ਕਾਂਗਰਸ ਦਾ, ਪਰ ਦੇਖਣਾ ਇਹ ਸੀ ਕਿ ਪੰਥ ਦੇ ਆਗੂ ਅਤੇ ਪੰਜਾਬ 'ਤੇ ਰਾਜ ਕਰਨ ਵਾਲੇ ਸਿੱਖ ਕੌਮ ਦੇ ਆਪੂੰ ਬਣੇ ਫਖਰ-ਏ-ਕੌਮ, ਹੁਣ ਕਿਹੜੀ ਚਾਲ ਚੱਲਣਗੇ?

ਮੋਦੀ ਸਰਕਾਰ ਨੇ ਝਟ ਪਟ ਮੋੜਵਾਂ ਐਲਾਨ ਕਰ ਦਿੱਤਾ ਕਿ ਅਸੀਂ ਇਸ ਲਾਂਘੇ ਦਾ ਨੀਂਹ ਪੱਥਰ ਡੇਰਾ ਬਾਬਾ ਨਾਨਕ ਵਿਚ 26 ਨਵੰਬਰ ਨੂੰ ਰੱਖਾਂਗੇ। ਸਿੱਖ ਕੌਮ ਤਾਂ ਬਉਰੀ ਹੋਈ ਪਈ ਸੀ, ਆਪਣੇ ਸਤਿਗੁਰੂ ਜੀ ਦੇ ਵਿਹੜੇ ਵਿਚ ਜਾਣ ਲਈ। ਸਿੱਖ ਕੌਮ ਦੀ ਅਰਦਾਸ ਪੂਰੀ ਹੋਣ ਲੱਗੀ ਸੀ, 71 ਸਾਲਾਂ ਪਿਛੋਂ। ਉਹ ਉਸ ਧਰਤੀ ਨੂੰ ਦੇਖਣ ਲਈ ਉਤਾਵਲੇ ਸਨ, ਜਿਥੇ ਬਾਬੇ ਨਾਨਕ ਨੇ ਹਲ ਚਲਾ ਕੇ ਹੱਥੀਂ ਕਿਰਤ ਕਰਨ ਦਾ ਉਪਦੇਸ਼ ਦਿੱਤਾ ਸੀ ਕਿ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ।

ਸਿੱਖ ਸੰਗਤਾਂ ਦੇ ਨਾਲ ਨਾਲ ਪੰਜਾਬ ਸਰਕਾਰ ਅਤੇ ਪੰਜਾਬ ਦਾ ਹਰ ਬਾਸ਼ਿੰਦਾ ਵੀ ਇਸ ਖੁਸ਼ੀ ਵਿਚ ਗੜੂੰਦ ਸੀ ਕਿ ਕੱਲ ਨੂੰ ਇਸ ਲਾਂਘੇ ਦਾ ਨੀਂਹ ਪੱਥਰ ਰੱਖ ਹੋਵੇਗਾ। ਸਿੱਧੂ ਦੇ ਨਾਂ ਦੀ ਚਰਚਾ ਵੀ ਹਰ ਪਾਸੇ ਸੀ ਕਿ ਇਹ ਕੰਮ ਸਿੱਧੂ ਦੀ ਪਿਆਰ ਮਿਲਣੀ ਨਾਲ ਹੀ ਪਰਵਾਨ ਚੜ੍ਹ ਰਿਹਾ ਹੈ। ਪੰਜਾਬ ਸਰਕਾਰ ਵਲੋਂ ਮੁਖ ਸਮਾਗਮ ਦੀ ਤਿਆਰੀ ਹੋ ਰਹੀ ਸੀ, ਨੀਂਹ ਪੱਥਰ ਰੱਖਣ ਲਈ ਭਾਰਤ ਦੇ ਰਾਸ਼ਟਰਪਤੀ ਆ ਰਹੇ ਸਨ। ਉਧਰ ਪਾਕਿਸਤਾਨ ਸਰਕਾਰ ਵਲੋਂ ਭਾਰਤ ਦੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਵੀ ਸੱਦਾ ਪੱਤਰ ਮਿਲ ਚੁਕੇ ਸਨ।

ਫਿਰ ਖਬਰ ਆਈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਸਵੇਰੇ ਗੁਰਦੁਆਰਾ ਸਾਹਿਬ ਵਿਚ ਅਰਦਾਸ ਕਰਕੇ ਅਕਾਲੀ ਲੀਡਰਸ਼ਿਪ ਅਤੇ ਸੰਗਤਾਂ ਦੇ ਨਾਲ ਸ਼ਬਦ ਕੀਰਤਨ ਕਰਦਿਆਂ ਪੈਦਲ ਤੁਰ ਕੇ ਇਸ ਸਮਾਗਮ ਵਿਚ ਸ਼ਾਮਲ ਹੋਣਗੇ। ਫਿਰ ਅਚਾਨਕ ਇਹ ਖਬਰ ਆਈ ਕਿ ਨੀਂਹ ਪੱਥਰ ਰੱਖਣ ਦਾ ਕਾਰਜ ਰਾਸ਼ਟਰਪਤੀ ਨਹੀਂ, ਉਪ ਰਾਸ਼ਟਰਪਤੀ ਕਰਨਗੇ ਅਤੇ ਇਸ ਸਮਾਗਮ ਵਿਚ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਅਤੇ ਕੇਂਦਰੀ ਮੰਤਰੀ ਪੁਰੀ ਸਾਹਿਬ ਵੀ ਪਹੁੰਚ ਰਹੇ ਹਨ। ਪਾਕਿਸਤਾਨ ਵਲੋਂ ਆਏ ਸੱਦੇ 'ਤੇ ਬੀਬੀ ਸੁਸ਼ਮਾ ਸਵਰਾਜ ਨਹੀਂ ਬਲਕਿ ਬੀਬੀ ਹਰਸਿਮਰਤ ਕੌਰ ਬਾਦਲ ਜਾ ਰਹੇ ਹਨ। ਸਾਰੀ ਧੁੰਦਲੀ ਤਸਵੀਰ ਸਾਫ ਹੋ ਚੁਕੀ ਸੀ ਕਿ ਮੋਦੀ ਬਾਦਲ ਪਰਿਵਾਰ ਦੀਆਂ ਮਿੰਨਤਾਂ ਪ੍ਰਵਾਨ ਕਰ ਚੁਕੇ ਸਨ ਅਤੇ ਸਾਰਾ ਪ੍ਰੋਗਰਾਮ ਸਿੱਧਾ-ਪੁਠਾ ਤੈਅ ਹੋ ਚੁਕਾ ਸੀ।

ਅਸਲ ਕਹਾਣੀ ਤਾਂ ਖੜ੍ਹੇ ਪੈਰ ਉਦੋਂ ਸਾਹਮਣੇ ਆਈ, ਜਦੋਂ ਰੱਖੇ ਜਾਣ ਵਾਲੇ ਨੀਂਹ ਪੱਥਰ 'ਤੇ ਸਾਰੇ ਬਾਦਲ ਪਰਿਵਾਰ ਦੇ ਹੀ ਨਾਂ ਲਿਖੇ ਹੋਏ ਪੰਜਾਬ ਸਰਕਾਰ ਦੇ ਸਾਹਮਣੇ ਆਏ। ਪੰਜਾਬ ਸਰਕਾਰ ਅਤੇ ਪੰਜਾਬ ਦੇ ਲੋਕ ਹੈਰਾਨ ਸਨ ਕਿ ਇਹ ਕੀ ਹੋ ਰਿਹਾ ਹੈ, ਪਰ ਜੋ ਵੀ ਹੋ ਰਿਹਾ ਸੀ ਸ਼ੱਰੇਆਮ ਕੀਤਾ ਜਾ ਰਿਹਾ ਸੀ। ਕੀ ਇਹ ਬੀ. ਜੇ. ਪੀ. ਦੀ ਮੋਦੀ ਸਰਕਾਰ ਅਤੇ ਬਾਦਲਾਂ ਦੀ ਮਿਲੀਭੁਗਤ ਨਹੀਂ ਸੀ ਕਿ ਪੰਜਾਬ ਸਰਕਾਰ ਨੂੰ ਗੁੱਠੇ ਲਾ ਕੇ ਬਾਦਲ ਪਰਿਵਾਰ ਨੂੰ ਹਰ ਕੰਮ ਵਿਚ ਪਹਿਲ ਦਿੱਤੀ ਜਾਵੇ? ਪਾਕਿਸਤਾਨ ਸਰਕਾਰ ਵਲੋਂ ਨੀਂਹ ਪੱਥਰ ਦੇ ਸਮਾਗਮ ਵਿਚ ਭਾਰਤ ਸਰਕਾਰ ਨੂੰ ਸੱਦਾ ਪੱਤਰ ਆਉਣ ਦੇ ਬਾਵਜੂਦ ਮੋਦੀ ਸਰਕਾਰ ਵਲੋਂ ਪਾਕਿਸਤਾਨ ਸਰਕਾਰ ਨੂੰ ਸਮਾਗਮ ਵਿਚ ਸ਼ਾਮਲ ਹੋਣ ਲਈ ਨਾ ਕਹਿਣਾ ਵੀ ਇਸੇ ਬੌਖਲਾਹਟ ਦਾ ਹੀ ਸਿੱਟਾ ਸੀ। ਹਰ ਗੁਰੂ ਨਾਨਕ ਨਾਮ ਲੇਵਾ ਦੇ ਅੰਦਰ ਜਿਥੇ ਖੁਸ਼ੀਆਂ ਦਾ ਹੜ੍ਹ ਠਾਠਾਂ ਮਾਰ ਰਿਹਾ ਸੀ, ਉਥੇ ਨਾਲ ਹੀ ਕੜਵਾਹਟ ਵੀ ਆ ਰਹੀ ਸੀ ਕਿ ਬੀ. ਜੇ. ਪੀ. ਅਤੇ ਬਾਦਲ ਪਰਿਵਾਰ ਦੀ ਇਹ ਗੰਦੀ ਰਾਜਨੀਤੀ ਇਸ ਲਾਂਘੇ ਦੇ ਕਾਰਜ ਵਿਚ ਕਿਉਂ ਘਟੀਆ ਚਾਲਾਂ ਚੱਲ ਰਹੀ ਹੈ? ਕੇਂਦਰੀ ਮੰਤਰੀ ਬੀਬੀ ਬਾਦਲ ਦਾ ਸਟੇਜ ਤੋਂ ਗੁਰਬਾਣੀ ਦੀਆਂ ਗਲਤ ਤੁਕਾਂ ਬੋਲ ਕੇ ਭਾਸ਼ਣ ਸ਼ੁਰੂ ਕਰਨਾ, ਸਹੀ ਮੁੱਦੇ ਦੀ ਗੱਲ ਛੱਡ ਕੇ ਚੁਰਾਸੀ ਦੇ ਕਤਲੇਆਮ ਨੂੰ ਲੈ ਕੇ ਮੋਦੀ ਦੇ ਕਸੀਦੇ ਪੜ੍ਹਨੇ, ਮੁੜ ਮੁੜ ਕਾਂਗਰਸ ਨੂੰ ਕੋਸਣਾ, ਭੈਣ ਦੇ ਹੱਕ ਵਿਚ ਮਜੀਠੀਆ ਅਤੇ ਉਸ ਦੀ ਫੌਜ ਦਾ ਨਾਅਰੇਬਾਜ਼ੀ ਕਰਨਾ ਇਕ ਵਾਰੀ ਫਿਰ ਬਾਦਲ ਪਰਿਵਾਰ ਦੇ ਖਿਲਾਫ ਭੁਗਤ ਗਿਆ।

ਗੁਰਬਾਣੀ ਦਾ ਫੁਰਮਾਨ ਹੈ, ਅੰਦਰ ਕਮਾਣਾ ਸਰ ਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚ ਕਮਾਈ॥

ਖੈਰ! ਦੋ ਦਿਨ ਮਗਰੋਂ ਇਹ ਮੋਦੀ ਬਨਾਮ ਬਾਦਲ ਕਾਫਲਾ ਪਾਕਿਸਤਾਨ ਪਹੁੰਚਿਆ, ਜਿਥੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਪਹਿਲਾਂ ਹੀ ਮੌਜੂਦ ਸਨ। ਪਾਕਿਸਤਾਨ ਸਰਕਾਰ ਦੇ ਨਾਲ ਨਾਲ ਉਥੋਂ ਦਾ ਸਾਰਾ ਆਵਾਮ ਅਤੇ ਹਰ ਚੈਨਲ 'ਤੇ ਸਿੱਧੂ ਦੇ ਗੁਣ ਗਾਏ ਜਾ ਰਹੇ ਸਨ। ਸਿੱਧੂ ਸਾਹਿਬ ਆਪਣੇ ਪਿਆਰੇ ਤੇ ਨਿਆਰੇ ਅੰਦਾਜ਼ ਵਿਚ ਜਿਥੇ ਬਾਬਾ ਸਤਿਗੁਰੂ ਨਾਨਕ ਜੀ ਦੇ ਸ਼ੁਕਰਾਨੇ ਕਰ ਰਹੇ ਸਨ, ਉਥੇ ਸ਼ਿਅਰੋ ਸ਼ਾਇਰੀ ਕਰਕੇ ਖੁਸ਼ੀਆਂ ਵੀ ਬਟੋਰ ਰਹੇ ਸਨ, ਨਾ ਕੋਈ ਈਰਖਾ, ਨਾ ਨਫਰਤ, ਨਾ ਸਾੜਾ-ਉਥੇ ਆਪਸੀ ਪਿਆਰ ਅਤੇ ਸਤਿਕਾਰ ਦੀਆਂ ਗੱਲਾਂ ਤੋਂ ਬਿਨਾ ਹੋਰ ਕੁਝ ਵੀ ਨਹੀਂ ਸੀ। ਜਦ ਇਧਰੋਂ ਬੀ. ਜੇ. ਪੀ. ਦਾ ਕਾਫਲਾ ਲੈ ਕੇ ਬੀਬੀ ਬਾਦਲ ਪਾਕਿਸਤਾਨ ਪਹੁੰਚੇ ਤਾਂ ਮੁਖੜੇ 'ਤੇ ਖੁਸ਼ੀ ਦੀ ਥਾਂ ਘਬਰਾਹਟ ਸੀ। ਕਿਉਂ? ਇਹ ਤਾਂ ਹਰ ਸ਼ਖਸ ਜਾਣਦਾ ਹੈ, ਅੰਦਰਲਾ ਚੋਰ ਬੰਦੇ ਨੂੰ ਅੰਦਰੋਂ ਟਿਕਣ ਕਿਥੇ ਦਿੰਦਾ ਹੈ?

ਪਾਕਿਸਤਾਨ ਦੇ ਸਦਰ ਇਮਰਾਨ ਖਾਨ ਨੇ ਆਪਣੇ ਭਾਸ਼ਣ ਵਿਚ ਜੋ ਪਾਕੀਜ਼ਗੀ ਅਤੇ ਉਚ ਪਾਏ ਦੀ ਸੰਜੀਦਗੀ ਦਿਖਾਈ, ਉਹ ਬਾਕਮਾਲ ਸੀ। ਉਸ ਦੇ ਚਿਹਰੇ ਤੋਂ ਜੋ ਖੁਸ਼ੀ ਨਜ਼ਰ ਆ ਰਹੀ ਸੀ, ਉਹ ਦੇਖਣ ਹੀ ਵਾਲੀ ਸੀ-ਨਿਰਛੱਲ ਅਤੇ ਨਿਸ਼ਕਪਟ, ਕੋਈ ਫਰੇਬ ਜਾਂ ਕੋਈ ਮਿਲਾਵਟ, ਕੁਝ ਵੀ ਨਹੀਂ। ਉਸ ਨੇ ਵਾਰ ਵਾਰ ਬਾਬੇ ਨਾਨਕ ਦੇ ਸ਼ੁਕਰਾਨੇ ਕੀਤੇ, ਦੋਹਾਂ ਮੁਲਕਾਂ ਦੇ ਆਪਸੀ ਪਿਆਰ ਦੀਆਂ ਬਾਤਾਂ ਪਾਈਆਂ ਅਤੇ ਸਾਹਮਣੇ ਵੱਡੀ ਗਿਣਤੀ ਵਿਚ ਬੈਠੀ ਦੋਹਾਂ ਮੁਲਕਾਂ ਦੀ ਸੰਗਤ ਦਾ ਵਾਰ ਵਾਰ ਧੰਨਵਾਦ ਕੀਤਾ।

ਇਮਰਾਨ ਖਾਨ ਨੇ ਜਿਥੇ ਇਕ ਬਹੁਤ ਹੀ ਸੁਲਝੇ ਹੋਏ ਉਚੇ ਕਿਰਦਾਰ ਵਾਲਾ ਇਨਸਾਨ ਹੋਣ ਦਾ ਸਬੂਤ ਦਿਤਾ, ਉਥੇ ਉਸ ਨੇ ਸਾਹਮਣੇ ਬੈਠੇ ਆਪਣੇ ਜਿਗਰੀ ਯਾਰ ਨਵਜੋਤ ਸਿੱਧੂ ਨੂੰ ਰੱਬ ਜਿੰਨਾ ਮਾਣ ਦਿਤਾ ਅਤੇ ਲਾਂਘੇ ਦਾ ਸਾਰਾ ਸ਼ਰਫ ਉਸ ਦੀ ਝੋਲੀ ਪਾ ਕੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ।

ਵਾਹ! ਪਾਕਿਸਤਾਨ ਸਰਕਾਰ ਵਲੋਂ ਤਾਂ ਬਣਾਇਆ ਗਿਆ ਨੀਂਹ ਪੱਥਰ ਹੀ ਕਮਾਲ ਦੀ ਦਿੱਖ ਵਾਲਾ ਹੈ। ਉਪਰ ਪਾਕਿਸਤਾਨ ਦਾ ਲੌਗੋ, ਫਿਰ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਚਿਤਰ ਅਤੇ ਫਿਰ ਇਮਰਾਨ ਖਾਨ ਦਾ ਨਾਂ। ਕਿਆ ਸੂਝ ਹੈ, ਕਿਆ ਸਿਆਣਪ ਹੈ। ਹੁਣ ਉਥੇ ਬੈਠੇ ਸਾਡੇ ਕੇਂਦਰ ਦੇ ਮੰਤਰੀ ਜਿਸ ਹਾਲ ਵਿਚ ਸਨ, ਉਹ ਸਾਰਾ ਜਹਾਨ ਦੇਖ ਚੁਕਾ ਹੈ। ਪਰਮਾਤਮਾ ਮਿਹਰ ਕਰੇ, ਅਸੀਂ ਆਪਣੇ ਸੋਹਣੇ ਧਰਮ ਨੂੰ ਗੰਦੀ ਰਾਜਨੀਤੀ ਤੋਂ ਉਪਰ ਰੱਖਣ ਦੀ ਜੇ ਜਾਚ ਸਿੱਖ ਲਈਏ ਤਾਂ ਸ਼ਾਇਦ ਰੱਬ ਸਾਨੂੰ ਮੁਆਫ ਕਰ ਹੀ ਦੇਵੇ। ਆਓ ਅਰਦਾਸ ਕਰੀਏ, ਜਿਥੇ ਗੁਰੂ ਨਾਨਕ ਨਾਮ ਲੇਵਾ ਸੰਗਤ ਦੀ ਅਰਦਾਸ ਸੁਣੀ ਗਈ ਹੈ ਅਤੇ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਲਈ ਲਾਂਘਾ ਬਣਨ ਲੱਗਾ ਹੈ, ਇਕ ਦਿਨ ਆਵੇ ਕਿ ਸਾਰੇ ਹੀ ਬੰਧਨ ਟੁਟ ਜਾਣ, ਨਫਰਤਾਂ ਮੁਕ ਜਾਣ ਅਤੇ ਦੋਹਾਂ ਮੁਲਕਾਂ ਵਿਚੋਂ ਬਾਰਡਰ 'ਤੇ ਹੋ ਰਹੀ ਠੰਢੀ ਜੰਗ ਵੀ ਮੁਕ ਜਾਵੇ। ਇਸ ਕਾਮਨਾ ਨੂੰ ਲੈ ਕੇ ਫਿਰ ਅਰਦਾਸ ਕਰੀਏ, ਗੁਰੂ ਮਿਹਰ ਕਰਨਗੇ।

## ਲਹਿੰਦੇ ਪੰਜਾਬ ਵਿਚ ਗੁਰੂ ਨਾਨਕ ਸਾਹਿਬ ਦੇ ਅਸਥਾਨ

*(ਪਿਛਲੇ ਸਫੇ ਦੀ ਬਾਕੀ)*

ਕਹਾਣੀਆਂ ਨਾਲ ਭਰੀਆਂ ਪਈਆਂ ਹਨ। ਗੁਰੂ ਨਾਨਕ ਨੇ ਸੰਸਥਾਗਤ ਧਰਮ ਦਾ ਵਿਰੋਧ ਕੀਤਾ, ਅੰਧ-ਵਿਸ਼ਵਾਸੀ ਰੀਤਾਂ ਦੀ ਆਲੋਚਨਾ ਕੀਤੀ, ਪਰ ਦੂਜੇ ਪਾਸੇ ਉਨ੍ਹਾਂ ਜਿਸ ਧਰਮ ਦੀ ਨੀਂਹ ਰੱਖੀ, ਉਹ ਧਰਮ ਵੀ ਦੁਨੀਆਂ ਦੇ ਸੰਸਥਾਗਤ ਧਰਮਾਂ ਵਿਚ ਸ਼ੁਮਾਰ ਹੋ ਗਿਆ। ਇੰਜ ਜਾਪਦਾ ਹੈ ਕਿ ਮੈਂ ਜਿੰਨਾ ਗੁਰੂ ਨਾਨਕ ਨੂੰ ਵੱਧ ਜਾਣਨ ਦੀ ਕੋਸ਼ਿਸ਼ ਕਰਦਾ ਹਾਂ, ਮੇਰੇ ਮਨ ਵਿਚ ਓਨੇ ਹੀ ਵੱਧ ਸਵਾਲ ਪੈਦਾ ਹੁੰਦੇ ਹਨ।



*ਭਾਰਤ-ਪਾਕਿਸਤਾਨ ਸਰਹੱਦ ਨੇੜੇ ਪਿੰਡ ਝੰਮਣ ਵਿਚ ਗੁਰਦੁਆਰਾ ਰੋੜੀ ਸਾਹਿਬ।*

### ਅਹਿਮ ਗੁਰਦੁਆਰੇ

**ਜਨਮ ਅਸਥਾਨ:** ਨਾਨਕਿਆਣਾ ਦੇ ਪਵਿਤਰ ਨਗਰ ਵਿਚ ਸੰਮਤ 1526 ਵਿਚ ਗੁਰੂ ਨਾਨਕ ਦੇਵ ਨੇ ਅਵਤਾਰ ਧਾਰਿਆ। ਇਸ ਥਾਂ ਹੁਣ ਆਲੀਸ਼ਾਨ ਗੁਰਦੁਆਰਾ 'ਜਨਮ ਅਸਥਾਨ' ਬਣਿਆ ਹੋਇਆ ਹੈ। ਪਾਸ ਰਹਿਣ ਲਈ ਸੁੰਦਰ ਮਕਾਨ ਹਨ। ਗੁਰਧਾਮ ਨਾਲ ਅਠਾਰਾਂ ਹਜ਼ਾਰ ਏਕੜ ਜਮੀਨ ਅਤੇ ਨੌਂ ਹਜ਼ਾਰ ਅੱਠ ਸੌ ਬਾਨਵੇਂ ਰੁਪਏ ਦੀ ਜਾਗੀਰ ਹੈ, ਕਰੀਬ ਵੀਹ ਹਜ਼ਾਰ ਸਾਲਾਨਾ ਪੂਜਾ ਦੀ ਆਮਦਨ ਹੈ।

**ਤੰਬੂ ਸਾਹਿਬ:** ਕਸਬੇ ਤੋਂ ਉਤਰ ਵੱਲ ਗੁਰੂ ਨਾਨਕ ਦਾ ਉਹ ਗੁਰਦੁਆਰਾ ਹੈ, ਜਿਥੇ ਚੂਹੜਕਾਣੇ ਤੋਂ ਸੱਚਾ ਸੌਦਾ ਕਰਕੇ ਭਾਈ ਬਾਲਾ ਸਮੇਤ ਇਕ ਵਣ ਦੇ ਬਿਰਛ ਹੇਠ ਆ ਕੇ ਵਿਰਾਜੇ, ਗੁਰਦੁਆਰਾ ਗੁੰਬਜਦਾਰ ਸੁੰਦਰ ਬਣ ਰਿਹਾ ਹੈ।

**ਪੱਟੀ ਸਾਹਿਬ:** ਕਸਬੇ ਦੇ ਵਿਚ ਹੀ ਗੁਰਦੁਆਰਾ ਬਾਲ ਲੀਲ੍ਹਾ ਪਾਸ ਗੁਰੂ ਨਾਨਕ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਇਥੇ ਪਾਂਧੇ ਪਾਸ ਪੜ੍ਹਨ ਬੈਠਿਆਂ ਉਸ ਨੂੰ ਉਪਦੇਸ਼ ਦੇ ਕੇ ਆਪਣਾ ਸਿੱਖ ਬਣਾਇਆ ਸੀ, ਆਸਾ ਪੱਟੀ ਬਾਣੀ ਇੱਥੇ ਹੀ ਉਚਰੀ।

**ਬਾਲ ਲੀਲ੍ਹਾ:** ਨਾਨਕਿਆਣਾ ਸਾਹਿਬ ਦੀ ਆਬਾਦੀ ਵਿਚ ਗੁਰੂ ਨਾਨਕ ਦਾ ਗੁਰਦੁਆਰਾ ਹੈ, ਜਿਥੇ ਛੋਟੀ ਉਮਰ ਵਿਚ ਉਹ ਖੇਡਦੇ ਸਨ, ਗੁਰਦੁਆਰੇ ਤੋਂ ਪੂਰਵ ਵਲ ਤਲਾਬ ਹੈ, ਜੋ ਗੁਰੂ ਸਾਹਿਬ ਦੇ ਨਾਂ 'ਤੇ ਰਾਇਬੁਲਾਰ ਨੇ ਖੁਦਵਾਇਆ ਸੀ। ਗੁਰਦੁਆਰਾ ਸੁੰਦਰ ਬਣਿਆ ਹੋਇਆ ਹੈ, ਇਸ ਗੁਰਦੁਆਰੇ ਦੇ ਨਾਂ 120 ਮੁਰੱਬੇ ਜਮੀਨ ਅਤੇ 31 ਰੁਪਏ ਸਾਲਾਨਾ ਜਾਗੀਰ ਹੈ।

# ਕਰਤਾਰਪੁਰੀ ਲਾਂਘਾ

**ਅਵਤਾਰ ਸਿੰਘ (ਪ੍ਰੋ)**
**ਫੋਨ: 91-94175-18384**

ਪੁਰਾਣੇ ਸਮਿਆਂ ਵਿਚ ਦਰਿਆਵਾਂ ਦੇ ਆਰ ਪਾਰ ਜਾਣ ਆਉਣ ਲਈ ਪੱਤਣ ਹੁੰਦੇ ਸਨ, ਜੋ ਕਾਫੀ ਵੱਡੇ ਖੇਤਰ ਤੱਕ ਫੈਲੇ ਹੁੰਦੇ ਸਨ। ਦੂਰ ਦੇ ਲੋਕਾਂ ਨੂੰ ਪੱਕਾ ਪਤਾ ਨਹੀਂ ਸੀ ਹੁੰਦਾ ਕਿ ਅਸਲ ਲਾਂਘਾ ਕਿੱਥੇ ਹੈ? ਲਾਂਘੇ ਵਾਲੀ ਥਾਂ ਜਾਣਕਾਰ ਲੋਕ ਕੋਈ ਨਿਸ਼ਾਨੀ ਗੱਡ ਦਿੰਦੇ ਸਨ, ਜਿਸ ਨੂੰ ਦੇਖ ਕੇ ਅਣਜਾਣ ਲੋਕ ਵੀ ਦਰਿਆ ਪਾਰ ਕਰ ਜਾਂਦੇ ਸਨ।

ਭੱਟ ਸਾਹਿਬਾਨ ਨੇ ਤੀਜੇ ਪਾਤਸ਼ਾਹ ਨੂੰ ਬੈਕੁੰਠ ਜਾਣ ਵਾਲੇ ਪੁਲ 'ਤੇ ਗੱਡਿਆ ਨਿਸ਼ਾਨ 'ਸੇਤਿ ਬੈਕੁੰਠ ਬੀਨਾ' ਆਖਿਆ ਹੈ। ਬਾਣੀ ਵਿਚ ਨਾਮ ਨੂੰ ਵੀ ਭਵਜਲ ਦਾ ਪੁਲ ਕਿਹਾ ਗਿਆ ਹੈ, "ਭਵਜਲੁ ਸਾਇਰੁ ਸੇਤੁ॥"

ਅੱਜ ਕਲ ਦੇਸ਼ਾਂ ਵਿਚਾਲੇ ਖਿੱਚੀਆਂ ਤੇ ਤਣੀਆਂ ਹੱਦਾਂ ਸਰਹੱਦਾਂ ਵਿਚ ਲਾਂਘੇ ਹੁੰਦੇ ਹਨ। ਇੱਥੋਂ ਦੋ ਦੇਸ਼ਾਂ ਦੇ ਲੋਕ ਇੱਕ ਦੂਜੇ ਨੂੰ ਮਿਲ-ਜੁਲ ਸਕਦੇ ਹਨ ਅਤੇ ਕੁਝ ਦੇ-ਲੈ ਸਕਦੇ ਹਨ।

1947 ਦੀ ਵੰਡ ਪਿਛੋਂ ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਦੇ ਖੁੱਲ੍ਹੇ ਤੇ ਬੇਰੋਕ ਦਰਸ਼ਨ ਦੀਦਾਰ ਲਈ ਭਾਰਤ ਵਿਚ ਵੱਸਦੇ ਲੋਕਾਂ ਦੇ ਮਨਾਂ ਵਿਚ ਇਕ ਟੀਸ ਉਠਦੀ ਰਹੀ ਹੈ, ਜੋ ਸਾਡੀ ਰੋਜਾਨਾ ਅਰਦਾਸ ਦਾ ਹਿੱਸਾ ਬਣ ਗਈ।

ਬੇਸ਼ੱਕ ਇਹ ਅਸੰਭਵ ਨਹੀਂ, ਮੁਸ਼ਕਿਲ ਹੈ, ਪਰ ਜਿਥੇ ਕਈ ਮੁਲਕਾਂ 'ਚ ਨਵੀਂਆਂ ਦੀਵਾਰਾਂ ਬਣੀਆਂ ਹਨ, ਉਥੇ ਕਈ ਮੁਲਕਾਂ 'ਚ ਪੁਰਾਣੀਆਂ ਦੀਵਾਰਾਂ ਢਹੀਆਂ ਵੀ ਹਨ।

ਗੁਰੂ ਨਾਨਕ ਪਾਤਸ਼ਾਹ ਨੇ ਆਖਿਆ, "ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥" ਗੁਰੂ ਨਾਨਕ ਦੇ ਦੁਆਰ ਦੇ ਰਾਹ ਵਿਚ ਬਣੀ ਕਿਸੇ ਤਰ੍ਹਾਂ ਦੀ ਰੁਕਾਵਟ ਕਿਸੇ ਦੇ ਮਨ ਨੂੰ ਵੀ ਨਹੀਂ ਭਾਉਂਦੀ। ਇਸ ਰੁਕਾਵਟ ਦਾ ਹਟਣਾ ਭਾਰਤ ਵਿਚ ਵੱਸਦੇ ਨਾਨਕ ਨਾਮ ਲੇਵਾ ਲੋਕਾਂ ਦੀ ਚਿਰੋਕਣੀ ਰੀਝ ਸੀ। ਭਾਰਤ ਅਤੇ ਪਾਕਿਸਤਾਨ ਵਿਚਾਲੇ ਬਣੀ ਤੇ ਤਣੀ ਦੀਵਾਰ ਵਿਚੋਂ ਭਾਰਤੀ ਲੋਕਾਂ ਨੂੰ ਲਾਂਘੇ ਦੇ ਰੂਪ ਵਿਚ ਤੋਹਫਾ ਮਿਲਿਆ ਹੈ। ਹੁਣ ਉਹ ਅਰਾਮ ਨਾਲ ਗੁਰੂ ਨਾਨਕ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਵਾਲੇ ਅਸਥਾਨ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਿਆ ਕਰਨਗੇ।

ਇਸ ਪਵਿੱਤਰ ਤੇ ਇਤਿਹਾਸਕ ਤੋਹਫੇ ਦੇ ਉਦਘਾਟਨੀ ਸਮਾਰੋਹ ਸਮੇਂ ਭਾਰਤ ਵਾਲੇ ਪਾਸੇ ਉਮੀਦ ਸੀ ਕਿ ਤਮਾਮ ਸਿਆਸਤ ਪਾਸੇ ਛੱਡ ਕੇ ਭਾਵਨਾਤਮਕਤਾ ਏਕਤਾ ਪ੍ਰਗਟਾਈ ਜਾਵੇਗੀ, ਪਰ ਭਾਰਤ ਵਾਲੇ ਸਮਾਗਮ ਵਿਚ ਹਰ ਤਰ੍ਹਾਂ ਦੇ ਸ਼ਿਸ਼ਟਾਚਾਰ, ਸ਼ਰਧਾ ਸਤਿਕਾਰ ਅਤੇ ਭਾਵਨਾਤਮਕ ਪਵਿੱਤਰਤਾ ਨੂੰ ਬੁਰੇ ਦੀ ਹੱਦ ਤੱਕ ਇੱਕ ਪਾਸੇ ਰੱਖ ਕੇ ਮਾਨਸਿਕ ਦੁਸ਼ਟਤਾ ਦਾ ਨੰਗਾ ਨਾਚ ਕੀਤਾ ਗਿਆ, ਜੋ ਦੇਖ-ਸੁਣ ਕੇ ਸ਼ਰਧਾਲੂਆਂ ਦੇ ਸਿਰ ਸ਼ਰਮ ਨਾਲ ਝੁਕ ਗਏ।

ਇਸ ਦੇ ਉਲਟ ਪਾਕਿਸਤਾਨ ਵਾਲੇ ਪਾਸੇ ਹੋਏ ਸਮਾਗਮ ਨੇ ਸਾਨੂੰ ਹੋਰ ਸ਼ਰਮਸ਼ਾਰ ਕਰ ਦਿੱਤਾ ਹੈ। ਕਿਸੇ ਬੱਜਰ ਗੁਨਾਹ ਕਰ ਕੇ ਨਹੀਂ ਸਗੋਂ ਇਸ ਲਈ ਕਿ ਉਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਸਾਡੇ ਤੋਂ ਕਿਤੇ ਵੱਧ ਬਿਹਤਰ, ਢੁਕਵੇਂ ਅਤੇ ਫੱਬਵੇਂ ਅੰਦਾਜ਼ ਵਿਚ ਅਕੀਦਤ ਪੇਸ਼ ਕੀਤੀ।

ਉਸ ਸਮੇਂ ਸਾਬਕਾ 'ਪੰਜਾਬ' ਦੀ ਨੂੰਹ ਰਾਣੀ 'ਬੀਬੀ' ਨੇ ਆਪਣੀ ਅੱਜ ਤੱਕ ਦੀ ਸਭ ਤੋਂ ਭੈੜੀ ਤਕਰੀਰ ਕੀਤੀ ਅਤੇ ਨਵਜੋਤ ਸਿੰਘ ਨੇ ਆਪਣੀ ਅੱਜ ਤੱਕ ਦੀ ਸਭ ਤੋਂ ਵਧੀਆ ਤਕਰੀਰ ਕੀਤੀ। ਨੂੰਹ ਰਾਣੀ 'ਬੀਬੀ' ਤੇ ਨਵਜੋਤ ਸਿੰਘ ਦੇ ਅੰਦਾਜ਼ ਵਿਚ ਫਰਸ਼ ਤੇ ਅਰਸ਼ ਜਿੰਨਾ ਫਰਕ ਸੀ। 'ਬੀਬੀ' ਨੇ ਵਾਹਿਗੁਰੂ ਨੂੰ 'ਵਾਹਿਗੁਰੀ' ਆਖ ਕੇ ਸਬੂਤ ਦਿੱਤਾ ਜਿਵੇਂ ਉਸ ਨੇ ਘਰੇ ਕਦੇ ਵਾਹਿਗੁਰੂ ਵੀ ਨਾ ਕਦੀ ਕਿਹਾ ਹੋਵੇ ਤੇ ਨਾ ਸੁਣਿਆ ਹੋਵੇ।

ਸਿਤਮ ਖੁਦਾ ਦਾ! ਯਾਰੋ, ਬਾਣੀ ਦੀ ਇੱਕ ਵੀ ਤੁਕ ਦਰੁਸਤ ਨਾ ਬੋਲ ਸਕੀ ਉਹ! ਲਾਹੌਲ ਵਿਲਾ ਕੁਵਤ! ਵਜ਼ੀਰੇ-ਆਜ਼ਮ ਨੂੰ ਵਾਰ ਵਾਰ 'ਵਜ਼ੀਰੇ-ਆਲਮ' ਆਖਣਾ ਤਾਂ ਉਸ ਦੀ ਨਾਲਾਇਕੀ ਦਾ ਸਿਰੇ ਦਾ ਸਬੂਤ ਸਾਬਤ ਹੋਇਆ। ਸ਼ੁਕਰ ਹੈ, ਕਿਤੇ ਉਸ ਨੇ 'ਵਜ਼ੀਰੇ-ਸਾਲਮ' ਨ੍ਹੀਂ ਕਹਿ ਦਿੱਤਾ; ਤਾਂ ਉਸ ਦਾ ਕੋਈ ਕੀ ਵਿਗਾੜ ਸਕਦਾ ਸੀ! ਪਾਕਿਸਤਾਨ ਤੋਂ ਲਿਆਂਦੀ ਮਿੱਟੀ ਨੂੰ 'ਪਰਸ਼ਾਦਾ' ਕਹਿਣ ਤੱਕ ਚਲੀ ਗਈ। ਸੁਣਿਆ ਹੈ, ਅੱਧਜਲ ਗਗਰੀ ਛਲਕਦੀ ਹੈ; ਪਰ ਖਾਲੀ ਘਰੋਟੀ ਤਾਂ ਸਿਰਫ ਖੜਕਦੀ ਹੈ; ਛਲਕਣ ਲਈ ਕੁਝ ਤਾਂ ਪਾਣੀ ਹੋਵੇ!

ਵਾਹ! ਹੈਰਾਨੀ ਹੁੰਦੀ ਹੈ ਕਿ ਅਜਿਹੇ ਨਾਲਾਇਕ ਲੋਕ ਇੰਨੇ ਉਚੇ ਅਹੁਦੇ 'ਤੇ ਪੁੱਜ ਕਿਵੇਂ ਜਾਂਦੇ ਹਨ ਅਤੇ ਫਿਰ ਟਿਕੇ ਕਿਵੇਂ ਰਹਿੰਦੇ ਹਨ? ਕੋਈ ਤਾਂ ਰਾਜ ਹੋਵੇਗਾ, ਜੋ ਅਸੀਂ ਜਾਣ ਨਹੀਂ ਸਕਦੇ, ਕੇਵਲ ਕਿਆਸ ਕਰ ਸਕਦੇ ਹਾਂ।

ਦੂਜੇ ਪਾਸੇ ਨਵਜੋਤ ਸਿੰਘ ਨੇ ਭਾਸ਼ਣ ਕਲਾ, ਕਾਵਿ ਮੁਹਾਰਤ ਅਤੇ ਅਕੀਦਤ ਦੀ ਪਾਕੀਜ਼ਗੀ ਦਾ ਬੇਜੋੜ ਅਤੇ ਆਹਲਾ ਸਬੂਤ ਦਿੱਤਾ। ਇਹ ਬੇਹੱਦ ਤਸੱਲੀਬਖਸ਼ ਹੈ। ਨਵਜੋਤ ਸਿੰਘ ਨੇ ਆਪਣਾ ਅਕਸ ਬੇਹੱਦ ਸੁਲਝੇ ਹੋਏ, ਸਿਆਣੇ ਅਤੇ ਨਿਮਰ ਇਨਸਾਨ ਵਾਲਾ ਬਣਾ ਲਿਆ ਹੈ, ਜਿਸ ਦਾ ਉਸ ਨੂੰ ਹਰ ਹਾਲ ਇਵਜ਼ ਵੀ ਮਿਲੇਗਾ।

"ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰ॥"

**ਗਦਰ ਦੀਆਂ ਗੱਲਾਂ**

# ਅੰਗਰੇਜ਼ ਡਾਕੂ ਹਨ: ਭਾਰਤ ਮਾਤਾ ਦੀ ਪੁਕਾਰ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨੇਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਇਨ੍ਹਾਂ ਲੇਖਾਂ ਵਿਚੋਂ ਗਦਰੀਆਂ ਦੇ ਸਿਦਕ, ਸਿਰੜ ਅਤੇ ਸੁੱਚੀ ਸੋਚ ਦੇ ਝਲਕਾਰੇ ਮਿਲਦੇ ਹਨ ਅਤੇ ਉਸ ਵੇਲੇ ਆਜ਼ਾਦੀ ਲਈ ਉਠ ਰਹੇ ਵਲਵਲਿਆਂ ਦਾ ਪਤਾ ਲਗਦਾ ਹੈ। -ਸੰਪਾਦਕ***

***(25 ਅਗਸਤ 1914 ਨੂੰ ਛਪਿਆ)***

ਕੋਈ ਦਿਨ ਸੀ ਕਿ ਜਦ ਮੇਰਾ ਨਾਮ ਸਵਰਨ ਭੂਮੀ ਸੀ ਅਤੇ ਦੂਰ ਦੇਸ਼ਾਂ ਦੇ ਲੋਕ ਮੇਰੇ ਦਰਸ਼ਨ ਕਰਨਾ ਆਪਣੇ ਜੀਵਨ ਦੀ ਸਫਲਤਾ ਸਮਝਦੇ ਸਨ। ਵਿਦਿਆ ਦਾ ਘਰ ਇਹ ਸਮਝਿਆ ਜਾਂਦਾ ਸੀ। ਦੌਲਤ ਦਾ ਹਾਲ ਇਹ ਸੀ ਕਿ ਦੂਸਰੀਆਂ ਕੌਮਾਂ ਮੇਰੇ ਅਸਥਾਨ ਨੂੰ ਸੋਨੇ ਦਾ ਸਮਝਦੀਆਂ ਹਨ। ਕੰਹਤ, ਪਲੇਗ, ਹੈਜ਼ਾ ਆਦਿਕ ਦਾ ਕਦੀ ਨਾਮ ਭੀ ਸੁਣਿਆ ਨਹੀਂ ਸੀ। ਝੂਠ, ਕਪਟ, ਸੌ ਸੌ ਕੋਹ ਲਾਗੇ ਨਹੀਂ ਸੀ ਆਉਂਦਾ। ਸੱਚ ਗੱਲ ਤਾਂ ਇਹ ਹੈ ਕਿ ਸੱਚਾ ਸਵਰਗ ਮੇਰੇ ਵਿਚ ਹੀ ਰਸ ਰਿਹਾ ਸੀ, ਮਗਰ ਅਫਸੋਸ ਕਿ ਜ਼ਮਾਨੇ ਨੇ ਪਲਟਾ ਖਾਧਾ, ਅੱਜ ਮੇਰੇ ਬੱਚੇ ਕੰਹਤ, ਪਲੇਗ ਦਾ ਸ਼ਿਕਾਰ ਹੋ ਰਹੇ ਹਨ, ਭੁੱਖ ਦੇ ਮਾਰੇ ਗੈਰ ਦੇਸ਼ਾਂ ਦੀ ਸ਼ਰਨ ਲੈ ਰਹੇ ਹਨ, ਕੋਈ ਇਨ੍ਹਾਂ ਦਾ ਹੁਣ ਦਰਸ਼ਨ ਵੀ ਕਰਨਾ ਪਸੰਦ ਨਹੀਂ ਕਰਦਾ। ਘਰ ਵਿਚ ਇਨ੍ਹਾਂ ਦੀ ਕੋਈ ਫਰਿਆਦ ਨਹੀਂ ਸੁਣਦਾ।

ਹਾਂ, ਮੇਰੀ ਇਹ ਹਾਲਤ ਕਿਉਂ ਹੈ? ਮੇਰੀ ਰਾਏ ਵਿਚ ਅੰਗਰੇਜ਼ ਕਿਸ ਤਰ੍ਹਾਂ ਡਾਕੂ ਹਨ? ਜਿਸ ਤਰ੍ਹਾਂ ਡਾਕੂ ਸਾਧਾਂ ਦੇ ਕਪੜੇ ਪਾ ਕੇ ਸੁਖਾਲੇ ਡਾਕੇ ਮਾਰ ਸਕਦੇ ਹਨ, ਇਸੇ ਤਰ੍ਹਾਂ ਇਹ ਫਰੰਗੀ ਪਹਿਲਾਂ ਪਹਿਲਾਂ ਵਪਾਰੀ ਬਣ ਕੇ ਆਏ। ਜਿਸ ਤਰ੍ਹਾਂ ਸਾਧੂ ਦੇ ਕਪੜਿਆਂ ਵਿਚ ਡਾਕੂ ਬੜੇ ਨੇਮ ਮਾਲੂਮ ਹੁੰਦੇ ਹਨ, ਇਸੇ ਤਰ੍ਹਾਂ ਇਹ ਲੋਕ ਬੜੇ ਨੇਕ ਬਣ ਕੇ ਰਹਿੰਦੇ ਹਨ। ਅਫਸੋਸ, ਉਹ ਦਿਨ ਯਾਦ ਕਰਕੇ ਰੋਣਾ ਆਉਂਦਾ ਹੈ ਜਿਸ ਦਿਨ ਇਨ੍ਹਾਂ ਦੇ ਧੋਖੇ ਵਿਚ ਆ ਕੇ ਸ਼ਾਹਜਹਾਨ ਨੇ ਇਨ੍ਹਾਂ ਨੂੰ ਰਿਆਸਤਾਂ ਦਿੱਤੀਆਂ। ਇਹ ਲੋਕ ਆਪਣੀਆਂ ਚਾਲਾਂ ਨਾਲ ਦਿਨੋਂ ਦਿਨ ਆਪਣੇ ਪੈਰ ਜਮਾਉਂਦੇ ਹਨ, ਮਾਮੂਲੀ ਡਾਕੂ ਆਪਣੇ ਨਾਲੋਂ ਲੜਾਕੇ ਆਦਮੀ ਅੱਗੇ ਨਹੀਂ ਖਲੋ ਸਕਦਾ, ਮਗਰ ਇਹ ਸ਼ੈਤਾਨ ਡਾਕੂ ਹੁੰਦੇ ਹਨ, ਜੋ ਆਪਣੀ ਸ਼ੈਤਾਨੀ ਨਾਲ ਕੰਮ ਕੱਢ ਲੈਂਦੇ ਹਨ। ਅੰਗਰੇਜ਼ ਸ਼ੈਤਾਨ ਡਾਕੂ ਹਨ, ਇਹ ਆਪਣੇ ਕਮਜ਼ੋਰ ਬਲ ਨੂੰ ਦੇਖ ਕੇ ਰਾਜੇ ਨਵਾਬ ਨੂੰ ਆਪਸ ਵਿਚ ਲੜਾ ਕੇ ਬਾਂਦਰ ਵਾਂਗ ਇਨਸਾਫ ਕਰਨ ਦੇ ਬਹਾਨੇ ਸਭ ਕੁਝ ਹੜੱਪ ਕਰ ਗਏ। ਜਿਉਂ-ਜਿਉਂ ਇਨ੍ਹਾਂ ਦੀ ਤਾਕਤ ਵਧਦੀ ਗਈ, ਤਿਉਂ-ਤਿਉਂ ਇਨ੍ਹਾਂ ਨੂੰ ਮੇਰੇ (ਭਾਰਤ ਮਾਤਾ) ਨਾਲ (ਧੱਕਾ?) ਕਰਨ ਵਿਚ ਮਦਦ ਮਿਲਦੀ ਗਈ। ਅਖੀਰ ਅੱਜ ਉਹ ਦਿਨ ਹੈ ਕਿ ਚੀਜ਼ਾਂ ਦੇ ਮਾਲਕ ਬਣ ਬੈਠੇ ਹਨ। ਡਾਕੂ ਡਾਕਾ ਮਾਰ ਕੇ ਘਰ ਵਾਲੇ ਪਾਸੋਂ ਡਰਦੇ ਜਾਂ ਕਿਸੇ ਹੋਰ ਬਲਵਾਨ ਦੇ ਡਰ ਕਰਕੇ ਭੱਜ ਜਾਇਆ ਕਰਦੇ ਹਨ, ਮਗਰ ਇਹ ਸ਼ੈਤਾਨ ਡਾਕੂ ਲੁੱਟ ਮਾਰ ਕਰਕੇ ਭੱਜ ਜਾਣ ਦੀ ਥਾਂ ਸਗੋਂ ਸਭ ਕੁਝ ਸਮੇਟ ਕੇ ਮਾਲਕ ਬਣ ਗਿਆ ਹੈ।

ਸਿਰਫ ਇਹ ਨਹੀਂ ਕਿ ਮਾਲ ਮਤਾਹ ਹੀ ਕਾਬੂ ਕੀਤਾ ਹੈ ਸਗੋਂ ਮੇਰੇ ਬੱਚਿਆਂ ਦੀ ਆਤਮਾ ਦਾ ਖੂਨ ਕਰ ਦਿੱਤਾ ਹੈ। ਕਿਸੇ ਵਿਚ ਤਾਕਤ ਨਹੀਂ ਕਿ ਸੱਚੀ ਗੱਲ ਬੋਲ ਸਕੇ। ਮੇਰੇ ਹੀ ਬੱਚਿਆਂ ਨੂੰ ਗੁਲਾਮਾਂ ਦਾ ਗੁਲਾਮ ਬਣਾ ਰਖਿਆ ਹੈ ਅਤੇ ਹਮੇਸ਼ਾ ਇਹ ਸਿਖਾਇਆ ਜਾਂਦਾ ਹੈ ਕਿ ਤੁਸੀਂ ਸਰਕਾਰ ਦੇ ਹਲਾਲ ਬਣੇ ਰਹੋ। ਕੀ ਕਦੀ ਕਿਸੇ ਨੇ ਅਜਿਹਾ ਡਾਕੂ ਦੇਖਿਆ ਹੈ ਕਿ ਕਿਸੇ ਦਾ ਮਾਲ ਬੇਫਿਕਰੀ ਨਾਲ ਲੁੱਟੇ ਅਤੇ ਨਾਲ ਹੀ ਲਾਲਚੀ ਚਾਲਬਾਜ਼ੀ ਨਾਲ ਨਮਕ ਹਲਾਲੀ ਦਾ ਉਦੇਸ਼ ਕਰੇ? ਮਾੜੇ ਡਾਕੂਆਂ ਨੂੰ ਤਾਂ ਛੋਟੇ-ਛੋਟੇ ਅਪਰਾਧਾਂ ਦੀ ਸਜ਼ਾ ਦਿੱਤੀ ਜਾਂਦੀ ਹੈ, ਮਗਰ ਵੱਡੇ ਡਾਕੂਆਂ ਨੂੰ ਕੋਈ ਪੁੱਛਦਾ ਹੀ ਨਹੀਂ। ਕੀ ਕਦੀ ਡਾਕੂਆਂ ਦੇ ਘਰ ਭੀ ਇਨਸਾਫ ਹੁੰਦਾ ਹੈ? ਅਤੇ ਕੀ ਸਾਫ ਕੱਪੜੇ ਪਾਉਣ ਨਾਲ ਜਾਂ ਸ਼ਾਨਦਾਰ ਘਰਾਂ ਵਿਚ ਰਹਿਣ ਨਾਲ ਆਦਮੀ ਭਲਾਪੁਰਸ਼ ਅਖਵਾ ਸਕਦਾ ਹੈ? ਕੀ ਸ਼ਿਕਾਰੀ ਕਦੇ ਸ਼ਿਕਾਰ ਨੂੰ ਭੱਜ ਜਾਣ ਦਾ ਭੇਤ ਦੱਸ ਦਿੰਦਾ ਹੈ? ਜੇ ਇਹ ਤਿੰਨੋਂ ਗੱਲਾਂ ਨਹੀਂ ਹੋ ਸਕਦੀਆਂ ਤਾਂ ਇਨ੍ਹਾਂ ਸ਼ੈਤਾਨ ਡਾਕੂਆਂ ਕੋਲੋਂ ਕੀ ਉਮੀਦ ਹੋ ਸਕਦੀ ਹੈ ਕਿ ਇਨ੍ਹਾਂ ਦੇ ਰਾਜ ਵਿਚ ਇਨਸਾਫ ਹੁੰਦਾ ਹੋਵੇਗਾ ਜਾਂ ਚੰਗੀ ਵਿਦਿਆ ਨਾਲ ਸਾਡੇ ਦਿਮਾਗ ਰੋਸ਼ਨ ਕਰਨਗੇ।

ਜਦ ਤੋਂ ਇਹ ਲੋਕ ਆਏ, ਆਤਮਾ ਦਾ ਖੂਨ ਹੋ ਗਿਆ। ਇਨਸਾਫ ਦਾ ਨਾਮ ਨਿਸ਼ਾਨ ਨਾ ਰਿਹਾ। ਵਿਦਿਆ ਅਵਿਦਿਆ ਦੇ ਅੰਧਕਾਰ ਨੇ ਡੂੰਘੀ ਨੀਂਦ ਸੁਆ ਦਿੱਤਾ। ਜੇ ਕੁਝ ਸਪੂਤ ਗੈਰ ਮੁਲਕਾਂ ਦੀ ਤਰੱਕੀ ਦੇਖ ਕੇ ਨਾ ਜਾਗਦੇ; ਪੰਜਾਹ ਕਰੋੜ ਰੁਪਿਆ ਸਾਲ ਦਾ ਲੁੱਟ ਲੈ ਜਾਣ ਨਾਲ ਦੇਸ਼ ਨੰਗ ਹੋ ਗਿਆ, ਲੱਖਾਂ ਮਣ ਦਾਣੇ ਨਿਕਲ ਜਾਣ ਕਰਕੇ ਕਾਲ ਨਾਲ ਮੇਰੇ ਬੱਚੇ ਮਰ ਗਏ। ਜਦ ਇਹ ਸਾਬਤ ਹੋ ਜਾਏ ਕਿ ਇਹ ਵੱਡੇ ਡਾਕੂ ਹਨ ਅਤੇ ਇਨ੍ਹਾਂ ਨੂੰ ਬਾਦਸ਼ਾਹ ਆਖਣ ਦੀ ਜਗ੍ਹਾ ਡਾਕੂ ਜ਼ਬਰਦਸਤ ਤਾਕਤ ਪ੍ਰਾਪਤ ਕਰ ਲੈਂਦੇ ਹਨ ਤਾਂ ਬਾਦਸ਼ਾਹ ਅਖਵਾਉਣ ਲੱਗ ਪੈਂਦੇ ਹਨ। ਇਸੇ ਤਰ੍ਹਾਂ ਅੰਗਰੇਜ਼ ਡਾਕੂ ਹਨ, ਜੋ ਹਰ ਵੇਲੇ ਆਪਣੇ ਅਤੇ ਆਪਣੇ ਦੇਸ਼ (ਭਾਰਤ) ਨੂੰ ਵੀਰਾਨ ਕਰਕੇ ਆਪਣੇ ਦੇਸ਼ (ਇੰਗਲੈਂਡ) ਨੂੰ ਮਾਲਾਮਾਲ ਕੀਤਾ ਜਾਵੇ। ਹਿੰਦੁਸਤਾਨ ਵਿਚ ਆਉਣ ਤੋਂ ਪਹਿਲਾਂ ਇਹ ਲੋਕ ਬਹੁਤ ਤੰਗ ਹਾਲ ਸਨ। ਅਫਰੀਕਾ, ਆਸਟ੍ਰੇਲੀਆ, ਕੈਨੇਡਾ ਆਦਿ ਦੇਸ਼ਾਂ ਵਿਚ ਇਨ੍ਹਾਂ ਨੂੰ ਹਕੂਮਤ ਨਾਲ ਅਤੇ ਵਪਾਰ ਨਾਲ ਕੁਝ ਫਾਇਦਾ ਨਹੀਂ ਹੁੰਦਾ ਤਾਂ ਫੇਰ ਇਹ ਸਾਰੀ ਦੁਨੀਆਂ ਨਾਲੋਂ ਵੱਧ ਮਾਲਦਾਰ ਕਿਸ ਤਰ੍ਹਾਂ ਹੋ ਗਏ ਅਤੇ ਦੌਲਤ ਨਾਲ ਭਰਿਆ ਹੋਇਆ ਹਿੰਦੁਸਤਾਨ ਕਿਧਰ ਚਲਾ ਗਿਆ।

ਜ਼ਾਲਮ ਦਾ ਕੰਮ ਹੈ ਜ਼ੁਲਮ ਕਰਨਾ, ਮਗਰ ਮੈਨੂੰ ਅਫਸੋਸ ਸਿਰਫ ਇਤਨਾ ਹੈ ਕਿ ਮੇਰੇ ਬੱਚੇ ਜਾਗਦੇ ਹੋਏ ਕਿਉਂ ਸੁੱਤੇ ਹੋਏ ਹਨ ਅਤੇ ਅੱਖਾਂ ਰੱਖੇ ਹੋਏ ਕਿਉਂ ਅੰਨ੍ਹੇ ਹੋ ਗਏ ਹਨ ਅਤੇ ਹੱਥ ਪੈਰ ਰੱਖਦੇ ਹੋਏ ਭੀ ਦੁਨੀਆਂ ਦੀ ਅੱਖਾਂ ਅੱਗੇ ਕਿਉਂ ਲੂਲੇ ਲੰਗੜੇ ਦਿਖਾਈ ਦਿੰਦੇ ਹਨ? ਹੋਰ ਦਿਲ ਭੀ ਰਖਦੇ ਹੋਏ ਬੁਜ਼ਦਿਲ ਕਿਉਂ ਬਣੇ ਹੋਏ ਹਨ?

ਪਿਆਰੇ ਦੇਸ਼ ਭਗਤੋ, ਉਠੋ; ਅਤੇ ਚਿਰਾਂ ਤੋਂ ਜ਼ਖਮੀ ਹੋਈ ਭਾਰਤ ਮਾਤਾ ਦੀ ਪੁਕਾਰ ਸੁਣੋ। ਤੁਸੀਂ ਇਕ ਪਲ ਵਿਚ ਡਾਕੂਆਂ ਨੂੰ ਮਿੱਟੀ ਵਿਚ ਗਰਕ ਕਰ ਸਕਦੇ ਹੋ ਅਤੇ ਪਿਆਰੇ ਦੇਸ਼ ਨੂੰ ਉਸੀ ਹਾਲਤ ਵਿਚ ਲਿਆ ਸਕਦੇ ਹੋ, ਜਿਸ ਨੂੰ ਦੇਖ ਕੇ ਸਾਰੀ ਦੁਨੀਆਂ ਸੜਦੀ ਹੁੰਦੀ ਸੀ। ਜ਼ਰਾ ਕੋਸ਼ਿਸ਼ ਅਤੇ ਹਿੰਮਤ ਦੀ ਲੋੜ ਹੈ। ਵਿਦਵਾਨੋ; ਹਿੰਦੁਸਤਾਨ ਵਿਚ ਗਦਰ ਦੀ ਫਸਲ ਪੱਕ ਕੇ ਤਿਆਰ ਹੈ। ਹੁਣ ਆਪਣੇ ਇਲਮ ਨੂੰ ਵਰਤੋਂ, ਆਪਣੀ ਜ਼ਬਾਨ ਖੋਲ੍ਹੋ ਅਤੇ ਆਪਣੀ ਕਲਮ ਤੇਜ਼ ਕਰੋ। ਕੁਰਬਾਨ ਹੋ ਜਾਓ, ਹਿੰਦ ਦੇਸ ਦੇ ਵਾਸਤੇ, ਇਹੋ ਵੇਲਾ ਹੈ। ਧੰਨਵਾਨੋ; ਹਿੰਦੁਸਤਾਨ ਵਿਚ ਗਦਰ ਦਾ ਮੈਦਾਨ ਤਿਆਰ ਹੈ। ਫਸਲ ਪੱਕ ਕੇ ਤਿਆਰ ਹੈ। ਹੁਣ ਆਪਣੇ ਖਜ਼ਾਨਿਆਂ ਦੇ ਜੰਦਰੇ ਖੋਲ੍ਹੋ; ਥੈਲੀਆਂ ਦੇ ਮੂੰਹ ਢਿੱਲੇ ਕਰੋ; ਬਹਾਦਰ ਸਿਪਾਹੀਓ; ਹਿੰਦੁਸਤਾਨ ਗਦਰ ਦਾ ਮੈਦਾਨ ਤਿਆਰ ਹੈ। ਇਸ ਨੂੰ ਆਪਣੇ ਦੁੱਖ ਨਾਲ ਸਿੰਜ ਦਿਉ; ਗਦਰ ਦਾ ਬੇੜਾ ਪਾਰ ਕਰ ਦਿਓ।



***ਅਮਰੀਕਾ ਵਿਚ ਰਹਿੰਦੇ ਸਿੱਖਾਂ ਦੀ ਸਾਂਝੀ ਤਸਵੀਰ। ਇਹ ਤਸਵੀਰ 1910 ਦੀ ਹੈ ਅਤੇ ਕੈਲੀਫੋਰਨੀਆ ਦੀ ਸਟੇਟ ਲਾਇਬ੍ਰੇਰੀ ਵਿਚ ਪਈ ਹੈ***

## ਕੰਜਰੀਆਂ ਨਾਲੋਂ ਕੰਜਰ ਬੁਰੇ

***(ਜੁਲਾਈ 1914 ਨੂੰ ਛਪਿਆ)***

ਪੰਜਾਬ ਦੇ ਅਖਬਾਰ ਚੁਕੰਨੇ ਹਨ। ਜ਼ਰਾ ਭੀ ਕਿਸੇ ਲੀਡਰ ਪਾਸੋਂ ਕੋਈ ਸਮਾਜਿਕ (ਮਜ਼ਹਬੀ) ਗਲਤੀ ਹੋ ਜਾਵੇ ਤਾਂ ਉਸ ਦੀ ਖੁਭ (ਹਰ ਥਾਂ ਖੁਬ ਦੀ ਥਾਂ ਖੁਭ ਲਿਖਿਆ ਹੈ) ਖੁੰਭ ਠਪਦੇ ਹਨ। ਰਾਏ ਬਹਾਦਰ ਰਾਮ ਸਰਨ ਦਾਸ ਨੇ ਆਪਣੇ ਪੁੱਤਰ ਦੀ ਸ਼ਾਦੀ ਉਤੇ ਕੰਜਰੀਆਂ ਮੰਗਾਈਆਂ ਸਨ ਤੇ ਅਖਬਾਰ ਨੇ ਉਸ ਦੀ ਖੂਭ ਖੁੰਭ ਠੱਪੀ। ਇਸੇ ਤਰ੍ਹਾਂ ਕਸ਼ਮੀਰ ਦੇ ਵੱਡੇ ਵਜ਼ੀਰ ਦੇ ਪੁੱਤਰ ਦੀ ਜੰਜ ਕੰਜਰੀਆਂ ਸਮੇਤ ਲਾਹੌਰ ਆਈ ਤਾਂ ਅਖਬਾਰ ਨੇ ਉਸ ਦੀ ਭੀ ਖੂਭ ਖਬਰ ਲਈ। ਹੁਣ ਖਬਰ ਆਈ ਹੈ ਕਿ ਬਾਬਾ ਗੁਰਬਖਸ਼ ਸਿੰਘ ਬੇਦੀ, ਜੋ ਇਕ ਰਈਸ ਹੈ, ਨੇ ਆਪਣੇ ਲੜਕੇ ਦੀ ਸ਼ਾਦੀ ਉਤੇ ਖੂਭ ਕੰਜਰੀਆਂ ਨਚਾਈਆਂ ਹਨ ਜਿਸ ਕਰਕੇ ਪੰਜਾਬ ਦੇ ਅਖਬਾਰ ਬੇਦੀ ਗੁਰਬਖਸ਼ ਸਿੰਘ ਦੀ ਖੂਭ ਗਤ ਬਣਾ ਰਹੇ ਹਨ। ਅਸੀਂ ਭੀ ਇਸ ਬੇਅਕਲੀ 'ਤੇ ਅਫਸੋਸ ਕਰਦੇ ਹਾਂ, ਪਰ ਨਾਲ ਹੀ ਪੰਜਾਬ ਦੇ ਅਖਬਾਰਾਂ ਪਾਸੋਂ ਪੁਛਦੇ ਹਾਂ ਕਿ ਤੁਸੀਂ ਕੰਜਰੀਆਂ ਦੇ ਨਚਾਉਣ ਉਤੇ ਤਾਂ ਇਤਨਾ ਭੜਥੂ ਪਾਉਂਦੇ ਹੋ, ਪਰ ਚਾਹੀਦੇ ਇਹੋ ਹੀ ਹੋ ਕਿ ਰਈਸ ਫਰੰਗੀ ਕੰਜਰਾਂ ਨੂੰ ਮਨਮਾਨੀਆਂ ਕਰਦੇ ਰਹਿਣ ਦੇਣ, ਅੰਗਰੇਜ਼ ਕੰਜਰਾਂ ਨੂੰ ਸ਼ਿਮਲੇ ਵਿਚ ਮਹੀਨੇ ਬਧੀ ਰੋਟੀਆਂ ਖਵਾਉਂਦੇ ਹਨ, ਅੰਗਰੇਜ਼ ਕੰਜਰਾਂ ਨੂੰ ਵਲੈਤ ਨੂੰ ਜਾਣ ਵੇਲੇ ਲੁਟਮਾਰ ਅਤੇ ਸਰਕਾਰੀ ਪੈਨਸ਼ਨ ਦੇ ਬਗੈਰ ਲੱਖਾਂ ਰੁਪਿਆਂ ਦੇ ਨਜ਼ਰਾਨੇ ਦਿੰਦੇ ਹਨ ਤਾਂ ਇਨ੍ਹਾਂ ਅਖਬਾਰਾਂ ਨੂੰ ਕਿਉਂ ਗਸ਼ ਪਈ ਰਹਿੰਦੀ ਹੈ, ਜ਼ਰਾ ਚੂੰ ਤਕ ਨਹੀਂ ਕਰਦੇ। ਇਹ ਅਖਬਾਰ ਤਾਂ ਰਈਸਾਂ ਦੀ ਸਮਾਜਿਕ ਗਲਤੀ ਉਤੇ ਅਫਸੋਸ ਕਰਦੇ ਹਨ, ਪਰ ਅਸੀਂ ਇਨ੍ਹਾਂ ਅਖਬਾਰਾਂ ਦੀ ਬੁਜ਼ਦਿਲੀ ਉਤੇ ਰੰਜ ਕਰਦੇ ਹਾਂ।

## ਕੀ ਅੰਗਰੇਜ਼ ਕੰਜਰ ਹਨ?

***(ਜੁਲਾਈ 1914 ਨੂੰ ਛਪਿਆ)***

ਕੰਜਰ ਉਹ ਹੈ, ਜੋ ਬੇਸ਼ਰਮ ਤੇ ਬੇਹਯਾ ਹੋਵੇ। ਪੈਸੇ ਦਾ ਪੁੱਤਰ ਹੋਵੇ। ਅਜਿਹੇ ਹੀ ਇਹ ਅੰਗਰੇਜ਼ ਹਨ। ਹਜ਼ਾਰ ਵਾਰੀ ਦੁਨੀਆਂ ਦੇ ਮਸ਼ਹੂਰ ਅਖਬਾਰਾਂ ਨੇ ਇਨ੍ਹਾਂ ਉਤੇ ਤੁਹਮਤਾਂ ਲਾਈਆਂ, ਮਰਾਕੋ ਨੂੰ ਹੜੱਪ ਕਰਨ ਅਤੇ ਈਰਾਨ ਨੂੰ ਤਬਾਹ ਕਰਨ ਦਾ ਇਲਜ਼ਾਮ ਇਨ੍ਹਾਂ ਉਤੇ ਲਾਇਆ ਗਿਆ। ਚੀਨ ਦੀ ਉਮਦਾ ਬੰਦਰਗਾਹ (ਜਹਾਜ਼ਾਂ ਦੇ ਠਹਿਰਨੇ ਦੀ ਜਗ੍ਹਾ) 'ਤੇ ਕਬਜ਼ੇ ਦਾ ਜੁਰਮ ਇਨ੍ਹਾਂ ਉਤੇ ਲਾਇਆ ਗਿਆ ਹੈ। ਦੁਨੀਆਂ ਦੀਆਂ ਸਭ ਕੌਮਾਂ ਵਿਚ ਫੁੱਟ ਪਾਉਣ ਦਾ ਸ਼ੱਕ ਇਨ੍ਹਾਂ ਉਤੇ ਕੀਤਾ ਗਿਆ, ਪਰ ਇਹ ਬੇਸ਼ਰਮ ਅਤੇ ਬੇਹਯਾ ਫਰੰਗੀ ਜ਼ਰਾ ਖਿਆਲ ਨਹੀਂ ਕਰਦੇ।

ਅਫਗਾਨ, ਮਿਸਰੀ, ਈਰਾਨੀ, ਨੇਪਾਲੀ, ਰਸੀਏ ਜਦੋਂ ਵਲਾਇਤ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਔਰਤਾਂ ਦੇ ਨਾਚ ਵਿਚ ਸ਼ਾਮਿਲ ਕਰਦੇ ਹਨ, ਇਥੋਂ ਤਕ ਕਿ ਇਹ ਬੇਇੱਜ਼ਤੀ ਝਲਦੇ ਹਨ, ਪਰ ਪੈਸੇ ਦੇ ਨਾਲ ਲਾਲਚ ਨਹੀਂ ਛਡਦੇ। ਬਸ; ਇਸ ਦਲੀਲ ਨੂੰ ਜੋ ਆਦਮੀ ਬੇਇਜ਼ਤ, ਬੇਸ਼ਰਮ, ਬੇਹਯਾ ਹੋਵੇ, ਪਰ ਪੈਸੇ ਦਾ ਪਿਆਰਾ ਹੋਵੇ, ਉਸ ਨੂੰ ਹਿੰਦੀ ਰਸਮ ਵਿਚ ਕੰਜਰ ਆਖਦੇ ਹਨ। ਅਜਿਹੇ ਹਾਲ ਸਮਝ ਕੇ ਅਖਬਾਰਾਂ ਦਾ ਫਰਜ਼ ਹੈ ਕਿ ਕੰਜਰੀਆਂ ਤੋਂ ਪਹਿਲਾਂ ਕੰਜਰਾਂ ਦੀ ਮਦਦ ਨਾਲ ਦਿਨ ਦੀਵੀਂ ਲੁੱਟਮਾਰ ਤੋਂ ਰੌਲਾ ਪਾਇਆ ਕਰਨ। ਜੋ ਹਿੰਦੀ ਰਈਸ ਜਿਨ੍ਹਾਂ ਕੰਜਰਾਂ ਦੀ ਮਦਦ ਨਾਲ ਗਰੀਬ ਹਿੰਦੀਆਂ ਨੂੰ ਜ਼ੁਲਮ ਕਰਨ ਦਾ ਮੌਕਾ (ਵੇਲਾ) ਦਿੰਦੇ ਹਨ, ਜੋ ਰਈਸ ਇਨ੍ਹਾਂ ਕੰਜਰਾਂ ਨੂੰ ਰੋਟੀਆਂ ਕਰਦੇ ਹਨ ਅਤੇ ਇਨ੍ਹਾਂ ਨੂੰ ਤੋਹਫਿਆਂ ਵਿਚ ਲੱਖਾਂ ਰੁਪਏ ਦਿੰਦੇ ਹਨ, ਜਿਸ ਤਰ੍ਹਾਂ ਦਿੱਲੀ ਦਰਬਾਰ ਵਿਚ ਹਿੰਦੀ ਰਈਸਾਂ ਅਤੇ ਰਾਜੇ ਨਵਾਬਾਂ ਨੇ ਲਾਟ ਲਾਰਡ ਕਰਜ਼ਨ, ਲਾਟ ਲਾਰਡ ਹਾਰਡਿੰਗ ਅਤੇ ਬਾਦਸ਼ਾਹ ਜਾਰਜ ਨੂੰ ਕਰੋੜਾਂ ਰੁਪਏ ਦੇ ਕੇ ਆਪ ਕਰਜ਼ਦਾਰ ਹੋ ਗਏ, ਅਖਬਾਰਾਂ ਨੂੰ ਚਾਹੀਦਾ ਹੈ ਕਿ ਪਹਿਲੇ ਅਜਿਹੇ ਰਈਸਾਂ ਅਤੇ ਡਿਪਟੀ ਥਾਣੇਦਾਰ ਦੇ ਵਿਰੁਧ ਲਿਖਣ ਅਤੇ ਉਨ੍ਹਾਂ ਨੂੰ ਖੂਬ (ਖੁੰਭ) ਠੱਪਣ ਕਿਉਂਕਿ ਹਿੰਦੁਸਤਾਨ ਵਿਚ ਸਾਰੇ ਦੁੱਖਾਂ ਦੀ ਜੜ੍ਹ ਇਹ ਜ਼ਾਲਮ ਬਦਮਾਸ਼ ਫਰੰਗੀ ਹਨ।

## ਪੁਲਸ ਭੀ ਸਾਡੇ ਵਲ ਹੈ

***(21 ਜੁਲਾਈ 1914 ਨੂੰ ਛਪਿਆ)***

ਕਈ ਹਿੰਦੀ ਹਿੰਦੁਸਤਾਨ ਵਿਚ ਗਦਰ ਕਰਨ ਨੂੰ ਤਾਂ ਤਿਆਰ ਹਨ, ਮਗਰ ਉਹ ਇਹ ਦੇਖ ਕੇ ਦਿਲ ਛੱਡ ਕਹਿੰਦੇ ਹਨ ਕਿ ਹਿੰਦੀ ਪੁਲਸ ਅਤੇ ਫੌਜ ਸਭ ਅੰਗਰੇਜ਼ਾਂ ਵੱਲ ਹੈ। ਅਜਿਹੇ ਭਰਾਵਾਂ ਨੂੰ ਅਸੀਂ ਖੁਸ਼ਖਬਰੀ ਦਿੰਦੇ ਹਾਂ ਕਿ ਫੌਜ ਅਤੇ ਪੁਲਸ ਸਾਡੇ ਵਲ ਹੈ। ਰਾਵਲਪਿੰਡੀ ਵਿਚ ਜਦੋਂ ਸੰਨ 1907 ਨੂੰ ਜਲਸਾ ਹੋਇਆ ਤਾਂ ਉਸ ਵੇਲੇ ਇਕ ਸਿੱਖ ਸਰਦਾਰ ਨੂੰ ਉਸ ਫੌਜ ਦੇ ਕਰਨਲ ਨੇ ਪੁਛਿਆ, "ਸਰਦਾਰ ਸਾਹਿਬ, ਗਦਰ ਹੋਣ ਵੇਲੇ ਤੁਸੀਂ ਕਿਸ ਦੀ ਮਦਦ ਵਿਚ ਲੜੋਗੇ?" ਬੀਰ ਸਰਦਾਰ ਨੇ ਕਿਹਾ ਕਿ ਹਿੰਦੁਸਤਾਨ ਦੀ ਮਦਦ ਕਰਾਂਗੇ। ਕਰਨਲ ਨੇ ਗੁੱਸੇ ਨਾਲ ਪੁੱਛਿਆ ਕਿ ਇਹ ਕੀ? ਸਰਦਾਰ ਨੇ ਕਿਹਾ ਕਿ ਜਦ ਤੁਸੀਂ ਆਪਣੇ ਦੇਸ਼ ਵਾਸਤੇ ਲੜਦੇ ਹੋ ਤਾਂ ਕੀ ਮੈਂ ਅਜਿਹਾ ਨਿਕੰਮਾ ਅਤੇ ਨਾਮਰਦ ਹਾਂ ਕਿ ਆਪਣੀ ਕੌਮ ਦਾ ਸਾਥ ਛੱਡ ਦੇਵਾਂਗਾ? ਕਦੀ ਨਾ ਛੱਡਾਂਗਾ। ਕਿਸੇ ਤਰ੍ਹਾਂ ਇਸ ਬਾਲ ਗੰਗਾਧਰ ਤਿਲਕ ਦੀ ਗ੍ਰਿਫਤਾਰੀ ਵੇਲੇ ਪੁਲਸ ਦੇ ਇਕ ਪੰਜਾਬੀ ਸਰਦਾਰ ਨੇ ਤਿਲਕ ਨੂੰ ਫੜਨੋਂ ਨਾਂਹ ਕਰ ਦਿੱਤੀ।

ਹੁਣ ਖਬਰ ਆਈ ਹੈ ਕਿ ਬੰਗਾਲ ਖੁਫੀਆ ਪੁਲਸ ਦੇ ਵੱਡੇ ਵੱਡੇ ਅਫਸਰ ਕੱਢੇ ਗਏ ਹਨ। ਉਹ ਇਹੀ ਵਜ੍ਹਾ ਹੈ ਕਿ ਉਹ ਆਪਣੀ ਹਿੰਦੀ ਕੌਮ ਦੇ ਨਾਲ ਮਿਲ ਗਏ ਹਨ। ਸਾਰੀ ਫੌਜ ਹੁਣ ਸਾਡੇ ਨਾਲ ਹੈ। ਬੰਗਾਲ ਤੋਂ ਲੈ ਕੇ ਪਿਸ਼ਾਵਰ ਵਿਚ ਇਕ ਪੁਲਸ ਦੇ ਸਾਰਜੰਟ ਨੇ ਗਦਰ ਦੇ ਇਸ਼ਤਿਹਾਰ ਸ਼ਹਿਰ ਤੇ ਛਾਉਣੀ ਵਿਚ ਲਾ ਦਿੱਤੇ ਅਤੇ ਖੂਬ ਗਦਰ ਪ੍ਰਚਾਰ ਕੀਤਾ। ਉਸ ਦਾ ਮੁਕੱਦਮਾ ਕਮਿਸ਼ਨਰ ਦੇ ਕੋਲ ਹੋਇਆ। ਬਹਾਦਰ ਸਿਪਾਹੀ ਨੇ ਕਿਹਾ ਕਿ ਜਦ ਤੁਸੀਂ ਅੰਗਰੇਜ਼ ਆਪਣੀ ਕੌਮ ਅਤੇ ਦੇਸ਼ ਵਾਸਤੇ ਕੰਮ ਕਰਦੇ ਹੋ ਤਾਂ ਕੀ ਮੈਂ ਆਪਣੇ ਦੇਸ਼ ਅਤੇ ਕੌਮ ਦੀ ਆਜ਼ਾਦੀ ਵਾਸਤੇ ਗਦਰ ਨਾ ਕਰਾਂਗਾ? ਜ਼ਰੂਰ ਕਰਾਂਗਾ। ਜ਼ਾਲਮ ਕਮਿਸ਼ਨਰ ਨੇ ਸਿਰਫ ਇਸ਼ਤਿਹਾਰ ਲਾਉਣ ਵਿਚ ਉਸ ਸਾਰਜੰਟ ਨੂੰ ਤਿੰਨ ਸਾਲ ਕੈਦ ਸਖਤ ਦੀ ਸਜ਼ਾ ਦਿੱਤੀ। ਮੁਬਾਰਕ: ਪੁਲਸ ਭੀ ਸਾਡੇ ਵੱਲ, ਤੇ ਕਿਉਂ ਨਾ ਹੋਵੇ ਕਿ ਪੁਲਸ ਅਤੇ ਫੌਜ ਦੇ ਸਿਪਾਹੀ ਭਾਰਤ ਮਾਤਾ ਦੇ ਪੁੱਤਰ ਨਹੀਂ ਹਨ? ਉਨ੍ਹਾਂ ਦੀ ਮਾਤਾ ਅੱਜ ਦੁੱਖ ਵਿਚ ਹੈ। ਕੀ ਉਹ ਸਾਰੇ ਮਿਲ ਕੇ ਹਿੰਦ ਮਾਤਾ ਦੇ ਦੁਸ਼ਮਣ ਅੰਗਰੇਜ਼ਾਂ ਨੂੰ ਚਕਨਾਚੂਰ ਨਹੀਂ ਕਰਨਗੇ? ਜ਼ਰੂਰ ਕਰਨਗੇ।

## ਅੰਨ੍ਹਿਆਂ ਦਾ ਦੇਸ਼

***(ਅਗਸਤ 1914 ਨੂੰ ਛਪਿਆ)***

ਛੋਟੇ ਛੋਟੇ ਬੱਚਿਆਂ ਨੂੰ ਬਾਤਾਂ ਪਾਉਂਦਿਆਂ ਸੁਣਦੇ ਹੁੰਦੇ ਸਾਂ; ਇਹ ਦੇਸ਼ ਅਜਿਹਾ ਹੈ ਜਿਸ ਦੇ ਰਹਿਣ ਵਾਲੇ ਇਕੋ ਹੀ ਲੱਤ 'ਤੇ ਚਲਦੇ ਫਿਰਦੇ ਹਨ, ਅਰਥਾਤ ਇਕ-ਟੰਗਾ ਦੇਸ਼ ਹੈ। ਇਸ ਦੇਸ਼ ਦੇ ਲੋਕਾਂ ਦੇ ਕੰਨ ਨਹੀਂ ਹੁੰਦੇ। ਇਹ ਗੁੰਗਿਆਂ ਦਾ ਮੁਲਕ ਹੈ। ਇਹ ਮੁਲਕ ਦੇ ਸਾਰੇ ਹੀ ਲੋਕ ਬੋਲੇ; ਅੰਨ੍ਹੇ; ਵਹਿਸ਼ੀ; ਆਦਮਖੋਰ; ਅਤੇ ਭੂਤ, ਰਾਖਸ਼ ਤੇ ਉਲੂ ਹਨ; ਆਦਿਕ ਉਹ ਬਹੁਤ ਦੇਰ ਦੇ ਤਜਰਬੇ ਅਤੇ ਮੁਸਾਫਰੀ ਤੋਂ ਸਾਨੂੰ ਕੀ ਸਾਬਤ ਹੋ ਗਿਆ ਹੈ ਕਿ ਅਜਿਹੇ ਮੁਲਕ ਇਲਾਕੇ ਅਤੇ ਮੁਲਕਾਂ ਵਿਚ ਵਸਣ ਵਾਲੇ ਲੋਕ ਬਿਲਕੁਲ ਇਸੇ ਹੀ ਕਿਸਮ ਦੇ ਹਨ ਜਿਹਾ ਕਿ ਉਪਰ ਲਿਖਿਆ ਹੈ, ਸਗੋਂ ਅਸੀਂ ਇਕ ਅਜਿਹਾ ਦੇਸ਼ ਭੀ ਦੇਖਿਆ ਹੈ ਜਿਸ ਵਿਚ ਸਾਰੀਆਂ ਹੀ ਔਰਤਾਂ ਰਹਿੰਦੀਆਂ ਹਨ, ਪਰ ਕਦੀ ਭਾਲ ਕੀਤਿਆਂ ਭੀ ਕੋਈ ਮਰਦ ਨਹੀਂ ਮਿਲਦਾ। ਉਸ ਮੁਲਕ ਵਿਚ ਇਕ ਹੋਰ ਗੱਲ ਬੜੀ ਅਜੀਬ ਦੇਖੀ ਹੈ, ਉਹ ਇਹ ਹੈ ਕਿ ਉਥੇ ਦੀਆਂ ਸਾਰੀਆਂ ਔਰਤਾਂ ਦੀ ਬੜੀ ਬੜੀ ਦਾਹੜੀ ਅਤੇ ਨੋਕਦਾਰ ਕੁੰਡੀਆਂ ਮੁੱਛਾਂ ਭੀ ਹਨ। ਉਸ ਮੁਲਕ ਦੀ ਕੋਈ ਔਰਤ 6 ਫੁੱਟ ਤੋਂ ਘੱਟ ਉਚੀ ਲੰਮੀ ਨਹੀਂ ਹੈ। ਚੌੜੀਆਂ ਛਾਤੀਆਂ, ਜ਼ੋਰਦਾਰ ਅਤੇ ਵੱਡੇ ਪਹਿਲਵਾਨਾਂ ਵਰਗੀ ਚਾਲ ਹੈ। ਇਕ ਦਿਨ ਗੱਲ ਹੋਰ ਭੀ ਦੇਖੀ ਸੀ, ਜਿਸ ਨੇ ਸਾਨੂੰ ਭੀ ਬੜਾ ਹੈਰਾਨ ਕੀਤਾ ਕਿ ਉਸ ਮੁਲਕ ਦੀ (ਦੀਆਂ) ਔਰਤਾਂ ਨੂੰ ਬੱਚੇ ਭੀ ਪੈਦਾ ਨਹੀਂ ਹੁੰਦੇ। ਮੁਮਕਿਨ ਹੈ ਕਿ ਆਦਮੀ ਦੇ ਨਾ ਹੋਣ ਕਰਕੇ ਬੱਚੇ ਨਾ ਜੰਮਦੇ ਹੋਣ, ਪਰ ਸਵਾਲ ਪੈਦਾ ਹੁੰਦਾ ਹੈ ਕਿ ਅਗਰ ਮਰਦ ਦੇ ਬਗੈਰ ਔਰਤਾਂ ਨੂੰ ਬੱਚਾ ਪੈਦਾ ਨਹੀਂ ਹੋ ਸਕਦਾ ਤਾਂ ਔਰਤਾਂ, ਅਰਥਾਤ ਲੜਕੀਆਂ ਕਿਸ ਤਰ੍ਹਾਂ ਪੈਦਾ ਹੋ ਸਕਦੀਆਂ ਹਨ। ਕੁਦਰਤੀ ਗੱਲ ਹੈ ਕਿ ਜਿਥੇ ਲੜਕੇ ਪੈਦਾ ਨਹੀਂ ਹੋ ਸਕਦੇ, ਉਥੇ ਲੜਕੀਆਂ ਭੀ ਨਹੀਂ ਜੰਮ ਸਕਦੀਆਂ। ਇਸ ਵਿਚ ਜ਼ਰੂਰ ਕੋਈ ਭੇਦ (ਭੇਤ) ਹੈ, ਜੋ ਅਸੀਂ ਅੱਗੇ ਚਲ ਕੇ ਖੋਲ੍ਹਾਂਗੇ।

ਗੁੰਗਾ ਉਸ ਨੂੰ ਆਖਦੇ ਹਨ ਜੋ ਬੋਲ ਨਾ ਸਕੇ। ਅੰਨ੍ਹਾ ਉਸ ਨੂੰ ਆਖਦੇ ਹਨ ਜੋ ਦੇਖ ਨਾ ਸਕੇ। ਬੋਲਾ ਉਸ ਨੂੰ ਕਿਹਾ ਜਾਂਦਾ ਹੈ ਜੋ ਬੋਲ ਨਾ ਸਕੇ। ਵਹਿਸ਼ੀ ਉਸ ਭੂਤਨੇ ਨੂੰ ਆਖਦੇ ਹਨ, ਜਿਸ ਨੂੰ ਦੁਨੀਆਂ ਦੀ ਹੋਸ਼ ਅਤੇ ਆਦਮੀਆਂ ਵਰਗੀ ਅਕਲ ਨਾ ਹੋਵੇ। ਰਾਖਸ਼ ਤੇ ਆਦਮਖੋਰ ਉਸ ਨੂੰ ਆਖਦੇ ਹਨ, ਜੋ ਭਲੇ ਮਹਾਂਪੁਰਸ਼ਾਂ ਨੂੰ ਤੰਗ ਕਰੇ ਅਤੇ ਆਦਮ ਸਪੁੱਤਰਾਂ ਨੂੰ ਕਤਲ ਕਰਕੇ ਬੇਰਹਿਮੀ ਨਾਲ ਮਾਰ ਕੇ ਖਾਂਦਾ ਹੋਵੇ। ਔਰਤ ਉਸ ਨੂੰ ਆਖਦੇ

***(ਅਗਲੇ ਸਫੇ 'ਤੇ ਜਾਰੀ)***



***ਅੰਗਰੇਜ਼ ਫੌਜੀ ਭਾਰਤੀਆਂ ਨਾਲ ਫੋਟੋ ਖਿਚਵਾਉਂਦੇ ਹੋਏ। ਇਹ ਤਸਵੀਰ 1910 ਦੀ ਹੈ***

# ਡਾ. ਗੰਡਾ ਸਿੰਘ ਦੀ ਸਿੱਖ ਇਤਿਹਾਸ ਨੂੰ ਦੇਣ

***ਡਾ. ਗੰਡਾ ਸਿੰਘ ਦਾ ਜਨਮ 15 ਨਵੰਬਰ 1900 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਹਰਿਆਣਾ ਵਿਚ ਹੋਇਆ। ਉਨ੍ਹਾਂ ਥਾਂ-ਥਾਂ ਜਾ ਕੇ ਲਾਇਬ੍ਰੇਰੀਆਂ, ਨਿੱਜੀ ਸੰਕਲਨਾਂ ਅਤੇ ਪੁਰਾਤੱਤਵ ਵਿਭਾਗਾਂ ਤੋਂ ਸਿੱਖ ਇਤਿਹਾਸ ਨਾਲ ਸਬੰਧਤ ਮੁੱਲਵਾਨ ਸਮੱਗਰੀ ਇਕੱਠੀ ਕੀਤੀ ਅਤੇ ਕਈ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ। ਉਨ੍ਹਾਂ ਨੂੰ ਕਈ ਸਨਮਾਨ ਪੱਤਰ ਮਿਲੇ। ਸਾਲ 1983 ਵਿਚ ਭਾਰਤ ਸਰਕਾਰ ਨੇ ਡਾ. ਗੰਡਾ ਸਿੰਘ ਨੂੰ ਪਦਮ ਵਿਭੂਸ਼ਨ ਨਾਲ ਨਿਵਾਜਿਆ। -ਸੰਪਾਦਕ***



**ਡਾ. ਜੋਗਿੰਦਰ ਸਿੰਘ**
**ਫੋਨ: 91-98158-46460**

ਪੰਜਾਬ ਦੇ ਇਤਿਹਾਸਕਾਰਾਂ ਵਿਚੋਂ ਡਾ. ਗੰਡਾ ਸਿੰਘ ਦਾ ਨਾਂ ਸਿਰ ਕੱਢਵਾਂ ਹੈ। ਉਨ੍ਹਾਂ ਨੇ ਗਿਆਨੀ ਹੀਰਾ ਸਿੰਘ ਦਰਦ ਦੀ ਮਾਸਿਕ ਪੱਤ੍ਰਿਕਾ 'ਫੁਲਵਾੜੀ' ਵਿਚ ਕੰਮ ਕੀਤਾ ਅਤੇ ਬਾਅਦ ਵਿਚ ਸਿੱਖ ਇਤਿਹਾਸ ਵੱਲ ਰੁਚਿਤ ਹੋਏ। ਉਨ੍ਹਾਂ ਦੇ ਯਤਨਾਂ ਸਦਕਾ ਪੰਜਾਬੀ ਯੂਨੀਵਰਸਿਟੀ ਵਿਚ 1965 ਵਿਚ 'ਪੰਜਾਬ ਹਿਸਟਰੀ ਕਾਨਫਰੰਸ' ਹੋਣੀ ਸ਼ੁਰੂ ਹੋਈ ਅਤੇ ਬਾਅਦ ਵਿਚ 'ਪੰਜਾਬ ਪਾਸਟ ਐਂਡ ਪ੍ਰੈਜ਼ੈਂਟ' ਨਾਂ ਦਾ ਛਿਮਾਹੀ ਮੈਗਜ਼ੀਨ ਸ਼ੁਰੂ ਹੋਇਆ, ਜਿਸ ਦਾ ਯੋਗਦਾਨ ਇਤਿਹਾਸਕ ਹੋ ਨਿੱਬੜਿਆ।

ਪੰਜਾਬ ਦੀ ਨਵੀਨ ਇਤਿਹਾਸਕਾਰੀ, ਖਾਸ ਕਰਕੇ ਸਿੱਖ ਇਤਿਹਾਸਕਾਰੀ ਵਿਚ ਡਾ. ਗੰਡਾ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਦੇ ਇਸ ਯੋਗਦਾਨ ਦਾ ਪਿਛੋਕੜ ਸਿੰਘ ਸਭਾ ਦੇ ਵਿਦਵਾਨਾਂ ਦੀ ਇਤਿਹਾਸਕਾਰੀ 'ਚੋਂ ਤਲਾਸ਼ਿਆ ਜਾ ਸਕਦਾ ਹੈ। ਸਿੰਘ ਸਭਾ ਦੇ ਵਿਦਵਾਨਾਂ ਨੇ ਸਿੱਖ ਇਤਿਹਾਸ ਤੇ ਧਾਰਮਿਕ ਸਰੋਤਾਂ ਨੂੰ ਇਕੱਤਰ ਕਰਨ ਦਾ ਬੀੜਾ ਚੁੱਕਿਆ। ਇਨ੍ਹਾਂ ਸਰੋਤਾਂ ਦੀ ਪ੍ਰਮਾਣਿਕਤਾ ਵਾਚਣ ਪਿਛੋਂ ਗੁਰੂ ਸਾਹਿਬਾਨ ਅਤੇ ਅਠਾਰ੍ਹਵੀਂ ਸ਼ਤਾਬਦੀ ਦੇ ਸਿੰਘਾਂ ਦੀਆਂ ਜੀਵਨੀਆਂ, ਕੁਰਬਾਨੀਆਂ ਅਤੇ ਕਾਰਨਾਮਿਆਂ ਨੂੰ ਨਵੀਨ ਇਤਿਹਾਸਕਾਰੀ ਦੇ ਸਰੂਪ ਵਿਚ ਬੰਨਣ ਦੀ ਕੋਸ਼ਿਸ਼ ਕੀਤੀ। ਇਸ ਪ੍ਰਸੰਗ ਵਿਚ ਕਰਮ ਸਿੰਘ ਹਿਸਟੋਰੀਅਨ ਦਾ ਨਾਂ ਬਹੁਤ ਹੀ ਅਹਿਮ ਹੈ। ਡਾ. ਗੰਡਾ ਸਿੰਘ ਨੇ ਉਨ੍ਹਾਂ ਦੀ ਇਸ ਇਤਿਹਾਸਕਾਰੀ ਨੂੰ ਨਾ ਸਿਰਫ ਮਜ਼ਬੂਤ ਕੀਤਾ, ਸਗੋਂ ਇਸ ਦੇ ਘੇਰੇ ਨੂੰ ਹੋਰ ਵਿਸ਼ਾਲ ਤੇ ਅਮੀਰ ਬਣਾਇਆ।

ਡਾ. ਗੰਡਾ ਸਿੰਘ ਦਾ ਜਨਮ 15 ਨਵੰਬਰ 1900 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਹਰਿਆਣਾ ਵਿਚ ਸਰਦਾਰ ਜਵਾਲਾ ਸਿੰਘ ਦੇ ਘਰ ਮਾਤਾ ਹੁਕਮ ਦੇਈ ਦੀ ਕੁੱਖੋਂ ਹੋਇਆ। ਉਨ੍ਹਾਂ ਨੇ ਮੁਢਲੀ ਤਾਲੀਮ ਆਪਣੇ ਕਸਬੇ ਦੀ ਮਸੀਤ ਅਤੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਉਨ੍ਹਾਂ ਨੇ ਡੀ. ਏ. ਵੀ. ਮਿਡਲ ਸਕੂਲ, ਹੁਸ਼ਿਆਰਪੁਰ ਤੋਂ ਮਿਡਲ ਅਤੇ ਬਾਅਦ ਵਿਚ ਗੌਰਮਿੰਟ ਹਾਈ ਸਕੂਲ ਤੋਂ 1919 ਵਿਚ ਦਸਵੀਂ ਪਾਸ ਕੀਤੀ। 1919 'ਚ ਹੀ ਉਚੇਰੀ ਪੜ੍ਹਾਈ ਲਈ ਲਾਹੌਰ ਦੇ ਫਾਰਮਨ ਕ੍ਰਿਸਚੀਅਨ ਕਾਲਜ ਵਿਚ ਦਾਖਲਾ ਲਿਆ। ਪੜ੍ਹਾਈ ਵਿਚਾਲੇ ਛੱਡ ਕੇ ਫੌਜ ਵਿਚ ਭਰਤੀ ਹੋ ਗਏ। ਕੁਝ ਸਮੇਂ ਲਈ ਉਹ ਰਾਵਲਪਿੰਡੀ ਅਤੇ ਪਿਸ਼ਾਵਰ ਵਿਚ ਨੌਕਰੀ ਕਰਦੇ ਰਹੇ। 1921 ਵਿਚ ਉਹ ਇਰਾਨ ਚਲੇ ਗਏ ਤੇ ਉਥੇ ਅਬਾਦਾਨ ਵਿਚ ਐਂਗਲੋ-ਪਰਸੀਅਨ ਆਇਲ ਕੰਪਨੀ ਵਿਚ ਅਕਾਊਂਟਸ ਅਫਸਰ ਲੱਗ ਗਏ। ਖੁਸ਼ਕਿਸਮਤੀ ਨਾਲ, ਉਥੇ ਉਨ੍ਹਾਂ ਦੀ ਮੁਲਾਕਾਤ ਅੰਗਰੇਜ਼ ਵਿਦਵਾਨ ਸਰ ਆਰਨਾਲਡ ਵਿਲਸਨ ਨਾਲ ਹੋਈ। ਉਸ ਵਿਦਵਾਨ ਤੋਂ ਉਤਸ਼ਾਹਿਤ ਹੋ ਕੇ ਪੁਸਤਕ ਸੂਚੀ ਦੇ ਕਾਰਜ ਵਿਚ ਰੁਝ ਗਏ। ਉਨ੍ਹਾਂ ਦੀ ਪਹਿਲੀ ਪੁਸਤਕ 'ਮਾਈ ਫਸਟ ਥਰਟੀ ਡੇਜ਼ ਇਨ ਮੈਸੋਪੋਟਾਮੀਆ' ਸੀ। ਫਿਰ ਉਨ੍ਹਾਂ ਨੇ ਪ੍ਰਾਈਵੇਟ ਤੌਰ 'ਤੇ ਐਮ. ਏ. ਇਤਿਹਾਸ ਦੀ ਪੜ੍ਹਾਈ ਕੀਤੀ।

ਸਾਲ 1930 ਵਿਚ ਉਨ੍ਹਾਂ ਨੇ ਗਿਆਨੀ ਹੀਰਾ ਸਿੰਘ ਦਰਦ ਦੀ ਮਾਸਿਕ ਪੱਤ੍ਰਿਕਾ 'ਫੁਲਵਾੜੀ' ਦੇ ਸੰਪਾਦਕੀ ਮੰਡਲ ਵਿਚ ਕੰਮ ਕੀਤਾ। ਇਸ ਦੌਰਾਨ ਉਨ੍ਹਾਂ ਦੀ ਜਾਣ-ਪਛਾਣ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਵਿਦਵਾਨਾਂ ਨਾਲ ਹੋਈ। ਚੀਫ ਖਾਲਸਾ ਦੀਵਾਨ ਦੀ ਰਹਿਨੁਮਾਈ ਅਧੀਨ ਕਈ ਵਿਦਿਆਲੇ ਸਥਾਪਿਤ ਹੋ ਚੁਕੇ ਸਨ। ਖਾਲਸਾ ਕਾਲਜ, ਅੰਮ੍ਰਿਤਸਰ ਸਿੱਖਾਂ ਦੀ ਸਿਰਮੌਰ ਸੰਸਥਾ ਬਣ ਗਈ ਸੀ। ਸਿੱਖ ਵਿਰਸੇ ਦੀ ਸਾਂਭ-ਸੰਭਾਲ ਲਈ 'ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ' ਬਣ ਗਿਆ ਸੀ। ਅਕਤੂਬਰ 1931 'ਚ ਉਨ੍ਹਾਂ ਨੂੰ ਇਸ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਗਿਆ। ਇਹ ਸੇਵਾ ਉਨ੍ਹਾਂ ਨੇ 1949 ਤਕ ਨਿਭਾਈ। ਉਨ੍ਹਾਂ ਦੇ ਯਤਨਾਂ ਬਦੌਲਤ ਇਹ ਵਿਭਾਗ ਸਿੱਖ ਵਿਰਸੇ ਦਾ ਅਮੁੱਲ ਖਜਾਨਾ ਬਣ ਗਿਆ। 1930 ਤਕ ਸਿੱਖ ਇਤਿਹਾਸਕਾਰੀ ਦੀ ਰੂਪ-ਰੇਖਾ ਬਣ ਰਹੀ ਸੀ। ਹੁਣ ਤਕ ਭਗਤ ਲਛਮਨ ਸਿੰਘ, ਸੇਵਾ ਰਾਮ ਸਿੰਘ, ਖਜ਼ਾਨ ਸਿੰਘ ਤੇ ਸਰ ਜੋਗਿੰਦਰਾ ਸਿੰਘ ਸਿੱਖ ਧਰਮ ਅਤੇ ਇਤਿਹਾਸ ਬਾਰੇ ਪ੍ਰਵਾਨਿਤ ਲਿਖਤਾਂ ਪੇਸ਼ ਕਰ ਚੁਕੇ ਸਨ। ਪ੍ਰੋਫੈਸਰ ਤੇਜਾ ਸਿੰਘ ਗੁਰਦੁਆਰਾ ਸੁਧਾਰ ਲਹਿਰ 'ਤੇ ਵਿਦਵਤਾ ਭਰਪੂਰ ਕਿਤਾਬ ਪ੍ਰਕਾਸ਼ਿਤ ਕਰਵਾ ਚੁਕੇ ਸਨ।

ਫਿਰ ਵੀ ਡਾ. ਗੰਡਾ ਸਿੰਘ ਨੇ ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕਾਰੀ ਨੂੰ ਆਪਣਾ ਮਾਡਲ ਬਣਾਇਆ। ਕਰਮ ਸਿੰਘ ਨੇ 'ਕੱਤਕ ਕਿ ਵਿਸਾਖ', 'ਬੰਦਾ ਬਹਾਦਰ' ਅਤੇ 'ਮਹਾਰਾਜਾ ਆਲਾ ਸਿੰਘ' ਪੁਸਤਕਾਂ ਲਿਖ ਕੇ ਆਲੋਚਨਾਤਮਕ ਇਤਿਹਾਸਕਾਰੀ ਦੀ ਪੈੜ ਪਾ ਦਿੱਤੀ ਸੀ। ਇਸ ਪ੍ਰਸੰਗ ਵਿਚ 1930 ਦੇ ਦਹਾਕੇ ਵਿਚ ਡਾ. ਗੰਡਾ ਸਿੰਘ ਨੇ 'ਦਿ ਲਾਈਫ ਆਫ ਬੰਦਾ ਸਿੰਘ ਬਹਾਦਰ', 'ਹਿਸਟਰੀ ਆਫ ਦਿ ਗੁਰਦੁਆਰਾ ਸ਼ਹੀਦਗੰਜ', 'ਕਾਜ਼ੀ ਨੂਰਮੁਹੰਮਦ'ਜ਼ ਜੰਗਨਾਮਾ', 'ਕੰਟੈਂਪਰੇਰੀ ਸੋਰਸਜ਼ ਆਫ ਸਿੱਖ ਹਿਸਟਰੀ 1469-1707' ਆਦਿ ਪੁਸਤਕਾਂ ਫਾਰਸੀ ਸਰੋਤਾਂ ਦੇ ਆਧਾਰ 'ਤੇ ਰਚੀਆਂ। 1947 ਤੋਂ ਪਹਿਲਾਂ ਛੇ ਹੋਰ ਪੁਸਤਕਾਂ ਪੰਜਾਬੀ ਭਾਸ਼ਾ ਵਿਚ ਲਿਖੀਆਂ: ਮਹਾਰਾਜਾ ਕੌੜਾ ਮੱਲ ਬਹਾਦਰ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਕੂਕਿਆਂ ਦੀ ਵਿਥਿਆ, ਸਿੱਖ ਇਤਿਹਾਸ ਬਾਰੇ, ਪੰਜਾਬ ਦੀਆਂ ਵਾਰਾਂ ਅਤੇ ਸਿੱਖ ਇਤਿਹਾਸ ਵਲ।

ਇਹ ਪੁਸਤਕਾਂ ਡਾ. ਗੰਡਾ ਸਿੰਘ ਦੀ ਇਤਿਹਾਸਕਾਰੀ, ਅਰਥਾਤ ਜੀਵਨੀਆਂ, ਮੌਲਿਕ ਸਰੋਤਾਂ ਦੀ ਇਕੱਤਰਤਾ ਤੇ ਸਮਕਾਲੀ ਮਸਲਿਆਂ ਬਾਰੇ ਰੁਚੀ ਪ੍ਰਗਟ ਕਰਦੀਆਂ ਸਨ। ਡਾ. ਗੰਡਾ ਸਿੰਘ ਦਾ ਬਾਕੀ ਵਿਦਿਅਕ ਜੀਵਨ ਕਾਲ ਇਨ੍ਹਾਂ ਵਿਸ਼ਿਆਂ ਅਤੇ ਮਸਲਿਆਂ ਬਾਰੇ ਲਿਖਦਿਆਂ ਬੀਤਿਆ। 1949 ਵਿਚ ਉਨ੍ਹਾਂ ਨੇ ਫਾਰਸੀ ਦੇ ਸਰੋਤਾਂ ਦੇ ਆਧਾਰ 'ਤੇ 'ਮਾਖੀਜ-ਏ-ਤਵਾਰੀਖ' ਅਤੇ 'ਔਰਾਕ-ਏ-ਪਰਿਸ਼ਾਂ' ਲਿਖੀਆਂ। ਇਸੇ ਸਾਲ ਹੀ ਉਨ੍ਹਾਂ ਨੇ 'ਏ ਹਿਸਟਰੀ ਆਫ ਖਾਲਸਾ ਕਾਲਜ' ਲਿਖੀ। ਮੁਖਤਸਰ ਨਾਨਕਸ਼ਾਹੀ ਜੰਤਰੀ ਤੁਲਨਾਤਮਕ ਬੰਸਾਵਲੀ ਨੂੰ ਸਮਝਣ ਲਈ ਬਹੁਤ ਸਹਾਇਕ ਸਿੱਧ ਹੋਈ। ਸੰਨ 1950 ਵਿਚ ਪ੍ਰੋਫੈਸਰ ਤੇਜਾ ਸਿੰਘ ਨਾਲ ਮਿਲ ਕੇ 'ਏ ਸ਼ਾਰਟ ਹਿਸਟਰੀ ਆਫ ਸਿਖਜ਼' ਨਾਂ ਦੀ ਛੋਟੀ ਪੁਸਤਕ ਲਿਖੀ। ਇਸ ਤੋਂ ਬਿਨਾ ਇਨ੍ਹਾਂ ਦੋਵਾਂ ਵਿਦਵਾਨਾਂ ਨੇ ਸਿੱਖ ਧਰਮ ਤੇ ਇਤਿਹਾਸ ਬਾਰੇ ਕਈ ਕਿਤਾਬਚੇ ਅਤੇ ਲੇਖ ਲਿਖੇ।

ਡਾ. ਗੰਡਾ ਸਿੰਘ ਦੀਆਂ ਅੰਗਰੇਜ਼ੀ ਵਿਚ ਹੋਰ ਮੌਲਿਕ ਤੇ ਸੰਪਾਦਿਤ ਪੁਸਤਕਾਂ ਹਨ: ਮਹਾਰਾਜਾ ਰਣਜੀਤ ਸਿੰਘ- ਫਸਟ ਡੈਥ



*ਡਾ. ਗੰਡਾ ਸਿੰਘ*

ਸੈਨਟੇਨਰੀ ਮੈਮੋਰੀਅਲ ਵਾਲਿਊਮ (1939), ਦਿ ਪੰਜਾਬ ਇਨ 1939-40 (1952), ਅਹਿਮਦ ਸ਼ਾਹ ਦੁੱਰਾਨੀ (1959), ਬਿਬਲੀਓਗ੍ਰਾਫੀ ਆਫ ਦਿ ਪੰਜਾਬ (1966), ਡਿਪੋਰਟੇਸ਼ਨ ਆਫ ਲਾਲਾ ਲਾਜਪਤ ਰਾਏ ਐਂਡ ਸਰਦਾਰ ਅਜੀਤ ਸਿੰਘ (1978), ਸਿਡੀਸ਼ੀਅਸ ਲਿਟਰੇਚਰ ਆਫ ਦਿ ਪੰਜਾਬ (1987)। ਪੰਜਾਬੀ ਵਿਚ ਉਨ੍ਹਾਂ ਨੇ 'ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ' (1957), 'ਬਾਬਾ ਬੰਦਾ ਸਿੰਘ ਬਹਾਦਰ' (1965), 'ਸ੍ਰੀ ਗੁਰਸੋਭਾ' (1967), 'ਹੁਕਮਨਾਮੇ' (1967), 'ਸਰਦਾਰ ਜੱਸਾ ਸਿੰਘ ਆਹਲੂਵਾਲੀਆ' (1969) ਆਦਿ ਪੁਸਤਕਾਂ ਪ੍ਰਕਾਸ਼ਿਤ ਕਰਾਈਆਂ। ਇਨ੍ਹਾਂ ਤੋਂ ਇਲਾਵਾ 'ਬੈਂਤਾਂ ਸ਼ੇਰ ਸਿੰਘ ਕੀਆਂ', 'ਸੀਹਰਫੀਆਂ', 'ਹਰੀ ਸਿੰਘ ਨਲਵਾ', 'ਹੁਕਮਨਾਮੇ', 'ਭਾਈ ਨੰਦ ਲਾਲ ਗ੍ਰੰਥਾਵਲੀ' ਆਦਿ ਪੁਸਤਕਾਂ ਸੰਪਾਦਿਤ ਕੀਤੀਆਂ ਹਨ। ਸਾਲ 1954 ਵਿਚ ਉਨ੍ਹਾਂ ਨੇ ਅਹਿਮਦ ਸ਼ਾਹ ਦੁੱਰਾਨੀ ਬਾਰੇ ਆਪਣਾ ਖੋਜ ਪੱਤਰ ਲਿਖ ਕੇ ਪੰਜਾਬ ਯੂਨੀਵਰਸਿਟੀ ਤੋਂ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।


ਡਾ. ਗੰਡਾ ਸਿੰਘ ਨੇ ਹਿੰਦੋਸਤਾਨ ਵਿਚ ਥਾਂ-ਥਾਂ ਜਾ ਕੇ ਲਾਇਬ੍ਰੇਰੀਆਂ, ਨਿੱਜੀ ਸੰਕਲਨਾਂ ਅਤੇ ਪੁਰਾਤੱਤਵ ਵਿਭਾਗਾਂ ਤੋਂ ਸਿੱਖ ਇਤਿਹਾਸ ਨਾਲ ਸਬੰਧਤ ਮੁੱਲਵਾਨ ਸਮੱਗਰੀ ਇਕੱਠੀ ਕੀਤੀ ਅਤੇ ਕਈ ਪੁਸਤਕਾਂ ਅਤੇ ਟ੍ਰੈਕਟਾਂ ਦਾ ਪ੍ਰਕਾਸ਼ਨ ਕੀਤਾ। ਉਨ੍ਹਾਂ ਦੇ ਇਸ ਯੋਗਦਾਨ ਦੇ ਮਹੱਤਵ ਨੂੰ ਪਛਾਣਦਿਆਂ 1949 ਵਿਚ ਪੈਪਸੂ ਸਰਕਾਰ ਨੇ ਪਟਿਆਲਾ ਵਿਚ ਪੁਰਾਤੱਤਵ ਵਿਭਾਗ ਦਾ ਡਾਇਰੈਕਟਰ ਅਤੇ ਅਜਾਇਬ ਘਰ ਦਾ ਨਿਗਰਾਨ ਨਿਯੁਕਤ ਕੀਤਾ। ਇਕ ਸਾਲ ਬਾਅਦ ਪੰਜਾਬੀ ਵਿਭਾਗ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਈ। ਪਟਿਆਲਾ ਵਿਚ ਰਹਿੰਦਿਆਂ ਉਨ੍ਹਾਂ ਨੇ ਸੈਂਟਰਲ ਪਬਲਿਕ ਲਾਇਬ੍ਰੇਰੀ ਦੀ ਸਥਾਪਨਾ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬ ਦਾ ਇਤਿਹਾਸ ਅੱਠ ਜਿਲਦਾਂ ਵਿਚ ਲਿਖਣ ਦੀ ਵੱਡੀ ਯੋਜਨਾ ਉਲੀਕੀ ਤੇ ਬੜੀ ਗੰਭੀਰਤਾ ਤੇ ਸੰਜੀਦਗੀ ਨਾਲ ਇਸ ਉਤੇ ਕੰਮ ਸ਼ੁਰੂ ਕੀਤਾ।


ਡਾ. ਗੰਡਾ ਸਿੰਘ 1960 ਤੋਂ 1963 ਤਕ ਖਾਲਸਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਵੀ ਰਹੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1963 ਵਿਚ ਉਨ੍ਹਾਂ ਨੂੰ ਪੰਜਾਬ ਇਤਿਹਾਸ ਅਧਿਐਨ ਵਿਭਾਗ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਦਿੱਤੀ। ਉਨ੍ਹਾਂ ਦੇ ਯਤਨਾਂ ਸਦਕਾ ਪੰਜਾਬੀ ਯੂਨੀਵਰਸਿਟੀ ਵਿਚ 1965 ਵਿਚ 'ਪੰਜਾਬ ਹਿਸਟਰੀ ਕਾਨਫਰੰਸ' ਸ਼ੁਰੂ ਹੋਈ। ਦੋ ਸਾਲ ਬਾਅਦ 'ਪੰਜਾਬ ਪਾਸਟ ਐਂਡ ਪ੍ਰੈਜ਼ੈਂਟ' ਨਾਂ ਦਾ ਛਿਮਾਹੀ ਮੈਗਜ਼ੀਨ ਸ਼ੁਰੂ ਕੀਤਾ। ਇਹ ਕਾਨਫਰੰਸ ਇਤਿਹਾਸਕਾਰਾਂ ਅਤੇ ਉਭਰ ਰਹੇ ਵਿਦਵਾਨਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ।

ਪੰਜਾਬੀ ਯੂਨੀਵਰਸਿਟੀ ਤੋਂ ਸੇਵਾਮੁਕਤ ਹੋਣ ਮਗਰੋਂ ਡਾ. ਗੰਡਾ ਸਿੰਘ ਨੂੰ ਜੀਵਨ ਭਰ ਲਈ ਯੂਨੀਵਰਸਿਟੀ ਵਲੋਂ ਫੈਲੋਸ਼ਿਪ ਦਿੱਤੀ ਗਈ। ਡਾ. ਗੰਡਾ ਸਿੰਘ ਇੰਡੀਅਨ ਹਿਸਟਰੀ ਕਾਂਗਰਸ, ਏਸ਼ੀਆਟਿਕ ਸੁਸਾਇਟੀ ਆਫ ਬੰਗਾਲ ਤੇ ਰਾਇਲ ਏਸ਼ੀਆਟਿਕ ਸੁਸਾਇਟੀ ਆਫ ਗ੍ਰੇਟ ਬ੍ਰਿਟੇਨ ਐਂਡ ਆਇਰਲੈਂਡ ਦੇ ਮੈਂਬਰ ਵੀ ਰਹੇ। 1964 ਵਿਚ ਰਾਂਚੀ ਵਿਚ ਹੋਈ 'ਇੰਡੀਅਨ ਕਾਨਫਰੰਸ' ਸਮੇਂ ਮੱਧਕਾਲੀਨ ਭਾਰਤ ਦੇ ਸੈਕਸ਼ਨ ਦੇ ਪ੍ਰਧਾਨ ਸਨ।

ਸੰਨ 1963 ਵਿਚ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਲਈ 'ਸਟੇਟ ਐਵਾਰਡ' ਦਿੱਤਾ। 1964 ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ 1978 ਵਿਚ ਪੰਜਾਬੀ ਯੂਨੀਵਰਸਿਟੀ ਨੇ ਡੀ.ਲਿਟ. ਦੀ ਆਨਰੇਰੀ ਡਿਗਰੀ ਨਾਲ ਸਨਮਾਨਿਆ। ਸਾਲ 1983 ਵਿਚ ਭਾਰਤ ਸਰਕਾਰ ਨੇ ਡਾ. ਗੰਡਾ ਸਿੰਘ ਨੂੰ ਪਦਮ ਵਿਭੂਸ਼ਨ ਨਾਲ ਨਿਵਾਜਿਆ। ਬਹੁਤ ਸਾਰੀਆਂ ਹੋਰ ਵਿਦਿਅਕ ਸੰਸਥਾਵਾਂ ਨੇ ਵੀ ਸਨਮਾਨ ਪੱਤਰ ਦਿੱਤੇ। ਭਾਸ਼ਾ ਵਿਭਾਗ, ਪੰਜਾਬ ਨੇ ਸ਼੍ਰੋਮਣੀ ਸਾਹਿਤਕਾਰ ਦਾ ਸਨਮਾਨ ਦਿੱਤਾ। ਡਾ. ਗੰਡਾ ਸਿੰਘ ਨੇ 27 ਦਸੰਬਰ 1987 ਨੂੰ ਪਟਿਆਲੇ ਵਿਚ ਆਖਰੀ ਸਾਹ ਲਏ।




*ਡਾ. ਗੰਡਾ ਸਿੰਘ ਦੀਆਂ ਕੁਝ ਕਿਤਾਬਾਂ ਦੇ ਮੁਖੜੇ।*

# ਗਦਰ ਦੀਆਂ ਗੱਲਾਂ

***(ਪਿਛਲੇ ਸਫੇ ਦੀ ਬਾਕੀ)***

ਹਨ, ਜਿਸ ਕੋਲ ਮਰਦਾਂ ਵਾਲੀ ਗੱਲ, ਹੌਸਲਾ, ਬੀਰਤਾ, ਕੁਰਬਾਨੀ ਅਤੇ ਮਰਦਾਨਗੀ ਨਾ ਹੋਵੇ।

ਜਿਸ ਮੁਲਕ ਦੇ ਗਰੀਬ, ਨਿਆਸਰੇ ਅਤੇ ਅਪਾਹਜ ਆਦਮੀ, ਬੱਚੇ, ਔਰਤਾਂ, ਮਰਦ, ਬੁੱਢੇ, ਰਾਤ ਦਿਨ ਮੱਛੀ ਵਾਂਗ ਤੜਫ ਰਹੇ ਹੋਵਣ, ਚਾਰੇ ਪਾਸੇ ਹਾਹਾਕਾਰ ਮੱਚ ਰਿਹਾ ਹੋਵੇ, ਔਰਤਾਂ ਦੀ ਦੇਸ਼ ਪ੍ਰਦੇਸ਼ ਵਿਚ ਅਤਿ ਬੇਪਤੀ ਕੀਤੀ ਜਾਂਦੀ ਹੋਵੇ, ਜਿਸ ਮੁਲਕ ਦੇ ਪਿਆਰੇ ਸਪੁੱਤਰਾਂ ਨੂੰ ਬਦੇਸ਼ੀ ਲੁੱਟ ਰਹੇ ਹੋਣ, ਜ਼ੁਲਮ ਸਿਤਮ ਲੁੱਟ ਮਾਰ ਕਰਕੇ ਗਰੀਬ ਆਦਮੀਆਂ ਨੂੰ ਠੁਡਿਆਂ ਨਾਲ ਅਤੇ ਗੋਲੀਆਂ ਨਾਲ ਮਾਰ ਕੇ ਮੌਜਾਂ ਕਰਦੇ ਹੋਵਣ, ਅਸਲੀ ਮੁਲਕ ਦੇ ਰਹਿਣ ਵਾਲਿਆਂ ਨੂੰ ਦਰ-ਬ-ਦਰ ਤੇ ਭਿਖਾਰੀ ਬਣਾ ਕੇ ਪ੍ਰਦੇਸ਼ਾਂ ਵਿਚ ਬਦਨਾਮ ਕੀਤਾ ਜਾਵੇ ਅਤੇ ਬੰਦੂਕਾਂ, ਪਸਤੌਲਾਂ, ਸੰਗੀਨਾਂ ਨਾਲ ਬੇ-ਹਥਿਆਰੇ ਆਦਮ ਸਪੁੱਤਰਾਂ ਨੂੰ ਬੇਦਰਦੀ ਨਾਲ ਪਰੋਇਆ, ਮਾਰਿਆ ਅਤੇ ਤੰਗ ਕੀਤਾ ਜਾਵੇ। ਅਜਿਹੇ ਭਿਆਨਕ ਹਾਲਤ ਵਿਚ ਅਜਿਹੇ ਤੜਫਾਟ ਵਿਚ ਮਹਾਂ ਦੁਨੀਆਂ ਦੀ ਪੁਕਾਰ ਅਗਰ ਕੋਈ ਆਦਮੀ ਨਾ ਸੁਣ ਸਕੇ ਤਾਂ ਉਸ ਨੂੰ ਅਸੀਂ ਕੀ ਕਹਾਂਗੇ? ਬੋਲੇ!

ਗਰੀਬਾਂ ਤੇ ਕਰੜੇ ਟੈਕਸ ਮੁਆਮਲੇ-ਅਨਰਥ ਅਤੇ ਉਦ੍ਰਵ ਹੁੰਦੇ ਹੋਵਣ। ਅਰਬਾਂ ਰੁਪਏ ਕਰੋੜਾਂ ਮਣ ਅਨਾਜ, ਲੱਖਾਂ ਬੰਦਿਆਂ ਦੀ ਤਾਕਤ ਦਾ ਮੁਲਕ ਵਿਚੋਂ ਦਰਿਆ ਵਗਦਾ ਹੋਵੇ, ਲੱਖਾਂ ਹੀ ਬਰਖੁਰਦਾਰ ਅਣਿਆਈ ਮੌਤੇ ਮਾਰੇ ਜਾਂਦੇ ਹੋਵਣ, ਕਈ ਬੇਗੁਨਾਹ ਸੁਖੀ ਵਸਦਿਆਂ ਨੂੰ ਕਿਸੇ ਮੁਲਕ ਦੀਆਂ ਫੌਜਾਂ ਜਾ ਕੇ ਖਾਹਮੁਖਾਹ ਤੰਗ ਕੀਤਾ ਜਾਵੇ ਅਤੇ ਲੁਟ ਦਾ ਮਾਲ ਫੌਜਾਂ ਦੇ ਮੂੰਹ ਵਿਚੋਂ ਖੋਹ ਕੇ ਆਪਣੀਆਂ ਜੇਬਾਂ ਵਿਚ ਪਾ ਲਿਆ ਜਾਵੇ, ਬਦੇਸ਼ੀ ਬੜੀਆਂ-ਬੜੀਆਂ ਤਲਬਾਂ ਪਾਣ, ਪਰ ਦੇਸ਼ ਵਾਲਿਆਂ ਨੂੰ ਭੁੱਖ ਦੇ ਕੜਾਕੇ ਸਹਾਰਨੇ ਪੈਣ। ਗਰੀਬ ਆਦਮੀ ਭੁੱਖ ਦੇ ਹੱਥੋਂ ਤੰਗ ਆ ਕੇ ਆਪਣੇ ਬੱਚਿਆਂ ਤਕ ਨੂੰ ਆਪਣੀ ਹੱਥੀਂ ਕਤਲ ਕਰ ਦੇਣ। ਗਰੀਬ ਆਦਮੀ ਭੁੱਖ ਦੇ ਹੱਥੋਂ ਤੰਗ ਆ ਕੇ ਆਪਣੇ ਬੱਚਿਆਂ ਤਕ ਨੂੰ ਆਪਣੀ ਹੱਥੀਂ ਕਤਲ ਕਰ ਦੇਣ। ਮੁਲਕ ਦੇ ਅੱਧੇ ਲੋਕ ਰੋਟੀ ਨੂੰ ਸਹਿਕ ਸਹਿਕ ਕੇ ਆਪਣੀਆਂ ਕੀਮਤੀ ਜਾਨਾਂ ਗਵਾ ਰਹੇ ਹੋਵਣ। ਅਜਿਹੀ ਕਰੜੀ ਤਪਸ਼ ਵਿਚ ਤੜਫ ਰਹੇ ਨਿੱਕੇ ਨਿੱਕੇ ਬੱਚਿਆਂ ਨੂੰ ਅਗਰ ਕੋਈ ਆਦਮੀ ਨਾ ਦੇਖ ਸਕੇ ਤਾਂ ਅਜਿਹੇ ਆਦਮੀਆਂ ਨੂੰ ਸਾਡੇ ਪਾਠਕ ਕੀ ਕਹਿਣਗੇ? ਅੰਨ੍ਹੇ!

ਰਾਤ ਪਰ ਦਿਨ ਮਿਹਨਤ ਮਜ਼ਦੂਰੀ ਕਰਨ ਵਾਲੇ ਗਰੀਬਾਂ ਪਾਸੋਂ ਬੇਸਬਰੀ, ਬੇਰਹਿਮੀ, ਬੇਈਮਾਨੀ ਨਾਲ ਦੌਲਤ ਖੋਹ ਕੇ ਰੰਡੀਬਾਜ਼ੀ, ਸ਼ਰਾਬ, ਨਾਚ, ਮੂਜਰੇ (ਮੁਜਰੇ), ਰੰਗਰਲੀਆਂ ਮਾਨਣ ਵਾਲੇ ਬਦਮਾਸ਼ਾਂ ਨੂੰ ਦੁਨੀਆਂ ਕੀ ਕਹੇਗੀ? ਆਦਮਖੋਰ; ਰਾਖਸ਼; ਜਿਸ ਮੁਲਕ ਦੇ ਦੇਸ਼ ਵਾਲਿਆਂ ਨੂੰ ਮੁੱਠੀ ਭਰ ਪ੍ਰਦੇਸ਼ੀ ਭੇਡਾਂ ਬਕਰੀਆਂ ਵਾਂਗ ਚਾਰ ਰਹੇ ਹੋਵਣ। ਦਿਨ ਦੀਵੀਂ ਝੂਠ ਬੋਲ ਕੇ ਇਕਰਾਰ ਕਰਕੇ, ਔਰਤਾਂ ਦੇ ਕੇ ਹਜ਼ਾਰ ਤਰ੍ਹਾਂ ਦੇ ਫਰਫੇਜ਼ ਕਰਕੇ ਸੁਕਣੇ ਪਾ ਛੱਡਿਆ ਹੋਵੇ, ਵੱਡੇ ਵੱਡੇ ਆਦਮੀਆਂ ਨੂੰ ਖੂਬ ਚਾਪਲੂਸੀ ਦੇ ਕੇ ਸ਼ਰਾਬਾਂ ਵਿਚ ਮਸਤ ਰਖ ਕੇ ਗਰੀਬਾਂ ਨੂੰ ਮਾਰਿਆ ਘਸੀਟਿਆ ਜਾਵੇ, ਮੁਲਕ ਦੇ ਅਸਲੀ ਰਹਿਣ ਵਾਲਿਆਂ ਵਿਚੋਂ ਥੋੜ੍ਹਿਆਂ ਨੂੰ ਇਕ ਇਕ ਬੁਰਕੀ ਟੁਕਰ ਸੁੱਟ ਕੇ ਦਿਨ ਰਾਤ ਆਪਣੇ ਦਰਵਾਜ਼ੇ ਤੇ ਭੌਂਕਣ ਵਾਸਤੇ ਰੱਖਿਆ ਜਾਵੇ, ਲੱਖਾਂ ਹੀ ਬੇਕਸੂਰਾਂ ਨੂੰ ਪਕੜ ਕੇ ਜੇਲ੍ਹਖਾਨੀ ਦੇਸ਼ ਨਿਕਾਲਾ ਅਤੇ ਕੋੜਿਆਂ ਨਾਲ ਮਰਵਾਇਆ ਜਾਂਦਾ ਹੈ। ਇਕ ਇਕ ਬਦੇਸ਼ੀ ਗਧੇ ਅੱਗੇ ਹੀਰਿਆਂ ਵਰਗੇ ਸੁੰਦਰ ਜਵਾਨ ਛੇ-ਛੇ ਫੁਟ ਉਚੇ ਚੌੜੀਆਂ ਛਾਤੀਆਂ, ਕੁੰਡੀਆਂ ਮੁੱਛਾਂ ਵਾਲੇ ਬਹਾਦਰ ਭੇਡਾਂ ਵਾਂਗ ਡਰਦੇ ਮਾਰੇ ਫਿਰਦੇ ਹੋਵਣ। ਅਜਿਹੇ ਬੁਜ਼ਦਿਲ ਕਾਇਰਾਂ, ਡਰਾਕਲਾਂ ਅਤੇ ਸੰਸਾਰ ਦੇ ਤਾਨੇ ਮੇਹਣੇ ਝੱਲਣ ਵਾਲੇ ਕੀੜਿਆਂ ਮਕੌੜਿਆਂ ਨੂੰ ਦੁਨੀਆਂ ਕੀ ਸਮਝੇਗੀ? ਔਰਤ; ਦਾਹੜੀ ਮੁੱਛਾਂ ਵਾਲੀਆਂ ਤੀਵੀਆਂ।

## ਅੱਜ ਦੀ ਗੱਲ

ਬੜੇ ਜੋਰ ਨਾਲ ਤਿਆਰੀ ਚੱਲੀ
ਉੱਨੀ 'ਚ ਪੈਰ ਜਮਾਵਣ ਦੀ।
ਸ਼ਹਿਰ, ਸਟੇਸ਼ਨ, ਰਸਤੇ, ਅੱਡੇ
ਸਭ ਦਾ ਨਾਂ ਬਦਲਾਵਣ ਦੀ।
ਅਕਾਸ਼ ਛੂੰਹਦੇ ਬੁੱਤ 'ਤੇ ਚੜ੍ਹ ਕੇ
ਕੁਰਸੀ ਨੂੰ ਹੱਥ ਪਾਵਣ ਦੀ।

ਫਿਰਕੂ ਰੰਗਤ ਚਾੜ੍ਹ ਦੇਸ਼ ਨੂੰ
ਇਤਿਹਾਸ ਤਾਈਂ ਉਲਟਾਵਣ ਦੀ।
ਲੋਕ-ਕਮਾਈ ਨੂੰ ਲਾ ਕੇ ਲਾਂਬੂ
ਆਪਣਾ ਘਰ ਰੁਸ਼ਨਾਵਣ ਦੀ।
ਧਰਮ, ਮਜ੍ਹਬ ਦਾ ਖੇਡ ਕੇ ਪੱਤਾ
ਬੱਸ ਵੋਟਾਂ ਨੂੰ ਹਥਿਆਵਣ ਦੀ।
ਵਿਚ ਲੋਕਾਂ ਦੇ ਵੈਰ ਪਵਾ ਕੇ
ਜਿੱਤ ਦਾ ਜਸ਼ਨ ਮਨਾਵਣ ਦੀ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**ਲੜੀਵਾਰ ਨਾਵਲ**

**ਕਿਸ਼ਤ ਛੇਵੀਂ**

# ਕਿਆਮਤ

*ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ, ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ, ਜਿਸ ਵਿਚ ਉਸ ਨੇ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਕਹਾਣੀ ਬੁਣੀ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ*

## ਤੁਸੀਂ ਪੜ੍ਹ ਚੁੱਕੇ ਹੋ...

**ਇਰਾਕ ਦੇ ਇਕ ਹਿੱਸੇ ਉਤੇ ਆਈ. ਐਸ. ਆਈ. ਐਸ. ਦੇ ਕਬਜ਼ੇ ਪਿਛੋਂ ਜਾਜ਼ੀਦੀ ਕਬੀਲੇ ਦੇ ਲੋਕ ਉਜੜ-ਪੁੱਜੜ ਗਏ। ਅਤਿਵਾਦੀਆਂ ਦੇ ਹੱਥ ਆਈਆਂ ਜਾਜ਼ੀਦੀ ਕੁੜੀਆਂ ਵੱਖ-ਵੱਖ ਥਾਂਈਂ ਰੁਲ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਆਸਮਾ ਨੂੰ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਉਨ੍ਹਾਂ ਦੇ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ, ਉਹ ਚੇਤਿਆਂ ਵਿਚ ਹੀ ਆਪਣੇ ਪਿੰਡ ਜਾ ਵੜਦੀ ਹੈ। ਇਹ ਉਹ ਸਮਾਂ ਹੈ ਜਦੋਂ ਅਮਰੀਕਾ ਨੇ ਸੱਦਾਮ ਹੁਸੈਨ ਦਾ ਤਖਤਾ ਪਲਟਣ ਲਈ ਇਰਾਕ ਉਤੇ ਹਮਲਾ ਕਰ ਦਿੱਤਾ ਸੀ। ਸੱਦਾਮ ਮਾਰਿਆ ਗਿਆ। ਨਵੀਂ ਹਕੂਮਤ ਆ ਗਈ ਪਰ ਉਦੋਂ ਹੀ ਸੁੰਨੀ ਮੁਸਲਮਾਨਾਂ ਦੇ ਕੁਝ ਧੜੇ ਦਹਿਸ਼ਤਪਸੰਦ ਬਣ ਗਏ ਅਤੇ ਸ਼ੀਆ ਮੁਸਲਮਾਨਾਂ ਤੇ ਜਾਜ਼ੀਦੀਆਂ 'ਤੇ ਕਹਿਰ ਢਾਹੁਣ ਲੱਗੇ। ਇਹ ਲੋਕ ਆਈ. ਐਸ. ਆਈ. ਐਸ. ਵਜੋਂ ਮਸ਼ਹੂਰ ਹੋਏ। ਇਸੇ ਦੌਰਾਨ ਇਨ੍ਹਾਂ ਦੇ ਜਾਜ਼ੀਦੀਆਂ ਦੇ ਇਲਾਕੇ ਵਲ ਵਧਣ ਦੀਆਂ ਸੂਹਾਂ ਮਿਲਣ ਲੱਗੀਆਂ ਅਤੇ ਆਸਮਾ ਦੇ ਪਿੰਡ ਨੂੰ ਘੇਰਾ ਪਾ ਲਿਆ। ਹੁਣ ਪੜ੍ਹੋ ਇਸ ਤੋਂ ਅੱਗੇ...**

*(7)*

ਅਗਲੀ ਸਵੇਰ ਖਾਊ ਪੀਊ ਤੋਂ ਵਿਹਲੇ ਹੋਏ ਹੀ ਸਾਂ ਕਿ ਮੁਖਤਾਰ ਦਾ ਸੁਨੇਹਾ ਆ ਗਿਆ। ਬੰਦਿਆਂ ਨੂੰ ਜਾਵੇਤ 'ਚ ਬੁਲਾਇਆ ਗਿਆ ਸੀ। ਖੈਰੀ ਤੇ ਹੈਜ਼ੀ ਚਲੇ ਗਏ। ਥੋੜ੍ਹੀ ਦੇਰ ਪਿਛੋਂ ਹੀ ਉਹ ਘਰ ਵਾਪਸ ਮੁੜੇ ਤਾਂ ਬੜੇ ਘਾਬਰੇ ਹੋਏ ਸਨ। ਉਨ੍ਹਾਂ ਕਿਹਾ ਕਿ ਆਲੇ ਦੁਆਲੇ ਇਸਲਾਮਕ ਸਟੇਟ ਵਾਲਿਆਂ ਦੇ ਵੱਧ ਰਹੇ ਜ਼ੋਰ ਦੇ ਮੱਦੇਨਜ਼ਰ ਫੈਸਲਾ ਹੋਇਆ ਹੈ ਕਿ ਛੇਤੀ ਤੋਂ ਛੇਤੀ ਪਿੰਡੋਂ ਨਿਕਲਿਆ ਜਾਵੇ। ਗੱਲ ਸੁਣਦਿਆਂ ਹੀ ਘਰ 'ਚ ਇਕਦਮ ਭਗਦੜ ਮੱਚ ਗਈ। ਮਾਂ ਸਭ ਨੂੰ ਜਲਦੀ ਜਲਦੀ ਤਿਆਰ ਹੋਣ ਲਈ ਆਖ ਆਪ ਖਾਣ ਪੀਣ ਦਾ ਸਮਾਨ ਬੰਨਣ ਲੱਗੀ। ਕੱਪੜੇ ਇਕੱਠੇ ਕਰਦਿਆਂ ਜ਼ੀਨਤ



**ਹਰਮਹਿੰਦਰ ਚਹਿਲ**
ਫੋਨ: 703-362-3239
chahals57@yahoo.com

ਕੋਠੇ 'ਤੇ ਚੜ੍ਹੀ। ਉਦੋਂ ਹੀ ਉਸ ਨੇ ਘਾਬਰੀ ਆਵਾਜ਼ 'ਚ ਛੇਤੀ ਦੇਣੇ ਮੈਨੂੰ ਉਪਰ ਆਉਣ ਨੂੰ ਕਿਹਾ। ਮੈਂ ਭੱਜੀ ਭੱਜੀ ਛੱਤ 'ਤੇ ਗਈ। ਜ਼ੀਨਤ ਦੂਰ ਸੜਕ ਵਲ ਵੇਖ ਰਹੀ ਸੀ। ਮੈਂ ਉਧਰ ਝਾਕੀ ਤਾਂ ਤ੍ਰਾਹ ਨਿਕਲ ਗਿਆ। ਕਈ ਸਾਰੇ ਟਰੱਕ ਪਿੰਡ ਵਲ ਆ ਰਹੇ ਸਨ। ਟਰੱਕਾਂ 'ਤੇ ਚਿੱਟੇ ਤੇ ਕਾਲੇ ਰੰਗ ਦੇ ਝੰਡੇ ਝੂਲ ਰਹੇ ਸਨ। ਮੈਂ ਹੇਠਾਂ ਝਾਕਦਿਆਂ ਮਾਂ ਨੂੰ ਡਰੀ ਆਵਾਜ਼ 'ਚ ਕਿਹਾ, "ਮਾਂ! ਉਹ ਤਾਂ ਆ ਗਏ ਨੇ।"

"ਹੈਂ! ਕੌਣ ਆ ਗਏ?"

"ਮਾਂ, ਇਸਲਾਮਕ ਸਟੇਟ ਵਾਲੇ ਪਿੰਡ ਵਲ ਆ ਰਹੇ ਨੇ। ਔਹ ਵੇਖੋ ਕਿੰਨੇ ਹੀ ਟਰੱਕ ਨੇ।"

"ਹਾਇ ਉਏ ਰੱਬਾ! ਆਹ ਕੀ ਭਾਣਾ ਵਰਤ ਗਿਆ। ਸਾਨੂੰ ਇੱਥੋਂ ਨਿਕਲ ਜਾਣ ਦਾ ਵੀ ਮੌਕਾ ਨਾ ਮਿਲਿਆ।" ਮਾਂ ਨਿਰਾਸ਼ਾ 'ਚ ਬੋਲੀ। ਉਦੋਂ ਨੂੰ ਖੈਰੀ ਹੋਰੀਂ ਛੱਤ 'ਤੇ ਚੜ੍ਹ ਆਏ। ਸਭ ਉਧਰ ਝਾਕਣ ਲੱਗੇ ਜਿਧਰੋਂ ਟਰੱਕ ਆ ਰਹੇ ਸਨ। ਟਰੱਕਾਂ 'ਚ ਖੜ੍ਹੇ ਇਸਲਾਮਕ ਸਟੇਟ ਦੇ ਲੜਾਕੇ ਸਾਫ ਨਜ਼ਰ ਆ ਰਹੇ ਸਨ। ਅਸੀਂ ਪਹਿਲੀ ਵਾਰ ਉਨ੍ਹਾਂ ਮਿਲੀਟੈਂਟਾਂ ਨੂੰ ਵੇਖ ਰਹੇ ਸਾਂ। ਉਨ੍ਹਾਂ ਦੇ ਮੂੰਹ, ਨੱਕ ਤੱਕ ਢਕੇ ਹੋਏ ਸਨ। ਸਭ ਦੇ ਗਲੀਂ ਰਾਈਫਲਾਂ ਸਨ। ਟਰੱਕਾਂ 'ਤੇ ਲੱਗੇ ਝੰਡੇ ਕਾਲੇ ਰੰਗ ਦੇ ਸਨ ਜਿਨ੍ਹਾਂ ਦੇ ਵਿਚਕਾਰ ਵੱਡੇ ਵੱਡੇ ਚਿੱਟੇ ਅੱਖਰਾਂ 'ਚ ਕੁਝ ਲਿਖਿਆ ਹੋਇਆ ਸੀ ਜੋ ਦੂਰੋਂ ਪੜ੍ਹ ਨਹੀਂ ਸੀ ਹੁੰਦਾ। ਜਦੋਂ ਉਹ ਪਿੰਡ ਦੇ ਹੋਰ ਨੇੜੇ ਆ ਗਏ ਤਾਂ ਹੈਜ਼ੀ ਨੇ ਕਿਹਾ ਕਿ ਸਾਨੂੰ ਹੇਠਾਂ ਚਲੇ ਜਾਣਾ ਚਾਹੀਦਾ ਹੈ, ਕਿਤੇ ਉਹ ਸਾਨੂੰ ਵੇਖ ਹੀ ਨਾ ਲੈਣ। ਅਸੀਂ ਡਰਦਿਆਂ ਛੱਤ ਤੋਂ ਉਤਰ ਆਏ। ਮਾਂ ਤੰਦੂਰ ਕੋਲ ਬੈਠੀ ਰੋਈ ਜਾ ਰਹੀ ਸੀ। ਜਿਸ ਕਿਸੇ ਦੇ ਹੱਥ ਵਿਚ ਜੋ ਵੀ ਸਮਾਨ ਸੀ, ਉਥੇ ਹੀ ਰੱਖ ਦਿੱਤਾ। ਸਾਨੂੰ ਸਾਫ ਹੋ ਗਿਆ ਸੀ ਕਿ ਹੁਣ ਭੱਜ ਕੇ ਕਿਧਰੇ ਵੀ ਨਹੀਂ ਜਾ ਸਕਦੇ। ਹੈਜ਼ੀ ਨੇ ਛੇਤੀ ਦੇਣੇ ਘਰ ਦਾ ਦਰਵਾਜਾ ਬੰਦ ਕਰ ਦਿੱਤਾ।

ਇਸਲਾਮਕ ਸਟੇਟ ਵਾਲਿਆਂ ਦੇ ਟਰੱਕਾਂ ਨੇ ਪਿੰਡ ਉਤੋਂ ਦੀ ਕਈ ਗੇੜੇ ਕੱਢੇ, ਤੇ ਨਾਲ ਹੀ ਜ਼ਬਰਦਸਤ ਫਾਇਰਿੰਗ ਕੀਤੀ। ਪਿੰਡ 'ਚ ਸਹਿਮ ਫੈਲ ਗਿਆ ਤੇ ਰੇਡੀਓ, ਟੀ. ਵੀ. ਵਗੈਰਾ ਦਾ ਸ਼ੋਰ-ਸ਼ਰਾਬਾ ਤੁਰੰਤ ਥੰਮ ਗਿਆ, ਜੈਨਰੇਟਰ ਰੁਕ ਗਏ। ਆਲੇ ਦੁਆਲਿਉਂ ਆਉਂਦਾ ਰੌਲਾ ਰੱਪਾ ਵੀ ਇਕਦਮ ਬੰਦ ਹੋ ਗਿਆ। ਸਭ ਪਿੰਡ ਵਾਸੀਆਂ ਨੂੰ ਪਤਾ ਲੱਗ ਗਿਆ ਸੀ ਕਿ ਉਹ ਆ ਪਹੁੰਚੇ ਹਨ। ਕਿਸੇ ਨੂੰ ਕੁਝ ਨਹੀਂ ਸੁੱਝ ਰਿਹਾ ਸੀ ਕਿ ਕੀ ਕਰੇ? ਨਾ ਹੀ ਕਿਸੇ ਨੂੰ ਇਹ ਪਤਾ ਲੱਗ ਰਿਹਾ ਸੀ ਕਿ ਪੇਸ਼ਮਰਗਾ ਨੇ ਉਨ੍ਹਾਂ ਨੂੰ ਰੋਕਿਆ ਕਿਉਂ ਨਾ? ਕਿਉਂਕਿ ਪੇਸ਼ਮਰਗਾ ਦਾ ਪਿੰਡੋਂ ਬਾਹਰ ਸਕੂਲ ਕੋਲ ਸਖਤ ਪਹਿਰਾ ਰਹਿੰਦਾ ਸੀ।

ਦੋ ਤਿੰਨ ਘੰਟਿਆਂ ਪਿਛੋਂ ਮੁਖਤਾਰ ਵਲੋਂ ਸੁਨੇਹਾ ਆਇਆ ਕਿ ਬੰਦੇ ਜਾਵੇਤ 'ਚ ਪਹੁੰਚਣ। ਹੈਜ਼ੀ, ਖੈਰੀ ਤੇ ਦਾਊਦ-ਤਿੰਨੋਂ ਹੀ ਜਾਣਾ ਚਾਹੁੰਦੇ ਸਨ ਪਰ ਮਾਂ ਨੇ ਰੋਕ ਦਿੱਤੇ ਤੇ ਕਿਹਾ ਕਿ ਸਿਰਫ ਇਕੋ ਜਣਾ ਹੀ ਜਾਵੇ। ਹੈਜ਼ੀ ਡਰਦਾ ਇਕੱਲਾ ਹੀ ਚਲਾ ਗਿਆ। ਘੰਟੇ ਕੁ ਪਿਛੋਂ ਆ ਕੇ ਉਸ ਨੇ ਦੱਸਿਆ, "ਜਾਵੇਤ 'ਚ ਇਸਲਾਮਕ ਸਟੇਟ ਵਾਲਿਆਂ ਦਾ ਕਮਾਂਡਰ ਆਇਆ ਸੀ। ਉਸ ਨੇ ਹੀ ਉਥੇ ਇਕੱਠ ਬੁਲਾਇਆ ਸੀ। ਉਸ ਨੇ ਕਿਹਾ ਐ ਕਿ ਡਰਨ ਦੀ ਕੋਈ ਲੋੜ ਨੀਂ ਐ। ਬਸ ਕਿਸੇ ਨੇ ਭੱਜਣ ਦੀ ਕੋਸ਼ਿਸ਼ ਨੀਂ ਕਰਨੀ। ਨੀਂ ਤਾਂ ਉਸ ਦਾ ਹਾਲ ਮੁਖਤਾਰ ਦੇ ਭਰਾ ਹੁਸੈਨ ਦੇ ਪਰਿਵਾਰ ਵਰਗਾ ਹੋਵੇਗਾ।"

"ਕਿਉਂ, ਹੁਸੈਨ ਦੇ ਪਰਿਵਾਰ ਨੂੰ ਕੀ ਹੋਇਆ?" ਜ਼ਾਹਰਾ ਨੇ ਪੁੱਛਿਆ।

"ਜਦੋਂ ਇਸਲਾਮਕ ਸਟੇਟ ਵਾਲੇ ਆਏ ਤਾਂ ਉਹ ਪਰਿਵਾਰ ਸਣੇ ਪਿੰਡੋਂ ਨਿਕਲ ਚੁਕਾ ਸੀ। ਸਕੂਲ ਕੋਲ ਉਨ੍ਹਾਂ ਰੁਕਣ ਲਈ ਹੱਥ ਦਿੱਤਾ, ਪਰ ਉਸ ਨੇ ਕਾਰ ਨਾ ਰੋਕੀ। ਉਦੋਂ ਹੀ ਉਨ੍ਹਾਂ ਹੁਸੈਨ ਨੂੰ ਪਰਿਵਾਰ ਸਣੇ ਗੋਲੀਆਂ ਨਾਲ ਭੁੰਨ ਦਿੱਤਾ। ਲਾਸ਼ਾਂ ਅਜੇ ਵੀ ਸਕੂਲ ਕੋਲ ਈ ਪਈਆਂ ਨੇ।"

ਗੱਲ ਸੁਣ ਕੇ ਸਾਡੇ ਸਾਹ ਸੁੱਕ ਗਏ। ਮੇਰੀਆਂ ਅੱਖਾਂ ਅੱਗੇ ਦੀ ਹੁਸੈਨ ਦੀ ਮੇਰੇ ਨਾਲ ਪੜ੍ਹਦੀ ਰਹੀ ਧੀ ਲੰਘ ਗਈ। ਉਹ ਮੇਰੀ ਸਹੇਲੀ ਸੀ। ਮੈਂ ਬੜਾ ਹੌਸਲਾ ਕਰ ਕੇ ਹੈਜ਼ੀ ਨੂੰ ਪੁੱਛਿਆ, "ਭਾਈ, ਪੇਸ਼ਮਰਗਾ ਕਿੱਥੇ ਐ? ਉਨ੍ਹਾਂ ਨੇ ਇਨ੍ਹਾਂ ਨੂੰ ਰੋਕਿਆ ਕਿਉਂ ਨੀਂ?"

"ਉਹ ਤਾਂ ਇਨ੍ਹਾਂ ਦੇ ਆਉਣ ਤੋਂ ਪਹਿਲਾਂ ਈ ਚਲੇ ਗਏ। ਪਤਾ ਈ ਨਾ ਲੱਗਾ ਕਦੋਂ ਭੱਜ ਨਿਕਲੇ। ਉਂਜ ਵੀ ਸਿਕਿਉਰਿਟੀ ਫੋਰਸ ਨੂੰ ਪਤਾ ਹੁੰਦੈ ਕਿ ਕਿੱਥੇ ਕੀ ਹੋ ਰਿਹੈ। ਸ਼ਾਇਦ ਉਹ ਇਸਲਾਮਕ ਸਟੇਟ ਦੀ ਤਾਕਤ ਤੋਂ ਡਰ ਗਏ ਹੋਣ।"

ਨੀਵੀਂ ਪਾਈ ਬੈਠੀ ਮਾਂ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਹੈਜ਼ੀ ਨੂੰ ਪੁੱਛਿਆ, "ਪੁੱਤਰ, ਉਨ੍ਹਾਂ ਹੋਰ ਕੀ ਹੁਕਮ ਸੁਣਾਇਐ?"

"ਮਾਂ, ਉਨ੍ਹਾਂ ਕਿਹੈ, ਇਰਾਕ 'ਚ ਖਲਾਫਤ ਕਾਇਮ ਹੋ ਚੁਕੀ ਐ ਤੇ ਇਸ ਦੀ ਰਾਜਧਾਨੀ ਮੋਸਲ ਐ। ਸਾਡਾ ਖਲੀਫਾ ਵੀ ਉਥੇ ਈ ਐ। ਤੇ ਖਲੀਫੇ ਦਾ ਹੁਕਮ ਐ, ਹਰ ਕੋਈ ਸ਼ਰੀਅਤ ਮੰਨੇ।"

"ਬਸ ਇੰਨਾ ਈ?"

"ਕਮਾਂਡਰ ਨੇ ਹੋਰ ਕਿਹੈ, ਕੋਈ ਵੀ ਟੀ. ਵੀ. ਜਾਂ ਰੇਡੀਓ ਨਾ ਲਾਵੇ। ਗੀਤ-ਸੰਗੀਤ ਸਭ ਬੰਦ। ਹਰ ਰੋਜ਼ ਸਵੇਰੇ ਅੱਠ ਵਜੇ ਹਰ ਕੋਈ ਜਾਵੇਤ 'ਚ ਪਹੁੰਚ ਕੇ ਅਗਲੇ ਹੁਕਮ ਸੁਣੇ।"

ਇਸ ਪਿਛੋਂ ਚੁੱਪ ਚਾਂ ਹੋ ਗਈ। ਮਾਂ ਕਾਫੀ ਦੇਰ ਢੇਰੀ ਢਾਹੀ ਬੈਠੀ ਰਹੀ। ਫਿਰ ਆਪਣੇ ਆਪ ਨੂੰ ਸੰਭਾਲਿਆ ਤੇ ਕਿਹਾ, "ਬੱਚਿਓ, ਡਰਨ ਦੀ ਕੋਈ ਗੱਲ ਨੀਂ। ਕੁਛ ਵੀ ਨੀਂ ਹੋਵੇਗਾ। ਤਾਊਸੀ ਮਲਕ ਆਪਣੀ ਰੱਖਿਆ ਕਰੇਗਾ। ਤੁਸੀਂ ਸਾਰੇ ਹੌਸਲਾ ਫੜੋ। ਪਰ ਆਪਾਂ ਥੋੜ੍ਹੇ ਦਿਨ ਇਕੱਠੇ ਘਰ ਈ ਰਹਾਂਗੇ। ਕਿਸੇ ਨੇ ਖੇਤ ਨੀਂ ਜਾਣਾ...।"

ਗੱਲ ਟੋਕਦਿਆਂ ਹੈਜ਼ੀ ਬੋਲਿਆ, "ਪਰ ਮਾਂ ਮੈਨੂੰ ਦੁਕਾਨ 'ਤੇ ਜਾਣ ਦਿਉ। ਨਾਲੇ ਕਿਹੜਾ ਬਾਹਰ ਜਾਣੈਂ, ਉਹ ਤਾਂ ਪਿੰਡ ਵਿਚ ਈ ਐ। ਉਂਜ ਲੋਕਾਂ ਨੂੰ ਚੀਜ਼ਾਂ ਵਸਤਾਂ ਦੀ ਵੀ ਲੋੜ ਹੋਵੇਗੀ। ਅੱਗੇ ਜਿਵੇਂ ਹੋਊ, ਵੇਖਾਂਗੇ।"

"ਠੀਕ ਐ ਪੁੱਤਰ, ਪਰ ਖਾਣਾ ਖਾ ਕੇ ਈ ਜਾਵੀਂ।" ਇਸ ਪਿਛੋਂ ਮਾਂ ਨੇ ਤੰਦੂਰ ਤਪਾ ਲਿਆ। ਮੈਂ ਦਾਲ ਚਾੜ੍ਹ ਦਿੱਤੀ। ਸਾਰੇ ਖਾਣ ਲੱਗੇ ਤੇ ਹੈਜ਼ੀ ਦੁਕਾਨ 'ਤੇ ਚਲਾ ਗਿਆ। ਅੱਜ ਕੋਈ ਕੰਮ ਨਹੀਂ ਸੀ। ਨਾ ਹੀ ਕਿਸੇ ਦਾ ਕੁਝ ਕਰਨ ਨੂੰ ਜੀਅ ਕਰਦਾ ਸੀ। ਮਾਂ ਥੋੜ੍ਹੇ ਥੋੜ੍ਹੇ ਚਿਰ ਪਿਛੋਂ ਸਭ ਨੂੰ ਹੌਸਲਾ ਦੇ ਰਹੀ ਸੀ। ਬਿਜਲੀ ਬੰਦ ਸੀ। ਇਸ ਕਰਕੇ ਟੀ. ਵੀ., ਕੂਲਰ, ਫਰਿੱਜ ਸਭ ਬੰਦ ਸਨ। ਅਗਸਤ ਮਹੀਨੇ ਦੀ ਗਰਮੀ ਵੱਟ ਕੱਢ ਰਹੀ ਸੀ। ਫੋਨ ਦੀ ਵਰਤੋਂ ਵੀ ਲੁਕ ਛੁਪ ਕੇ ਬੜੇ ਸੰਕੋਚ ਨਾਲ ਕਰਦੇ। ਡਰ ਸੀ ਕਿ ਬੈਟਰੀ ਖਤਮ ਨਾ ਹੋ ਜਾਵੇ। ਉਂਜ ਤਾਂ ਗੁਆਂਢ 'ਚ ਮੇਰੀ ਸਹੇਲੀ ਫੌਜ਼ੀਆ ਦੇ ਘਰ ਜੈਨਰੇਟਰ ਸੀ, ਪਰ ਉਨ੍ਹਾਂ ਵੀ ਇਸਲਾਮਕ ਸਟੇਟ ਵਾਲਿਆਂ ਦੇ ਡਰੋਂ ਬੰਦ ਕਰ ਦਿੱਤਾ ਹੋਇਆ ਸੀ। ਸੋਚਾਂ 'ਚ ਡੁੱਬੇ, ਸਾਰੇ ਵਿਹੜੇ 'ਚ ਸਪਾਈਡਰ ਦੀ ਛਾਂ ਹੇਠ ਬਹਿ ਗਏ। ਉਦੋਂ ਹੀ ਦਰਵਾਜੇ ਵਲੋਂ ਸ਼ਾਮੀ ਅੰਮਾ ਆਉਂਦੀ ਦਿੱਸੀ। ਸਭ ਨੂੰ ਮਣਾਂ ਮੂੰਹੀਂ ਹੌਸਲਾ ਹੋ ਗਿਆ। ਉਂਜ ਵੀ ਸ਼ਾਮੀ ਅੰਮਾ ਦਾ ਘਰ ਮੁਖਤਾਰ ਅਹਿਮਦ ਜਾਸੋ ਦੇ ਘਰ ਦੇ ਬਿਲਕੁਲ ਨਾਲ ਸੀ। ਇਸ ਕਰਕੇ ਉਸ ਨੂੰ ਹਰ ਮਸਲੇ ਬਾਰੇ ਪੂਰੀ ਜਾਣਕਾਰੀ ਰਹਿੰਦੀ ਸੀ। ਅੱਜ ਉਹ ਥੱਕੀ ਥੱਕੀ ਜਾਪਦੀ ਸੀ।

"ਸਾਇਰਾ ਬੀਬੀ, ਜਿਸ ਗੱਲ ਦਾ ਡਰ ਸੀ, ਉਹੋ ਹੋ ਗਈ।" ਉਸ ਨੇ ਬਹਿੰਦਿਆਂ ਹੀ ਗੱਲ ਸ਼ੁਰੂ ਕੀਤੀ।

"ਅੰਮਾ ਜੋ ਰੱਬ ਦੀ ਰਜ਼ਾ। ਵੇਖ ਲੋ ਆਪਾਂ ਤਾਂ ਪਿੰਡ ਛੱਡਣ ਨੂੰ ਤਿਆਰ ਹੋ ਗਏ ਸਾਂ ਪਰ ਜਮਦੂਤ ਪਹਿਲਾਂ ਈ ਆ ਪਹੁੰਚੇ।"

"ਜਮਾਂ ਨੇ ਤਾਂ ਆਪਣਾ ਰੰਗ ਵਿਖਾਉਣਾ ਸ਼ੁਰੂ ਵੀ ਕਰ ਦਿੱਤੈ। ਵੇਖ ਲੋ ਹੁਸੈਨ ਬੇਚਾਰਾ ਪਰਿਵਾਰ ਸਣੇ ਮਾਰਿਆ ਗਿਆ। ਮੁਖਤਾਰ ਨੇ ਇਸਲਾਮਕ ਸਟੇਟ ਕਮਾਂਡਰ ਨੂੰ ਬੇਨਤੀ ਕੀਤੀ ਐ ਕਿ ਉਨ੍ਹਾਂ ਦੀਆਂ ਲਾਸ਼ਾਂ ਚੁੱਕ ਕੇ ਸਪੁਰਦ-ਏ-ਖਾਕ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਉਸ ਨੇ 'ਹਾਂ' ਤਾਂ ਕਰ ਦਿੱਤੀ ਐ ਪਰ ਨਾਲ ਈ ਕਿਹੈ, ਪਰਿਵਾਰ ਤੋਂ ਬਿਨਾ ਹੋਰ ਕੋਈ ਇਸ ਕੰਮ 'ਚ ਸ਼ਾਮਲ ਨਾ ਹੋਵੇ। ਉਸ ਦੇ ਨਾਲ ਵੀ ਇਨ੍ਹਾਂ ਦੇ ਲੜਾਕੇ ਰਹਿਣਗੇ।"

"ਇਹ ਕੰਮ ਤਾਂ ਉਹ ਆਰਾਮ ਨਾਲ ਕਰ ਲੈਣ ਦਿੰਦੇ।" ਮਾਂ ਨੇ ਸੋਗੀ ਆਵਾਜ਼ 'ਚ ਕਿਹਾ।

"ਨੀਂ, ਇਵੇਂ ਉਹ ਨੀਂ ਕਰਨ ਦੇਣਗੇ, ਕਿਉਂਕਿ ਉਨ੍ਹਾਂ ਨੂੰ ਖਦਸ਼ੈ ਕਿ ਕੋਈ ਪਿੰਡੋਂ ਭੱਜ ਨਾ ਨਿਕਲੇ।"

ਮੈਂ ਸ਼ਾਮੀ ਅੰਮਾ ਨੂੰ ਪੁੱਛਿਆ, ਪੀਣ ਲਈ ਕੁਝ ਲਿਆਵਾਂ ਤਾਂ ਉਸ ਨੇ ਉਦਾਸ ਲਹਿਜੇ 'ਚ ਨਾਂਹ ਕਰਦਿਆਂ ਕਿਹਾ, "ਸਿੰਜਾਰ ਤੋਂ ਆਪਣੇ ਵਲ, ਆਲੇ ਦੁਆਲੇ ਦੇ ਪਿੰਡਾਂ 'ਤੇ ਇਨ੍ਹਾਂ ਨੇ ਕਬਜ਼ਾ ਜਮਾ ਲਿਆ। ਉਥੇ ਬੜੀ ਲੁੱਟ ਘਸੁੱਟ ਹੋ ਰਹੀ ਐ। ਉਥੋਂ ਦੇ ਸੁੰਨੀ ਅਰਬ ਵੀ ਇਨ੍ਹਾਂ ਦੇ ਨਾਲ ਈ ਰਲ ਗਏ ਨੇ।"

"ਪਰ ਅੰਮਾ ਪਹਿਲਾਂ ਤਾਂ ਇਹ ਸੁੰਨੀ ਲੋਕ ਕਹਿੰਦੇ ਸੀ ਕਿ ਅਸੀਂ ਜਾਜ਼ੀਦੀਆਂ ਦੀ ਮਦਦ ਕਰਾਂਗੇ। ਹੁਣ ਕਿਉਂ ਬਦਲ ਗਏ?"

"ਸਾਇਰਾ ਬੀਬੀ, ਜਦੋਂ ਅਜਿਹੇ ਹਾਲਾਤ ਆਉਂਦੇ ਨੇ ਤਾਂ ਸਭ ਕੁਛ ਬਦਲ ਜਾਂਦੈ। ਸੁੰਨੀ ਅਰਬਾਂ ਨੇ ਤਾਂ ਸਗੋਂ ਆਪ ਮੂਹਰੇ ਲੱਗ ਕੇ ਉਨ੍ਹਾਂ ਪਿੰਡਾਂ ਨੂੰ ਖਾਲੀ ਕਰਵਾਉਣ ਦਾ ਬੀੜਾ ਚੁੱਕਿਐ। ਜਿਉਂ ਈ ਜਾਜ਼ੀਦੀ ਲੋਕ ਨਿਕਲੇ, ਸੁੰਨੀ ਲੋਕਾਂ ਨੇ ਉਨ੍ਹਾਂ ਦੇ ਘਰ ਲੁੱਟਣੇ ਸ਼ੁਰੂ ਕਰ ਦਿੱਤੇ। ਪਹਿਲਾਂ ਚੰਗਾ ਚੰਗਾ ਸਮਾਨ ਇਸਲਾਮਕ ਸਟੇਟ ਵਾਲਿਆਂ ਨੇ ਲੁੱਟਿਆ। ਫਿਰ ਸੁੰਨੀਆਂ ਦੀ ਵਾਰੀ ਆਈ। ਉਨ੍ਹਾਂ ਤਾਂ ਘਰਾਂ ਦੀਆਂ ਛੱਤਾਂ ਵੀ ਨੀਂ ਛੱਡੀਆਂ।"

"ਅੰਮਾ, ਘਰ ਵੀ ਢਾਹ ਦਿੱਤੇ?" ਛੋਟੀ ਜਿਹੀ ਨੂਰੀ ਨੇ ਬੱਚਿਆਂ ਵਾਲਾ ਸੁਆਲ ਕੀਤਾ ਤਾਂ ਸ਼ਾਮੀ ਅੰਮਾ ਨੇ ਉਸ ਨੂੰ ਚੁੱਕ ਕੇ ਬੁੱਕਲ 'ਚ ਲੈ ਲਿਆ ਤੇ ਉਦਾਸ ਸੁਰ 'ਚ ਬੋਲੀ, "ਬੱਚੀਏ, ਘਰ ਢਹਿਣ ਜਾਂ ਬਚਣ, ਮਾਲਕਾਂ ਨੇ ਕਿਹੜਾ ਮੁੜ ਕੇ ਆਉਣੈ। ਜਿਨ੍ਹਾਂ ਦੀ ਵਧੀ ਸੀ, ਉਹ ਸਿੰਜਾਰ ਪਹਾੜ ਤੱਕ ਪਹੁੰਚਣ 'ਚ ਕਾਮਯਾਬ ਹੋ ਗਏ। ਬਹੁਤੇ ਰਾਹ 'ਚ ਮਰ ਖਪ ਗਏ। ਜੋ ਇਨ੍ਹਾਂ ਜਮਾਂ ਦੇ ਧੱਕੇ ਚੜ੍ਹ ਗਏ, ਉਹ ਇਨ੍ਹਾਂ ਗੋਲੀਆਂ ਨਾਲ ਭੁੰਨ ਦਿੱਤੇ। ਮੈਂ ਤਾਂ ਇਹ ਵੀ ਸੁਣਿਐ...।" ਇੰਨਾ ਕਹਿੰਦਿਆਂ ਉਸ ਨੇ ਗੱਲ ਵਿਚੇ ਹੀ ਛੱਡ ਦਿੱਤੀ। ਸ਼ਾਇਦ ਉਹ ਮਾਰਾ ਮਰਾਈ ਦੀ ਕੋਈ ਭਿਆਨਕ ਗੱਲ ਸੁਣਾਉਣਾ ਚਾਹੁੰਦੀ ਸੀ ਪਰ ਇਹ ਸੋਚ ਕੇ ਚੁੱਪ ਹੋ ਗਈ ਕਿ ਪਹਿਲਾਂ ਹੀ ਡਰੇ ਬੱਚੇ ਹੋਰ ਡਰਨਗੇ। ਉਸ ਨੂੰ ਚੁੱਪ ਵੇਖ ਕੇ ਮਾਂ ਨੇ ਗੱਲ ਛੇੜੀ, "ਅੰਮਾ, ਜੋ ਪਹਾੜ 'ਤੇ ਚਲੇ ਗਏ, ਉਨ੍ਹਾਂ ਦੀਆਂ ਜਾਨਾਂ ਤਾਂ ਬਚ ਗਈਆਂ ਨੇ ਪਰ ਉਨ੍ਹਾਂ ਦੇ ਰਹਿਣ ਸਹਿਣ ਦਾ ਬਹੁਤ ਔਖਾ ਹੋਇਆ ਪਿਐ। ਜਾਲੋ ਉਥੇ ਈ ਐ। ਉਹ ਦੱਸਦਾ ਸੀ ਕਿ ਖਾਧ ਖੁਰਾਕ ਦਾ ਬਹੁਤ ਬੁਰਾ ਹਾਲ ਐ। ਕਹਿੰਦਾ, ਰੋਜ਼ਾਨਾ ਮੁੱਠੀ ਕੁ ਭਰ ਕਣਕ ਅਤੇ ਥੋੜ੍ਹਾ ਜਿਹਾ ਪਾਣੀ ਮਸਾਂ ਮਿਲਦਾ। ਉਸੇ ਪਾਣੀ 'ਚ ਕਣਕ ਭਿਉਂ ਕੇ ਖਾ ਲੈਂਦੇ ਤੇ ਪਿਛੋਂ ਉਹੀ ਪਾਣੀ ਪੀਣ ਲਈ ਵਰਤਦੇ। ਚੌਵੀ ਘੰਟਿਆਂ 'ਚ ਇਹੀ ਕੁਛ ਮਿਲਦੈ?"

"ਕਈ ਥਾਂਈਂ ਤਾਂ ਬੀਬੀ ਇਹ ਵੀ ਨੀਂ ਮਿਲਦਾ। ਲੋਕ ਰੁੱਖਾਂ ਦੇ ਪੱਤੇ ਖਾ ਰਹੇ ਨੇ। ਬਿਮਾਰੀਆਂ ਫੈਲ ਗਈਆਂ ਨੇ। ਲੋਕ ਮਰ ਰਹੇ ਨੇ। ਉਂਜ ਤਾਂ ਅਮਰੀਕਨ ਉਪਰੋਂ ਜਹਾਜ਼ਾਂ ਨਾਲ ਖਾਣੇ ਦੇ ਪੈਕਟ ਸੁੱਟ ਰਹੇ ਨੇ, ਪਰ ਉਹ ਲੋਕਾਂ ਤੱਕ ਬਹੁਤ ਘੱਟ ਪਹੁੰਚਦੇ ਨੇ। ਪਹਾੜ ਐਡਾ ਵੱਡਾ ਐ ਤੇ ਪੈਕਟ ਕਿਧਰੇ ਝਾੜੀਆਂ ਝੁਜ਼ਿਆਂ ਜਾਂ ਉਬੜ ਖਾਬੜ ਥਾਂਵਾਂ 'ਤੇ ਜਾ ਡਿੱਗਦੇ ਨੇ।"

"ਅੰਮਾ ਅਮਰੀਕਨਾਂ ਤੋਂ ਬੜੀਆਂ ਉਮੀਦਾਂ ਨੇ। ਸ਼ਾਇਦ ਉਹ ਆਪਣੀ ਮਦਦ ਨੂੰ ਬਹੁੜ ਪੈਣ, ਤੇ ਇਨ੍ਹਾਂ ਜ਼ਾਲਮਾਂ ਤੋਂ ਖਹਿੜਾ ਛੁੱਟ ਜਾਵੇ।"

"ਅਜੇ ਕੁਛ ਨੀਂ ਕਹਿ ਸਕਦੇ। ਕੇਰਾਂ ਤਾਂ ਇਨ੍ਹਾਂ ਦੁਸ਼ਟਾਂ ਨੇ ਆਪਾਂ ਨੂੰ ਪਿੰਜਰੇ 'ਚ ਬੰਦ ਕਰ ਲਿਐ।"

"ਅੰਮਾ ਕਿਤੇ ਇਹ ਸਿੰਜਾਰ ਪਹਾੜ ਵਾਲਿਆਂ ਵਲ ਨਾ ਚਲੇ ਜਾਣ। ਫਿਰ ਤਾਂ ਉਨ੍ਹਾਂ ਸਭ ਦੀਆਂ ਜਾਨਾਂ ਖਤਰੇ 'ਚ ਪੈ ਜਾਣਗੀਆਂ।" ਜ਼ੀਨਤ ਨੇ ਇੰਨਾ ਕਿਹਾ ਤਾਂ ਸ਼ਾਮੀ ਅੰਮਾ ਬੋਲੀ, "ਨੀਂ, ਜੋ ਇਕ ਵਾਰ ਉਥੇ ਪਹੁੰਚ ਗਿਆ, ਉਸ ਨੂੰ ਇਨ੍ਹਾਂ ਤੋਂ ਕੋਈ ਖਤਰਾ ਨੀਂ, ਕਿਉਂਕਿ ਪਹਾੜ ਬਹੁਤ ਲੰਬਾ ਚੌੜਾ ਤੇ ਉਚਾ ਐ। ਉਥੇ ਬੜੇ ਗੁਪਤ ਰਾਹ ਤੇ ਲੁਕਵੀਆਂ ਸੁਰੰਗਾਂ ਨੇ। ਇਸ ਸਭ ਦਾ ਆਪਣੇ ਲੋਕਾਂ ਤੋਂ ਬਿਨਾ ਹੋਰ ਕਿਸੇ ਨੂੰ ਪਤਾ ਨੀਂ।"

ਗੱਲਾਂ ਚੱਲ ਹੀ ਰਹੀਆਂ ਸਨ ਕਿ ਆਵਾਜ਼ਾਂ ਆਈਆਂ। ਦੋ ਹੈਲੀਕਾਪਟਰ ਉਚੇ ਉਡਦੇ ਲੰਘ ਗਏ। ਥੋੜ੍ਹੀ ਹੀ ਦੇਰ ਪਿਛੋਂ ਉਹ ਵਾਪਸ ਮੁੜ ਗਏ। ਸਾਨੂੰ ਕੁਝ ਹੌਸਲਾ ਹੋਇਆ। ਲੱਗਾ, ਸ਼ਾਇਦ ਇਹ ਅਮਰੀਕਨਾਂ ਦੇ ਜਹਾਜ਼ ਹਨ। ਸਭ ਨੇ ਸੋਚਿਆ ਕਿ ਇਹ ਸਾਨੂੰ ਬਚਾਉਣ ਲਈ ਵੀ ਆ ਸਕਦੇ ਹਨ। ਗੱਲ ਚੱਲ ਹੀ ਰਹੀ ਸੀ ਕਿ ਗਲੀ ਵਲੋਂ ਸਪੀਕਰ ਦੀ ਆਵਾਜ਼ ਆਈ। ਧਿਆਨ ਨਾਲ ਸੁਣਿਆ ਤਾਂ ਪਤਾ ਲੱਗਾ ਕਿ ਇਸਲਾਮਕ ਸਟੇਟ ਵਾਲੇ ਜੀਪ 'ਤੇ ਸਪੀਕਰ ਬੰਨ ਕੇ ਪਿੰਡ 'ਚ ਹੋਕਾ ਦਿੰਦੇ ਫਿਰ ਰਹੇ ਸਨ। ਨੇੜੇ ਆਉਣ 'ਤੇ ਆਵਾਜ਼ ਸਾਡੇ ਕੰਨੀਂ ਪਈ, "ਸਭ ਨੂੰ ਹੁਕਮ ਐ ਕਿ ਆਪੋ ਆਪਣੇ ਹਥਿਆਰ ਜਮਾਂ ਕਰਵਾ ਦਿਉ। ਜਿਸ ਕਿਸੇ ਕੋਲ ਕੋਈ ਵੀ ਹਥਿਆਰ, ਬੰਦੂਕ, ਪਿਸਤੌਲ ਜਾਂ ਛੁਰਾ ਵਗੈਰਾ ਐ, ਉਹ ਬਾਹਰ ਕੱਢ ਲਉ, ਥੋੜ੍ਹੀ ਈ ਦੇਰ 'ਚ ਸਾਡੇ ਲੜਾਕੇ ਤੁਹਾਡੇ ਘਰਾਂ 'ਚ ਆਉਣਗੇ। ਇਹ ਸਭ ਉਨ੍ਹਾਂ ਦੇ ਹਵਾਲੇ ਕਰ ਦਿਉ। ਹੁਕਮ ਨਾ ਮੰਨਣ ਵਾਲੇ ਨੂੰ ਸਜ਼ਾ-ਏ-ਮੌਤ ਹੋਵੇਗੀ।"

ਹੌਲੀ ਹੌਲੀ ਆਵਾਜ਼ ਘੱਟਦੀ ਗਈ ਤੇ ਜੀਪ ਦੂਰ ਪਿੰਡ ਵਲ ਲੰਘ ਗਈ। ਅਸੀਂ ਇਕ ਦੂਜੇ ਵਲ ਵੇਖਿਆ। ਇਸ ਨਵੀਂ ਕਿਸਮ ਦੇ ਫੁਰਮਾਨ ਨੇ ਸਾਡੇ ਹੌਸਲੇ ਹੋਰ ਡੇਗ ਦਿੱਤੇ। ਇੰਨੇ ਨੂੰ ਦਰਵਾਜਾ ਖੜਕਿਆ। ਖੈਰੀ ਨੇ ਨੇੜੇ ਹੋ ਕੇ ਖੋਲ੍ਹਿਆ ਤਾਂ ਸਾਹਮਣੇ ਮੁਖਤਾਰ ਖੜ੍ਹਾ ਸੀ। ਉਸ ਦੇ ਪਿੱਛੇ ਗਲਾਂ 'ਚ ਰਾਈਫਲਾਂ ਲਟਕਾਈ ਇਸਲਾਮਕ ਸਟੇਟ ਦੇ ਕਈ ਮਿਲੀਟੈਂਟ ਸਨ। ਅਸੀਂ ਡਰਦੇ ਮਾਰੇ ਪਿਛਾਂਹ ਹਟ ਗਏ। ਅਹਿਮਦ ਜਾਸੋ ਨੇ ਖੈਰੀ ਨੂੰ ਬਾਹਰ ਬੁਲਾ ਕੇ ਕੁਝ ਕਿਹਾ। ਫਿਰ ਖੈਰੀ ਨੇ ਘਰ 'ਚ ਪਏ ਰਵਾਇਤੀ ਜਿਹੇ ਹਥਿਆਰ, ਗੰਡਾਸਾ, ਬਰਛਾ, ਬੱਲਮ ਆਦਿ ਲਿਜਾ ਕੇ ਬਾਹਰ ਖੜ੍ਹੀ ਟਰਾਲੀ ਵਿਚ ਰੱਖ ਦਿੱਤੇ। ਸ਼ਾਮ ਤੱਕ ਉਨ੍ਹਾਂ ਨੇ ਪਿੰਡ 'ਚੋਂ ਸਾਰੇ ਛੋਟੇ ਵੱਡੇ ਹਥਿਆਰ ਇਕੱਠੇ ਕਰ ਪਿੰਡ ਵਾਲਿਆਂ ਨੂੰ ਨਿਹੱਥੇ ਕਰ ਦਿੱਤਾ। ਸਾਡੀਆਂ ਦੋ ਬੰਦੂਕਾਂ ਖੈਰੀ ਨੇ ਖੇਤ ਦੱਬੀਆਂ ਹੋਣ ਕਾਰਨ ਬਚ ਰਹੀਆਂ, ਪਰ ਇਸ ਦਾ ਕੋਈ ਫਾਇਦਾ ਨਹੀਂ ਸੀ ਕਿਉਂਕਿ ਇਸਲਾਮਕ ਸਟੇਟ ਵਾਲੇ ਪਿੰਡੋਂ ਬਾਹਰ ਤਾਂ ਕਿਸੇ ਨੂੰ ਜਾਣ ਹੀ ਨਹੀਂ ਸਨ ਦਿੰਦੇ। ਹਰ ਪਾਸੇ ਉਨ੍ਹਾਂ ਦਾ ਪਹਿਰਾ ਸੀ। ਖੈਰ! ਉਹ ਹਥਿਆਰ ਇਕੱਠੇ ਕਰਦੇ ਅਗਾਂਹ ਤੁਰ ਗਏ।

ਉਦੋਂ ਹੀ ਜਿੰਜ਼ਾਲ ਦਾ ਫੋਨ ਆ ਗਿਆ ਤੇ ਮੈਂ ਗੱਲ ਕਰਨ ਲੱਗੀ। ਗੱਲ ਮੁਕਾਈ ਤਾਂ ਸਾਰੇ ਮੈਥੋਂ ਸੁਣਨ ਲਈ ਉਤਾਵਲੇ ਸਨ ਕਿ ਕੀ ਗੱਲ ਹੋਈ। ਮੈਂ ਦੱਸਿਆ ਕਿ ਜਿੰਜ਼ਾਲ ਨੂੰ ਆਪਣੇ ਹਾਲਾਤ ਦਾ ਪਤਾ ਲੱਗ ਗਿਐ। ਉਸ ਨੂੰ ਜਾਲੋ ਨੇ ਵੀ ਸਭ ਦੱਸ ਦਿੱਤੇ। ਉਹ ਬੜਾ ਫਿਕਰਮੰਦ ਐ। ਸੁਣ ਕੇ ਸ਼ਾਮੀ ਅੰਮਾ ਨੇ ਪੁੱਛਿਆ, "ਆਸਮਾ ਬੱਚੀਏ, ਉਹ ਕੀ ਦੱਸਦੈ? ਕੀ ਕੁਰਦਸਤਾਨ ਸਰਕਾਰ ਨੂੰ ਆਪਣਾ ਕੋਈ ਫਿਕਰ ਐ?"

"ਅੰਮਾ, ਜਿੰਜ਼ਾਲ ਕਹਿੰਦਾ, ਸਰਕਾਰ ਨੂੰ ਫਿਕਰ ਤਾਂ ਐ ਪਰ ਉਹ ਪਹਿਲਾਂ ਆਪਣੇ ਤੇਲ ਦੇ ਖੂਹ ਬਚਾਉਣ 'ਚ ਲੱਗੀ ਹੋਈ ਐ। ਇਸ ਵੇਲੇ ਇਸਲਾਮਕ ਸਟੇਟ ਵਾਲੇ 'ਨੇਰੀ ਵਾਂਗ ਹਰ ਪਾਸੇ ਚੜ੍ਹੇ ਜਾ ਰਹੇ ਨੇ। ਉਹ ਸਭ ਤੋਂ ਪਹਿਲਾਂ ਕਿਰਕਕ ਨੂੰ ਬਚਾਉਣ ਦਾ ਉਪਰਾਲਾ ਕਰ ਰਹੇ ਨੇ, ਕਿਉਂਕਿ ਤੇਲ ਦੇ ਸਾਰੇ ਵੱਡੇ ਖੂਹ ਉਥੇ ਈ ਨੇ।"

"ਫਿਰ ਆਪਣੀ ਮਦਦ ਕੌਣ ਕਰੂ?" ਮਾਂ ਨੇ ਉਦਾਸੀ ਆਵਾਜ਼ 'ਚ ਕਿਹਾ।

"ਜਿੰਜ਼ਾਲ ਦੱਸਦਾ ਸੀ ਕਿ ਕੋਈ ਉਸ ਦਾ ਦੋਸਤ ਐ ਹੈਦਰ, ਜੋ ਪਿਛਲੇ ਸਾਲ ਈ ਅਮਰੀਕਾ ਗਿਐ। ਉਸ ਨੇ ਉਥੇ ਹੋਰ ਜਾਜ਼ੀਦੀ ਲੋਕਾਂ ਨੂੰ ਨਾਲ ਰਲਾ ਕੇ ਗਰੁਪ ਬਣਾਇਆ ਹੋਇਐ। ਉਹ ਅਮਰੀਕਾ ਸਰਕਾਰ ਦੀ ਮਦਦ ਨਾਲ ਇੱਥੇ ਫਸੇ ਜਾਜ਼ੀਦੀ ਲੋਕਾਂ ਦੀ ਮਦਦ ਕਰ ਰਹੇ ਨੇ। ਕਿਤੇ ਜਹਾਜ਼ਾਂ ਨਾਲ ਖਾਣਾ ਵਗੈਰਾ ਸੁੱਟ ਰਹੇ ਨੇ ਤੇ ਕਿਤੇ ਕੁਛ ਹੋਰ। ਕਈ ਥਾਂਈਂ ਤਾਂ ਅਮਰੀਕਨ ਹੈਲੀਕਾਪਟਰਾਂ ਨੇ ਜਾਜ਼ੀਦੀਆਂ ਨੂੰ ਬਚਾਇਆ ਵੀ ਐ। ਜਿੰਜ਼ਾਲ ਨੇ ਕਿਹਾ ਸੀ ਕਿ ਉਹ ਆਪਣੇ ਪਿੰਡ ਦੇ ਲੋਕਾਂ ਦੀ ਮਦਦ ਕਰੇ, ਪਰ ਹਾਲ ਦੀ ਘੜੀ ਕੋਈ ਉਮੀਦ ਨੀਂ।"

"ਕਿਉਂ?" ਸ਼ਾਮੀ ਅੰਮਾ ਨੇ ਪੁੱਛਿਆ।

"ਅੰਮਾ, ਜਿੰਜ਼ਾਲ ਕਹਿੰਦਾ ਕਿ ਉਸ ਗਰੁਪ ਦੀ ਪਹੁੰਚ ਤਾਂ ਅਮਰੀਕਨ ਅਧਿਕਾਰੀਆਂ ਤੱਕ ਹੈਗੀ ਐ। ਉਹ ਮਦਦ ਕਰਨਾ ਵੀ ਚਾਹੁੰਦੇ ਨੇ, ਪਰ ਹਾਲ ਦੀ ਘੜੀ ਅਮਰੀਕਨਾਂ ਨੇ ਇੱਧਰ ਜਹਾਜ਼ ਭੇਜਣ ਤੋਂ ਟਾਲ ਵੱਟ ਲਈ ਐ।"

"ਪਰ ਥੋੜ੍ਹੀ ਦੇਰ ਪਹਿਲਾਂ ਈ ਆਪਾਂ ਵੇਖਿਆ ਸੀ ਕਿ ਅਮਰੀਕਾ ਦੇ ਹੈਲੀਕਾਪਟਰ ਲੰਘੇ ਸਨ।" ਜ਼ੀਨਤ ਨੇ ਇੰਨਾ ਕਿਹਾ ਤਾਂ ਮੈਂ ਦੱਸਿਆ ਕਿ ਇਸ ਬਾਰੇ ਜਿੰਜ਼ਾਲ ਮੈਨੂੰ ਸਮਝਾ ਚੁਕੈ। ਇਹ ਜਹਾਜ਼ ਸਿੰਜਾਰ ਪਹਾੜੀ 'ਤੇ ਪਹੁੰਚੇ ਲੋਕਾਂ ਨੂੰ ਖਾਣੇ ਵਗੈਰਾ ਦੇ ਪੈਕਟ ਸੁੱਟਣ ਜਾਂਦੇ ਨੇ।

"ਕੋਈ ਆਪਣੇ ਉਤੋਂ ਦੀ ਲੰਘੀ ਜਾ ਰਿਹਾ ਐ, ਕੋਈ ਆਸੇ ਪਾਸੇ ਦੀ। ਪਰ ਆਪਣੇ 'ਤੇ ਕਿਸੇ ਦੀ ਨਜ਼ਰ ਨੀਂ ਪੈਂਦੀ। ਮਤਲਬ ਆਪਾਂ ਕਿਸੇ

*(ਅਗਲੇ ਸਫੇ 'ਤੇ ਜਾਰੀ)*

ਗਿਣਤੀ 'ਚ ਨ੍ਹੀਂ। ਆਪਾਂ ਨੂੰ ਬਚਾਉਣ ਕੋਈ ਨ੍ਹੀਂ ਬਹੁੜੇਗਾ। ਆਪਣਾ ਤਾਂ ਰੱਬ 'ਤੇ ਈ ਆਸਰਾ ਐ।" ਸ਼ਾਮੀ ਅੰਮਾ ਨੇ ਲੰਬਾ ਹੌਕਾ ਭਰਿਆ। ਉਦੋਂ ਹੀ ਜ਼ੀਨਤ ਨੂੰ ਕੋਈ ਗੱਲ ਅਹੁੜੀ। ਉਸ ਨੇ ਦੱਸਿਆ ਕਿ ਸਕੂਲ ਦਾ ਹੈਡਮਾਸਟਰ ਜਾਕਬ ਹੁਸੈਨ ਹੈ ਤਾਂ ਭਾਵੇਂ ਸੁੰਨੀ ਪਰ ਉਹ ਚੰਗਾ ਇਨਸਾਨ ਹੈ। ਉਸ ਨੇ ਪੁੱਛਿਆ ਕਿ ਜੇ ਉਹ ਉਸ ਨੂੰ ਫੋਨ ਕਰੇ ਤਾਂ ਕਿਵੇਂ ਰਹੇਗਾ? ਸਭ ਨੇ ਹਾਮੀ ਭਰੀ ਤਾਂ ਉਹ ਫੋਨ ਮਿਲਾਉਣ ਲੱਗੀ। ਫੋਨ ਮਿਲ ਗਿਆ ਤਾਂ ਉਹ ਪਾਸੇ ਹੋ ਕੇ ਗੱਲ ਕਰਨ ਲੱਗੀ। ਮੈਨੂੰ ਵੀ ਖਿਆਲ ਆਇਆ ਕਿ ਜਾਕਬ ਹੁਸੈਨ ਦੀ ਚੰਗਿਆਈ ਦਾ ਪਿੰਡ 'ਚ ਵੀ ਜ਼ਿਕਰ ਹੁੰਦਾ ਹੈ ਤੇ ਹੋ ਸਕਦਾ ਹੈ, ਉਹ ਕੋਈ ਮਦਦ ਕਰ ਦੇਵੇ। ਇੰਨੇ ਨੂੰ ਜ਼ੀਨਤ ਨੇ ਗੱਲ ਮੁਕਾ ਕੇ ਫੋਨ ਕੱਟ ਦਿੱਤਾ। ਸਾਨੂੰ ਉਤਸਕਤਾ ਹੋਈ ਕਿ ਉਸ ਨੇ ਕੀ ਕਿਹਾ ਹੈ। ਜ਼ੀਨਤ ਦੱਸਣ ਲੱਗੀ, ਗੱਲ ਤਾਂ ਉਸ ਨਾਲ ਹੋ ਗਈ ਹੈ, ਪਰ ਉਸ ਦਾ ਹੁੰਗਾਰਾ ਨਾਂਹ ਪੱਖੀ ਹੀ ਹੈ। ਕਹਿੰਦਾ, ਇਸ ਵੇਲੇ ਹਰ ਪਾਸੇ ਇਸਲਾਮਕ ਸਟੇਟ ਦਾ ਬੋਲਬਾਲਾ ਹੈ। ਕੋਈ ਵੀ ਉਨ੍ਹਾਂ ਦੇ ਕੰਮ 'ਚ ਦਖਲ ਦੇਣ ਦੀ ਜੁਅਰਤ ਨ੍ਹੀਂ ਕਰਦਾ। ਜਿਸ ਕਿਸੇ ਨੇ ਵੀ ਕੀਤੀ, ਉਸ ਨੂੰ ਜਾਨ ਗਵਾਉਣੀ ਪਈ ਹੈ।

"ਮੈਂ ਕਿਹੈ ਨਾ ਕਿ ਆਪਣੀ ਸਾਰ ਲੈਣ ਲਈ ਰੱਬ ਤੋਂ ਬਿਨਾ ਕੋਈ ਨ੍ਹੀਂ।" ਸ਼ਾਮੀ ਅੰਮਾ ਨੇ ਗੱਲ ਦੁਹਰਾਈ। ਮਾਂ ਨੇ ਸਭ ਵਲ ਵੇਖਦਿਆਂ ਹੌਸਲੇ ਦੀ ਸੁਰ 'ਚ ਕਿਹਾ, "ਮੈਨੂੰ ਲੱਗਦੈ, ਆਪਾਂ ਬਿਨਾ ਵਜ੍ਹਾ ਘਾਬਰੀ ਜਾ ਰਹੇ ਆਂ। ਆਪਣੇ ਪਿੰਡ ਆ ਕੇ ਇਸਲਾਮਕ ਸਟੇਟ ਵਾਲਿਆਂ ਨੇ ਕੋਈ ਅਜਿਹੀ ਗੱਲ ਨ੍ਹੀਂ ਕੀਤੀ ਜਿਸ ਨਾਲ ਡਰਨ ਦੀ ਲੋੜ ਹੋਵੇ। ਉਨ੍ਹਾਂ ਨੇ ਕਿਹਾ ਐ ਕਿ ਕੋਈ ਪਿੰਡ ਛੱਡ ਕੇ ਨਾ ਭੱਜੇ ਜਾਂ ਉਨ੍ਹਾਂ ਸ਼ਰੀਅਤ ਲਾਗੂ ਕੀਤੀ ਐ। ਐਵੇਂ ਨਾ ਖੂਨ ਸੁਕਾਈ ਜਾਵੋ।" ਮਾਂ ਨੇ ਗੱਲ ਖਤਮ ਕੀਤੀ ਤਾਂ ਮੈਂ ਧਿਆਨ ਨਾਲ ਉਸ ਵਲ ਵੇਖਿਆ। ਮੈਂ ਸਮਝ ਗਈ ਕਿ ਉਹ ਚਾਹੁੰਦੀ ਹੈ ਕਿ ਬੱਚੇ ਡਰਨ ਨਾ। ਉਸ ਦੀ ਗੱਲ ਸ਼ਾਇਦ ਸ਼ਾਮੀ ਅੰਮਾ ਵੀ ਸਮਝ ਗਈ ਸੀ। ਇਸੇ ਕਰਕੇ ਹੋਰ ਗੱਲਾਂ ਕਰਨ ਦੀ ਥਾਂ ਉਸ ਨੇ ਖਰੌੜੀਆਂ ਚੁੱਕੀਆਂ ਤੇ ਜਾਣ ਲਈ ਉਠ ਖੜੋਤੀ। ਤੁਰਦਿਆਂ ਉਹ ਹੌਸਲੇ ਵਾਲੀ ਸੁਰ 'ਚ ਬੋਲੀ, "ਸਾਇਰਾ ਬੀਬੀ ਦੀ ਗੱਲ ਸਹੀ ਐ। ਬੱਚਿਓ ਐਵੇਂ ਨਾ ਘਾਬਰੋ। ਹੁਣ ਮੈਂ ਚੱਲਦੀ ਆਂ। ਮੌਕਾ ਮਿਲਦਿਆਂ ਈ ਫਿਰ ਆਵਾਂਗੀ।" ਇੰਨਾ ਆਖ ਸ਼ਾਮੀ ਅੰਮਾ ਆਪਣੇ ਘਰ ਨੂੰ ਤੁਰ ਗਈ। ਪਿੱਛੇ ਮਾਂ ਨੇ ਸਭ ਨੂੰ ਨਿੱਕੇ ਮੋਟੇ ਕੰਮ ਲਾ ਲਿਆ ਤੇ ਆਪ ਸ਼ਾਮ ਦੀ ਰੋਟੀ ਦੀ ਤਿਆਰੀ ਕਰਨ ਲੱਗੀ। ਦੇਰ ਸ਼ਾਮ ਹੈਂਜ਼ੀ ਵੀ ਦੁਕਾਨ ਤੋਂ ਆ ਗਿਆ। ਖਾਣੇ ਪਿੱਛੋਂ ਨਿੱਤ ਵਾਂਗ ਸਾਰਾ ਟੱਬਰ ਛੱਤ 'ਤੇ ਜਾ ਚੜ੍ਹਿਆ। ਹੈਂਜ਼ੀ ਦਿਨ ਵੇਲੇ ਇੱਧਰੋਂ ਉਧਰੋਂ ਸੁਣੀਆਂ ਗੱਲਾਂ ਸੁਣਾਉਣ ਲੱਗਾ, ਪਰ ਅੱਜ ਅਸੀਂ ਸਾਰੇ ਹੀ ਬਹੁਤ ਹੌਲੀ ਬੋਲ ਰਹੇ ਸਾਂ। ਡਰ ਸੀ ਕਿ ਕਿਧਰੇ ਬਾਹਰ ਨਾਕਿਆਂ 'ਤੇ ਖੜ੍ਹੇ ਇਸਲਾਮਕ ਸਟੇਟ ਵਾਲੇ ਪਿੰਡ 'ਚ ਹੀ ਨਾ ਘੁੰਮਦੇ ਫਿਰਦੇ ਹੋਣ ਤੇ ਸਾਡੀਆਂ ਗੱਲਾਂ ਸੁਣ ਲੈਣ। ਹੌਲੀ ਹੌਲੀ ਛੋਟੇ ਬੱਚੇ ਸੌਣ ਲੱਗੇ, ਪਰ ਵੱਡਿਆਂ ਦੇ ਨੀਂਦ ਨੇੜੇ ਤੇੜੇ ਵੀ ਨਹੀਂ ਸੀ।

ਅਗਲੇ ਦਿਨ ਮਾਂ ਨੇ ਨਿੱਤ ਵਾਂਗ ਤੰਦੂਰ ਤਪਾਇਆ। ਸਾਰੇ ਟੱਬਰ ਨੂੰ ਖਾਣਾ ਖੁਆਇਆ। ਉਹ ਖੇਤ ਕਾਮੇ ਦੀ ਰੋਟੀ ਭੇਜਣੀ ਚਾਹੁੰਦੀ ਸੀ ਪਰ ਪਿੰਡੋਂ ਬਾਹਰ ਨਿਕਲਣ ਦਾ ਹੁਕਮ ਨਹੀਂ ਸੀ। ਖਾਣੇ ਪਿੱਛੋਂ ਖੈਰੀ ਤੇ ਹੈਂਜ਼ੀ ਜਾਵੇਤ ਚਲੇ ਗਏ। ਘੰਟੇ ਕੁ ਪਿੱਛੋਂ ਉਹ ਆਏ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਮਾਯੂਸੀ ਸੀ। ਹੈਂਜ਼ੀ ਨੇ ਦੱਸਿਆ, "ਅੱਜ ਇਸਲਾਮਕ ਸਟੇਟ ਦਾ ਹਾਜੀ ਮੁਰਤਜ਼ਾ ਨਾਮੀਂ ਕੋਈ ਵੱਡਾ ਕਮਾਂਡਰ ਆਇਆ ਸੀ। ਉਸ ਨੇ ਕਿਹੈ, ਪਿੰਡ ਵਾਲੇ ਸਾਰੇ ਲੋਕ ਮੁਸਲਮਾਨ ਹੋ ਜਾਣ।"

ਸੁਣ ਕੇ ਸਾਡੇ ਸਰੀਰ ਮਿੱਟੀ ਹੋ ਗਏ। ਕਾਫੀ ਦੇਰ ਕੋਈ ਗੱਲ ਨਾ ਅਹੁੜੀ। ਆਖਰ ਮਾਂ ਨੇ ਪੁੱਛਿਆ, "ਜੇ ਕੋਈ ਗੱਲ ਨਾ ਮੰਨੇ ਤਾਂ?"

"ਉਸ ਨੇ ਕਿਹਾ ਐ ਕਿ ਜੇ ਕੋਈ ਇਹ ਨ੍ਹੀਂ ਮੰਨੂਗਾ ਤਾਂ ਉਸ ਨੂੰ ਉਹ ਸਿੰਜਾਰ ਪਹਾੜ 'ਤੇ ਭੇਜ ਦੇਣਗੇ।"

ਗੱਲ ਸੁਣ ਕੇ ਮੈਂ ਪ੍ਰੇਸ਼ਾਨ ਹੋ ਗਈ। ਖਿਆਲ ਆਇਆ ਕਿ ਸਾਰਾ ਪਿੰਡ ਸਿੰਜਾਰ ਪਹਾੜ 'ਤੇ ਜਾਣਾ ਚਾਹੁੰਦਾ ਹੈ ਪਰ ਇਹ ਘੇਰਾ ਪਾ ਕੇ ਰੋਕੀ ਬੈਠੇ ਹਨ। ਪਰ ਹੁਣ ਆਪ ਹੀ ਉਥੇ ਭੇਜਣ ਦੀ ਗੱਲ ਕਰੀ ਜਾ ਰਹੇ ਹਨ। ਮੈਨੂੰ ਯਾਦ ਆਇਆ ਕਿ ਹੁਸੈਨ ਪਰਿਵਾਰ ਸਮੇਤ ਉਥੇ ਹੀ ਤਾਂ ਜਾ ਰਿਹਾ ਸੀ ਪਰ ਫਿਰ ਉਸ ਨੂੰ ਇਨ੍ਹਾਂ ਨੇ ਕਿਉਂ ਮਾਰਿਆ? ਮੈਂ ਇਹੀ ਗੱਲ ਹੈਂਜ਼ੀ ਹੋਰਾਂ ਨਾਲ ਸਾਂਝੀ ਕੀਤੀ ਤਾਂ ਉਹ ਵੀ ਹੈਰਾਨ ਸਨ। ਖੈਰੀ ਉਦਾਸ ਜਿਹਾ ਬੋਲਿਆ, "ਮੈਨੂੰ ਲੱਗਦੈ, ਉਹ ਐਵੇਂ ਟਰਪੱਲ ਮਾਰ ਰਹੇ ਨੇ। ਸ਼ਾਇਦ ਥੋੜ੍ਹੇ ਵਕਤ ਲਈ ਸਾਡਾ ਦਿਲ ਧਰਾ ਰਹੇ ਨੇ।"

"ਭਾਈ ਥੋੜ੍ਹੇ ਵਕਤ ਤੋਂ ਤੇਰਾ ਕੀ ਭਾਵ ਐ? ਮੇਰਾ ਮਤਲਬ ਇਸ ਥੋੜੇ ਵਕਤ ਪਿੱਛੋਂ ਉਹ ਕੀ ਕਰਨਗੇ?" ਜ਼ੀਨਤ ਨੇ ਡਰੀ ਆਵਾਜ਼ 'ਚ ਕਿਹਾ ਤਾਂ ਕੋਲੋਂ ਹੈਂਜ਼ੀ ਉਖੜੀ ਆਵਾਜ਼ 'ਚ ਬੋਲਿਆ, "ਮੈਨੂੰ ਜਾਪਦੈ, ਅਜੇ ਉਹ ਦੂਸਰੇ ਪਿੰਡਾਂ ਵਲੋਂ ਵਿਹਲੇ ਨ੍ਹੀਂ ਹੋਏ। ਜਦੋਂ ਤੱਕ ਉਥੇ ਇਨ੍ਹਾਂ ਦੇ ਅਪਰੇਸ਼ਨ ਚੱਲ ਰਹੇ ਨੇ, ਉਦੋਂ ਤੱਕ ਆਪਾਂ ਨੂੰ ਇਵੇਂ ਈ ਘੇਰ ਕੇ ਬੈਠੇ ਰਹਿਣਗੇ। ਜਦੋਂ ਆਪਣੀ ਵਾਰੀ ਆਈ ਤਾਂ ਆਪਣੇ ਨਾਲ ਵੀ ਉਹੋ ਹੋਊ, ਜੋ ਹੋਰਨਾਂ ਨਾਲ ਹੋ ਰਹੀ ਐ।" ਉਸ ਨੇ ਗੱਲ ਮੁਕਾਈ ਹੀ ਸੀ ਕਿ ਮਾਂ ਥੋੜ੍ਹਾ ਗੁੱਸੇ 'ਚ ਬੋਲੀ, "ਹੈਂਜ਼ੀ, ਤੂੰ ਐਵੇਂ ਡਰਾਉਣ ਵਾਲੀ ਗੱਲ ਨਾ ਕਰ। ਮੈਂ ਸਾਰਾ ਕੁਛ ਸਮਝ ਰਹੀ ਆਂ। ਉਹ ਸਾਨੂੰ ਕੁਛ ਨ੍ਹੀਂ ਕਹਿਣ ਲੱਗੇ। ਹਾਂ ਪਹਾੜ 'ਤੇ ਤਾਂ ਜਾਣਾ ਈ ਪਊ।"

ਮੈਂ ਸਮਝ ਗਈ ਕਿ ਮਾਂ ਫਿਰ ਚਾਹੁੰਦੀ ਹੈ ਕਿ ਬੱਚੇ ਡਰਨ ਨਾ। ਖਾਸ ਕਰ ਕੇ ਜਦੋਂ ਤੱਕ ਕੋਈ ਮਾੜਾ ਵਕਤ ਨਹੀਂ ਆਉਂਦਾ, ਉਦੋਂ ਤੱਕ ਤਾਂ ਕੋਈ ਡਰ ਦੇ ਪਰਛਾਵੇਂ 'ਚ ਨਾ ਰਹੇ। ਪਰ ਛੋਟੇ ਬੱਚਿਆਂ ਨੂੰ ਛੱਡ ਕੇ ਹੋਰ ਕੋਈ ਮਾਂ ਨਾਲ ਸਹਿਮਤ ਨਹੀਂ ਸੀ। ਮੈਂ ਵੀ ਨਹੀਂ। ਸਾਡੇ ਪਿੰਡ ਦੇ ਹਾਲਾਤ ਕੱਲ੍ਹ ਨਾਲੋਂ ਮਾੜੇ ਸਨ। ਸਭ ਚੁੱਪ ਸਨ ਪਰ ਮਾਂ ਨੇ ਛੋਟੇ ਛੋਟੇ ਕੰਮ ਅਰੰਭ ਲਏ। ਉਹ ਸਭ ਨੂੰ ਰੁੱਝੇ ਰੱਖਣਾ ਚਾਹੁੰਦੀ ਸੀ। ਹੈਂਜ਼ੀ ਦੁਕਾਨ ਵਲ ਜਾਣ ਲੱਗਾ ਤਾਂ ਖੈਰੀ ਨੇ ਵੀ ਨਾਲ ਜਾਣਾ ਚਾਹਿਆ ਪਰ ਮਾਂ ਨੇ ਰੋਕ ਲਿਆ। ਮਾਂ ਨੇ ਸੋਚਿਆ, ਪਿੱਛੇ ਘਰ 'ਚ ਕੋਈ ਸਿਆਣਾ ਬੰਦਾ ਜ਼ਰੂਰ ਰਹੇ।

ਦਿਨ ਢਲ ਗਿਆ ਤੇ ਫਿਰ ਸ਼ਾਮ ਉਤਰ ਆਈ। ਇਵੇਂ ਹੀ ਰਾਤ ਪੈ ਗਈ। ਅਗਲਾ ਦਿਨ ਚੜ੍ਹਿਆ ਤੇ ਉਹ ਵੀ ਪਹਿਲੇ ਵਾਂਗ ਹੀ ਗੁਜ਼ਰ ਗਿਆ। ਇੰਜ ਚਾਰ ਦਿਨ ਲੰਘ ਗਏ। ਜਿੰਜ਼ਾਲ ਦਾ ਫੋਨ ਦਿਨ ਵਿਚ ਕਈ ਵਾਰੀ ਆਉਂਦਾ, ਪਰ ਧਰਵਾਸ ਦੇਣ ਤੋਂ ਬਿਨਾ ਉਸ ਕੋਲ ਕਹਿਣ ਨੂੰ ਕੁਝ ਨਹੀਂ ਸੀ। ਸਈਅਦ ਦਾ ਵੀ ਇਹੋ ਹੀ ਜੁਆਬ ਹੁੰਦਾ। ਜਾਲੋ ਨਾਲ ਕਦੇ ਗੱਲ ਨਹੀਂ ਹੋਈ ਸੀ। ਸਾਨੂੰ ਉਸ ਦਾ ਬਹੁਤ ਫਿਕਰ ਸੀ। ਪਰ ਫਿਰ ਚੌਥੇ ਦਿਨ ਸ਼ਾਮ ਵੇਲੇ ਜਾਲੋ ਦਾ ਫੋਨ ਆਇਆ ਤਾਂ ਮੈਂ ਛੇਤੀ ਦੇਣੇ ਫੋਨ ਚੁੱਕਿਆ, ਉਸ ਦੀ ਥੱਕੀ ਜਿਹੀ ਆਵਾਜ਼ ਆਈ, "ਆਸਮਾ, ਇਕ ਗੱਲ ਤਾਂ ਚੰਗੀ ਹੋਈ। ਸਾਨੂੰ ਸਭ ਨੂੰ ਉਥੋਂ ਸਿੰਜਾਰ ਪਹਾੜ ਤੋਂ ਕੱਢ ਲਿਆ ਗਿਐ।"

"ਭਾਈ ਇਹ ਤਾਂ ਬੜੀ ਵਧੀਆ ਗੱਲ ਐ। ਪਰ ਤੁਸੀਂ ਕਿਵੇਂ ਤੇ ਕਿੱਥੇ ਪਹੁੰਚ ਗਏ ਓਂ?"

ਜੁਆਬ 'ਚ ਉਸ ਨੇ ਦੱਸਿਆ, "ਕੁਰਦਸਤਾਨ ਸਰਕਾਰ ਨੇ ਅਮਰੀਕਨਾਂ ਦੀ ਮਦਦ ਨਾਲ ਸਾਂਝਾ ਉਪਰੇਸ਼ਨ ਕੀਤਾ ਐ। ਕੁਰਦਾਂ ਨੇ ਫੌਜ ਭੇਜੀ ਤੇ ਅਮਰੀਕਨਾਂ ਨੇ ਜਹਾਜਾਂ ਨਾਲ ਉਪਰੋਂ ਸੁਰੱਖਿਆ ਦਿੱਤੀ। ਇਸ ਤਰ੍ਹਾਂ ਕਈ ਹਜ਼ਾਰ ਲੋਕਾਂ ਨੂੰ ਸਿੰਜਾਰ ਪਹਾੜ ਤੋਂ ਕੱਢ ਲਿਆਂਦਾ। ਅੱਗੇ ਇਨ੍ਹਾਂ ਨੂੰ ਕੈਂਪ 'ਚ ਪਹੁੰਚਾ ਦਿੱਤਾ ਐ।"

"ਭਾਈ ਇਹ ਕੈਂਪ ਕਿੱਥੇ ਐ?

"ਕੈਂਪ ਸੀਰੀਆ ਤੇ ਕੁਰਦਸਤਾਨ ਦੀ ਹੱਦ ਵਲ ਪੈਂਦੈ।"

"ਅੱਛਾ! ਕੈਂਪ ਨੂੰ ਚਲਾਉਂਦਾ ਕੌਣ ਐਂ?"

"ਆਸਮਾ, ਇਸ ਨੂੰ ਕੋਈ 'ਖਾਲਸਾ ਏਡ' ਨਾਂ ਦੀ ਸੰਸਥਾ ਚਲਾਉਂਦੀ ਐ। ਇਹ ਲੋਕ ਇੰਡੀਆ ਤੋਂ ਨੇ। ਇਨ੍ਹਾਂ ਦੀਆਂ ਲੰਬੀਆਂ ਦਾਹੜੀਆਂ ਤੇ ਸਿਰਾਂ 'ਤੇ ਪੱਗਾਂ ਬੰਨੀਆਂ ਹੋਈਆਂ ਨੇ। ਇਨ੍ਹਾਂ ਨੂੰ ਸਿੰਘ ਸਰਦਾਰ ਕਹਿੰਦੇ ਨੇ। ਬੜੇ ਚੰਗੇ ਤੇ ਭਲੇ ਲੋਕ ਨੇ। ਬਸ ਸਮਝ ਰੱਬ ਦੇ ਫਰਿਸ਼ਤੇ ਈ ਨੇ। ਸਾਨੂੰ ਤਾਂ ਇਨ੍ਹਾਂ ਨੇ ਨਵਾਂ ਜੀਵਨ ਦਿੱਤੈ।"

ਗੱਲ ਸੁਣ ਕੇ ਸਾਨੂੰ ਉਸ ਦਾ ਫਿਕਰ ਤਾਂ ਮੁੱਕ ਗਿਆ ਪਰ ਹੁਣ ਉਸ ਨੂੰ ਸਾਡਾ ਫਿਕਰ ਹੋ ਗਿਆ। ਪਰਿਵਾਰ ਦੇ ਚਾਰੇ ਵੱਡੇ ਪੁੱਤਰ ਘਰੋਂ ਬਾਹਰ ਸਨ। ਬਾਕੀ ਸਾਰਾ ਪਰਿਵਾਰ ਮੁਸੀਬਤ 'ਚ ਸੀ। ਕੁਝ ਦਿਨ ਪਹਿਲਾਂ ਹੀ ਜਿਨਾਲ ਨੇ ਬੱਚੇ ਨੂੰ ਜਨਮ ਦਿੱਤਾ ਸੀ। ਬਿਜਲੀ ਬੰਦ ਸੀ ਅਤੇ ਉਤੋਂ ਲੋਹੜੇ ਦੀ ਗਰਮੀ ਨੇ ਨਵ-ਜਨਮੇ ਬੱਚੇ ਦਾ ਬੁਰਾ ਹਾਲ ਕੀਤਾ ਹੋਇਆ ਸੀ। ਦੋ ਦਿਨ ਪਹਿਲਾਂ ਮਾਂ ਦੀ ਭਾਣਜੀ ਵੀ ਸਾਡੇ ਘਰ ਹੀ ਆ ਗਈ ਸੀ। ਉਸ ਦੇ ਘਰ ਵਾਲਾ, ਜਿੰਜ਼ਾਲ ਨਾਲ ਹੀ ਇਰਬਲ ਪੁਲਿਸ 'ਚ ਨੌਕਰ ਸੀ। ਮਾਂ ਦਾ ਭਤੀਜਾ, ਜੋ ਪਿੰਡ ਦੇ ਦੂਸਰੇ ਪਾਸੇ ਰਹਿੰਦਾ ਸੀ, ਉਹ ਵੀ ਬੱਚਿਆਂ ਸਣੇ ਸਾਡੇ ਘਰ ਆ ਠਹਿਰਿਆ। ਅਸਲ 'ਚ ਸਾਡੀ ਮਾਂ ਅਤੇ ਸ਼ਾਮੀ ਅੰਮਾ ਦੇ ਨੇੜੇ ਹੋਣ ਕਰਕੇ ਸਭ ਨੂੰ ਹੌਸਲਾ ਰਹਿੰਦਾ ਸੀ। ਘਰ 'ਚ ਕਾਫੀ ਇਕੱਠ ਹੋ ਗਿਆ ਸੀ। ਹੁਣ ਮਾਂ ਖਾਣਾ ਵੀ ਸੰਕੋਚ ਨਾਲ ਬਣਾਉਂਦੀ। ਪਾਣੀ ਦੀ ਵੀ ਤੰਗੀ ਸੀ। ਮਿਣਿਆਂ ਤੋਲਿਆ ਪਾਣੀ ਰਹਿ ਗਿਆ ਸੀ। ਉਹ ਵੀ ਗਰਮ ਤਪਿਆ ਹੁੰਦਾ। ਆਟਾ ਵੀ ਮੁੱਕ ਚੱਲਿਆ ਸੀ। ਬਾਹਰੋਂ ਕੋਈ ਚੀਜ਼ ਨਹੀਂ ਸੀ ਆ ਰਹੀ। ਪਾਣੀ ਦੀ ਕਮੀ ਕਾਰਨ ਨਹਾਉਣ ਵਗੈਰਾ ਇਕ ਵਕਤ ਹੋ ਗਿਆ ਸੀ। ਹਰ ਚੀਜ਼ ਸੰਜਮ ਨਾਲ ਵਰਤੀ ਜਾ ਰਹੀ ਸੀ। ਪਤਾ ਨਹੀਂ ਸੀ ਕਿ ਕਦੋਂ ਤੱਕ ਇਸਲਾਮਕ ਸਟੇਟ ਵਾਲਿਆਂ ਦਾ ਘੇਰਾ ਰਹੇ।

ਸਾਡੇ ਘਰ ਆ ਕੇ ਠਾਹਰ ਲੈਣ ਵਾਲਿਆਂ ਦੀ ਗਿਣਤੀ ਵੱਧ ਗਈ ਸੀ। ਤਿੰਨ ਪਰਿਵਾਰ ਹੋਰ ਆ ਗਏ ਸਨ। ਹਫਤਾ ਹੋ ਚੱਲਿਆ ਸੀ ਇਸਲਾਮਕ ਸਟੇਟ ਦਾ ਘੇਰਾ ਪਏ ਨੂੰ। ਦੁਪਹਿਰ ਵੇਲੇ ਅਸੀਂ ਕੰਧਾਂ ਦੇ ਪਰਛਾਵਿਆਂ ਜਾਂ ਵਿਹੜੇ ਵਾਲੇ ਰੁੱਖ ਹੇਠ ਆ ਬਹਿੰਦੇ। ਹੈਂਜ਼ੀ ਦੀ ਦੁਕਾਨ 'ਚ ਨਿੱਤ-ਵਰਤੋਂ ਦੀਆਂ ਵਸਤਾਂ ਦੀ ਸਪਲਾਈ ਮੁੱਕ ਚੁਕੀ ਸੀ, ਨਵੀਂ ਕੋਈ ਆਈ ਨਹੀਂ ਸੀ। ਥੋੜ੍ਹੀ ਬਹੁਤੀ ਜੋ ਬਚੀ ਸੀ, ਉਹ ਉਸ ਨੇ ਘਰ ਦੀ ਲੋੜ ਲਈ ਰੱਖ ਲਈ ਸੀ। ਇਸ ਕਰਕੇ ਉਸ ਦਾ ਕਹਿਣਾ ਸੀ ਕਿ ਜਦੋਂ ਉਹ ਲੋਕਾਂ ਦੀਆਂ ਲੋੜਾਂ ਹੀ ਪੂਰੀਆਂ ਨਹੀਂ ਕਰ ਸਕਦਾ ਤਾਂ ਦੁਕਾਨ ਖੋਲ੍ਹਣ ਦਾ ਕੀ ਫਾਇਦਾ। ਇਸ ਕਰਕੇ ਉਹ ਵੀ ਘਰ ਹੀ ਸੀ। ਸਾਰੇ ਚੁੱਪ ਸਨ। ਸਵੇਰ ਹੁੰਦੀ, ਰੁੱਖਾ ਮਿੱਸਾ ਖਾ ਕੇ ਬਹਿ ਜਾਂਦੇ। ਕੁਝ ਕਰਨ ਨੂੰ ਨਹੀਂ ਸੀ, ਕਿਸੇ ਗੱਲ ਦਾ ਹੌਸਲਾ ਨਹੀਂ ਸੀ। ਪਤਾ ਨਹੀਂ ਸੀ ਲੱਗਦਾ, ਅਸੀਂ ਕੀ ਉਡੀਕ ਰਹੇ ਹਾਂ। ਵਕਤ ਗੁਜ਼ਾਰਿਆਂ ਨਹੀਂ ਸੀ ਲੰਘਦਾ। ਸਭ ਦੇ ਚਿਹਰੇ ਉਤਰੇ ਪਏ ਸਨ। ਲੋਹੜਿਆਂ ਦੀ ਗਰਮੀ ਤੇ ਉਪਰੋਂ ਪਾਣੀ ਦੀ ਥੁੜ੍ਹ ਕਾਰਨ ਨਹਾ ਨਾ ਹੋਣ ਕਾਰਨ, ਹਰ ਇਕ 'ਚੋਂ ਮੁਸ਼ਕ ਮਾਰਦਾ ਸੀ। ਮੈਲੇ ਕੁਚੈਲੇ ਕੱਪੜੇ, ਚੀਥੜੇ ਬਣ ਗਏ ਸਨ। ਮੈਂ ਭਾਈਆਂ ਵਲ ਵੇਖਿਆ, ਉਹ ਹਫਤੇ ਭਰ 'ਚ ਹੀ ਬਹੁਤ ਕਮਜ਼ੋਰ ਹੋ ਗਏ ਸਨ। ਮੈਨੂੰ ਦੁੱਖ ਲੱਗਾ ਕਿ ਮੇਰੇ ਭਰਾਵਾਂ ਸਮੇਤ ਪਿੰਡ ਦੇ ਕੁੱਲ ਨੌਜਵਾਨ, ਬੜੇ ਜਾਂਬਾਜ਼ ਲੜਾਕੇ ਸਨ। ਪਰ ਇਸ ਵੇਲੇ ਸਭ ਬੇਵਸ ਸਨ। ਨਾਲ ਹੀ ਸ਼ਾਇਦ ਉਨ੍ਹਾਂ ਨੂੰ ਇਸ ਗੱਲ ਦਾ ਵੀ ਅਫਸੋਸ ਸੀ ਕਿ ਉਹ ਮਰਦ ਹੋਣ 'ਤੇ ਵੀ ਘਰਦੀਆਂ ਔਰਤਾਂ ਦੀ ਕੋਈ ਮਦਦ ਨਹੀਂ ਕਰ ਸਕਦੇ।

ਪਿਛਲੇ ਦੋ ਕੁ ਦਿਨਾਂ ਤੋਂ ਮੈਂ ਵੇਖ ਰਹੀ ਸਾਂ ਕਿ ਦਾਊਦ ਕਈ ਵਾਰੀ ਪਾਸੇ ਹੋ ਕੇ ਇਕੱਲਾ ਫੋਨ ਸੁਣਨ ਲੱਗ ਪੈਂਦਾ। ਜਦੋਂ ਹੀ ਇਸ ਤਰ੍ਹਾਂ ਹੁੰਦਾ ਤਾਂ ਖਾਲਿਦ ਵੀ ਉਸ ਦੇ ਨੇੜੇ ਹੋ ਜਾਂਦਾ। ਫੋਨ ਸੁਣਨ ਪਿੱਛੋਂ ਦੋਨੋਂ ਆਪਸ ਵਿਚ ਘੁਸਰ ਮੁਸਰ ਕਰਦੇ ਰਹਿੰਦੇ। ਕਈ ਵਾਰੀ ਬਿਨਾ ਫੋਨ ਤੋਂ ਹੀ ਉਹ ਇਕ ਪਾਸੇ ਹੋ ਕੇ ਆਪਸ 'ਚ ਗੱਲਾਂ ਕਰਨ ਲਗਦੇ। ਮੈਨੂੰ ਉਤਸੁਕਤਾ ਹੋਈ ਕਿ ਵੇਖਾਂ ਤਾਂ ਸਹੀ ਇਹ ਕੀ ਗੱਲਾਂ ਕਰਦੇ ਹਨ। ਅਗਲੀ ਵਾਰ ਫੋਨ ਆਇਆ ਤਾਂ ਉਹ ਪਹਿਲਾਂ ਵਾਂਗ ਹੀ ਪਾਸੇ ਹਟ ਗਏ। ਉਸ ਵੇਲੇ ਸ਼ਾਮੀ ਅੰਮਾ ਵੀ ਸਾਡੇ ਘਰ ਹੀ ਸੀ। ਮੈਂ ਵੀ ਢੰਗ ਜਿਹੇ ਨਾਲ ਦਾਊਦ ਹੋਰਾਂ ਦੇ ਨੇੜੇ ਹੋ ਕੇ ਗੱਲਾਂ ਸੁਣਨ ਲੱਗੀ। ਥੋੜ੍ਹੀ ਦੇਰ 'ਚ ਹੀ ਸਭ ਸਾਫ ਹੋ ਗਿਆ ਕਿ ਉਹ ਕੀ ਕਰ ਰਹੇ ਹਨ। ਮੈਨੂੰ ਫਿਕਰ ਹੋਇਆ ਤੇ ਮੈਂ ਮਾਂ ਹੋਰਾਂ ਕੋਲ ਜਾ ਕੇ ਗੱਲ ਛੇੜੀ, "ਮਾਂ, ਦਾਊਦ ਤੇ ਖਾਲਿਦ ਦੇ ਇਰਾਦੇ ਠੀਕ ਨ੍ਹੀਂ ਲੱਗਦੇ।"

"ਕੀ ਮਤਲਬ?" ਮਾਂ ਨੇ ਫਿਕਰ 'ਚ ਪੁੱਛਿਆ। ਨਾਲ ਹੀ ਸ਼ਾਮੀ ਅੰਮਾ ਦੀਆਂ ਨਜ਼ਰਾਂ ਵੀ ਮੇਰੇ 'ਤੇ ਗੱਡੀਆਂ ਗਈਆਂ।

"ਉਹ ਇਸਲਾਮਕ ਸਟੇਟ ਵਾਲਿਆਂ ਨਾਲ ਟੱਕਰ ਲੈਣ ਦੀਆਂ ਸਕੀਮਾਂ ਬਣਾ ਰਹੇ ਨੇ।"

"ਹੈਂ!" ਦੋਨਾਂ ਦੇ ਮੂੰਹੋਂ ਇਕੱਠਾ ਹੀ ਨਿਕਲਿਆ। ਉਦੋਂ ਨੂੰ ਦਾਊਦ ਅਤੇ ਖਾਲਿਦ ਵੀ ਨੇੜੇ ਆ ਗਏ। ਉਹ ਸਮਝ ਗਏ ਕਿ ਸਾਨੂੰ ਉਨ੍ਹਾਂ ਦੀ ਸਕੀਮ ਦਾ ਪਤਾ ਲੱਗ ਚੁਕਾ ਹੈ। ਸ਼ਾਮੀ ਅੰਮਾ ਨੇ ਗੱਲ ਆਪਣੇ ਹੱਥ ਲੈਂਦਿਆਂ ਪੁੱਛਿਆ, "ਦਾਊਦ ਪੁੱਤਰ, ਤੁਸੀਂ ਕੀ ਸਕੀਮਾਂ ਘੜ ਰਹੇ ਓਂ?"

"ਅੰਮਾ, ਅਸੀਂ ਇਸਲਾਮਕ ਸਟੇਟ ਵਾਲਿਆਂ ਨਾਲ ਟੱਕਰ ਲੈਣ ਲੱਗੇ ਆਂ। ਪਿੰਡ ਦੇ 4-5 ਜਣੇ ਹੋਰ ਨੇ। ਸਾਡਾ ਆਪਸ 'ਚ ਰਾਬਤਾ ਐ। ਸਾਡੇ ਕੋਲ ਲੋੜ ਜੋਗੇ ਹਥਿਆਰ ਵੀ ਲਕੋਏ ਹੋਏ ਨੇ। ਛੇਤੀ ਈ ਅਸੀਂ ਇਸ ਸਕੀਮ 'ਤੇ ਅਮਲ ਕਰਾਂਗੇ।"

"ਪੁੱਤਰੋ, ਇਹ ਸਹੀ ਮੌਕਾ ਨ੍ਹੀਂ। ਤੁਸੀਂ ਇਹ ਖਿਆਲ ਛੱਡ ਦਿਉ।"

"ਅੰਮਾ, ਇਸ ਤਰ੍ਹਾਂ ਬੁਜ਼ਦਿਲਾਂ ਵਾਂਗ ਬੈਠੇ ਰਹਿਣਾ ਕਿਹੜਾ ਠੀਕ ਐ। ਸਾਡੇ ਵੱਡੇ ਵਡੇਰੇ ਹਮੇਸ਼ਾ ਜ਼ੁਲਮ ਖਿਲਾਫ ਲੜਦੇ ਰਹੇ ਨੇ। ਅਸੀਂ ਇੱਥੇ ਢੇਰੀ ਢਾਹੀ ਬੈਠੇ ਆਂ। ਇਹ ਕਿੱਧਰ ਦੀ ਬਹਾਦਰੀ ਹੋਈ?"

"ਪੁੱਤਰ, ਅਸੀਂ ਤੁਹਾਡੀ ਬਹਾਦਰੀ 'ਤੇ ਸ਼ੱਕ ਨ੍ਹੀਂ ਕਰਦੇ। ਪਰ ਉਸ ਬਹਾਦਰੀ ਦਾ ਕੀ ਫਾਇਦਾ ਜੋ ਆਪਣਾ ਈ ਨੁਕਸਾਨ ਕਰੇ?"

"ਕਿਉਂ ਅੰਮਾ, ਆਪਣਾ ਨੁਕਸਾਨ ਕਿਸ ਤਰ੍ਹਾਂ?"

"ਤੁਸੀਂ ਪੰਜ ਚਾਰ ਜਾਂ ਮੰਨ ਲਉ ਦਸ ਜਣੇ, ਇਸਲਾਮਕ ਸਟੇਟ ਵਾਲਿਆਂ ਨਾਲ ਕਿਸੇ ਤਰ੍ਹਾਂ ਵੀ ਲੜਾਈ ਨ੍ਹੀਂ ਲੜ ਸਕਦੇ। ਤੁਹਾਡੀ ਗਿਣਤੀ ਥੋੜ੍ਹੀ ਐ, ਉਹ ਹਜ਼ਾਰਾਂ, ਲੱਖਾਂ 'ਚ ਨੇ। ਤੁਸੀਂ ਆਪਣੇ ਪਿੰਡ ਦੁਆਲੇ ਘੇਰਾ ਪਾਈ ਬੈਠਿਆਂ ਨੂੰ ਮਾਰ ਵੀ ਦਿਉਗੇ ਤਾਂ ਨਾਲ ਦੀ ਨਾਲ ਹਜ਼ਾਰਾਂ ਹੋਰ ਆ ਉਤਰਨਗੇ। ਗਿਣਤੀ ਤੇ ਹਥਿਆਰਾਂ ਪੱਖੋਂ ਤੁਸੀਂ ਉਨ੍ਹਾਂ ਤੋਂ ਕਿਵੇਂ ਵੀ ਜਿੱਤ ਨ੍ਹੀਂ ਸਕਦੇ। ਆਖਰ 'ਤੇ ਤੁਸੀਂ ਈ ਹਾਰਨਾ ਐ। ਜਦੋਂ ਹਾਰ ਸਾਹਮਣੇ ਦਿਸਦੀ ਐ ਤਾਂ ਲੜਨ ਦਾ ਕੀ ਫਾਇਦਾ?"



*ਸਿੰਜਾਰ ਪਹਾੜੀਆਂ ਤੋਂ ਸੁਰੱਖਿਅਤ ਥਾਂਵਾਂ ਵੱਲ ਲਈ ਜਾਣ ਲਈ ਹੈਲੀਕਾਪਟਰ ਵਿਚ ਸਵਾਰ ਹੋ ਰਹੇ ਜਾਜ਼ੀਦੀ।*

"ਪਰ ਅੰਮਾ, ਇਸ ਤਰ੍ਹਾਂ ਲੁਕੇ ਬੈਠੇ ਰਹਿਣ ਦਾ ਵੀ ਕੀ ਫਾਇਦਾ?"

"ਤੁਸੀਂ ਲੁਕੇ ਨ੍ਹੀਂ ਬੈਠੇ, ਬਲਕਿ ਤੁਸੀਂ ਆਪਣੇ ਪਰਿਵਾਰ ਦੇ ਨਾਲ ਓਂ। ਵੱਡੀ ਗੱਲ ਇਸ ਘਰ ਦੀਆਂ ਔਰਤਾਂ ਵਲ ਵੇਖੋ। ਤੁਸੀਂ ਇਨ੍ਹਾਂ ਦਾ ਆਸਰਾ ਬਣਨਾ ਐ। ਕੀ ਪਤੈ ਕੱਲ੍ਹ ਨੂੰ ਕਿਸ ਤਰ੍ਹਾਂ ਦੇ ਹਾਲਾਤ ਬਣਦੇ ਨੇ। ਮੇਰੀ ਮੰਨੋ ਇਹ ਖਿਆਲ ਛੱਡ ਦਿਉ।"

ਅੱਗੋਂ ਦਾਊਦ ਨੇ ਕੋਈ ਜੁਆਬ ਨਾ ਦਿੱਤਾ। ਸ਼ਾਇਦ ਉਸ ਕੋਲ ਕਹਿਣ ਨੂੰ ਕੁਝ ਹੈ ਹੀ ਨਹੀਂ ਸੀ। ਉਹ ਚੁੱਪ ਚੁੱਪੀਤਾ ਬਾਹਰਲੀ ਕੰਧ ਦੀ ਛਾਂ ਹੇਠ ਜਾ ਬੈਠਾ। ਖਾਲਿਦ ਵੀ ਉਸ ਦੇ ਨੇੜੇ ਬਹਿ ਗਿਆ। ਸਾਡੇ ਤੋਂ ਉਨ੍ਹਾਂ ਦੀ ਬੇਵਸੀ ਵੇਖੀ ਨਹੀਂ ਸੀ ਜਾ ਰਹੀ।

"ਅੰਮਾ, ਇਹ ਕੀ ਬਣ ਗਿਆ। ਵੇਖ ਕੜੀਆਂ ਵਰਗੇ ਜੁਆਨ ਕਿਵੇਂ ਬੇਵਸ ਹੋਏ ਬੈਠੇ ਐ?" ਮਾਂ ਨੇ ਹੰਝੂ ਪੂੰਝਦਿਆਂ ਸ਼ਾਮੀ ਅੰਮਾ ਵਲ ਵੇਖਦਿਆਂ ਕਿਹਾ।

"ਸਾਇਰਾ ਬੀਬੀ, ਇਹ ਸਦੀਆਂ ਤੋਂ ਹੁੰਦਾ ਆਇਐ। ਜਾਜ਼ੀਦੀ ਕੀ ਤੇ ਆਰਾਮ ਨਾਲ ਰਹਿਣਾ ਕੀ? ਆਪਣੇ ਲੋਕਾਂ ਨੂੰ ਕਿਸੇ ਨੇ ਕਦੇ ਚੈਨ ਨਾਲ ਰਹਿਣ ਈ ਨ੍ਹੀਂ ਦਿੱਤਾ। ਪਰ ਮੇਰਾ ਵਿਚਾਰ ਐ ਕਿ ਉਮੀਦ ਨ੍ਹੀਂ ਹਾਰਨੀ ਚਾਹੀਦੀ ਤੇ ਹਮੇਸ਼ਾ ਰੱਬ 'ਤੇ ਭਰੋਸਾ ਰੱਖਣਾ ਚਾਹੀਦੈ।"

"ਅੰਮਾ, ਹੁਣ ਤਾਂ 'ਕੱਲੇ ਰੱਬ ਆਸਰੇ ਈ ਆਂ।" ਮਾਂ ਨੇ ਇੰਨਾ ਕਹਿੰਦਿਆਂ ਅੱਖਾਂ ਪੂੰਝ ਲਈਆਂ। ਉਹ ਨਹੀਂ ਚਾਹੁੰਦੀ ਸੀ ਕਿ ਉਸ ਦੇ ਆਲੇ ਦੁਆਲੇ ਇਕੱਠੇ ਹੋਏ ਜੀਅ ਢਹਿੰਦੀ ਕਲਾ 'ਚ ਜਾਣ। ਇੰਨੇ ਨੂੰ ਸ਼ਾਮੀ ਅੰਮਾ ਨੇ ਮੇਰੇ ਵਲ ਵੇਖਦਿਆਂ ਗੱਲ ਦਾ ਰੁਖ ਬਦਲਿਆ, "ਆਸਮਾ ਬੱਚੀਏ, ਜਿੰਜ਼ਾਲ ਹੋਰਾਂ 'ਚੋਂ ਕਿਸੇ ਦਾ ਫੋਨ ਨ੍ਹੀਂ ਆਇਆ?

"ਅੰਮਾ, ਫੋਨ ਸਭ ਦਾ ਈ ਆਉਂਦਾ ਰਹਿੰਦੈ। ਕੱਲ੍ਹ ਤਾਂ ਮਾਸੂਦ ਨਾਲ ਵੀ ਗੱਲ ਹੋਈ ਸੀ। ਹਾਲਾਂ ਕਿ ਉਹ ਫੌਜ ਵਿਚ ਐ ਤੇ ਜ਼ਿਆਦਾ ਗੱਲ ਨ੍ਹੀਂ ਕਰ ਸਕਦਾ।"

"ਮਾਸੂਦ ਦੀ ਤੈਨਾਤੀ ਇਸ ਵੇਲੇ ਕਿੱਥੇ ਐ?"

"ਉਸ ਦੀ ਯੂਨਿਟ ਅੱਜ ਕੱਲ੍ਹ ਬਗਦਾਦ 'ਚ ਐ। ਇਰਾਕੀ ਫੌਜਾਂ ਹੁਣ ਬਗਦਾਦ ਸ਼ਹਿਰ ਦੇ ਆਲੇ ਦੁਆਲੇ ਸਖਤ ਘੇਰਾਬੰਦੀ ਕਰੀ ਬੈਠੀਆਂ ਨੇ। ਡਰ ਐ ਕਿ ਕਿਧਰੇ ਇਸਲਾਮਕ ਸਟੇਟ ਵਾਲੇ ਬਗਦਾਦ ਸ਼ਹਿਰ ਨੂੰ ਤਬਾਹ ਨਾ ਕਰ ਦੇਣ।"

"ਉਹ ਕੀ ਦੱਸਦਾ ਕਿ ਬਗਦਾਦ ਵਲੋਂ ਆਪਾਂ ਨੂੰ ਕੋਈ ਮਦਦ ਬਹੁੜ ਸਕਦੀ ਐ?"

"ਨਾ ਅੰਮਾ। ਉਹ ਕਹਿੰਦੈ, ਬਗਦਾਦ ਵਾਲਿਆਂ ਨੂੰ ਤਾਂ ਸਰਕਾਰ ਬਦਲਣ ਜਾਂ ਸ਼ਹਿਰ ਨੂੰ ਬਚਾਉਣ ਤੋਂ ਈ ਵਿਹਲ ਨ੍ਹੀਂ। ਦੂਰ ਮੁਲਕ ਦੀ ਹੱਦ 'ਤੇ ਬੈਠੇ ਆਪਣੇ ਵਰਗਿਆਂ ਲਈ ਉਨ੍ਹਾਂ ਕੋਲ ਕੋਈ ਵਕਤ ਈ ਨ੍ਹੀਂ।"

"ਤੇ ਜਿੰਜ਼ਾਲ ਦਾ ਅਮਰੀਕਾ ਵਾਲਾ ਦੋਸਤ ਕੀ ਕਹਿੰਦੈ?"

"ਅੰਮਾ ਹਰ ਪਾਸਿਉਂ ਜੁਆਬ ਐ। ਜਾਪਦੈ, ਆਪਾਂ ਤਾਂ ਕਿਸੇ ਗਿਣਤੀ 'ਚ ਈ ਨ੍ਹੀਂ ਆਂ।"

ਮੈਂ ਗੱਲ ਮੁਕਾਈ ਤਾਂ ਖੈਰੀ ਬੂਹਾ ਲੰਘ ਕੇ ਅੰਦਰ ਆਇਆ। ਉਹ ਮੁਖਤਾਰ ਦੇ ਘਰੋਂ ਆ ਰਿਹਾ ਸੀ। ਮੁਖਤਾਰ ਨੇ ਨੇੜਲੇ ਪਿੰਡ ਦੇ ਜਾਣ ਪਛਾਣ ਵਾਲੇ ਸੁੰਨੀ ਅਰਬਾਂ ਨਾਲ ਗੱਲਬਾਤ ਚਲਾਈ ਹੋਈ ਸੀ। ਉਨ੍ਹਾਂ ਨਾਲ ਉਸ ਦੇ ਦੋਸਤਾਨਾ ਸਬੰਧ ਸਨ। ਉਸ ਦਾ ਖਿਆਲ ਸੀ ਕਿ ਸ਼ਾਇਦ ਉਹ ਕੁਝ ਕਰ ਸਕਣ। ਪਰ ਖੈਰੀ ਨੇ ਉਦਾਸ ਆਵਾਜ਼ 'ਚ ਦੱਸਿਆ ਕਿ ਉਹ ਸਭ ਜੁਆਬ ਦੇ ਗਏ ਹਨ। ਸਭ ਦਾ ਉਹੀ ਕਹਿਣਾ ਹੈ ਕਿ ਇਸਲਾਮਕ ਸਟੇਟ ਵਾਲਿਆਂ ਦੇ ਮਸਲੇ 'ਚ ਦਖਲ ਦੇਣਾ ਮੌਤ ਨੂੰ ਸੱਦਾ ਦੇਣ ਬਰਾਬਰ ਹੈ। ਉਸ ਦੀ ਗੱਲ ਸੁਣ ਕੇ ਚੁੱਪ ਪਸਰ ਗਈ। ਉਦੋਂ ਨੂੰ ਹੈਂਜ਼ੀ ਅੰਦਰ ਆਇਆ। ਉਹ ਜਾਵੇਤ 'ਚੋਂ ਆ ਰਿਹਾ ਸੀ। ਸਭ ਦੇ ਸੁਆਲੀਆ ਚਿਹਰੇ ਵੇਖ ਕੇ ਉਹ ਆਪ ਹੀ ਦੱਸਣ ਲੱਗਾ, "ਅੱਜ ਇਸਲਾਮਕ ਸਟੇਟ ਵਾਲਿਆਂ ਦਾ ਉਹੀ ਵੱਡਾ ਕਮਾਂਡਰ ਹਾਜੀ ਮੁਰਤਜ਼ਾ ਫਿਰ ਆਇਆ ਸੀ। ਉਹ ਕਹਿੰਦਾ ਸੀ ਕਿ ਜਾਂ ਤਾਂ ਇਸਲਾਮ ਧਾਰਨ ਕਰ ਕੇ ਖਲਾਫਤ ਦਾ ਹਿੱਸਾ ਬਣ ਜਾਵੋ ਜਾਂ ਫਿਰ ਜੁਰਮਾਨਾ ਭਰ ਦਿਉ। ਨਹੀਂ ਤੁਹਾਨੂੰ ਸਿੰਜਾਰ ਪਹਾੜ 'ਤੇ ਛੱਡ ਆਵਾਂਗੇ।"

"ਝੂਠ ਸਭ ਝੂਠ। ਬਕਵਾਸ ਕਰਦੇ ਨੇ। ਅਜਿਹਾ ਕੁਛ ਵੀ ਨ੍ਹੀਂ ਕਰਨਗੇ।" ਪਰ੍ਹੇ ਬੈਠਾ ਦਾਊਦ ਨੇੜੇ ਆਉਂਦਾ ਗੁੱਸੇ 'ਚ ਭੜਕਿਆ। ਸਾਰੇ ਉਸ ਵਲ ਝਾਕੇ ਪਰ ਕੁਸਕਿਆ ਕੋਈ ਨਾ। ਥੋੜ੍ਹਾ ਸੰਜਮ 'ਚ ਹੁੰਦਿਆਂ ਉਸ ਨੇ ਗੱਲ ਅੱਗੇ ਤੋਰੀ, "ਜੁਰਮਾਨਾ ਭਰਵਾਉਣ ਜਾਂ ਪਹਾੜ 'ਤੇ ਭੇਜਣ ਵਾਲੀਆਂ ਉਨ੍ਹਾਂ ਦੀਆਂ ਗੱਲਾਂ ਨਿਰਾ ਝੂਠ ਨੇ। ਉਹ ਐਵੇਂ ਸਾਡਾ ਮਖੌਲ ਉਡਾਈ ਜਾ ਰਹੇ ਨੇ। ਮੇਰਾ ਖਿਆਲ ਐ, ਅਜੇ ਉਹ ਦੂਜੇ ਪਾਸਿਓਂ ਵਿਹਲੇ ਨ੍ਹੀਂ ਹੋਏ। ਜਿਉਂ ਈ ਉਧਰੋਂ ਵਿਹਲ ਮਿਲੀ, ਉਨ੍ਹਾਂ ਇੱਥੇ ਆਪਣਾ ਐਕਸ਼ਨ ਸ਼ੁਰੂ ਕਰ ਦੇਣੈਂ। ਉਨ੍ਹਾਂ ਨੇ ਕਿਸੇ ਨੂੰ ਵੀ ਨ੍ਹੀਂ ਬਖਸ਼ਣਾ।"

ਮਾਂ ਨੇ ਦਾਊਦ ਵਲ ਜ਼ਰਾ ਖਰਵੀਆਂ ਨਜ਼ਰਾਂ ਨਾਲ ਵੇਖਿਆ। ਸ਼ਾਇਦ ਉਸ ਦਾ ਇਸ਼ਾਰਾ ਸੀ ਕਿ ਉਹ ਇਹ ਗੱਲ ਸਭ ਦੇ ਸਾਹਮਣੇ ਨਾ ਕਰੇ। ਦਾਊਦ ਜਿੱਥੇ ਪਹਿਲਾਂ ਬੈਠਾ ਸੀ, ਉਥੇ ਹੀ ਫਿਰ ਜਾ ਬੈਠਾ। ਬਾਕੀ ਭਰਾ ਵੀ ਬੜੇ ਨਿਰਾਸ਼ ਸਨ। ਉਨ੍ਹਾਂ ਦੇ ਚਿਹਰਿਆਂ ਵਲ ਵੇਖ ਕੇ ਲੱਗਦਾ ਸੀ ਜਿਵੇਂ ਉਹ ਹਫਤੇ ਵਿਚ ਹੀ ਬੁੱਢੇ ਹੋ ਗਏ ਹੋਣ। ਗੱਲਬਾਤ ਖਤਮ ਹੋਣ ਪਿੱਛੋਂ ਘਰ 'ਚ ਪਹਿਲਾਂ ਨਾਲੋਂ ਵੀ ਗਹਿਰੀ ਉਦਾਸੀ ਪਸਰ ਗਈ। ਕੋਈ ਉਚਾ ਸਾਹ ਵੀ ਨਹੀਂ ਲੈ ਰਿਹਾ ਸੀ। ਹਰ ਕੋਈ ਆਪਣੇ ਆਪ 'ਚ ਗੁੰਮ ਸੀ। ਜਿਨਾਲ ਦੇ ਬੱਚੇ ਤੋਂ ਬਿਨਾ ਕਿਸੇ ਦੀ ਆਵਾਜ਼ ਨਹੀਂ ਸੀ ਆ ਰਹੀ। ਉਸ ਦਾ ਛੋਟਾ ਜਿਹਾ ਪੁੱਤਰ ਲਗਾਤਾਰ ਰੋਈ ਜਾ ਰਿਹਾ ਸੀ। ਉਹ ਭੁੱਖਾ ਸੀ ਅਤੇ ਨਾਲ ਹੀ ਅੰਤਾਂ ਦੀ ਗਰਮੀ ਉਸ ਤੋਂ ਝੱਲ ਨਹੀਂ ਸੀ ਹੋ ਰਹੀ। ਸ਼ਾਮੀ ਅੰਮਾ ਵੀ ਉਦਾਸ ਜਿਹੀ ਜਾਣ ਲਈ ਉਠ ਖੜੋਤੀ ਸੀ।

ਉਸ ਦਿਨ ਸ਼ਾਮ ਵੇਲੇ ਮਾਂ ਨੇ ਵੇਖਿਆ ਕਿ ਆਟਾ ਕਰੀਬ ਮੁੱਕ ਚੁਕਾ ਸੀ। ਉਸ ਨੇ ਭਾਂਡੇ ਨੂੰ ਇੱਧਰੋਂ ਉਧਰੋਂ ਹੂੰਝ ਕੇ ਕੁਝ ਆਟਾ ਇਕੱਠਾ ਕੀਤਾ ਤੇ ਰੋਟੀ ਬਣਾਈ। ਸਾਰੇ ਟੱਬਰ ਦਾ ਪੇਟ ਨਹੀਂ ਸੀ ਭਰ ਸਕਦਾ। ਜੋ ਕੁਝ ਸੀ, ਉਹ ਮਾਂ ਨੇ ਛੋਟੇ ਬੱਚਿਆਂ ਨੂੰ ਖੁਆ ਦਿੱਤਾ। ਬਾਕੀਆਂ ਨੇ ਪਾਣੀ ਪੀ ਕੇ ਢਿੱਡ ਧਾਫੜ ਲਿਆ। ਅਗਲੇ ਦਿਨ ਸਵੇਰੇ ਮਾਂ ਨੇ ਹੈਂਜ਼ੀ ਨੂੰ ਕਿਹਾ ਕਿ ਆਟਾ ਮੁੱਕ ਗਿਆ ਹੈ। ਹੈਂਜ਼ੀ ਦੁਕਾਨ 'ਤੇ ਗਿਆ। ਵਾਪਸ ਆਇਆ ਤਾਂ ਉਸ ਦੇ ਹੱਥ ਵਿਚਲੇ ਭਾਂਡੇ 'ਚ ਥੋੜ੍ਹਾ ਕੁ ਆਟਾ ਸੀ। ਨਾਲ ਹੀ ਉਸ ਨੇ ਇਕ ਬੋਰੀ 'ਚ ਕੁਛ ਕਣਕ ਚੁੱਕੀ ਹੋਈ ਸੀ। ਉਹ ਮਾਂ ਨੂੰ ਹੌਲੀ ਜਿਹੀ ਬੋਲਿਆ, "ਮਾਂ ਆਟਾ ਤਾਂ ਖਤਮ ਐ। ਜਿਉਂ ਪਿੰਡ ਨੂੰ ਇਸਲਾਮਕ ਸਟੇਟ ਦਾ ਘੇਰਾ ਪਿਆ ਐ, ਮੁੜ ਕੇ ਕੋਈ ਇੱਧਰ ਸਮਾਨ ਵੇਚਣ ਨ੍ਹੀਂ ਆਇਆ। ਆਹ ਥੋੜ੍ਹੀ ਜਿਹੀ ਸਾਬਤ ਕਣਕ ਐ ਜਾਂ ਕੁਛ ਬਾਜਰਾ ਐ। ਉਦੋਂ ਤੱਕ ਇਸੇ ਨਾਲ ਵਕਤ ਕੱਢਣਾ ਪਊ ਜਦੋਂ ਤੱਕ ਕੋਈ ਹੋਰ ਪ੍ਰਬੰਧ ਨ੍ਹੀਂ ਹੁੰਦਾ।"

"ਪੁੱਤਰਾ, ਪਤਾ ਨ੍ਹੀਂ ਇਹ ਵੀ ਮੁੱਕਣਾ ਐਂ ਕਿ ਨ੍ਹੀਂ।" ਮਾਂ ਨੇ ਉਦਾਸ ਆਵਾਜ਼ 'ਚ ਕਿਹਾ ਤਾਂ ਮੈਂ ਉਸ ਵਲ ਗੌਹ ਨਾਲ ਝਾਕੀ। ਲੱਗਾ, ਉਹ ਵੀ ਦਿਲ ਛੱਡਦੀ ਜਾ ਰਹੀ ਹੈ। ਖੈਰ! ਮਾਂ ਨੇ ਜਿੰਨਾ ਕੁ

*(ਅਗਲੇ ਸਫੇ 'ਤੇ ਜਾਰੀ)*

# ਰੁੱਤ ਨਾਂ ਬਦਲਣ ਦੀ ਆਈ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿਚ ਹਾਰ ਦੀ ਸੰਭਾਵਨਾ ਦੇਖਦਿਆਂ ਭਾਜਪਾ ਨੇ ਸ਼ਹਿਰਾਂ-ਕਸਬਿਆਂ ਦੇ ਨਾਂ ਬਦਲਣ ਦੀ ਨੀਤੀ ਅਪਨਾ ਲਈ ਲਗਦੀ ਹੈ। ਉਂਜ ਇਸ ਨੀਤੀ ਦਾ ਅਰੰਭ ਦਿੱਲੀ ਦੀ ਔਰੰਗਜ਼ੇਬ ਰੋਡ ਦਾ ਨਾਂ ਬਦਲ ਕੇ 'ਏ. ਪੀ. ਜੇ. ਅਬਦੁਲ ਕਲਾਮ ਰੋਡ' ਰੱਖਣ ਤੋਂ ਹੀ ਹੋ ਗਿਆ ਸੀ। ਇਹ ਨਾਂ ਬੀ. ਜੇ. ਪੀ. ਦੇ ਐਮ. ਪੀ. ਮਹੇਸ਼ ਗਿਰੀ ਨੇ ਬਦਲਵਾਇਆ ਸੀ, ਜਿਸ ਨੂੰ ਪਿਛੋਂ ਸ਼ਿਵਾਜੀ ਪੁਰਸਕਾਰ ਨਾਲ ਨਿਵਾਜਿਆ ਗਿਆ। ਸਨਮਾਨ ਮਿਲਣ ਸਮੇਂ ਉਸ ਕਿਹਾ ਸੀ, "ਆਜ ਕੀ ਭਾਸ਼ਾ ਮੇਂ ਔਰੰਗਜ਼ੇਬ ਟੈਰਰਿਸਟ ਹੈ।" ਫਿਰ ਹਰਿਆਣਾ ਦੇ ਗੁੜਗਾਵਾਂ ਦਾ ਨਾਂ ਬਦਲ ਕੇ ਗੁਰੂਗ੍ਰਾਮ ਰੱਖ ਦਿੱਤਾ ਗਿਆ।

ਮੈਂ ਇਸ ਪ੍ਰਵਿਰਤੀ 'ਤੇ ਲਿਖਣ ਬਾਰੇ ਸੋਚ ਹੀ ਰਿਹਾ ਸਾਂ ਕਿ ਇੱਕ ਦਿਨ ਅਚਾਨਕ ਇਸ ਬਾਰੇ ਇੱਕ ਵੈਬ ਪਰਚੇ scroll.in ਵਿਚ ਸ਼ੋਏਬ ਦਨਿਆਲ ਦਾ ਲਿਖਿਆ ਦਿਲਚਸਪ ਲੇਖ ਪੜ੍ਹਨ ਨੂੰ ਮਿਲਿਆ, ਜੋ ਲਗਭਗ ਮੇਰੇ ਹੀ ਵਿਚਾਰਾਂ ਦੀ ਤਰਜਮਾਨੀ ਕਰਦਾ ਸੀ, ਮੇਰਾ ਕੰਮ ਕੁਝ ਸੁਖਾਲਾ ਹੋ ਗਿਆ।

ਹਾਲ ਹੀ ਵਿਚ ਯੂ. ਪੀ. ਦੇ ਮੁਗਲਸਰਾਏ ਰੇਲਵੇ ਸਟੇਸ਼ਨ ਦਾ ਨਾਂ ਬਦਲ ਕੇ 'ਦੀਨ ਦਿਆਲ ਉਪਾਧਿਆਏ' ਰੱਖਿਆ ਗਿਆ ਹੈ; ਫਿਰ ਅਲਾਹਾਬਾਦ ਨੂੰ ਪ੍ਰਯਾਗਰਾਜ ਅਤੇ ਫੈਜ਼ਾਬਾਦ ਜ਼ਿਲੇ ਨੂੰ ਅਯੋਧਿਆ ਕਹੇ ਜਾਣ ਦਾ ਫੁਰਮਾਨ ਹੋਇਆ। ਜ਼ਿਬਹ ਹੋਣ ਵਾਲੇ ਹੋਰ ਸਥਾਨਾਂ ਦੇ ਨਾਂ ਹਨ: ਯੂ. ਪੀ. ਦੇ ਮੁਜ਼ੱਫਰਨਗਰ, ਆਗਰਾ, ਸੁਲਤਾਨਪੁਰ; ਤਿਲੰਗਾਨਾ ਦੇ ਹੈਦਰਾਬਾਦ, ਸਿਕੰਦਰਾਬਾਦ; ਗੁਜਰਾਤ ਦਾ ਅਹਿਮਦਾਬਾਦ। ਅਹਿਮਦਾਬਾਦ ਸ਼ਹਿਰ ਦਾ ਨਾਂ 15ਵੀਂ ਸਦੀ ਵਿਚ ਗੁਜਰਾਤ ਦੇ ਸੁਲਤਾਨ ਅਹਿਮਦ ਸ਼ਾਹ ਦੇ ਨਾਂ 'ਤੇ ਰੱਖਿਆ ਗਿਆ ਸੀ। ਹਿੰਦੂਤਵੀ ਸ਼ਕਤੀਆਂ ਅਨੁਸਾਰ 'ਇਹ ਨਾਂ ਗੁਲਾਮੀ ਦੇ ਚਿੰਨ੍ਹ ਹਨ।'

ਹਿੰਦੂਤਵੀ ਵਿਚਾਰਧਾਰਕਾਂ/ਇਤਿਹਾਸਕਾਰਾਂ ਅਨੁਸਾਰ ਮਧ ਯੁੱਗ ਦੇ ਮੁਸਲਮਾਨ ਸੁਲਤਾਨਾਂ, ਬਾਦਸ਼ਾਹਾਂ ਦੇ ਰਾਜ ਬਸਤੀਵਾਦੀ ਸਨ। ਇਹ ਲੋਕ ਅਕਸਰ ਹੀ 1200 ਸਾਲ ਦੇ ਵਿਦੇਸ਼ੀ ਰਾਜ ਦੀ ਗੱਲ ਕਰਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਨ੍ਹਾਂ ਮੁਸਲਮਾਨ ਹਾਕਮਾਂ ਨੇ ਅੰਤਿਮ ਤੌਰ 'ਤੇ ਭਾਰਤ ਨੂੰ ਹੀ ਆਪਣਾ ਦੇਸ਼ ਅਪਨਾਇਆ; ਉਹ ਅੰਗਰੇਜ਼ ਸ਼ਾਸਕਾਂ ਵਾਂਗ ਸਾਮਰਾਜੀ ਨਹੀਂ ਸਨ, ਜਿਨ੍ਹਾਂ ਸਾਡਾ ਦੇਸ਼ ਲੁੱਟ ਕੇ ਆਪਣਾ ਦੇਸ਼ ਭਰਿਆ। ਪਰਜਾ 'ਤੇ ਅਥਾਹ ਜ਼ੁਲਮ ਹਿੰਦੂ ਰਾਜਿਆਂ-ਮਹਾਰਾਜਿਆਂ ਸਣੇ ਮਧ ਯੁੱਗ ਦੇ ਸਾਰੇ ਹੀ ਹਾਕਮ ਕਰਦੇ ਰਹੇ ਹਨ। ਤਥਾਕਥਿਤ ਇਸਲਾਮੀ ਗੁਲਾਮੀ ਦਾ ਜਿਉਂਦਾ ਜਾਗਦਾ ਸਬੂਤ ਦਰਸਾਉਣ ਲਈ ਉਹ ਕਈ ਸਥਾਨਾਂ ਦੇ ਫਾਰਸੀ ਨਾਂਵਾਂ 'ਤੇ ਉਂਗਲੀ ਰੱਖਦੇ ਹਨ, ਕਿਉਂਕਿ ਇਨ੍ਹਾਂ ਮੁਸਲਮਾਨ ਹਾਕਮਾਂ ਨੇ ਇਸੇ ਭਾਸ਼ਾ ਦੀ ਸਰਪ੍ਰਸਤੀ ਕੀਤੀ।

ਦਰਅਸਲ ਫਾਰਸੀ ਅਤੇ ਕੁਝ ਹੱਦ ਤੀਕ ਅਰਬੀ ਜ਼ਬਾਨਾਂ ਭਾਰਤੀ ਸਭਿਆਚਾਰਕ ਜ਼ਿੰਦਗੀ ਦੇ ਹਰ ਖੇਤਰ ਵਿਚ ਧਸੀਆਂ ਹੋਈਆਂ ਹਨ। ਉਰਦੂ ਦਾ ਤਾਂ ਨਿਰਮਾਣ ਹੀ ਫਾਰਸੀ ਹਿੰਦੀ ਦੇ ਮੇਲ ਤੋਂ ਹੋਇਆ ਹੈ। ਉਤਰੀ ਭਾਰਤ ਦੀਆਂ ਭਾਸ਼ਾਵਾਂ ਵਿਚ ਇਸ ਦਾ ਪ੍ਰਭਾਵ ਕਾਫੀ ਦੇਖਣ ਨੂੰ ਮਿਲਦਾ ਹੈ। ਇਸ ਖਿੱਤੇ ਦੇ ਬਹੁਤ ਸਾਰੇ ਸਥਾਨ-ਨਾਂ ਫਾਰਸੀ ਜਾਂ ਅਰਬੀ ਭਾਸ਼ਾ ਦੇ ਹਨ। ਵਿਡੰਬਨਾ ਹੈ ਕਿ 'ਹਿੰਦ' ਫਾਰਸੀ ਅਸਲੇ ਦਾ ਸ਼ਬਦ ਹੈ ਤੇ ਇਸ ਤੋਂ ਬਣਿਆ ਹਿੰਦੂਤਵ ਵੀ। ਇਸ ਤਰ੍ਹਾਂ 'ਹਿੰਦੀ, ਹਿੰਦੂ, ਹਿੰਦੁਸਤਾਨ' ਦਾ ਨਾਹਰਾ ਹੀ ਫਾਰਸੀ ਭਾਸ਼ਾ ਵਿਚ ਲਪੇਟਿਆ ਪਿਆ ਹੈ।

ਉਤਰ ਪ੍ਰਦੇਸ਼ ਦੇ 45% ਵੱਡੇ ਸ਼ਹਿਰਾਂ ਦੇ ਨਾਂ ਫਾਰਸੀ-ਅਰਬੀ ਲਫਜ਼ਾਂ ਤੋਂ ਬਣੇ ਹਨ। ਦੇਸ਼ ਦੇ ਕਈ ਸਥਾਨ-ਨਾਂਵਾਂ ਵਿਚ ਅਗੇਤਰ-ਪਿਛੇਤਰ ਫਾਰਸੀ-ਅਰਬੀ ਵਾਲੇ ਹਨ। ਮਿਸਾਲ ਵਜੋਂ ਫਰੀਦਾਬਾਦ, ਫਤਿਹਾਬਾਦ ਆਦਿ ਵਿਚਲਾ 'ਆਬਾਦ'; ਸ਼ਕੂਰ ਬਸਤੀ, ਬਸੀ ਕਾਸੋ, ਬਸੀ ਦੌਲਤ ਖਾਂ, ਵਿਚਲਾ ਬਸਤੀ ਜਾਂ ਬਸੀ, ਯੂ. ਪੀ. ਦੇ




ਇੱਕ ਸ਼ਹਿਰ ਦਾ ਨਾਂ ਹੀ ਬਸਤੀ ਹੈ; ਪੋਰਬੰਦਰ, ਬੋਰੀਬੰਦਰ ਵਿਚਲਾ ਬੰਦਰ; ਬੰਦਰਗਾਹ ਸ਼ਬਦ ਵਿਚ ਵੀ ਬੰਦਰ ਬੋਲਦਾ ਹੈ; ਰਕਾਬ ਗੰਜ, ਪਹਾੜਗੰਜ, ਹਜ਼ਰਤ ਗੰਜ, ਮਕਲੋਡ ਗੰਜ ਆਦਿ ਵਿਚਲਾ ਮਾਰਕਟ ਦੇ ਅਰਥਾਂ ਵਾਲਾ ਗੰਜ; ਬੁਲੰਦਸ਼ਹਿਰ, ਸਦੂਲਸ਼ਹਿਰ ਵਿਚਲਾ ਸ਼ਹਿਰ; ਚਾਰਬਾਗ, ਕਰੋਲਬਾਗ ਵਿਚਲਾ ਬਾਗ; ਸਿਰਾਏ ਕਾਲੇ ਖਾਂ, ਸਰਾਇ ਰੋਹੀਲਾ ਵਿਚਲਾ ਸਰਾਇ ਆਦਿ।

ਉਤਰੀ ਭਾਰਤ ਦੇ ਤਾਂ ਪਿੰਡਾਂ, ਕਸਬਿਆਂ ਦੇ ਨਾਂਵਾਂ ਵਿਚ ਵੀ ਫਾਰਸੀ ਵਸੀ ਹੋਈ ਹੈ। ਵੱਡੇ ਪਿੰਡ ਲਈ ਵਰਤਿਆ ਜਾਂਦਾ 'ਕਲਾਂ' ਜਿਵੇਂ ਰੁੜਕਾ ਕਲਾਂ ਅਤੇ ਛੋਟੇ ਪਿੰਡ ਲਈ ਵਰਤਿਆ ਜਾਂਦਾ 'ਖੁਰਦ' ਫਾਰਸੀ ਪਿਛੇਤਰ ਹਨ। ਇਸੇ ਤਰ੍ਹਾਂ ਮਾਜਰਾ/ਮਜਾਰਾ ਤੇ ਮਜਾਰਾ/ਮਜਾਰੀ ਹਨ। ਅਜੇ ਅਸੀਂ ਬਾਜ਼ਾਰਾਂ, ਚੌਕਾਂ, ਮੁਹੱਲਿਆਂ, ਗਲੀਆਂ, ਕੂਚਿਆਂ, ਪੱਤੀਆਂ ਦੇ ਨਾਂਵਾਂ ਦੀ ਗੱਲ ਨਹੀਂ ਛੇੜੀ।

ਸਥਾਨ-ਨਾਂਵਾਂ ਦੀ ਹੀ ਗੱਲ ਨਹੀਂ, ਹੋਰ ਖੇਤਰਾਂ ਦੀ ਬਹੁਤ ਸਾਰੀ ਸ਼ਬਦਾਵਲੀ ਵੀ ਇਨ੍ਹਾਂ ਜ਼ਬਾਨਾਂ ਨਾਲ ਤੁਅਲਕ ਰੱਖਦੀ ਹੈ ਜਿਵੇਂ ਪ੍ਰਸ਼ਾਸਕੀ: ਜ਼ਿਲਾ, ਤਹਿਸੀਲ, ਤਾਅਲੁਕਾ, ਅਦਾਲਤ, ਕੋਤਵਾਲੀ ਆਦਿ; ਸੈਨਾ ਸਬੰਧੀ: ਫੌਜ, ਸਿਪਾਹੀ, ਸੂਬੇਦਾਰ, ਹਵਾਲਦਾਰ ਆਦਿ ਕਥਿਤ ਗੁਲਾਮੀ ਦੇ ਚਿੰਨ੍ਹ ਹਨ। ਸੋਲ੍ਹਵੀਂ ਸਦੀ ਦੇ ਗੋਸਵਾਮੀ ਤੁਲਸੀ ਦਾਸ ਨੇ 'ਰਾਮਚਰਿਤਮਾਨਸ' ਵਿਚ 'ਗਰੀਬ ਨਵਾਜ' ਸ਼ਬਦ ਵਰਤਿਆ ਹੈ, ਜੋ ਫਾਰਸੀ 'ਗਰੀਬ ਨਿਵਾਜ਼' ਦਾ ਤਦਭਵ ਹੈ,

ਰਘੁਵਰ ਤੁਮਕੋ ਮੇਰੀ ਲਾਜ
ਸਦਾ ਸਦਾ ਮੈਂ ਸ਼ਰਨ ਤੋਹਾਰੀ
ਤੁਮ ਹੋ ਗਰੀਬ ਨਵਾਜ।

ਹਿੰਦੀ 'ਦੀਨ ਦਿਆਲ' ਇਸੇ ਗਰੀਬ ਨਵਾਜ ਦਾ ਹੂਬਹੂ ਤਰਜਮਾ ਹੈ। ਦਿਲਚਸਪ ਗੱਲ ਹੈ ਕਿ ਦਾਰਾ ਸ਼ਿਕੋਹ ਨੇ ਤੁਲਸੀ ਰਮਾਇਣ ਦਾ ਫਾਰਸੀ ਵਿਚ ਅਨੁਵਾਦ ਕੀਤਾ, ਜੋ ਕੁਰਾਨ ਵਾਂਗ 'ਬਿਸਮਿੱਲਾ ਅਰ-ਰਹਿਮਾਨ ਅਰ-ਰਹੀਮ' ਨਾਲ ਸ਼ੁਰੂ ਹੁੰਦਾ ਹੈ। ਤੁਲਸੀ ਦਾਸ ਵਲੋਂ ਫਾਰਸੀ ਅਰਬੀ ਦੇ ਵਰਤੇ ਕੁਝ ਹੋਰ ਤਤਸਮ ਤਦਭਵ ਸ਼ਬਦ ਹਨ: ਸਾਹਿਬੀ, ਖੱਜਲ, ਸਹਿਨਾਈ, ਪੀਲ, ਸਰੀਕਤਾ (ਸ਼ਰੀਫ), ਮਿਸਕੀਨਤਾ, ਅਬਾਰੀ, ਬਲਾਈ, ਹਲਕ, ਅਕਾਸ, ਗਨੀ, ਤਾਜ, ਹਾਲ, ਖਾਸ, ਖਲਕ ਖਵਾਸ, ਖਸਮ, ਜਹਾਨ, ਜਮਾਤ ਬਕਸੀਸ, ਦਰਬਾਰ, ਕਸਮ, ਗੁਮਾਨ ਗਰੂਰ, ਮਸੀਹ, ਨਿਸਾਨ ਆਦਿ।

ਹੋਰ ਤਾਂ ਹੋਰ 'ਸਰਦਾਰ' ਪਟੇਲ, ਜਿਸ ਨੂੰ ਏਨਾ ਚੁੱਕਿਆ ਗਿਆ ਹੈ, ਵੀ ਬੌਣਾ ਰਹਿ ਜਾਵੇਗਾ; ਗਾਂਧੀ ਦੇ ਚਰਖੇ ਤੇ ਆਜ਼ਾਦ ਹਿੰਦ ਫੌਜ ਤੋਂ ਵਿਰਵੇ ਰਹਿ ਜਾਵਾਂਗੇ, ਜਵਾਹਰ ਲਾਲ ਨਹਿਰੂ ਅਤੇ ਲਾਲ ਬਹਾਦਰ ਸ਼ਾਸਤਰੀ ਦੇ ਪਹਿਲੇ ਨਾਂ ਵੀ ਇਤਿਹਾਸ 'ਚੋਂ ਮਿਟ ਜਾਣਗੇ। ਅਸੀਂ ਅਜੇ ਤਖੱਲਸਾਂ ਦੀ ਗੱਲ ਨਹੀਂ ਕਰਦੇ। ਮਧਯੁੱਗ ਵਿਚ ਹੋਂਦ ਵਿਚ ਆਏ ਬਹੁਤ ਸਾਰੇ ਹਿੰਦੂਆਂ ਦੇ ਉਪਨਾਮ ਅਰਬੀ ਫਾਰਸੀ ਸ਼ਬਦਾਂ ਤੋਂ ਬਣੇ। ਮਿਸਾਲ ਵਜੋਂ ਸਰਫ (ਸ਼ਰੋਫ ਤੋਂ), ਮਲਿਕ, ਮਜੂਮਦਾਰ, ਫੋਤੇਦਾਰ, ਫੜਨਵੀਸ, ਤਲੁਕਦਾਰ, ਸਰਕਾਰ, ਸਿਕਦਾਰ, ਕਾਨੂੰਗੋ, ਦਫਤਰੀ, ਦੀਵਾਨ ਆਦਿ। ਰਾਸ਼ਟਰੀ ਹਿੱਤ ਲਈ ਕਈ ਗਾਲਾਂ ਵੀ ਖਾਰਜ ਕਰਨੀਆਂ ਪੈਣਗੀਆਂ ਜਿਵੇਂ ਮਾਦਰ ਚੋਦ, ਗਾਂਡੂ, ਹਰਾਮਜ਼ਾਦਾ, ਕਮੀਨਾ, ਅਹਮਕ।

ਵੱਡਿਆਂ ਲਈ ਸਤਿਕਾਰ ਵਜੋਂ ਵਰਤਿਆ ਜਾਂਦਾ ਬਾਬਾ ਸ਼ਬਦ ਫਾਰਸੀ ਦਾ ਹੈ। ਦੁਰਗਾ ਮਾਤਾ ਨੂੰ 'ਸ਼ੇਰਾਂਵਾਲੀ' ਮਾਤਾ ਕਿਹਾ ਜਾਂਦਾ ਹੈ, ਇਸ ਵਿਚੋਂ ਫਾਰਸੀ ਸ਼ੇਰ ਨੂੰ ਖਾਰਜ ਕਰਕੇ ਬਣੇ 'ਸਿੰਘਾਂਵਾਲੀ' ਸ਼ਬਦ ਨੂੰ ਬੋਲ ਕੇ ਦੇਖੋ ਭਲਾ। ਪ੍ਰਧਾਨ ਮੰਤਰੀ ਮੋਦੀ ਵਲੋਂ ਪਹਿਨਿਆ ਜਾਂਦਾ ਕੁੜਤਾ, ਪਜਾਮਾ ਤੇ ਚਸ਼ਮਾ ਫਾਰਸੀ ਹਨ। ਸਲਵਾਰ, ਕਮੀਜ਼, ਸ਼ੇਰਵਾਨੀ, ਦਸਤਾਰ, ਗੁਰਗਾਬੀ, ਜੁਰਾਬਾਂ, ਸਾਬਣ, ਕਾਗਜ਼, ਤਕੀਆ, ਦੀਵਾਰ, ਪੜਦਾ, ਤੰਦੂਰ ਸਭ 1200 ਸਾਲ ਦੀ ਗੁਲਾਮੀ ਦੀ ਹੀ ਨਿਸ਼ਾਨੀ ਹਨ।

ਇਸਲਾਮ ਦੇ ਪ੍ਰਭਾਵ ਨੂੰ ਹਟਾ ਦੇਈਏ ਤਾਂ ਬੱਚਿਆਂ ਦੀ 'ਚੀਜੀ' ਸਮੇਤ ਸਾਡੇ ਕੋਲ ਸ਼ਾਇਦ ਹੀ ਕੋਈ ਚੱਜ ਦੀ ਖਾਣ ਵਾਲੀ ਮਿੱਠੀ ਨਮਕੀਨ ਚੀਜ਼ ਰਹਿ ਜਾਵੇਗੀ। ਸਬਜ਼ੀ, ਪਿਆਜ਼, ਸ਼ਲਗਮ, ਅਨਾਰ, ਆਲੂਬੁਖਾਰਾ, ਤਰਬੂਜ਼, ਖਰਬੂਜ਼ਾ; ਹਲਵਾ, ਜਲੇਬੀ, ਬਰਫੀ, ਸਮੋਸੇ ਤੇ ਫਿਰ ਪੁਲਾਅ, ਰੋਗਨਜੋਸ਼, ਬਰਿਆਨੀ ਜਿਹੇ ਚੰਗੇ ਚੋਸੇ ਕਿਵੇਂ ਚਖਾਂਗੇ? ਦਾਰੂ ਤੇ ਸ਼ਰਾਬ ਨਹੀਂ ਮਿਲਣਗੇ ਤੇ ਨਾ ਹੀ ਨਾਲ ਨੂੰ ਨੁਕਲ ਤੇ ਨਮਕ।

ਮੈਂ ਅੰਦਾਜ਼ਾ ਲਾਉਂਦਾਂ, ਜੇ ਫਾਰਸੀ ਅਰਬੀ ਵਾਲੇ ਨਾਂ ਜਾਂ ਲਫਜ਼ ਬਦਲਣ ਦਾ ਭੁਆਰਾ ਪੰਜਾਬ ਵਿਚ ਫੈਲ ਗਿਆ ਤਾਂ ਗੱਲ ਕਿੱਥੇ ਕੁ ਤੱਕ ਜਾਵੇਗੀ? ਇਸਲਾਮ ਅਤੇ ਅਰਬੀ ਫਾਰਸੀ ਦੀ ਸਭ ਤੋਂ ਵਧ ਮਾਰ ਤਾਂ ਪੰਜਾਬ 'ਤੇ ਪਈ ਸੀ, ਪਰ ਇਤਿਹਾਸਕ, ਭੂਗੋਲਕ ਕਾਰਨਾਂ ਕਰਕੇ ਪੰਜਾਬੀ ਅਤੇ ਸਿੱਖ ਏਨੇ ਕੱਟੜ ਨਹੀਂ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਨ੍ਹਾਂ ਜ਼ਬਾਨਾਂ ਦੇ ਲਫਜ਼ਾਂ ਨਾਲ ਲਬਰੇਜ਼ ਹੈ। ਗੁਰੂ ਨਾਨਕ ਦੇਵ ਨੇ ਤਾਂ ਇੱਕ ਸ਼ਬਦ ਹੀ ਫਾਰਸੀ ਵਿਚ ਰਚਿਆ ਹੈ। ਸਿੱਖ ਧਰਮ ਨਾਲ ਸਬੰਧਤ ਚੰਗੀ ਖਾਸੀ ਸੰਕਲਪ ਸ਼ਬਦਾਵਲੀ ਅਰਬੀ ਫਾਰਸੀ ਵਾਲੀ ਹੈ: ਬੇਗਮਪੁਰਾ, ਖਾਲਸਾ, ਸਾਹਿਬ, ਅਰਦਾਸ, ਸੱਚਾ ਪਾਤਸ਼ਾਹ, ਅਕਾਲ ਤਖਤ, ਨਜ਼ਰ, ਹੁਕਮਨਾਮਾ, ਮੀਰੀ ਪੀਰੀ, ਤਨਖਾਹ, 'ਵਾਹਿਗੁਰੂ ਜੀ ਕੀ ਫਤਿਹ' ਵਿਚਲਾ ਫਤਿਹ, ਦਰਬਾਰ, ਜ਼ਫਰਨਾਮਾ, ਨੌਂਵੇਂ ਗੁਰੂ ਦਾ ਨਾਂ ਤੇਗ ਬਹਾਦਰ; ਦੋ ਸਾਹਿਬਜ਼ਾਦਿਆਂ ਦੇ ਨਾਂ; ਬੰਦਾ ਬਹਾਦਰ; ਰੁਮਾਲਾ ਸਾਹਿਬ, ਦੇਗ, ਲੰਗਰ, ਮਹਲ, ਜਲੂਸ ਆਦਿ ਫਾਰਸੀ-ਅਰਬੀ ਦੇ ਰਿਣੀ ਹਨ। ਪੰਜਾਂ ਦਰਿਆਵਾਂ ਦੀ ਧਰਤੀ 'ਪੰਜਾਬ' ਤੇ ਇਸ ਦੀ ਭਾਸ਼ਾ 'ਪੰਜਾਬੀ' ਫਾਰਸੀ ਸ਼ਬਦਾਂ ਪੰਜ+ਆਬ ਤੋਂ ਬਣੇ ਹਨ। ਸਭ ਗੁਰੂਆਂ, ਗੁਰਦੁਆਰਿਆਂ ਅਤੇ ਸਿੱਖਾਂ ਦੇ ਇਤਿਹਾਸਕ ਸਥਾਨਾਂ ਦੇ ਨਾਂਵਾਂ ਪਿਛੋਂ




ਸਾਹਿਬ ਉਤਾਰਨਾ ਹੋਵੇਗਾ।

ਕਾਹਲੀ ਕਾਹਲੀ ਮੇਰੇ ਦਿਮਾਗ ਵਿਚ ਪੰਜਾਬ ਦੇ ਕੁਝ ਸ਼ਹਿਰਾਂ ਤੇ ਕਸਬਿਆਂ ਦੇ ਨਾਂ ਆਉਂਦੇ ਹਨ, ਜਿਨ੍ਹਾਂ ਵਿਚੋਂ ਅਰਬੀ-ਫਾਰਸੀ ਨਿਤਾਰਨੀ ਪਵੇਗੀ: ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਲੁਧਿਆਣਾ, ਨਵਾਂ ਸ਼ਹਿਰ, ਹੁਸ਼ਿਆਰਪੁਰ, ਜਲਾਲਾਬਾਦ, ਫਤਿਹਗੜ੍ਹ, ਬਸੀ ਪਠਾਣਾਂ, ਸੁਲਤਾਨਪੁਰ, ਕਾਦੀਆਂ, ਅਹਿਮਦਗੜ੍ਹ, ਦੌਲਤਪੁਰ, ਫਤਿਹਨੰਗਲ, ਹਾਜੀਪੁਰ, ਹੁਸੈਨੀਵਾਲਾ, ਕੋਟ ਈਸੇ ਖਾਂ, ਮਲੇਰਕੋਟਲਾ, ਮੀਰਪੁਰ, ਮੁੱਲਾਂਪੁਰ, ਨੂਰਮਹਿਲ, ਸ਼ਾਹਕੋਟ, ਅਲਾਵਾਲਪੁਰ, ਬਹਿਰਾਮਪੁਰ, ਬੇਗੋਵਾਲੀ ਆਦਿ।

ਪੰਜਾਬ ਨੇ ਸ਼ਹਿਰਾਂ ਦੇ ਨਾਂ ਬਦਲ ਕੇ ਦੇਖ ਲਏ ਹਨ। ਭਲਾ ਮੁਹਾਲੀ ਨੂੰ 'ਸਾਹਿਬਜ਼ਾਦਾ ਅਜੀਤ ਸਿੰਘ ਨਗਰ' ਤੇ ਨਵਾਂ ਸ਼ਹਿਰ ਨੂੰ 'ਸ਼ਹੀਦ ਭਗਤ ਸਿੰਘ ਨਗਰ' ਕੌਣ ਕਹਿੰਦਾ ਹੈ? ਫਿਰ ਭਗਤ ਇਤਰਾਜ਼ ਕਰਦੇ ਹਨ, ਸਰਕਾਰ ਜਾਂ ਲੋਕਾਂ ਦੀ ਮਹਾਂਪੁਰਸ਼ਾਂ ਪ੍ਰਤੀ ਸ਼ਰਧਾ ਨਹੀਂ। ਨਾਂ ਹਮੇਸ਼ਾ ਮੂੰਹ ਚੜ੍ਹਨ ਵਾਲੇ ਹੀ ਚਲਦੇ ਹਨ। ਮਹਾਂਪੁਰਸ਼ਾਂ ਜਾਂ ਇਤਿਹਾਸਕ ਘਟਨਾਵਾਂ ਦੀਆਂ ਯਾਦਗਾਰਾਂ ਲਈ ਨਵੇਂ ਸ਼ਹਿਰ, ਨਗਰ, ਬਸਤੀਆਂ, ਮਹੱਲੇ ਆਦਿ ਵਸਾਏ ਜਾ ਸਕਦੇ ਹਨ ਤੇ ਹੋਰ ਪ੍ਰਾਜੈਕਟ ਸ਼ੁਰੂ ਕੀਤੇ ਜਾ ਸਕਦੇ ਹਨ।

ਅਰਬੀ ਫਾਰਸੀ ਤੋਂ ਖਹਿੜਾ ਛੁਡਾਉਣ ਵਾਲੀ ਗੱਲ ਨਵੀਂ ਨਹੀਂ। 1955 ਵਿਚ ਕੰਮ ਕਾਜ ਲਈ ਪ੍ਰਯੁਕਤ ਸੰਸਕ੍ਰਿਤ ਆਧਾਰਤ ਸਰਕਾਰੀ ਸ਼ਬਦਾਵਲੀ ਘੜਨ ਹਿੱਤ ਕਮਿਸ਼ਨ ਬਣਾਇਆ ਗਿਆ ਸੀ। ਕਿਧਰ ਗਏ ਉਸ ਸਮੇਂ ਘੜੇ ਗਏ ਜੀਭ-ਦੁਖਾਊ ਸ਼ਬਦ ਵਿਦਯੁਤ ਪਰਸਾਰਨ (ਰੇਡੀਓ), ਲੋਹਪਤ ਗਾਮਨੀ (ਰੇਲ ਗੱਡੀ) ਆਦਿ? ਫਾਰਸੀ ਪਿਛੋਕੜ ਵਾਲੇ ਸ਼ਬਦ ਕਾਇਮ-ਦਾਇਮ ਹਨ ਤੇ ਨਾਲ ਦੀ ਨਾਲ ਅੰਗਰੇਜ਼ੀ ਦੇ ਸ਼ਬਦ ਵੀ ਧੜਾ ਧੜ ਵੜੀ ਜਾ ਰਹੇ ਹਨ। ਭਾਸ਼ਾਵਾਂ ਅਲਹਿਦਗੀ ਵਿਚ ਨਹੀਂ ਵਿਚਰਦੀਆਂ ਤੇ ਨਾ ਹੀ ਵਧਦੀਆਂ ਫੁੱਲਦੀਆਂ ਹਨ।

ਸ਼ਬਦਾਂ ਦਾ ਇਤਿਹਾਸ ਨਾਲ ਨਹੁੰ-ਮਾਸ ਵਾਲਾ ਰਿਸ਼ਤਾ ਹੁੰਦਾ ਹੈ। ਅਨੇਕਾਂ ਧਰਮਾਂ, ਜਾਤਾਂ, ਖਿੱਤਿਆਂ, ਜ਼ਬਾਨਾਂ ਦੇ ਮਿਲਣ ਨਾਲ ਭਾਰਤੀ ਸਭਿਅਤਾ ਅਮੀਰ ਹੋਈ ਹੈ ਤੇ ਭਾਸ਼ਾਵਾਂ ਦੀ ਅਭਿਵਿਅਕਤੀ ਵਿਚ ਵਾਧਾ ਹੋਇਆ ਹੈ। ਜੇ ਕੱਲ੍ਹ ਨੂੰ ਕੋਈ ਇਲਾਹਾਬਾਦੀ ਆਪਣੇ ਆਪ ਨੂੰ ਪ੍ਰਯਾਗਰਾਜੀ ਕਹਾਉਣ ਲੱਗ ਪਏ ਤਾਂ ਪਤਾ ਲਗੇਗਾ ਕਿ ਨਾਂ ਬਦਲਣ ਵਾਲੇ ਲੋਕ ਕਿਥੇ ਕੁ ਤੱਕ ਸਫਲ ਹੋਏ ਹਨ!

# ਕਿਆਮਤ

*(ਪਿਛਲੇ ਸਫੇ ਦੀ ਬਾਕੀ)*

ਆਟਾ ਸੀ ਉਸ ਨਾਲ ਜੁਆਕਾਂ ਲਈ ਰੋਟੀ ਬਣਾ ਦਿੱਤੀ। ਬਾਕੀਆਂ ਲਈ ਕਣਕ ਉਬਾਲ ਲਈ। ਪਰ ਵੱਡਿਆਂ ਨੇ ਬਹੁਤ ਥੋੜ੍ਹਾ ਖਾਣਾ ਖਾਧਾ। ਸ਼ਾਇਦ ਭੁੱਖ ਮਰ ਗਈ ਸੀ। ਮਾਂ ਨੇ ਦੱਸਿਆ ਕਿ ਪਾਣੀ ਵੀ ਬਹੁਤ ਥੋੜ੍ਹਾ ਰਹਿ ਗਿਆ ਹੈ। ਕੁਛ ਹੀ ਗੈਲਨ ਬਚੇ ਸਨ ਜੋ ਵਿਹੜੇ ਵਿਚ ਪਏ ਸਨ। ਨਹਾਉਣ ਧੋਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਪੀਣ ਲਈ ਵੀ ਪਾਣੀ ਬੜੇ ਸੰਜਮ ਨਾਲ ਵਰਤਿਆ ਜਾ ਰਿਹਾ ਸੀ।

ਦਸ ਦਿਨ ਹੋ ਗਏ ਸਨ ਇਸਲਾਮਕ ਸਟੇਟ ਵਾਲਿਆਂ ਦੇ ਘੇਰੇ ਪਏ ਨੂੰ। ਇਵੇਂ ਲੱਗਦਾ ਸੀ ਜਿਵੇਂ ਸਦੀਆਂ ਹੋ ਗਈਆਂ ਹੋਣ। ਪਿੰਡ ਮੜ੍ਹੀਆਂ ਦੀ ਤਰ੍ਹਾਂ ਜਾਪਦਾ ਸੀ। ਜਿਸ ਪਿੰਡ 'ਚ ਕਦੇ ਜ਼ਿੰਦਗੀ ਚਾਂਭੜਾਂ ਪਾਉਂਦੀ ਹੁੰਦੀ ਸੀ, ਘਰਾਂ 'ਚੋਂ ਉਚੀ ਸੰਗੀਤ ਸੁਣਾਈ ਦਿੰਦਾ ਹੁੰਦਾ ਸੀ, ਟੀ. ਵੀ. ਦੀ ਆਵਾਜ਼ ਦੂਰ ਦੂਰ ਤੱਕ ਸੁਣਦੀ ਸੀ, ਜੁਆਕਾਂ ਦੀਆਂ ਕਿਲਕਾਰੀਆਂ ਫਿਜ਼ਾ 'ਚ ਸੰਗੀਤ ਘੋਲਦੀਆਂ ਸਨ, ਅੱਜ ਉਸ ਪਿੰਡ 'ਚ ਚੁੱਪ ਛਾਈ ਪਈ ਸੀ। ਜਿੱਥੇ ਕਿਧਰੇ ਮਸ਼ੀਨਾਂ ਦੀ ਆਵਾਜ਼ ਆ ਰਹੀ ਹੁੰਦੀ, ਕਿਧਰਿਉਂ ਜੈਨਰੇਟਰ ਘੁਕਾਟ ਪਾਈ ਰੱਖਦੇ, ਉਥੇ ਜਾਪਦਾ ਸੀ ਜਿਵੇਂ ਕੋਈ ਵੱਸਦਾ ਹੀ ਨਾ ਹੋਵੇ।

ਸਵੇਰ ਵੇਲੇ ਹੈਂਜ਼ੀ ਮੁੱਠੀ ਭਰ ਉਬਲੀ ਕਣਕ ਖਾ ਕੇ ਜਾਵੇਤ ਵਲ ਤੁਰ ਗਿਆ। ਘੰਟੇ ਪਿਛੋਂ ਵਾਪਸ ਆਇਆ ਤਾਂ ਜਾਪਿਆ ਜਿਵੇਂ ਵਰ੍ਹਿਆਂ ਤੋਂ ਬਿਮਾਰ ਹੋਵੇ। ਅੱਜ ਉਹ ਪਿਛਲੇ ਦਿਨਾਂ ਦੇ ਮੁਕਾਬਲੇ ਬਹੁਤ ਉਦਾਸ ਸੀ। ਕੋਲ ਆਉਂਦਿਆਂ ਉਸ ਨੇ ਦੱਸਿਆ, "ਅੱਜ ਕਮਾਂਡਰ ਹਾਜ਼ੀ ਮੁਰਤਜ਼ਾ ਫਿਰ ਆਇਆ ਸੀ। ਉਸ ਨੇ ਤਿੰਨ ਦਿਨ ਦਾ ਸਮਾਂ ਦਿੰਦਿਆਂ ਆਖਰੀ ਚਿਤਾਵਨੀ ਦੇ ਦਿੱਤੀ ਐ...।"

ਕਿਸੇ ਨੇ ਵੀ ਉਸ ਨੂੰ ਉਲਟਾ ਕੇ ਕੁਝ ਨਾ ਪੁੱਛਿਆ ਤਾਂ ਉਸ ਨੇ ਆਪ ਹੀ ਗੱਲ ਅੱਗੇ ਤੋਰੀ, "ਉਸ ਨੇ ਕਿਹਾ ਐ ਕਿ ਇਹ ਆਖਰੀ ਮੋਹਲਤ ਐ। ਤਿੰਨ ਦਿਨਾਂ 'ਚ ਜੋ ਵੀ ਇਸਲਾਮ ਧਾਰਨ ਕਰ ਸਕਦੈ, ਕਰ ਲਵੇ। ਨ੍ਹੀਂ ਤਾਂ ਫਿਰ ਸਭ ਨੂੰ ਸਿੰਜਾਰ ਪਹਾੜ 'ਤੇ ਛੱਡ ਆਉਣਗੇ।"

"ਪਹਾੜ 'ਤੇ ਨ੍ਹੀਂ ਸਗੋਂ ਮੜ੍ਹੀਆਂ 'ਚ ਜਾਣ ਲਈ ਤਿਆਰ ਰਹੋ।" ਦਾਊਦ ਨੇ ਗੁੱਸੇ 'ਚ ਕਿਹਾ। ਸੁਣ ਕੇ ਇਕਦਮ ਸੁੰਨ ਜਿਹੀ ਪਸਰ ਗਈ। ਉਦੋਂ ਹੀ ਦੁਬਾਰਾ ਬੋਲਣ ਲੱਗਾ, "ਸਿੰਜਾਰ ਪਹਾੜ 'ਤੇ ਭੇਜਣ ਦਾ ਕਹਿ ਕੇ ਉਹ ਲੋਕਾਂ ਨੂੰ 'ਕੱਠੇ ਕਰਨਗੇ ਤੇ ਫਿਰ ਸਭ ਨੂੰ...।"

"ਤੂੰ ਬੋਲਣਾ ਬੰਦ ਕਰ ਵੇ ਦੋਜਖੀਆ।" ਮਾਂ ਨੇ ਝਿੜਕਦਿਆਂ ਉਸ ਨੂੰ ਵਿਚਕਾਰੋਂ ਹੀ ਚੁੱਪ ਕਰਾ ਦਿੱਤਾ। ਉਹ ਕੁਝ ਦੇਰ ਸੋਚਦੀ ਰਹੀ ਤੇ ਫਿਰ ਸਭ ਨੂੰ ਇਕੱਠੇ ਹੋਣ ਨੂੰ ਕਹਿ ਦਿੱਤਾ। ਜਿਉਂ ਹੀ ਸਾਰੇ ਉਸ ਦੁਆਲੇ ਆ ਖੜੋਤੇ ਤਾਂ ਮਾਂ ਬੋਲੀ, "ਤੁਸੀਂ ਸਾਰੇ ਮੇਰੀ ਗੱਲ ਬੜੇ ਧਿਆਨ ਨਾਲ ਸੁਣੋ। ਜਾਉ ਤੇ ਆਪੋ ਆਪਣਾ ਸਮਾਨ ਝੋਲਿਆਂ 'ਚ ਪਾ ਲਵੋ। ਸਮਾਨ ਬਸ ਉਨਾ ਕੁ ਹੋਵੇ ਜਿੰਨਾ ਕੁ ਆਰਾਮ ਨਾਲ ਚੁੱਕਿਆ ਜਾ ਸਕੇ। ਕੁੜੀਓ ਤੁਸੀਂ ਇਕ ਇਕ ਵਾਧੂ ਸੂਟ ਨਾਲ ਰੱਖ ਲਵੋ ਤੇ ਇਸ ਤੋਂ ਬਿਨਾ ਥੋੜ੍ਹਾ ਜਿਹਾ ਜ਼ਰੂਰਤ ਦਾ ਸਮਾਨ ਹੋਰ ਹੋਵੇ। ਬਸ ਇੰਨਾ ਕਿ ਤੁਹਾਡੇ ਹੈਂਡ ਬੈਗ 'ਚ ਪੈ ਜਾਵੇ। ਹਾਂ ਹਰ ਕੋਈ ਪਾਣੀ ਦੀ ਬੋਤਲ ਭਰ ਕੇ ਝੋਲੇ 'ਚ ਜ਼ਰੂਰ ਰੱਖਿਓ...।" ਇੰਨਾ ਕਹਿੰਦਿਆਂ ਮਾਂ ਜ਼ਰਾ ਕੁ ਚੁੱਪ ਹੋ ਗਈ। ਮੈਨੂੰ ਲੱਗਾ, ਮਾਂ ਨੇ, ਜੋ ਵੀ ਬੁਰਾ ਹੋਣ ਜਾ ਰਿਹਾ ਹੈ, ਉਹ ਭਾਂਪ ਲਿਆ ਹੈ। ਇੰਨੇ ਨੂੰ ਉਸ ਨੇ ਗੱਲ ਅੱਗੇ ਤੋਰੀ, "ਉਮੀਦ ਇਹ ਰੱਖਿਓ ਕਿ ਉਹ ਆਪਾਂ ਨੂੰ ਸਿੰਜਾਰ ਪਹਾੜ ਤੱਕ ਛੱਡਣਗੇ। ਪਰ ਜੇ ਅਜਿਹਾ ਨਾ ਹੋਇਆ ਤਾਂ ਤੁਸੀਂ ਕੋਸ਼ਿਸ਼ ਕਰਿਓ ਕਿ ਇਕੱਠੇ ਰਿਹਾ ਜਾਵੇ। ਜੇ ਜਵਾਂ ਈ ਮੁਸ਼ਕਿਲ ਹੋ ਜਾਵੇ ਤਾਂ ਕਮ ਸੇ ਕਮ ਦੋ ਜਣੇ ਜ਼ਰੂਰ ਇਕੱਠੇ ਰਹਿਉ। ਜੇ ਇਹ ਵੀ ਨਾ ਹੋਵੇ ਤਾਂ ਉਮੀਦ ਨਾ ਹਾਰਿਉ। ਬਾਕੀ ਰੱਬ ਰਾਖਾ।"

ਮਾਂ ਚੁੱਪ ਹੋਈ ਤਾਂ ਛੋਟੇ ਬੱਚੇ ਰੋਂਦੇ ਕੁਰਲਾਉਂਦੇ ਉਸ ਨੂੰ ਚੰਬੜ ਗਏ। ਬਾਕੀ ਵੀ ਉਸ ਦੇ ਦੁਆਲੇ ਬੈਠੇ ਹੰਝੂ ਵਹਾਈ ਜਾ ਰਹੇ ਸਨ। ਭਰਾ ਇਕ ਪਾਸੇ ਬੇਵਸ ਉਦਾਸ ਅਤੇ ਬੇਚੈਨ, ਨੀਵੀਂਆਂ ਪਾਈ ਬੈਠੇ ਸਨ। ਮਾਂ ਨੇ ਸਭ ਨੂੰ ਚੁੱਪ ਕਰਵਾਉਂਦਿਆਂ ਕਿਹਾ, "ਮੱਥੇ ਦੀਆਂ ਤਕਦੀਰਾਂ ਨ੍ਹੀਂ ਮਿਟਦੀਆਂ ਹੁੰਦੀਆਂ ਬੱਚਿਓ। ਜੋ ਹੋਣਾ ਐ, ਉਹ ਹੋ ਕੇ ਰਹਿੰਦਾ ਐ। ਤਾਊਸੀ ਮਲਕ ਸਭ ਦੀ ਰੱਖਿਆ ਕਰੂ। ਜਾਉ ਹੁਣ ਸਮਾਨ ਤਿਆਰ ਕਰੋ।"

ਮਾਂ ਨੇ ਸਮਾਨ ਬੰਨਣ ਦੀ ਹਦਾਇਤ ਫਿਰ ਤੋਂ ਦਿੱਤੀ। ਹੁਣ ਸਾਰੇ ਆਪੋ ਆਪਣਾ ਸਮਾਨ ਸੰਭਾਲਣ ਲੱਗੇ। ਇਸ ਪਾਸਿਉਂ ਵਿਹਲੇ ਹੋ ਕੇ ਵਾਪਸ ਮਾਂ ਕੋਲ ਆਏ ਤਾਂ ਉਸ ਨੇ ਕਿਹਾ, "ਹੁਣ ਸਭ ਤੋਂ ਜ਼ਰੂਰੀ ਗੱਲ ਸੁਣੋ। ਜਿੰਜ਼ਾਲ ਤੇ ਸਈਅਦ ਦੇ ਫੋਨ ਨੰਬਰ ਜ਼ੁਬਾਨੀ ਯਾਦ ਕਰ ਲਵੋ। ਜੇ ਮੁਸ਼ਕਿਲ ਵਿਚ ਫਸ ਗਏ ਤਾਂ ਮੌਕਾ ਮਿਲਦਿਆਂ ਈ ਉਨ੍ਹਾਂ ਨਾਲ ਗੱਲ ਕਰਿਉ। ਬਾਕੀ ਆਪੋ ਆਪਣਾ ਸ਼ਨਾਖਤੀ ਕਾਰਡ ਬੜੀ ਸੰਭਾਲ ਨਾਲ ਆਪਣੇ ਕੋਲ ਰੱਖਿਉ। ਹੋਰ ਭਾਵੇਂ ਸਭ ਕੁਛ ਗੁਆਚ ਜਾਵੇ ਜਾਂ ਖੋਹ ਲਿਆ ਜਾਵੇ ਪਰ ਆਪਣਾ ਸ਼ਨਾਖਤੀ ਕਾਰਡ ਨਾ ਗੁਆਚਣ ਦਿਉ। ਤੁਹਾਨੂੰ ਇਸ ਦੀ ਕਿਧਰੇ ਵੀ ਲੋੜ ਪੈ ਸਕਦੀ ਐ। ਆਉ ਹੁਣ ਪ੍ਰਾਰਥਨਾ ਕਰੀਏ।"

ਸਭ ਚੁੱਪ ਚਾਪ ਮਾਂ ਦੇ ਨਾਲ ਲੱਗ ਕੇ ਪ੍ਰਾਰਥਨਾ ਕਰਨ ਲੱਗੇ। ਇੱਧਰੋਂ ਵਿਹਲੇ ਹੋਏ ਤਾਂ ਮਾਂ ਨੇ ਸਭ ਨੂੰ ਮੁੱਠੀ ਮੁੱਠੀ ਉਬਲੀ ਹੋਈ ਕਣਕ ਦਿੱਤੀ। ਦੁਪਹਿਰਾ ਹੋ ਗਿਆ, ਫਿਰ ਇਸੇ ਤਰ੍ਹਾਂ ਦਿਨ ਢਲ ਗਿਆ। ਸ਼ਾਮ ਵੇਲੇ ਮਾਂ ਨੇ ਫਿਰ ਸਭ ਨੂੰ ਥੋੜ੍ਹੀ ਥੋੜ੍ਹੀ ਕਣਕ ਅਤੇ ਥੋੜ੍ਹਾ ਜਿਹਾ ਪਾਣੀ ਦਿੱਤਾ। ਰਾਤ ਵੇਲੇ ਸਾਰੇ ਚੁੱਪ ਚਾਪ ਛੱਤ 'ਤੇ ਚੜ੍ਹ ਗਏ। ਕੋਈ ਕਿਸੇ ਨਾਲ ਗੱਲ ਨਹੀਂ ਕਰ ਰਿਹਾ ਸੀ। ਸਭ ਹੌਲੀ ਹੌਲੀ ਸੁਬਕ ਰਹੇ ਸਨ। ਮਾਂ ਨੇ ਹੌਸਲਾ ਦਿੱਤਾ, "ਉਨ੍ਹਾਂ ਨੇ ਤਿੰਨ ਦਿਨ ਦਿੱਤੇ ਨੇ। ਅਜੇ ਬਹੁਤ ਸਮਾਂ ਪਿਐ। ਹੁਣੇ ਦਿਲ ਨਾ ਸੁੱਟੋ।"

ਮਾਂ ਦੀ ਗੱਲ ਸੁਣਦਿਆਂ ਰੋਣ ਧੋਣ ਘੱਟ ਗਿਆ। ਪਰ ਚੁੱਪ ਉਵੇਂ ਹੀ ਪਸਰੀ ਰਹੀ। ਬਾਹਰ ਸੜਕ ਵਲ ਲਗਾਤਾਰ ਖੜਕਾ ਹੁੰਦਾ ਰਿਹਾ। ਜਿਵੇਂ ਅਣਗਿਣਤ ਗੱਡੀਆਂ ਆ ਰਹੀਆਂ ਹੋਣ। ਜਾਗੋ ਮੀਚੀ 'ਚ ਹੀ ਰਾਤ ਗੁਜ਼ਰ ਗਈ। ਆਮ ਦਿਨਾਂ ਦੀ ਤਰ੍ਹਾਂ ਦਿਨ ਚੜ੍ਹਦਿਆਂ ਹੀ ਸਾਰੇ ਜਣੇ ਪੌੜੀਆਂ ਉਤਰਦੇ ਹੌਲੀ ਹੌਲੀ ਹੇਠਾਂ ਆ ਗਏ।

*(ਚਲਦਾ)*

# ਅਦਾਕਾਰਾ ਇੰਦਰਾ ਬਿੱਲੀ ਦੀਆਂ ਅਦਾਵਾਂ

1960ਵਿਆਂ ਦੇ ਦਹਾਕੇ ਦੀਆਂ ਬੇਹੱਦ ਖ਼ੂਬਸੂਰਤ ਅਤੇ ਉਮਦਾ ਅਭਿਨੇਤਰੀਆਂ 'ਚੋਂ ਇਕ ਇੰਦਰਾ ਸੀ ਜੋ ਆਪਣੇ ਸ਼ਗੁਫਤਾ ਚਿਹਰੇ, ਦਿਲ-ਫਰੇਬ ਅਦਾਵਾਂ ਅਤੇ ਸਬਜ਼ (ਹਰੀਆਂ) ਅੱਖਾਂ ਕਰ ਕੇ 'ਇੰਦਰਾ ਬਿੱਲੀ' ਦੇ ਨਾਂ ਨਾਲ ਪੰਜਾਬੀ ਦਰਸ਼ਕਾਂ ਦੀ ਚਹੇਤੀ ਅਤੇ ਮਕਬੂਲ ਅਦਾਕਾਰਾ ਬਣੀ। ਨਿਸ਼ੀ ਤੋਂ ਬਾਅਦ ਉਹ ਦੂਜੀ ਸਭ ਤੋਂ ਵੱਧ ਪਸੰਦ ਕੀਤੀ ਜਾਣ ਵਾਲੀ ਅਦਾਕਾਰਾ ਰਹੀ ਹੈ। ਨਿਸ਼ੀ ਨੇ ਜਿਥੇ ਫਿਲਮਾਂ 'ਚ ਦਲੇਰ ਜੱਟੀ ਦੇ ਕਿਰਦਾਰ ਨਿਭਾਏ, ਉਥੇ ਇੰਦਰਾ ਰੁਮਾਨੀ ਅਦਾਕਾਰੀ ਵਿਚ ਛਾਈ ਰਹੀ।

ਇੰਦਰਾ ਦੀ ਪੈਦਾਇਸ਼ ਪਿੰਡ ਦੀਨਾ ਨਗਰ ਦੇ ਖੱਤਰੀ ਪਰਿਵਾਰ ਵਿਚ ਹੋਈ। ਉਸ ਦੇ ਫਿਲਮੀ ਸਫਰ ਦੀ ਸ਼ੁਰੂਆਤ ਭਗਵਾਨ ਆਰਟ ਪ੍ਰੋਡਕਸ਼ਨ ਮੁੰਬਈ ਦੀ ਹਿੰਦੀ ਫਿਲਮ 'ਰੰਗੀਲਾ' (1953) ਤੋਂ ਹੋਈ, ਜਿਸ ਦੇ ਫਿਲਮਸਾਜ਼ ਭਗਵਾਨ ਦਾਦਾ ਸਨ ਪਰ ਜਿੰਨੀ ਸ਼ੁਹਰਤ ਅਤੇ ਮਕਬੂਲੀਅਤ ਉਸ ਨੂੰ ਪੰਜਾਬੀ ਫਿਲਮਾਂ ਤੋਂ ਮਿਲੀ, ਓਨੀ ਹਿੰਦੀ ਫਿਲਮਾਂ ਤੋਂ ਨਾ ਮਿਲੀ। ਉਸ ਨੇ ਕੁਝ ਹਿੰਦੀ ਫਿਲਮਾਂ 'ਚ ਯਾਦਗਾਰੀ ਕਿਰਦਾਰ ਵੀ ਨਿਭਾਏ।

ਉਸ ਦੀ ਪਹਿਲੀ ਪੰਜਾਬੀ ਫਿਲਮ ਗੋਲਡਨ ਮੂਵੀਜ਼ ਮੁੰਬਈ ਦੀ ਜੁਗਲ ਕਿਸ਼ੋਰ ਨਿਰਦੇਸ਼ਿਤ 'ਦੋ ਲੱਛੀਆਂ' (1962) ਸੀ। ਫਿਲਮ 'ਚ ਉਸ ਨੇ ਹੀਰੋ ਦਲਜੀਤ ਦੇ ਸਨਮੁੱਖ 'ਛੋਟੀ ਲੱਛੀ' ਦਾ ਰੋਲ ਕੀਤਾ। ਫਿਲਮ ਦੀ ਜ਼ਬਰਦਸਤ ਕਾਮਯਾਬੀ ਤੋਂ ਬਾਅਦ ਇੰਦਰਾ ਦੀ ਦੂਜੀ ਪੰਜਾਬੀ ਫਿਲਮ ਕਵਾਤੜਾ ਪਿਕਚਰਜ਼ ਦੀ ਸ਼ਾਂਤੀ ਪ੍ਰਕਾਸ਼ ਬਖ਼ਸ਼ੀ ਨਿਰਦੇਸ਼ਿਤ 'ਹੀਰ ਸਿਆਲ' (1960) ਸੀ। ਫਿਲਮ ਦੇ ਮੁੱਖ ਕਿਰਦਾਰ 'ਚ ਅਦਾਕਾਰਾ ਨੈਣਾ ਤੇ ਅਮਰਨਾਥ ਸਨ ਜਦਕਿ ਦੂਜੀ ਹੀਰੋਇਨ ਦਾ ਪਾਰਟ ਇੰਦਰਾ ਨਿਭਾ ਰਹੀ ਸੀ। ਇੰਦਰਾ ਬਿੱਲੀ ਦੀ ਤੀਜੀ ਸੁਪਰਹਿਟ ਨਗ਼ਮਾਤੀ ਪੰਜਾਬੀ ਫਿਲਮ ਸੀ, ਹਿਦਾਇਤਕਾਰ ਏ.ਐਸ. ਅਰੋੜਾ ਦੀ 'ਯਮਲਾ ਜੱਟ' (1960) ਜਿਸ ਵਿਚ ਉਸ ਨੇ ਨਵੇਂ ਹੀਰੋ ਬੂਟਾ ਨਾਲ ਹੀਰੋਇਨ ਦਾ ਪਾਰਟ ਅਦਾ ਕੀਤਾ। ਵਰਮਾ ਮਲਿਕ ਦੇ ਸੰਗੀਤ 'ਚ ਇੰਦਰਾ 'ਤੇ ਫਿਲਮਾਏ 'ਲੰਮਾ ਲੰਮਾ ਬਾਜਰੇ ਦਾ ਸਿੱਟਾ' ਅਤੇ 'ਅੱਖ ਲੜੀ ਵੇ ਲੜੀ' (ਸ਼ਮਸ਼ਾਦ ਬੇਗ਼ਮ) ਵੀ ਖ਼ੂਬ ਚੱਲੇ। ਨਿਊ ਲਿੰਕ ਫਿਲਮਜ਼ ਦੀ ਸ਼ੰਕਰ ਮਹਿਤਾ ਨਿਰਦੇਸ਼ਿਤ ਫਿਲਮ 'ਬਿੱਲੋ' (1961) 'ਚ ਇੰਦਰਾ ਨੇ ਅਦਾਕਾਰ ਦਲਜੀਤ ਨਾਲ ਸੋਹਣੀ ਅਦਾਕਾਰੀ ਕੀਤੀ। ਇਸੇ ਸਾਲ ਹੀ ਨੁਮਾਇਸ਼ ਹੋਈ ਹਿਦਾਇਤਕਾਰ ਏ.ਐਸ ਅਰੋੜਾ ਦੀ ਪੰਜਾਬੀ ਫਿਲਮ 'ਜੱਟੀ' ਵਿਚ ਇਕ ਵਾਰ ਫੇਰ ਇੰਦਰਾ ਅਤੇ ਬੂਟੇ ਦੀ ਜੋੜੀ ਆਪਣੇ ਫਨ ਦੀ ਨੁਮਾਇਸ਼ ਕਰ ਰਹੀ ਸੀ। ਵੰਡ ਦੇ ਵਿਸ਼ੇ 'ਤੇ ਬਣੀ ਸੰਗੀਤ ਪਿਕਚਰਜ਼ ਦੀ ਜੁਗਲ ਕਿਸ਼ੋਰ ਨਿਰਦੇਸ਼ਿਤ 'ਖੇਡਣ ਦੇ ਦਿਨ ਚਾਰ' (1962) ਵਿਚ ਇੰਦਰਾ ਨੇ 'ਫੱਤੋ' ਦਾ ਕਿਰਦਾਰ ਨਿਭਾਇਆ, ਜਿਸ ਦੇ ਸਨਮੁੱਖ ਅਦਾਕਾਰ ਮਨੋਹਰ ਦੀਪਕ ਸਨ।



ਐਸ.ਪੀ. ਬਖ਼ਸ਼ੀ ਨਿਰਦੇਸ਼ਿਤ 'ਪਰਦੇਸੀ ਢੋਲਾ' (1962) 'ਚ ਇੰਦਰਾ ਨੇ 'ਸੋਮਾ' ਨਾਮੀ ਕਿਰਦਾਰ ਨਿਭਾਇਆ। 'ਲਾਡੋ ਰਾਣੀ' (1963) ਵਿਚ ਇੰਦਰਾ ਦੀਆਂ ਬਿੱਲੀਆਂ ਅੱਖਾਂ ਕਰ ਕੇ 'ਇੰਦਰਾ ਬਿੱਲੀ' ਲਿਖਿਆ ਜਾਣ ਲੱਗਾ। ਐਸ. ਮਦਨ ਦੇ ਸੰਗੀਤ 'ਚ ਇੰਦਰਾ-ਸੁਰੇਸ਼ 'ਤੇ ਫਿਲਮਾਏ 'ਰਾਹੇ ਰਾਹੇ ਜਾਂਦਿਆ ਰਾਹੀਆ' (ਸੁਮਨ ਕਲਿਆਣਪੁਰ), 'ਨੀ ਗੁੱਤ ਨੂੰ ਸੰਭਾਲ ਗੋਰੀਏ' (ਮੁਹੰਮਦ ਰਫੀ, ਸੁਮਨ ਕਲਿਆਣਪੁਰ) ਗੀਤ ਜਿਥੇ ਖ਼ੂਬ ਚੱਲੇ, ਉਥੇ ਇਸ ਫਿਲਮ ਦੀ ਕੱਵਾਲੀ 'ਇਸ਼ਕ ਜਿਹਾ... ਸੋਹਣਿਆਂ ਦਾ ਏਤਬਾਰ ਨਾ ਕਰੀਏ' (ਮਹਿੰਦਰ ਕਪੂਰ, ਆਸ਼ਾ ਭੌਂਸਲੇ, ਸੁਰਿੰਦਰ ਕੋਹਲੀ, ਮੀਨੂੰ ਪ੍ਰਸ਼ੋਤਮ) ਵੀ ਬੜੀ ਹਿੱਟ ਹੋਈ। ਹਿਦਾਇਤਕਾਰ ਜੁਗਲ ਕਿਸ਼ੋਰ ਦੀ ਫਿਲਮ 'ਜੱਗਾ' (1964) ਇੰਦਰਾ ਦੀ ਕਾਮਯਾਬ ਫਿਲਮ ਸੀ। 1962 'ਚ ਇਸ ਫਿਲਮ ਨੂੰ ਬੈਸਟ ਪੰਜਾਬੀ ਫਿਲਮ ਦਾ ਨੈਸ਼ਨਲ ਐਵਾਰਡ ਮਿਲਿਆ। ਗੀਤਕਾਰ ਬੇਕਲ ਅੰਮ੍ਰਿਤਸਰੀ ਦੀ ਕਹਾਣੀ ਅਤੇ ਹਿਦਾਇਤਕਾਰੀ 'ਚ ਬਣੀ ਫਿਲਮ 'ਕਿੱਕਲੀ' (1964) ਵਿਚ ਇੰਦਰਾ 'ਬਿੱਲੋ' ਦੇ ਕਿਰਦਾਰ 'ਚ ਨਵੇਂ ਹੀਰੋ ਰਾਜਦੀਪ ਦੇ ਸਨਮੁੱਖ ਸੀ। ਮਜ਼ਾਹੀਆ ਅਦਾਕਾਰ ਗੋਪਾਲ ਸਹਿਗਲ ਦੇ ਆਪਣੇ ਬੈਨਰ ਅਲਪਨਾ ਫਿਲਮਜ਼ ਦੀ 'ਮਾਮਾ ਜੀ' (1964) 'ਚ ਉਸ ਨੇ ਪਿੰਡ ਦੀ ਗ਼ਰੀਬ ਕੁੜੀ 'ਲਾਲੀ' ਦਾ ਅਤੇ ਗੋਪਾਲ ਸਹਿਗਲ ਨੇ 'ਬੰਸੀ' ਦਾ ਕਿਰਦਾਰ ਨਿਭਾਇਆ।

ਇਸੇ ਸਾਲ ਹੀ ਆਈ ਹਿਦਾਇਤਕਾਰ ਕਰੁਨੇਸ਼ ਠਾਕੁਰ ਦੀ ਫਿਲਮ 'ਸੱਤ ਸਾਲੀਆਂ' 'ਚ ਉਸ ਨੇ 'ਦੀਪਾ' ਦਾ ਕਿਰਦਾਰ ਨਿਭਾਇਆ। ਐਸ. ਮਦਨ ਦੇ ਸੰਗੀਤ 'ਚ ਇਸ ਫਿਲਮ ਦੇ ਤਮਾਮ ਗੀਤ ਬਹੁਤ ਮਕਬੂਲ ਹੋਏ। ਇਸ ਦਾ ਰਵਿੰਦਰ ਕਪੂਰ ਤੇ ਇੰਦਰਾ 'ਤੇ ਫਿਲਮਾਇਆ ਭੰਗੜਾ ਗੀਤ 'ਰੂਪ ਤੇਰੇ... ਕਿੰਨਾ ਸੋਹਣਾ ਲੱਗਣਾ ਏਂ ਮਾਹੀ ਵੇ' ਵੀ ਬਹੁਤ ਹਿੱਟ ਹੋਇਆ। ਸੰਗੀਤਕਾਰ ਐਸ. ਮੋਹਿੰਦਰ ਤੇ ਜਸਬੀਰ ਸਿੰਘ ਸੋਠੀ ਨਿਰਮਤ 'ਚੰਬੇ ਦੀ ਕਲੀ' (1965) ਇੰਦਰਾ ਬਿੱਲੀ ਦੇ ਫਿਲਮ ਕਰੀਅਰ ਦੀ ਹਿੱਟ ਫਿਲਮ ਸੀ। ਫਿਲਮ ਵਿਚ ਉਸ ਨੇ ਪਿੰਡ ਦੀ ਕੁੜੀ 'ਚੰਬੀ' ਦਾ ਰੋਲ ਅਦਾ ਕੀਤਾ, ਜਿਸ ਦੇ ਮੁਕਾਬਲੇ ਹੀਰੋ ਰਵਿੰਦਰ ਕਪੂਰ ਸੀ। ਫਿਲਮ 'ਚ ਐਸ. ਮੋਹਿੰਦਰ ਦੇ ਦਿਲਕਸ਼ ਸੰਗੀਤ ਵਿਚ ਇੰਦਰਾ ਤੇ ਰਵਿੰਦਰ ਕਪੂਰ 'ਤੇ ਫਿਲਮਾਏ ਗੀਤ 'ਮੈਨੂੰ ਕਹਿੰਦੇ ਚੰਬੇ ਦੀ ਕਲੀ' (ਸੁਮਨ ਕਲਿਆਣਪੁਰ) ਤੋਂ ਇਲਾਵਾ ਰੁਮਾਨੀ ਯੁਗਲ ਗੀਤ 'ਇਕ ਸੁਪਨਾ ਮੈਨੂੰ ਆਇਆ ਸੀ' ਵੀ ਬੜੇ ਪਸੰਦ ਕੀਤੇ ਗਏ। ਸੱਸੀ ਪੁੰਨੂੰ ਦੇ ਕਿੱਸੇ 'ਤੇ ਬਣੀ ਹਿਦਾਇਤਕਾਰ ਐਸ.ਪੀ. ਬਖ਼ਸ਼ੀ ਦੀ ਪਹਿਲੀ ਈਸਟਮੈਨ ਕਲਰ ਫਿਲਮ 'ਸੱਸੀ ਪੁੰਨੂੰ' (1965) 'ਚ ਇੰਦਰਾ ਨੇ 'ਸੱਸੀ' ਦਾ ਪਾਰਟ ਜਦੋਂ ਕਿ 'ਪੁੰਨੂੰ' ਦੇ ਕਿਰਦਾਰ ਵਿਚ ਰਵਿੰਦਰ ਕਪੂਰ ਸੀ। ਇਸ ਫਿਲਮ ਨੂੰ 1965 ਵਿਚ ਬੈਸਟ ਪੰਜਾਬੀ ਫਿਲਮ ਦਾ ਨੈਸ਼ਨਲ ਐਵਾਰਡ ਮਿਲਿਆ।

ਡੀ. ਸੋਹਨਾ ਦੀ ਫਿਲਮਸਾਜ਼ੀ ਅਤੇ ਹਿਦਾਇਤਕਾਰੀ 'ਚ ਰਿਲੀਜ਼ 'ਗੱਭਰੂ ਦੇਸ਼ ਪੰਜਾਬ ਦੇ' (1966) ਦੇਸ਼ ਭਗਤੀ ਦੇ ਵਿਸ਼ੇ 'ਤੇ ਬਣੀ ਕਾਮਯਾਬ ਫਿਲਮ ਸੀ। ਫਿਲਮ 'ਖੇਡ ਪ੍ਰੀਤਾਂ ਦੀ' (1967) 'ਚ ਇੰਦਰਾ ਨੇ 'ਜੀਤੋ' ਨਾਮੀ ਕਿਰਦਾਰ ਅਦਾ ਕੀਤਾ, ਜਿਸ ਦੇ ਸਨਮੁੱਖ ਨਵਾਂ ਹੀਰੋ ਬਲਵੰਤ ਬਾਂਸਲ ਸੀ। ਹਿਦਾਇਤਕਾਰ ਬੀ.ਐਸ. ਗਲਾਡ ਦੀ 'ਨੀਮ ਹਕੀਮ' (1967) 'ਚ ਇਕ ਵਾਰ ਫਿਰ ਇੰਦਰਾ ਤੇ ਰਵਿੰਦਰ ਕਪੂਰ ਦੀ ਜੋੜੀ ਆਪਣੇ ਫਨ ਦੀ ਨੁਮਾਇਸ਼ ਕਰ ਰਹੀ ਸੀ। ਅਦਾਕਾਰ ਜਗਦੇਵ ਭਾਂਬਰੀ ਦੀ ਹਿਦਾਇਤਕਾਰੀ 'ਚ ਬਣੀ ਪਹਿਲੀ ਪੰਜਾਬੀ ਫਿਲਮ 'ਸ਼ਹਿਰ ਦੀ ਕੁੜੀ' (1968) ਵਿਚ ਇੰਦਰਾ ਬਿੱਲੀ ਨੇ ਸ਼ਹਿਰ ਦੀ ਮਾਡਰਨ ਕੁੜੀ 'ਸ਼ੀਲਾ' ਦਾ ਰੋਲ ਅਦਾ ਕੀਤਾ। ਹੀਰੋ ਦੇ ਕਿਰਦਾਰ 'ਚ ਹੀਰੋ ਸ਼ਿਵ ਕੁਮਾਰ ਸੀ ਜੋ ਬਾਅਦ ਵਿਚ ਇੰਦਰਾ ਦਾ ਪਤੀ ਬਣਿਆ। 1969 'ਚ ਰਿਲੀਜ਼ ਹੋਈ ਹਿਦਾਇਤਕਾਰ ਜੋਗਿੰਦਰ ਸਮਰਾ ਦੀ ਫਿਲਮ 'ਮੁੱਖੜਾ ਚੰਨ ਵਰਗਾ' 'ਚ ਉਸ ਨੇ 'ਪੰਮੀ' ਦਾ ਪਾਤਰ ਨਿਭਾਇਆ, ਜਿਸ ਦੇ ਰੂ-ਬ-ਰੂ ਨਵਾਂ ਹੀਰੋ ਰਾਜਿੰਦਰ ਕਪੂਰ ਸੀ। ਫਿਲਮ ਵਿਚ ਸੁਰਿੰਦਰ ਕੋਹਲੀ ਦੇ ਸੰਗੀਤ 'ਚ ਚਮਨ ਲਾਲ ਸ਼ੁਗਲ ਦੇ ਲਿਖੇ ਗੀਤ ਖ਼ੂਬ ਚੱਲੇ। ਹਿਦਾਇਤਕਾਰ ਖਾਵਰ ਜ਼ਮਾਨ ਦੀ 'ਪਰਦੇਸਣ' (1969) ਇੰਦਰਾ ਦੀ ਅਦਾਕਾਰ ਪ੍ਰੇਮ ਚੋਪੜਾ ਨਾਲ ਜੋੜੀ ਦੇ ਰੂਪ 'ਚ ਪਹਿਲੀ ਪੰਜਾਬੀ ਫਿਲਮ ਸੀ।

1970ਵਿਆਂ ਦੇ ਦਹਾਕੇ ਵਿਚ ਇੰਦਰਾ ਦੀਆਂ ਤਿੰਨ ਹਿੱਟ ਫਿਲਮਾਂ ਨੁਮਾਇਸ਼ ਹੋਈਆਂ। ਪਹਿਲੀ ਮਹਿੰਦਰ ਪ੍ਰੋਡਕਸ਼ਨਜ਼, ਬੰਬੇ ਦੀ ਮਹਿੰਦਰ ਵਾਹੀ ਨਿਰਦੇਸ਼ਿਤ 'ਦੁਪੱਟਾ' (1971), ਜਿਸ ਵਿਚ ਇੰਦਰਾ ਨੇ 'ਭੋਲੀ' ਦਾ ਕਿਰਦਾਰ ਨਿਭਾਇਆ। ਇਸ ਵਾਰ ਵੀ ਹੀਰੋ ਰਵਿੰਦਰ ਕਪੂਰ ਸਨ। ਇਸ ਫਿਲਮ ਦੇ ਗੀਤ ਬਹੁਤ ਮਸ਼ਹੂਰ ਹੋਏ। 1960-70ਵਿਆਂ ਦੇ ਦਹਾਕੇ 'ਚ ਇੰਦਰਾ ਮਸ਼ਹੂਰ ਅਦਾਕਾਰਾਵਾਂ ਵਿਚ ਸ਼ੁਮਾਰ ਹੋਈ। ਉਹ ਫਿਲਮਸਾਜ਼ਾਂ ਦੀ ਵੀ ਪਹਿਲੀ ਪਸੰਦ ਹੁੰਦੀ ਸੀ। 1970 ਵਿਚ ਜਦੋਂ ਪੰਜਾਬ ਦੇ ਮਸ਼ਹੂਰ ਨਾਵਲਕਾਰ ਬੂਟਾ ਸਿੰਘ ਸ਼ਾਦ ਨੇ ਆਪਣੇ ਬੈਨਰ ਦੀ ਪਹਿਲੀ ਫਿਲਮ 'ਕੁੱਲੀ ਯਾਰ ਦੀ' ਬਣਾਈ ਤਾਂ ਉਨ੍ਹਾਂ ਹੀਰੋਇਨ ਦੇ ਕਿਰਦਾਰ ਲਈ ਇੰਦਰਾ ਦਾ ਇੰਤਖ਼ਾਬ ਕੀਤਾ ਜਦਕਿ ਹੀਰੋ ਦਾ ਪਾਰਟ ਉਨ੍ਹਾਂ ਖ਼ੁਦ ਆਪਣੇ ਫਿਲਮੀ ਨਾਂ 'ਹਰਿੰਦਰ' ਨਾਲ ਕੀਤਾ। ਫਿਲਮ ਵਿਚ ਪੰਡਤ ਹਰਬੰਸ ਦੀਆਂ ਤਰਤੀਬ ਧੁਨਾਂ 'ਤੇ ਬਾਬੂ ਸਿੰਘ ਮਾਨ ਦੇ ਲਿਖੇ ਅਤੇ ਇੰਦਰਾ 'ਤੇ ਫਿਲਮਾਏ ਸ਼ਮਸ਼ਾਦ ਬੇਗ਼ਮ ਦੇ ਇਹ ਗੀਤ 'ਕੰਡਾ ਤੇਰੇ ਕਿਥੇ ਚੁੱਭਿਆ', 'ਚੰਨਾ ਵੇ ਤੇਰਾ ਘੁੱਟ ਭਰ ਲਾਂ', 'ਬੀਨ ਵਜਾ ਕੇ ਨੈਣ ਮਿਲਾ ਕੇ' (ਜਗਜੀਤ ਕੌਰ ਨਾਲ) ਅਤੇ ਇਕ ਰੁਮਾਨੀ ਯੁਗਲ ਗੀਤ 'ਏ ਜੀ ਹਾਂ ਜੀ ਦਿਲ ਮੇਰਾ ਧੜਕੇ' (ਸ਼ਮਸ਼ਾਦ ਬੇਗ਼ਮ, ਮਹਿੰਦਰ ਕਪੂਰ) ਵੀ ਖਾਸੇ ਮਕਬੂਲ ਹੋਏ। ਹਿਦਾਇਤਕਾਰ ਓਮੀ ਬੇਦੀ ਦੀ 'ਕਣਕਾਂ ਦੇ ਓਹਲੇ' (1971) ਇੰਦਰਾ ਦੀ ਅਦਾਕਾਰ ਰਵਿੰਦਰ ਕਪੂਰ ਨਾਲ ਜੋੜੀ ਦੇ ਰੂਪ ਵਿਚ 8ਵੀਂ ਤੇ ਆਖ਼ਰੀ ਫਿਲਮ ਸੀ, ਜਿਸ ਵਿਚ ਇੰਦਰਾ ਨੇ 'ਨਿੰਮੋ' ਦਾ ਤੇ ਰਵਿੰਦਰ ਕਪੂਰ ਨੇ 'ਮਦਨ' ਦਾ ਕਿਰਦਾਰ ਅਦਾ ਕੀਤਾ। ਹਿਦਾਇਤਕਾਰ ਹਰੀਸ਼ ਰਾਣਾ ਦੀ ਫਿਲਮ 'ਪਟੋਲਾ' (1973) 'ਚ ਇੰਦਰਾ ਦੀ ਨਵੇਂ ਹੀਰੋ ਰਾਜ ਉਬਰਾਏ ਨਾਲ ਆਈ ਆਖ਼ਰੀ ਫਿਲਮ ਕਰਾਰ ਪਾਈ। ਇਸ ਫਿਲਮ ਤੋਂ ਬਾਅਦ ਉਸ ਨੇ ਕੋਈ ਪੰਜਾਬੀ ਫਿਲਮ ਨਹੀਂ ਕੀਤੀ।

ਇੰਦਰਾ ਬਿੱਲੀ ਨੇ 1962 ਤੋਂ ਲੈ ਕੇ 1973 ਤਕ ਕੁੱਲ 23 ਪੰਜਾਬੀ ਫਿਲਮਾਂ ਵਿਚ ਆਲ੍ਹਾ ਅਦਾਕਾਰੀ ਕੀਤੀ। ਉਸ ਨੇ 1952 ਤੋਂ ਲੈ ਕੇ 1972 ਤਕ 29 ਹਿੰਦੀ ਫਿਲਮਾਂ ਵਿਚ ਵੀ ਸਹਾਇਕ ਅਤੇ ਮੁੱਖ ਕਿਰਦਾਰ ਅਦਾ ਕੀਤੇ। ਇਨ੍ਹਾਂ ਵਿਚ 'ਚੱਕਰਧਾਰੀ' (1954) 'ਜਵਾਬ', 'ਸ੍ਰੀ 420', 'ਮਿਲਾਪ' (1955), 'ਭਾਬੀ', 'ਕਲ ਕਯਾ ਹੋਗਾ' (1958), 'ਭਗਤ ਪ੍ਰਹਿਲਾਦ' (1959), 'ਤੀਰ ਔਰ ਤਲਵਾਰ' (1960), 'ਜਿਪਸੀ ਗਰਲ', (1961), 'ਰਿਪੋਰਟਰ ਰਾਜੂ' (1962), 'ਨਾਗ ਜਯੋਤੀ', 'ਟਾਰਜਨ ਔਰ ਜਾਦੂਗਰ' (1963), 'ਠਾਕੁਰ ਜਰਨੈਲ ਸਿੰਘ', 'ਫੂਲ ਔਰ ਪੱਥਰ' (1966) ਆਦਿ ਸ਼ਾਮਲ ਹਨ।

-ਮਨਦੀਪ ਸਿੰਘ ਸਿੱਧੂ

# ਸਿਨੇਮਾ ਅਤੇ ਸਾਹਿਤ

ਸਾਹਿਤ ਅਤੇ ਸਿਨੇਮਾ ਦਾ ਨੇੜਲਾ ਤੇ ਗੂੜ੍ਹਾ ਸਬੰਧ ਹੈ। ਹਰ ਬੋਲੀ ਦੇ ਸਾਹਿਤ ਦਾ ਸਿਨੇਮਾ 'ਤੇ ਡੂੰਘਾ ਪ੍ਰਭਾਵ ਹੁੰਦਾ ਹੈ। ਫਿਲਮਸਾਜ਼ਾਂ ਵਲੋਂ ਕਿਸੇ ਨਾ ਕਿਸੇ ਸਾਹਿਤਕ ਕਿਰਤ 'ਤੇ ਆਧਾਰਿਤ ਫਿਲਮ ਨਿਰਮਾਣ ਦਾ ਕਾਰਜ ਬਹੁਤ ਪਰੰਪਰਿਕ ਵੀ ਹੈ ਤੇ ਆਧੁਨਿਕ ਵੀ। ਫਿਲਮਾਂ ਤੇ ਸਾਹਿਤ ਦਾ ਮੂਲ ਉਦੇਸ਼ ਤੇ ਕਰਤੱਵ ਸੁਹਜ, ਸੁਆਦ ਤੇ ਚਿੰਤਨ ਹੈ। ਜੇ ਇਨ੍ਹਾਂ ਦਾ ਸੁਮੇਲ ਹੋ ਜਾਂਦਾ ਹੈ ਤਾਂ ਉਹ ਕਿਰਤ ਸ਼ਾਹਕਾਰ ਹੋ ਨਿਬੜਦੀ ਹੈ। ਕਿਤਾਬ ਦੀ ਪੜ੍ਹਤ ਅਤੇ ਫਿਲਮ ਦੇਖਣ ਵਿਚ ਕੀ ਫਰਕ ਹੈ? ਜਾਂ ਇੰਜ ਕਹਿ ਲਿਆ ਜਾਵੇ ਕਿ ਕਿਸੇ ਨਾਵਲ ਦਾ ਫਿਲਮੀ ਰੂਪਾਂਤਰਨ ਕਰਨਾ ਹੋਵੇ ਤਾਂ ਉਸ ਦੀਆਂ ਕੀ ਮੁਸ਼ਕਲਾਂ ਤੇ ਸੰਭਾਵਨਾਵਾਂ ਹੁੰਦੀਆਂ ਹਨ? ਫਿਲਮ ਤੇ ਨਾਵਲ ਵਿਚ ਭਾਵੇਂ ਬਹੁਤ ਫਰਕ ਹੈ, ਪਰ ਇਹ ਮੋਟੇ ਤੌਰ 'ਤੇ ਪੈਮਾਨੇ, ਯਥਾਰਥਵਾਦ ਦਾ ਪੱਧਰ ਤੇ ਲੇਖਕ ਦਾ ਪ੍ਰਭਾਵ ਜਾਂ ਫਿਲਮਸਾਜ਼ ਦੀ ਵਿਚਾਰਧਾਰਾ ਨਾਲ ਸਬੰਧਿਤ ਹੈ। ਨਾਵਲ ਦਾ ਬਿਰਤਾਂਤ 300-400 ਸਫਿਆਂ ਤਕ ਫੈਲਿਆ ਹੁੰਦਾ ਹੈ ਅਤੇ ਉਸ ਦੇ ਕੈਨਵਸ ਨੂੰ ਫਿਲਮ ਦੇ 90 ਤੋਂ 110 ਮੀਟਰ ਤਕ ਕਿਵੇਂ ਸਮੇਟਣਾ ਹੋਵੇਗਾ? ਨਾਲ ਹੀ ਸ਼ਬਦਾਂ ਦੀ ਆਪਣੀ ਹੋਂਦ ਹੁੰਦੀ ਹੈ ਜੋ ਸਾਹਿਤਕਾਰ ਨੇ ਪ੍ਰਤੀਕਾਂ ਤੇ ਬਿੰਬਾਂ ਦੀ ਮਦਦ ਨਾਲ ਵਿਆਖਿਆ ਕੀਤੀ ਹੈ, ਉਥੇ ਫਿਲਮ ਵਿਚ ਸ਼ਬਦਾਂ ਨਾਲੋਂ ਹਾਵ-ਭਾਵ ਦੀ ਜ਼ਿਆਦਾ ਮਹੱਤਤਾ ਬਣਦੀ ਹੈ।

ਸਾਹਿਤ ਦਾ ਉਦੇਸ਼ ਜ਼ਿੰਦਗੀ ਦੇ ਸਹੀ ਪੈਮਾਨੇ ਨੂੰ ਦਿਖਾਉਣਾ ਹੈ। ਹਰ ਪਾਠਕ ਉਸ ਸਾਹਿਤਕ ਕ੍ਰਿਤ ਲਈ ਵੱਖਰਾ ਦ੍ਰਿਸ਼ਟੀਕੋਣ ਰੱਖਦਾ ਹੈ, ਪਰ ਜਦੋਂ ਫਿਲਮਸਾਜ਼ਾਂ ਨੇ ਉਸ ਸਾਹਿਤਕ ਕ੍ਰਿਤ ਤੋਂ ਫਿਲਮ ਦਾ ਨਿਰਮਾਣ ਕਰਨਾ ਹੁੰਦਾ ਹੈ ਤਾਂ ਉਸ ਨਾਲ ਫਿਲਮ ਨਿਰਮਾਤਾ ਆਪਣੀ ਦ੍ਰਿਸ਼ਟੀ ਤੋਂ ਵੀ ਫਿਲਮ ਨੂੰ ਆਪਣੇ ਅੰਦਾਜ਼ ਵਿਚ ਪੇਸ਼ ਕਰਦਾ ਹੈ। ਫਿਲਮਸਾਜ਼ ਦੀ ਵਿਚਾਰਧਾਰਾ ਦਾ ਪ੍ਰਭਾਵ ਉਸ ਫਿਲਮ ਉਪਰ ਨਜ਼ਰ ਆਉਂਦਾ ਹੈ। ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਦਰਸ਼ਕ ਉਸ ਫਿਲਮ ਦੇ ਥੀਮ ਤੋਂ ਪਹਿਲਾਂ ਹੀ ਜਾਣਕਾਰ ਹੁੰਦਾ ਹੈ ਜਿਸ ਨਾਲ ਫਿਲਮਸਾਜ਼ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਬਣ ਜਾਂਦੀ ਹੈ ਕਿ ਦਰਸ਼ਕਾਂ ਨੂੰ ਫਿਲਮ ਨਾਲ ਅੰਤ ਤਕ ਕਿਵੇਂ ਜੋੜ ਕੇ ਰੱਖਿਆ ਜਾਵੇ।

ਪੰਜਾਬੀ ਅਤੇ ਹਿੰਦੀ ਸਾਹਿਤ ਦੇ ਆਧਾਰ 'ਤੇ ਕਈ ਫਿਲਮਾਂ ਦਾ ਨਿਰਮਾਣ ਹੋਇਆ ਜਿਨ੍ਹਾਂ ਵਿਚੋਂ 'ਪਿੰਜਰ', 'ਏਕ ਚਾਦਰ ਮੈਲੀ ਸੀ', 'ਟੂ ਸਟੇਟਸ', '3 ਇਡੀਅਟਸ', 'ਗੋਦਾਨ', 'ਟਰੇਨ ਟੂ ਪਾਕਿਸਤਾਨ', 'ਪਵਿਤਰ ਪਾਪੀ', 'ਮੜ੍ਹੀ ਦਾ ਦੀਵਾ', 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਚੌਥੀ ਕੂਟ' ਅਹਿਮ ਹਨ। ਆਪਾਂ ਇਥੇ ਗੱਲ ਕਰਾਂਗੇ ਪੰਜਾਬੀ ਸਾਹਿਤ 'ਤੇ ਆਧਾਰਿਤ ਫਿਲਮਾਂ ਬਾਰੇ। ਇਨ੍ਹਾਂ ਵਿਚ 'ਮੜ੍ਹੀ ਦਾ ਦੀਵਾ', 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਚੌਥੀ ਕੂਟ' ਸ਼ਾਮਲ ਹਨ। ਇਹ ਫਿਲਮਾਂ ਆਮ ਪੰਜਾਬੀ ਫਿਲਮਾਂ ਵਾਂਗ ਜੱਟ ਦੇ ਬਦਲੇ 'ਤੇ ਆਧਾਰਿਤ ਨਹੀਂ ਹਨ, ਨਾ ਹੀ ਹਿੰਦੀ ਫਿਲਮਾਂ ਵਾਂਗ ਪੰਜਾਬ ਦਾ ਕੋਈ ਦ੍ਰਿਸ਼ ਪੇਸ਼ ਕਰ ਰਹੀਆਂ ਹਨ। ਇਨ੍ਹਾਂ ਫਿਲਮਾਂ ਵਿਚ ਬੰਦੇ ਦੇ ਜੀਵਨ ਤੋਂ ਉਪਜੇ ਦੁੱਖ ਪ੍ਰਤੀ ਉਦਾਸੀਨਤਾ ਨਜ਼ਰ ਆਉਂਦੀ ਹੈ ਅਤੇ ਨਾਲ ਹੀ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਤੇ ਕਿਰਤ ਤੋਂ ਉਪਜੇ ਦੁਖਾਂਤ ਦੇ ਵੱਖ-ਵੱਖ ਪਹਿਲੂਆਂ ਦੀ ਪੇਸ਼ਕਾਰੀ ਕਰਦੀਆਂ ਹਨ। ਇਨ੍ਹਾਂ ਫਿਲਮਾਂ ਦੇ ਕਿਰਦਾਰ ਰੋਜ਼ਮਰ੍ਹਾ ਦੀਆਂ ਤਕਲੀਫਾਂ ਤੇ ਦੁਸ਼ਵਾਰੀਆਂ ਨਾਲ ਜੂਝਦੇ, ਕਲਪਦੇ ਆਮ ਜ਼ਿੰਦਗੀ ਵਾਂਗ ਵਿਚਰਦੇ ਨਜ਼ਰ ਆਉਂਦੇ ਹਨ।

'ਮੜ੍ਹੀ ਦਾ ਦੀਵਾ' ਫਿਲਮ ਸਧਾਰਨ ਬੰਦੇ ਜੋ ਜਾਤ ਤੇ ਆਰਥਿਕ ਪੱਖੋਂ ਨੀਵੇਂ ਦਰਜੇ ਨਾਲ ਸਬੰਧ ਰੱਖਦਾ ਹੈ, ਦੀ ਤ੍ਰਾਸਦੀ ਨੂੰ ਬਿਆਨ ਕਰਦੀ ਹੈ। ਇਸ ਫਿਲਮ ਵਿਚ ਜੇ ਨਾਇਕ ਦੀ ਤਲਾਸ਼ ਕਰਨੀ ਹੋਵੇ ਤਾਂ ਹਰ ਇਕ ਕਿਰਦਾਰ ਦੀ ਆਪਣੀ ਹੋਂਦ ਅਤੇ ਪਛਾਣ ਹੈ। ਸਾਰੀ ਫਿਲਮ ਭਾਵੇਂ ਜਗਸੀਰ ਦੁਆਲੇ ਹੀ ਕੇਂਦਰਿਤ ਹੈ, ਪਰ ਧਰਮਾ ਤੇ ਭਾਨੀ ਦੇ ਕਿਰਦਾਰਾਂ ਨੂੰ ਸਹਿ ਨਾਇਕ ਨਹੀਂ ਕਹਿ ਸਕਦੇ; ਹਾਲਾਂਕਿ ਭਾਨੀ ਦੇ ਕਿਰਦਾਰ ਵਿਚ ਕਿਤੇ ਨਾ ਕਿਤੇ ਬਗਾਵਤੀ ਸੁਰ ਦੀ ਚਿਣਗ ਨਜ਼ਰ ਆਉਂਦੀ ਹੈ ਅਤੇ ਉਹ ਜਗਸੀਰ ਨੂੰ ਵੀ ਹੱਲਾਸ਼ੇਰੀ ਵੀ ਦਿੰਦੀ ਹੈ ਪਰ ਜਗਸੀਰ ਆਪਣੀਆਂ ਪੀੜ੍ਹੀਆਂ ਦੇ ਪਰੰਪਰਿਕ ਮੁੱਲਾਂ ਦੀਆਂ ਪੈੜਾਂ 'ਤੇ ਚੱਲਦਾ ਆਪਣੀਆਂ ਭਾਵਨਾਵਾਂ ਨੂੰ ਦਬਾ ਕੇ ਹੀ ਰੱਖਦਾ ਹੈ।

ਇਨ੍ਹਾਂ ਫਿਲਮਾਂ ਵਿਚੋਂ ਇਹ ਮਸਲਾ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਫਿਲਮਾਂ ਵਿਚਲੇ ਨਾਇਕ ਦੀ ਤਲਾਸ਼ ਕਿਵੇਂ ਕੀਤੀ ਜਾਵੇ; ਭਾਵ ਜੋ ਕਿਰਦਾਰ ਫਿਲਮ ਦੇ ਕੇਂਦਰ ਵਿਚ ਹੋਵੇ, ਉਹ ਨਾਇਕ ਹੈ ਜਾਂ ਕੋਈ ਕ੍ਰਿਸ਼ਮਾ ਕਰਨ ਵਿਚ ਸਮਰੱਥ ਜਾਂ ਆਮ ਬੰਦੇ ਨਾਲੋਂ ਜ਼ਿਆਦਾ ਯੋਗਤਾ ਰੱਖਦਾ ਹੋਵੇ ਅਤੇ ਹਾਲਾਤ ਨੂੰ ਆਪਣੇ ਵਾਂਗ ਮੋੜਾ ਪਾ ਸਕੇ, ਉਹ ਹੋਵੇ; ਜਾਂ ਫਿਰ ਇਹ ਵੀ ਜਾਗੀਰਦਾਰੀ ਸੋਚ 'ਤੇ ਨਿਰਭਰ ਕਰੇਗਾ ਕਿ ਨਾਇਕ ਕਿਸ ਤਰ੍ਹਾਂ ਦਾ ਹੋਵੇ? ਇਨ੍ਹਾਂ ਫਿਲਮਾਂ ਦੇ ਸਾਰੇ ਕਿਰਦਾਰ ਆਪਣੀ ਹੋਂਦ ਦੀ ਹੋਣੀ ਨੂੰ ਭੋਗਦੇ ਹਨ। ਉਹ ਭਾਵੇਂ ਜਗਸੀਰ, ਧਰਮਾ, ਭਾਨੀ, ਰੌਣਕੀ ਜਾਂ ਹੋਰ ਕੋਈ ਵੀ ਹੋਣ।



ਫਿਲਮ 'ਮੜ੍ਹੀ ਦਾ ਦੀਵਾ' ਵਿਚ ਰਾਜ ਬੱਬਰ ਅਤੇ ਦੀਪਤੀ ਨਵਲ।

'ਅੰਨ੍ਹੇ ਘੋੜੇ ਦਾ ਦਾਨ' ਅਤੇ 'ਚੌਥੀ ਕੂਟ' ਫਿਲਮਾਂ ਦਾ ਨਿਰਦੇਸ਼ਨ ਗੁਰਵਿੰਦਰ ਸਿੰਘ ਨੇ ਕੀਤਾ ਹੈ। ਨਿਰਦੇਸ਼ਕ ਕੋਲ ਲੇਖਕ ਨਾਲੋਂ ਵੱਧ ਸਹੂਲਤਾਂ ਤੇ ਤਕਨੀਕੀ ਸਹੂਲਤਾਂ ਹੁੰਦੀਆਂ ਹਨ। ਇਹ ਨਿਰਦੇਸ਼ਕ ਦਾ ਹੁਨਰ ਹੈ ਕਿ ਫਿਲਮ ਨੂੰ ਸਕਰੀਨ 'ਤੇ ਕਿਵੇਂ ਸਾਕਾਰ ਕੀਤਾ ਜਾਵੇ। ਇਹ ਨਾਵਲ ਅਤੇ ਕਹਾਣੀਆਂ 'ਤੇ ਆਧਾਰਿਤ ਫਿਲਮਾਂ ਹਨ। ਗੁਰਵਿੰਦਰ ਸਿੰਘ ਨਾਵਲ ਅਤੇ ਕਹਾਣੀ ਵਿਚਲੇ ਬਿਰਤਾਂਤ ਦੇ ਘਟਨਾਕ੍ਰਮ ਨੂੰ ਹੂ-ਬ-ਹੂ ਨਹੀਂ ਲੈਂਦਾ। 'ਅੰਨ੍ਹੇ ਘੋੜੇ ਦਾ ਦਾਨ' ਫਿਲਮ ਵਿਚ ਥੀਮ ਨੂੰ ਨਾਵਲ ਦੀ ਪੜ੍ਹਤ ਵਾਂਗ ਨਹੀਂ ਸਮਝਿਆ ਜਾ ਸਕਦਾ ਅਤੇ 'ਚੌਥੀ ਕੂਟ' ਫਿਲਮ ਵਰਿਆਮ ਸੰਧੂ ਦੀਆਂ ਦੋ ਕਹਾਣੀਆਂ 'ਚੌਥੀ ਕੂਟ' ਤੇ 'ਹੁਣ ਮੈਂ ਠੀਕ ਠਾਕ' ਦੇ ਸੁਮੇਲ 'ਤੇ ਆਧਾਰਿਤ ਹਨ। ਨਿਰਦੇਸ਼ਕ ਇਨ੍ਹਾਂ ਫਿਲਮਾਂ ਵਿਚ ਆਏ ਦ੍ਰਿਸ਼ ਵਿਚ ਕਿਰਦਾਰਾਂ ਦੇ ਸੰਵਾਦ ਅਤੇ ਹੋਰ ਸਥਿਤੀਆਂ ਦੀ ਆਵਾਜ਼ ਨਾਲ ਫਿਲਮ ਵਿਚ ਪਸਰੀ ਖਾਮੋਸ਼ੀ ਨੂੰ ਤੋੜਦਾ ਹੈ, ਪਰ ਜਿਉਂਦੇ ਜਾਗਦੇ ਬੰਦਿਆਂ ਵਿਚ ਹਾਲਾਤ ਨੂੰ ਨਜਿਠਣ ਲਈ ਖਾਮੋਸ਼ੀ ਛਾਈ ਹੋਈ ਹੈ। ਕਿਰਦਾਰਾਂ ਦੇ ਮਨਾਂ ਵਿਚ ਧਰਮਾਂ/ਜਾਤਾਂ, ਰੰਗਾਂ ਅਤੇ ਨਸਲਾਂ ਉਤੇ ਪ੍ਰਤੱਖ ਹੋਣ ਲੱਗਦੀਆਂ ਹਨ। ਇਉਂ ਦੋਵੇਂ ਸੰਕਟ ਦੇ ਦਿਸਦੇ ਅਤੇ ਅਣਦਿਸਦੇ ਪਹਿਲੂਆਂ ਵੱਲ ਸੰਕੇਤ ਕਰਨ ਦੇ ਨਾਲ-ਨਾਲ ਬੰਦਿਆਂ ਦੇ ਅੰਦਰਲੇ ਚਲ-ਚਿੱਤਰ 'ਤੇ ਚਲਦੀਆਂ ਸੰਵੇਦਨਾਵਾਂ ਨੂੰ ਤਾਂ ਪਕੜ ਵਿਚ ਲਿਆਉਂਦੀਆਂ ਹੀ ਹਨ, ਨਾਲੋ-ਨਾਲ ਮੋਨ, ਉਦਾਸੀ ਤੇ ਖਾਮੋਸ਼ੀ ਜਿਹੇ ਪ੍ਰਭਾਵਾਂ ਨੂੰ ਦ੍ਰਿਸ਼ਮਾਨ ਕਰਕੇ ਇਕ ਮੂਕ ਭਾਸ਼ਾ ਦੀ ਵੀ ਸਿਰਜਣਾ ਕਰਦੀ ਹੈ। ਇਸ ਨੂੰ ਇਨ੍ਹਾਂ ਫਿਲਮਾਂ ਦੇ ਪ੍ਰਸੰਗ ਵਿਚ ਵਾਚਣਾ ਵਧੇਰੇ ਰੋਚਿਕ ਵੀ ਹੈ ਅਤੇ ਅਰਥਪੂਰਨ ਵੀ ਹੈ।

-ਜਤਿੰਦਰ ਸਿੰਘ



PTC PUNJABI
PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
jus punjabi
WILLOW HD
PTC NEWS
JUS ONE
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-4602
1528 COLUSA HWY STE B, YUBA CITY, CA 95993
SUN WIRELESS
888-350-8005
114-11 101 AVE,SOUTH RICHMOND HILL, NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 1/14/19. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2018 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.